$40 Tanya's $20 BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA NY 11435 TEL : 718-297-1019
85-03 ROOSEVELT AVE., JACKSON HEIGHTS NY 11373 TEL : 718-205-7832
We Specialize for Bridal & Henna

Ad Space Available
Call: 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Sixteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 36, September 5, 2015 20451 N Plum Grove Rd., Palatine, IL 60074 Ph:847-359-0746, Fax:847-705-9388

## ਹਾਕਮਾਂ ਦਾ ਨਸ਼ਾ ਮਾਫ਼ੀਆ ਨਾਲ ਗੱਠਜੋੜ ਜੱਗ ਜ਼ਾਹਿਰ

### ਅਕਾਲੀਆਂ ਤੋਂ ਬਾਅਦ ਭਾਜਪਾ ਵੀ ਨਸ਼ਿਆਂ ਦੀ ਦਲਦਲ ਵਿਚ ਡਿੱਗੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਸੀਨੀਅਰ ਆਗੂਆਂ ਦੀ ਨਸ਼ਾ ਮਾਫ਼ੀਆ ਨਾਲ ਮਿਲੀਭੁਗਤ ਦੇ ਇਕ ਤੋਂ ਬਾਅਦ ਇਕ ਖੁਲਾਸਿਆਂ ਕਾਰਨ ਦੋਵਾਂ ਹਾਕਮ ਪਾਰਟੀਆਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਦੇ ਪੀ.ਏ. ਰਹੇ ਜਿੰਮੀ ਸੰਧੂ ਤੇ ਇਕ ਹੋਰ ਆਗੂ ਵੱਲੋਂ ਨਸ਼ੇ ਦੇ ਮਾਮਲੇ ਵਿਚ ਰਿਸ਼ਵਤ ਲੈਣ ਦਾ ਮਾਮਲਾ ਅਜੇ ਠੰਢਾ ਨਹੀਂ ਸੀ ਹੋਇਆ ਕਿ ਫ਼ਿਰੋਜ਼ਪੁਰ ਨਾਲ ਸਬੰਧਤ ਇਕ ਹੋਰ ਭਾਜਪਾ ਆਗੂ ਜਰਨੈਲ ਸਿੰਘ ਉਰਫ਼ ਜੱਜ ਨਿਮਾਣਾ ਨੂੰ ਰਾਜਸਥਾਨ ਦੇ ਜ਼ਿਲ੍ਹਾ ਚਿਤੌੜਗੜ੍ਹ ਵਿਚ ਉਸ ਦੇ ਤਿੰਨ ਹੋਰ ਸਾਥੀਆਂ ਸਮੇਤ ਤਿੰਨ ਕਿੱਲੋ ਅਫ਼ੀਮ ਤੇ 190 ਕਿੱਲੋ ਭੁੱਕੀ ਸਣੇ ਕਾਬੂ ਕਰ ਲਿਆ ਗਿਆ। ਜੱਜ ਨਿਮਾਣਾ ਨੂੰ ਹਾਲ ਹੀ ਵਿਚ ਭਾਜਪਾ ਦੇ ਸਥਾਨਕ ਜ਼ਿਲ੍ਹਾ ਘੱਟ-ਗਿਣਤੀ ਸੈੱਲ ਦਾ ਦਿਹਾਤੀ ਪ੍ਰਧਾਨ ਨਿਯੁਕਤ ਗਿਆ ਸੀ।

ਇਨ੍ਹਾਂ ਖੁਲਾਸਿਆਂ ਨੇ ਸਾਫ ਕਰ ਦਿੱਤਾ ਹੈ ਕਿ ਸੂਬੇ ਵਿਚ ਨਸ਼ਾ ਤਸਕਰੀ ਹਾਕਮ ਧਿਰ ਦੀ ਸਰਪ੍ਰਸਤੀ ਹੇਠ ਹੋ ਰਹੀ ਹੈ। ਲੋਕ ਸਭਾ ਚੋਣਾਂ ਵਿਚ ਵੱਡਾ ਮੁੱਦਾ ਬਣਨ ਕਾਰਨ ਭਾਵੇਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਸੱਤਾਧਾਰੀ ਗੱਠਜੋੜ ਤੇ ਪੁਲਿਸ ਹੁਣ ਨਸ਼ੇ ਦੀ ਸਮੱਸਿਆ ਨੂੰ ਜੜੋਂ ਪੁੱਟਣ ਲਈ ਤਿਆਰ ਹੋ ਗਏ ਹਨ, ਪਰ ਇਹ ਮੁਹਿੰਮ ਛੋਟੇ-ਮੋਟੇ ਨਸ਼ਈਆਂ ਨੂੰ ਅੰਦਰ ਡੱਕਣ ਤੱਕ ਹੀ ਸੀਮਤ ਰਹੀ। ਸਰਕਾਰੀ ਸਰਪ੍ਰਸਤੀ ਵਾਲੀਆਂ ਵੱਡੀਆਂ ਮੱਛੀਆਂ ਨੂੰ ਹੱਥ ਪਾਉਣ ਤੋਂ ਪੁਲਿਸ ਵੀ ਟਲ ਗਈ। ਤੱਥ ਮੂੰਹੋਂ ਬੋਲਦੇ ਹਨ ਕਿ ਜਗਦੀਸ਼ ਭੋਲਾ ਨਸ਼ਾ ਤਸਕਰੀ ਮਾਮਲੇ ਵਿਚ ਅਕਾਲੀ ਦਲ ਨਾਲ ਸਬੰਧਤ ਵੱਡੇ ਆਗੂਆਂ ਦੇ ਨਜ਼ਦੀਕੀਆਂ ਦਾ ਨਾਂ ਅਦਾਲਤੀ ਫਾਈਲਾਂ ਵਿਚ ਦਰਜ ਹਨ। ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਪੰਜਾਬ ਦੇ ਮੰਤਰੀ ਸਰਵਨ ਸਿੰਘ ਫਿਲੌਰ ਦੇ ਬੇਟੇ ਨੂੰ ਇਸ ਮਾਮਲੇ ਵਿਚ ਪੁੱਛਗਿੱਛ ਲਈ ਬੁਲਾਉਣ ਕਾਰਨ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ। ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਈ.ਡੀ. ਵੱਲੋਂ ਪੁੱਛਗਿੱਛ ਲਈ ਬੁਲਾਉਣ ਨਾਲ ਵਿਰੋਧੀ ਪਾਰਟੀਆਂ ਹੀ ਨਹੀਂ, ਬਲਕਿ ਗੱਠਜੋੜ ਵਿਚ ਭਾਈਵਾਲ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਕਮਲ ਸ਼ਰਮਾ ਨੇ ਉਸ ਦੇ ਅਸਤੀਫ਼ੇ ਦੀ ਮੰਗ ਉਠਾਈ। ਇਸ ਮਾਮਲੇ ਦੀ ਜਾਂਚ ਕਰ ਰਹੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਹਲਫ਼ੀਆ ਬਿਆਨ ਦੇ ਕੇ ਉਸ ਦੀ ਬਦਲੀ ਕਰਵਾਉਣ ਦਾ ਵੀ ਦੋਸ਼ ਸ. ਮਜੀਠੀਆ ਉਤੇ ਮੜ੍ਹਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਮਨ ਕੀ ਬਾਤ' ਪ੍ਰੋਗਰਾਮ ਤੇ

(ਬਾਕੀ ਸਫਾ 6 'ਤੇ)



### ਮਿਹਣਿਆਂ ਤੱਕ ਹੀ ਸੀਮਤ ਨੇ ਸਿਆਸੀ ਧਿਰਾਂ

**ਚੰਡੀਗੜ੍ਹ:** ਨਸ਼ਿਆਂ ਦੇ ਮੁੱਦੇ ਉਤੇ ਸਿਆਸੀ ਧਿਰਾਂ ਇਕ-ਦੂਜੇ ਦੀ ਲੱਤ ਖਿੱਚਣ ਵਿਚ ਲੱਗੀਆਂ ਹੋਈਆਂ ਹਨ। ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਅੰਦਰ ਵੀ ਖਿੱਚਤਾਣ ਸ਼ੁਰੂ ਹੋਈ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਜਦੋਂ ਅੰਮ੍ਰਿਤਸਰ ਤੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਤਾਂ ਅਕਾਲੀ ਦਲ ਨੇ ਸਰਹੱਦ ਉਤੇ ਧਰਨੇ ਦੇ ਕੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ। ਕਾਂਗਰਸ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੇ ਤੇਜ਼ੀ ਦਿਖਾਉਂਦਿਆਂ ਅੰਮ੍ਰਿਤਸਰ ਵਿਚ ਨਸ਼ਾ ਵਿਰੋਧੀ ਰੈਲੀ ਕਰ ਦਿੱਤੀ। ਪੁਲਿਸ ਨੇ ਮੁਸਤੈਦੀ ਦਿਖਾਉਂਦਿਆਂ ਹਜ਼ਾਰਾਂ ਦੀ ਗਿਣਤੀ ਵਿਚ ਨਸ਼ੇ ਦੀ ਲਤ ਵਿਚ ਪਏ ਨੌਜਵਾਨਾਂ ਖ਼ਿਲਾਫ਼ ਪਰਚੇ ਦਰਜ ਕਰ ਦਿੱਤੇ ਪਰ ਮਸਲੇ ਦਾ ਹੱਲ ਕੋਈ ਨਾ ਨਿਕਲਿਆ।

## ਪੰਜਾਬ ਨੂੰ ਕੇਂਦਰ ਤੋਂ ਫਿਰ ਮਿਲੀ ਭਰੋਸਿਆਂ ਦੀ ਪੰਡ

**ਨਵੀਂ ਦਿੱਲੀ:** ਲੰਬੀ ਜੱਦੋ-ਜਹਿਦ ਪਿਛੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਿਲਣ ਵਿਚ ਸਫਲ ਹੋਏ ਹਨ ਪਰ ਕੇਂਦਰ ਨੇ ਭਰੋਸੇ ਦੇ ਸਿਵਾਏ ਹੋਰ ਕੁਝ ਪੱਲੇ ਨਹੀਂ ਪਾਇਆ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਕਈ ਵਾਰ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਸਮਾਂ ਮੰਗਿਆ ਸੀ ਪਰ ਉਹ ਇਸ ਕੋਸ਼ਿਸ਼ ਵਿਚ ਨਾਕਾਮ ਰਹੇ ਸਨ। ਹੁਣ ਪ੍ਰਧਾਨ ਮੰਤਰੀ ਅਗਲੇ ਹਫਤੇ ਚੰਡੀਗੜ੍ਹ ਵਿਚ ਹਵਾਈ ਅੱਡੇ ਦਾ ਉਦਘਾਟਨ ਕਰਨ ਆ ਰਹੇ ਹਨ ਤੇ ਮੰਨਿਆ ਜਾ ਰਿਹਾ ਹੈ ਕਿ ਇਸੇ ਦੇ ਇਵਜ਼ ਵਿਚ ਹੀ ਸ. ਬਾਦਲ ਨੂੰ 'ਮੋਦੀ ਦਰਸ਼ਨ' ਹੋਏ ਹਨ। ਇਸ ਤੋਂ ਪਹਿਲਾਂ ਜਦੋਂ ਸ੍ਰੀ ਮੋਦੀ ਨੇ ਅਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ 'ਤੇ ਆਉਣ ਦੀ ਹਾਮੀ ਭਰੀ ਸੀ ਤਾਂ ਕੇਂਦਰ ਨੇ ਪੰਜਾਬ ਦੀਆਂ ਮੰਗਾਂ ਨਾਲ ਸਬੰਧਤ ਫਾਈਲਾਂ ਮੰਗਵਾ ਲਈਆਂ ਸਨ ਪਰ ਦੌਰਾ ਰੱਦ ਹੋਣ ਕਰ ਕੇ ਗੱਲ ਕਿਸੇ ਪਾਸੇ ਨਾ ਲੱਗੀ।

ਦੱਸਣਯੋਗ ਹੈ ਕਿ ਬਿਹਾਰ ਨੂੰ ਰਾਹਤ ਪੈਕੇਜ ਮਿਲਣ ਪਿਛੋਂ ਸ. ਬਾਦਲ ਵੱਲੋਂ ਲਗਾਤਾਰ ਕੇਂਦਰੀ ਮੰਤਰੀਆਂ ਨਾਲ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਸ. ਬਾਦਲ, ਯੂ.ਪੀ.ਏ. ਸਰਕਾਰ ਉਤੇ ਪੰਜਾਬ ਨਾਲ ਅਣਦੇਖੀ ਦਾ ਦੋਸ਼ ਲਾ ਕੇ ਭੰਡਦੇ ਰਹੇ ਹਨ ਪਰ ਹੁਣ ਕੇਂਦਰ ਵਿਚ ਭਾਈਵਾਲਾਂ ਦੀ ਸਰਕਾਰ ਨੇ ਫੰਡਾਂ ਪੱਖੋਂ ਪੰਜਾਬ ਨੂੰ ਖੂੰਜੇ ਲਾਇਆ ਹੋਇਆ ਹੈ। ਮੁੱਖ ਮੰਤਰੀ ਨੇ ਮੋਦੀ ਨਾਲ ਮੁਲਾਕਾਤ ਦੌਰਾਨ ਸੂਬੇ ਲਈ ਸੱਤ ਹਜ਼ਾਰ ਕਰੋੜ ਵਾਧੂ ਪੈਕੇਜ ਮੰਗਿਆ ਹੈ। ਸ. ਬਾਦਲ ਨੇ ਖੇਤੀਬਾੜੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਦੀ ਜ਼ੋਰਦਾਰ ਵਕਾਲਤ ਕਰਦਿਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਸਵਾਮੀਨਾਥਨ ਫਾਰਮੂਲੇ ਦੇ ਆਧਾਰ ਉਤੇ ਨਿਰਧਾਰਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਸੂਬਿਆਂ ਨੂੰ ਜ਼ਮੀਨੀ ਹਕੀਕਤਾਂ ਤੇ ਸਥਾਨਕ ਜ਼ਰੂਰਤਾਂ ਅਨੁਸਾਰ ਖੇਤੀਬਾੜੀ ਵਿਭਿੰਨਤਾ ਪ੍ਰੋਗਰਾਮ ਲਾਗੂ ਕਰਨ ਦੀ ਆਗਿਆ ਦੇਣ ਵਾਸਤੇ ਸ੍ਰੀ ਮੋਦੀ 'ਤੇ ਜ਼ੋਰ ਪਾਇਆ। ਸਹਿਕਾਰੀ ਬੈਂਕਾਂ ਨੂੰ ਨਾਬਾਰਡ ਵੱਲੋਂ ਮੁੜ ਫਾਇਨਾਂਸ ਬਹਾਲ ਕਰਨ ਵਾਸਤੇ ਕਿਹਾ ਜੋ 2014-15 ਦੇ 6300 ਕਰੋੜ ਰੁਪਏ ਦੇ ਮੁਕਾਬਲੇ ਹੁਣ ਚਾਲੂ ਵਿੱਤੀ ਸਾਲ ਦੌਰਾਨ ਘਟਾ ਕੇ 4600 ਕਰੋੜ ਰੁਪਏ ਕਰ ਦਿੱਤੀ ਹੈ। ਉਨ੍ਹਾਂ ਇਸ ਨੂੰ ਵਧਾ ਕੇ 7000 ਕਰੋੜ ਰੁਪਏ ਕਰਨ ਦੀ ਬੇਨਤੀ ਕੀਤੀ। ਮੁੱਖ ਮੰਤਰੀ ਨੇ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਵਰਗੇ ਗੁਆਂਢੀ ਸੂਬਿਆਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਪੰਜਾਬ ਨੂੰ ਵੀ ਦੇਣ ਦੀ ਵਕਾਲਤ ਕੀਤੀ। ਮੁੱਖ ਮੰਤਰੀ ਨੇ ਤਰਕ ਰੱਖਿਆ ਹੈ ਕਿ ਸੂਬੇ ਵਿਚ ਇਕ ਦਹਾਕੇ ਤੋਂ ਲੰਬਾ ਸਮਾਂ ਚੱਲੇ ਅਤਿਵਾਦ ਕਾਰਨ ਉਦਯੋਗਾਂ ਨੂੰ ਵੱਡਾ ਧੱਕਾ ਲੱਗਿਆ ਹੈ। ਉਨ੍ਹਾਂ ਜਲ ਸਰੋਤ ਮੰਤਰਾਲੇ ਕੋਲ 4418 ਕਰੋੜ ਰੁਪਏ ਦੇ ਪਏ ਸਿੰਜਾਈ ਪ੍ਰੋਜੈਕਟਾਂ ਨੂੰ ਛੇਤੀ ਪ੍ਰਵਾਨਗੀ ਦੇਣ ਦਖ਼ਲ ਦੇਣ ਦੀ ਮੰਗ ਕੀਤੀ। ਸ. ਬਾਦਲ ਨੇ ਸਤਲੁਜ ਦਰਿਆ ਵਿਚੋਂ ਨਿਕਲਦੀਆਂ ਨਹਿਰਾਂ ਦੀ ਪੁਨਰ ਸੁਰਜੀਤੀ, ਪਸਾਰ ਤੇ ਆਧੁਨਿਕੀਕਰਨ ਲਈ 918 ਕਰੋੜ ਰੁਪਏ ਦਾ ਵਿਸ਼ੇਸ਼ ਫੰਡ ਪ੍ਰਵਾਨ ਤੇ ਜਾਰੀ ਕਰਨ ਦੀ ਵੀ ਬੇਨਤੀ ਕੀਤੀ। ਸਾਲ 1980 ਤੋਂ 1995 ਦੇ ਸਮੇਂ ਦੌਰਾਨ ਅਤਿਵਾਦ ਵਿਰੁੱਧ ਲੜਾਈ ਦੌਰਾਨ ਸੂਬੇ ਵੱਲੋਂ 5800 ਕਰੋੜ ਰੁਪਏ ਦਾ ਪਹਿਲਾਂ ਹੀ ਭੁਗਤਾਨ ਕੀਤਾ ਗਿਆ। ਵਿਸ਼ੇਸ਼ ਮਿਆਦੀ ਕਰਜ਼ਾ ਜੋ ਭਾਰਤ ਸਰਕਾਰ ਵੱਲੋਂ ਮੁਆਫ਼ ਕਰ ਦਿੱਤਾ ਗਿਆ ਸੀ, ਉਸ ਵਿਚੋਂ 2694 ਕਰੋੜ ਰੁਪਏ ਦਾ ਸੂਬੇ ਨੂੰ ਮੁੜ ਭੁਗਤਾਨ ਕਰਨ ਦੀ ਮੰਗ ਕੀਤੀ ਗਈ। ਪ੍ਰਧਾਨ ਮੰਤਰੀ ਨੇ ਇਨ੍ਹਾਂ ਸਾਰੀਆਂ ਮੰਗਾਂ 'ਤੇ ਗੌਰ ਕਰਨ ਬਾਰੇ ਕਹਿ ਕੇ ਸ. ਬਾਦਲ ਨੂੰ ਮੋੜ ਦਿੱਤਾ ਹੈ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਗੁਰਦੁਆਰਾ ਸੈਨ ਹੋਜ਼ੇ ਚੋਣਾਂ: ਮੌਜੂਦਾ ਪ੍ਰਬੰਧਕਾਂ ਦੀ ਇਤਿਹਾਸਕ ਜਿੱਤ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋਈਆਂ ਚੋਣਾਂ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਦੀ ਸਲੇਟ ਨੂੰ ਹੂੰਝਾ ਫੇਰੂ ਇਤਿਹਾਸਕ ਜਿੱਤ ਹਾਸਲ ਹੋਈ ਹੈ ਅਤੇ ਇਸ ਦੇ ਉਮੀਦਵਾਰ ਕਰੀਬ ਦੋ ਤਿਹਾਈ ਵੋਟਾਂ ਲੈ ਕੇ ਵਿਰੋਧੀ ਧਿਰ ਸੁਧਾਰ ਕਮੇਟੀ ਦੇ ਉਮੀਦਵਾਰਾਂ ਨੂੰ ਕਰੀਬ 1500 ਵੋਟਾਂ ਦੇ ਫਰਕ ਨਾਲ ਹਰਾਉਣ ਵਿਚ ਕਾਮਯਾਬ ਰਹੇ ਹਨ। ਕੁਲ 6751 ਵੋਟਾਂ ਵਿਚੋਂ ਕਰੀਬ 5200 ਵੋਟਾਂ ਪੋਲ ਹੋਈਆਂ। ਸਭ ਤੋਂ ਵੱਧ ਵੋਟਾਂ ਸੁਖਦੇਵ ਸਿੰਘ ਬੈਣੀਵਾਲ ਨੂੰ 3354 ਜਦੋਂਕਿ ਦੂਜੇ ਨੰਬਰ 'ਤੇ 3238 ਵੋਟਾਂ ਲੈ ਕੇ ਗੁਰਿੰਦਰਪਾਲ ਸਿੰਘ ਰਹੇ। ਮੌਜੂਦਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ ਨੂੰ 3162 ਅਤੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿਲੋਂ ਨੂੰ 3090 ਵੋਟਾਂ ਹਾਸਲ ਹੋਈਆਂ। ਵਿਰੋਧੀ ਧਿਰ ਸਾਧ ਸੰਗਤ ਸਲੇਟ ਦੇ ਜਸਪਾਲ ਸਿੰਘ ਨੂੰ ਸਭ ਤੋਂ ਵੱਧ 1919 ਵੋਟਾਂ ਮਿਲੀਆਂ ਜਦੋਂ ਕਿ ਦੂਜੇ ਥਾਂ 1759 ਵੋਟਾਂ ਲੈ ਕੇ ਤਰਲੋਚਨ ਸਿੰਘ ਨਾਹਲ ਰਹੇ। ਦੋ ਆਜਾਦ ਉਮੀਦਵਾਰਾਂ ਪਾਲ ਸਿੰਘ ਚਾਹਲ ਅਤੇ ਕੁਲਵੰਤ ਸਿੰਘ ਨੂੰ ਕ੍ਰਮਵਾਰ 532 ਅਤੇ 252 ਵੋਟਾਂ ਮਿਲੀਆਂ।

ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ ਉਮੀਦਵਾਰ-ਹਰਦੇਵ ਸਿੰਘ ਤੱਖਰ, ਭੁਪਿੰਦਰ ਸਿੰਘ ਢਿੱਲੋਂ, ਪ੍ਰੀਤਮ ਸਿੰਘ ਗਰੇਵਾਲ, ਸੁਖਦੇਵ ਸਿੰਘ ਬੈਣੀਵਾਲ, ਰਾਜਿੰਦਰ ਸਿੰਘ ਮੰਗਰ, ਡਾ. ਗੁਰਿੰਦਰਪਾਲ ਸਿੰਘ, ਸੁਰਜੀਤ ਸਿੰਘ ਬੈਂਸ, ਡਾ. ਬਲਬੀਰ ਸਿੰਘ ਬੈਂਸ, ਇਕਬਾਲਜੀਤ ਕੌਰ ਹੰਸਰਾ, ਗੁਰਪ੍ਰੀਤ ਸਿੰਘ ਸੇਠੀ ਅਤੇ ਬਹਾਦਰ ਸਿੰਘ ਦਿਉਲ ਜੇਤੂ ਰਹੇ ਹਨ। ਯਾਦ ਰਹੇ, ਨਵੀਂ ਬਣੀ ਪ੍ਰਬੰਧਕ ਕਮੇਟੀ ਵਿਚ 15 ਮੌਜੂਦਾ ਅਤੇ 6


ਸੁਖਦੇਵ ਸਿੰਘ ਬੈਣੀਵਾਲ


ਭੁਪਿੰਦਰ (ਬਾਬ) ਸਿੰਘ ਢਿੱਲੋਂ


ਹਰਦੇਵ ਸਿੰਘ ਤੱਖਰ

ਸਰਬਜੋਤ ਸਿੰਘ ਸਵੱਦੀ, ਕਿਰਪਾਲ ਸਿੰਘ ਅਟਵਾਲ, ਭਾਈ ਧਰਮ ਸਿੰਘ, ਬਲਬੀਰ ਸਿੰਘ ਬੈਂਸ, ਗੁਰਬਖਸ਼ ਸਿੰਘ ਢਿੱਲੋਂ, ਨਰਿੰਦਰਪਾਲ ਸਿੰਘ, ਸੋਹਣ ਸਿੰਘ ਧਨੋਤਾ, ਨੀਟੂ ਸਿੰਘ ਕਾਹਲੋਂ, ਨਰਿੰਦਰ ਕੌਰ ਮਹੇੜੂ, ਪ੍ਰਿਤਪਾਲ ਕੌਰ, ਨਵੇਂ ਪ੍ਰਬੰਧਕ ਕਮੇਟੀ ਮੈਂਬਰ ਹਨ। ਪ੍ਰਬੰਧਕ ਕਮੇਟੀ ਦੀਆਂ ਕੁਲ 21 ਸੀਟਾਂ ਲਈ ਦੋਹਾਂ ਧਿਰਾਂ ਨੇ 21-21 ਉਮੀਦਵਾਰ ਖੜੇ ਕੀਤੇ ਸਨ ਜਦੋਂ ਕਿ ਦੋ ਉਮੀਦਵਾਰ ਆਜਾਦ ਸਨ।

ਗੁਰਦੁਆਰਾ ਸੈਨ ਹੋਜ਼ੇ ਆਪਣੀ ਸ਼ਾਨਦਾਰ ਬਿਲਡਿੰਗ ਕਰਕੇ ਨਾ ਸਿਰਫ ਉਤਰੀ ਅਮਰੀਕਾ ਸਗੋਂ ਯੂਰਪ ਤੇ ਏਸ਼ੀਆ ਵਿਚ ਸਭ ਤੋਂ ਵਡਾ ਗੁਰਦੁਆਰਾ ਗਿਣਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੇ 30 ਸਾਲ ਦੇ ਇਤਿਹਾਸ ਵਿਚ ਅਦਾਲਤ ਦੇ ਹੁਕਮਾਂ 'ਤੇ ਅਤੇ ਇਸ ਦੀ ਨਿਗਰਾਨੀ ਹੇਠ ਵੋਟਾਂ ਰਾਹੀਂ ਪਹਿਲੀ ਵਾਰ ਚੋਣ ਹੋਈ ਹੈ। ਸਮਝਿਆ ਜਾਂਦਾ ਹੈ ਕਿ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਜਿੱਤ ਇਸ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਅਤੇ ਤਰੱਕੀ ਲਈ ਕੀਤੇ ਗਏ ਹੋਰ ਕੰਮਾਂ ਕਰਕੇ ਮਿਲੀ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਜਨਰਲ ਸਕੱਤਰ ਅਤੇ ਸਲੇਟ ਦੇ ਬੁਲਾਰੇ ਭੁਪਿੰਦਰ ਸਿੰਘ ਢਿੱਲੋਂ ਨੇ ਇਨ੍ਹਾਂ ਚੋਣਾਂ ਵਿਚ ਮਿਲੇ ਜਬਰਦਸਤ ਹੁੰਗਾਰੇ ਲਈ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਸੰਗਤਾਂ ਨੇ ਸੱਚ ਅਤੇ ਕੱਚ ਦਾ ਨਿਤਾਰਾ ਕਰਕੇ ਸਾਡੇ ਵੱਲੋਂ ਕੀਤੇ ਗਏ ਕੰਮਾਂ 'ਤੇ ਮੋਹਰ ਲਾਈ ਹੈ। ਬੇਸ਼ਕ ਸਾਡੇ ਵਿਰੋਧੀਆਂ ਨੇ ਸਾਡੇ ਉਪਰ ਬੇਹਿਸਾਬ ਬੇਬੁਨਿਆਦ ਦੋਸ਼ ਲਾਏ ਪਰ ਸੰਗਤ ਸੁਪਰੀਮ ਹੈ, ਜਿਸ ਨੇ ਸੱਚ-ਝੂਠ ਦੀ ਪਛਾਣ ਕਰਦਿਆਂ ਸਾਨੂੰ ਸੇਵਾ ਦਾ ਇਕ ਹੋਰ ਮੌਕਾ ਬਖਸ਼ਿਆ ਹੈ।

ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਅਸੀਂ ਆਪਣੇ ਮੈਨੀਫੈਸਟੋ ਵਿਚ ਕੀਤੇ ਵਾਅਦੇ ਜ਼ਲਦੀ ਪੂਰੇ ਕਰਨ ਦੀ ਸਿਰਤੋੜ ਕੋਸ਼ਿਸ਼ ਕਰਾਂਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਪੰਥ, ਗੁਰੂ ਗਰੰਥ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੈ ਅਤੇ ਪਹਿਲਾਂ ਵਾਂਗ ਹੀ ਹਰ ਪੰਥਕ ਕਾਰਜਾਂ ਵਿਚ ਵੱਧ ਚੜ ਕੇ ਹਿੱਸਾ ਲੈਂਦੀ ਰਹੇਗੀ।

ਇਕ ਵਖਰੇ ਬਿਆਨ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਦੀ ਜੇਤੂ ਸਲੇਟ ਦੇ ਮੈਂਬਰਾਂ ਸੁਖਦੇਵ ਸਿੰਘ ਬੈਣੀਵਾਲ, ਪ੍ਰੀਤਮ ਸਿੰਘ ਗਰੇਵਾਲ, ਸਰਬਜੋਤ ਸਿੰਘ ਸਵੱਦੀ ਅਤੇ ਕਿਰਪਾਲ ਸਿੰਘ ਅਟਵਾਲ ਨੇ ਸੰਗਤ ਦਾ ਹਮਾਇਤ ਲਈ ਧੰਨਵਾਦ ਕਰਦਿਆਂ ਕਿਹਾ ਹੈ ਕਿ ਸਮੁਚੀ ਪ੍ਰਬੰਧਕ ਕਮੇਟੀ ਵਾਹਿਗੂਰੁ ਦੀ ਕਿਰਪਾ ਅਤੇ ਸੰਗਤ ਦੇ ਸਹਿਯੋਗ ਨਾਲ ਗੁਰੂਘਰ ਦੀ ਤਰੱਕੀ ਲਈ ਸਿਰਤੋੜ ਯਤਨ ਕਰੇਗੀ। ਦੂਜੇ ਪਾਸੇ ਵਿਰੋਧੀ ਧਿਰ ਸੁਧਾਰ ਕਮੇਟੀ ਨੇ ਆਪਣੇ ਉਮੀਦਵਾਰਾਂ ਦੀ ਹਮਾਇਤ ਲਈ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਬੇਸ਼ਕ ਉਨ੍ਹਾਂ ਦੀ ਧਿਰ ਨੂੰ ਚੋਣਾਂ ਵਿਚ ਜਿੱਤ ਹਾਸਲ ਨਹੀਂ ਹੋਈ ਪਰ ਵੋਟ ਪਾ ਕੇ ਆਪਣੇ ਉਮੀਦਵਾਰ ਚੁਣਨ ਦਾ ਸੰਗਤ ਦਾ ਹੱਕ ਬਹਾਲ ਕਰਨ ਵਿਚ ਉਹ ਕਾਮਯਾਬ ਰਹੇ ਹਨ ਅਤੇ ਇਹੋ ਉਨ੍ਹਾਂ ਦੀ ਜਿੱਤ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਨਗਰ ਕੀਰਤਨ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਪੰਜਵਾਂ ਨਗਰ ਕੀਰਤਨ ਸਜਾਇਆ ਗਿਆ। ਇਸ ਅਲੌਕਿਕ ਨਗਰ ਕੀਰਤਨ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਸੀ। ਨਗਰ ਕੀਰਤਨ ਕਰੀਬ ਇਕ ਵਜੇ ਚੱਲਿਆ। ਜਿਉਂ ਹੀ ਨਗਰ ਕੀਰਤਨ ਦਾ ਫਲੋਟ 101 ਐਵੇਨਿਊ ਤੋਂ ਸੱਜੇ ਪਾਸੇ ਮੁੜਿਆ, ਬਹੁਤ ਹੀ ਖੂਬਸੂਰਤ ਜਲੌ ਪ੍ਰਤੀਤ ਹੋ ਰਿਹਾ ਸੀ। ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਸੰਗਤ ਗੁਰੂ ਘਰ ਅੱਗੇ ਮਹਾਰਾਜ ਦੀ ਸਵਾਰੀ ਦੇ ਸਵਾਗਤ ਲਈ ਵੱਡੀ ਗਿਣਤੀ ਵਿਚ ਖੜ੍ਹੀ ਸੀ। ਪ੍ਰਬੰਧਕਾਂ ਨੇ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ।





ਦੂਜੇ ਪਾਸੇ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪ੍ਰਬੰਧਕਾਂ ਵੱਲੋਂ ਸਟੇਜ ਲਗਾਈ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਫਲੋਟ ਤੋਂ ਸਿੱਖ ਕਲਚਰਲ ਸੁਸਾਇਟੀ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਢਿੱਲੋਂ ਤੇ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਟੇਜ ਤੋਂ ਬੋਲਣ ਦਾ ਸੱਦਾ ਦਿੱਤਾ। ਸਭ ਤੋਂ ਪਹਿਲਾਂ ਰਘਬੀਰ ਸਿੰਘ ਸੁਭਾਨਪੁਰ ਨੇ ਸੰਗਤ ਨੂੰ ਜੀ ਆਇਆਂ ਕਿਹਾ। ਉਨ੍ਹਾਂ ਖੁਸ਼ੀ ਜ਼ਾਹਿਰ ਕੀਤੀ ਕਿ ਰਿਚਮੰਡ ਦੇ ਇਹ ਦੋਵੇਂ ਗੁਰੂ ਘਰ ਵੱਡੇ ਪ੍ਰੋਗਰਾਮ ਰਲ ਮਿਲ ਕੇ ਮਨਾਉਂਦੇ ਹਨ। ਉਨ੍ਹਾਂ ਗੁਰਦੇਵ ਸਿੰਘ ਕੰਗ ਤੇ ਚੇਅਰਮੈਨ ਮੋਹਣ ਸਿੰਘ ਖੱਟੜਾ, ਬਾਵਾ ਰਜਿੰਦਰ ਸਿੰਘ ਲਾਲੀ, ਬਾਬੂ ਜੋਗਿੰਦਰ ਸਿੰਘ ਅਤੇ ਹਰਬੰਸ ਸਿੰਘ ਢਿੱਲੋਂ ਦਾ ਧੰਨਵਾਦ ਕੀਤਾ।

ਉਪਰੰਤ ਗੁਰੂ ਘਰ ਦੇ ਪ੍ਰਧਾਨ ਹਿੰਮਤ ਸਿੰਘ ਸਰਪੰਚ ਨੇ ਸੰਗਤ ਤੇ ਪ੍ਰਧਾਨ ਗੁਰਦੇਵ ਸਿੰਘ ਕੰਗ, ਕੁਲਦੀਪ ਸਿੰਘ ਢਿੱਲੋਂ ਅਤੇ ਚੇਅਰਮੈਨ ਮੋਹਣ ਸਿੰਘ ਖੱਟੜਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਹ ਪਹਿਲੀ ਵਾਰੀ ਹੈ ਜਦੋਂ ਦੋਹਾਂ ਗੁਰਦੁਆਰਿਆਂ ਵਿਚ ਤਣਾਅ ਨਜ਼ਰ ਨਹੀਂ ਆਇਆ।

ਨਗਰ ਕੀਰਤਨ ਫਿਰ ਲਿਬਰਟੀ ਤੋਂ ਹੁੰਦਾ ਹੋਇਆ ਐਟਲਾਂਟਿਕ ਐਵੇਨਿਊ ਵੱਲ ਚੱਲ ਗਿਆ। ਰਸਤੇ ਵਿਚ ਸੰਗਤਾਂ ਨੇ ਕਈ ਤਰ੍ਹਾਂ ਦੇ ਭੋਜਾਂ ਦੇ ਸਟਾਲ ਲਗਾਏ ਹੋਏ ਸਨ। ਪ੍ਰੀਤਮ ਸਿੰਘ ਗਿਲਜੀਆਂ ਨੇ ਜਲੇਬੀਆਂ ਤੇ ਚਾਹ ਦਾ ਵੱਡਾ ਸਟਾਲ ਲਾਇਆ ਹੋਇਆ ਸੀ। ਸੱਲ੍ਹਾਂ ਵੈਲਫੇਅਰ ਸੁਸਾਇਟੀ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਬਾਬਾ ਬੁੱਢਾ ਜੀ ਸੁਸਾਇਟੀ, ਧੰਨ ਗੁਰੂ ਰਾਮਦਾਸ ਜੀ ਸੁਸਾਇਟੀ ਤੇ ਹੋਰ ਕਈ ਸੰਸਥਾਵਾਂ ਨੇ ਥਾਂ-ਥਾਂ ਤੇ ਲੰਗਰ ਲਗਾਏ ਹੋਏ ਸਨ। ਰਾਗੀਆਂ, ਢਾਡੀਆਂ ਅਤੇ ਕਵੀਸ਼ਰਾਂ ਨੇ ਨਗਰ ਕੀਰਤਨ ਨੂੰ ਸ਼ਬਦਾਂ ਤੇ ਵਾਰਾਂ ਰਾਹੀਂ ਸ਼ਿੰਗਾਰਿਆ। ਮੀਡੀਆ ਵੱਲੋਂ ਪੀ.ਟੀ.ਸੀ., ਗਲੋਬਲ ਪੰਜਾਬ, ਟੀ.ਵੀ. ਅਤੇ ਬੀ.ਜੇ. ਸਟੂਡੀਓ ਵੱਲੋਂ ਸਾਰਾ ਪ੍ਰੋਗਰਾਮ ਕਵਰ ਕੀਤਾ ਗਿਆ।


ਸੱਲ੍ਹਾਂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਕਾਰ ਸਿੰਘ ਤੇ ਹੋਰ ਨੁਮਾਇੰਦੇ

# ਭਾਈ ਸੁੱਖਾ-ਜਿੰਦਾ ਬਾਰੇ ਫਿਲਮ 11 ਨੂੰ ਰਿਲੀਜ਼ ਹੋਵੇਗੀ

**ਸ਼ਿਕਾਗੋ (ਬਿਊਰੋ):** ਜੂਨ 1984 ਦੇ ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਹਰਿਮੰਦਿਰ ਸਾਹਿਬ ਉਪਰ ਹਮਲਾ ਕਰਨ ਲਈ ਜਿੰਮੇਵਾਰ ਜਨਰਲ ਵੈਦਿਆ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦਾਂ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਬਾਰੇ ਬਣਾਈ ਗਈ ਫਿਲਮ 'ਮਾਸਟਰ ਮਾਈਂਡ ਜਿੰਦਾ ਸੁੱਖਾ' ਆਉਂਦੀ 11 ਸਤੰਬਰ ਨੂੰ ਅਮਰੀਕਾ ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਦੇ ਵਖ ਵਖ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ। ਸ਼ਿਕਾਗੋ ਵਿਚ ਇਹ ਫਿਲਮ ਸਿਨੇਮਾਰਕ, ਸਟਾਰਟਫੋਰਡ ਸ਼ਾਪਿੰਗ ਸੈਂਟਰ ਬਲੂਮਿੰਗਡੇਲ ਵਿਚ ਦਿਖਾਈ ਜਾਏਗੀ।

ਇਹ ਜਾਣਕਾਰੀ ਇਕ ਬਿਆਨ ਰਾਹੀਂ ਦਿੰਦਿਆਂ ਫਿਲਮ ਦੇ ਨਿਰਮਾਤਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਫਿਲਮ ਵਿਚ ਮੁਖ ਭੂਮਿਕਾਵਾਂ ਨਵ ਬਾਜਵਾ, ਸੋਨਪ੍ਰੀਤ ਜਵੰਦਾ, ਗੁਗੂ ਗਿੱਲ, ਅੰਮ੍ਰਿਤਪਾਲ ਬਿੱਲਾ, ਸੁਨੀਤਾ ਧਰਿ, ਈਸ਼ਾ ਸ਼ਰਮਾ ਅਤੇ ਹਰਿੰਦਰ ਨੇ ਨਿਭਾਈਆਂ ਹਨ।

ਗੁਰਪ੍ਰੀਤ ਸਿੰਘ ਅਨੁਸਾਰ ਫਿਲਮ ਭਾਈ ਸੁਖੇ ਤੇ ਜਿੰਦੇ ਦੀ ਅਖਬਾਰਾਂ ਵਿਚ ਛਪੀ ਲੰਬੀ ਚਿੱਠੀ 'ਤੇ ਆਧਾਰਤ ਹੈ ਅਤੇ ਇਸ ਦੇ ਨਿਰਮਾਣ ਤੇ ਰਿਲੀਜ਼ ਕਰਨ ਦੌਰਾਨ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿਚ ਸਿਨੇਮਾ ਹਾਲਾਂ ਵਿਚ ਫਿਲਮ ਨਾ ਲਗਣ ਦੇਣਾ ਵੀ ਸ਼ਾਮਲ ਹੈ।

ਉਨ੍ਹਾਂ ਪੰਜਾਬੀ ਤੇ ਖਾਸ ਕਰ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਹ ਫਿਲਮ ਸਿਨੇਮਾ ਘਰਾਂ ਵਿਚ ਜਾ ਕੇ ਪਰਿਵਾਰਾਂ ਸਮੇਤ ਦੇਖੀ ਜਾਵੇ, ਤਾਂ ਜੋ ਅਸੀਂ ਆਪਣੇ ਸ਼ਹੀਦਾਂ ਨੂੰ ਯਾਦ ਕਰ ਸਕੀਏ ਅਤੇ ਉਨ੍ਹਾਂ ਬਾਰੇ ਆਪਣੀ ਨਵੀਂ ਪੀੜੀ ਨੂੰ ਦੱਸ ਸਕੀਏ।






# ਆਮ ਆਦਮੀ ਪਾਰਟੀ ਵੱਲੋਂ ਗਾਂਧੀ ਤੇ ਖਾਲਸਾ ਮੁਅੱਤਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ(ਆਪ) ਦੀ ਪੰਜਾਬ ਵਿਚਲੀ ਇਕਾਈ ਦਾ ਕਲੇਸ਼ ਉਸ ਸਮੇਂ ਨਵਾਂ ਮੋੜ ਲੈ ਗਿਆ ਜਦੋਂ ਪਾਰਟੀ ਨੇ ਆਪਣੇ ਪਟਿਆਲਾ ਲੋਕ ਸਭਾ ਹਲਕੇ ਤੋਂ ਮੈਂਬਰ ਡਾ. ਧਰਮਵੀਰ ਗਾਂਧੀ ਤੇ ਫਤਹਿਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਕਾਰਨ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ। ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ(ਪੀ.ਏ.ਸੀ.), ਜਿਸ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਸ਼ਾਮਲ ਹਨ, ਨੇ ਆਪਣੇ ਇਨ੍ਹਾਂ ਦੋ ਸੰਸਦ ਮੈਂਬਰਾਂ ਖ਼ਿਲਾਫ਼ ਇਹ ਸਖ਼ਤ ਕਦਮ ਉਦੋਂ ਚੁੱਕਿਆ ਜਦੋਂ ਇਨ੍ਹਾਂ ਨੇ ਬਾਬਾ ਬਕਾਲਾ ਵਿਚ ਰੱਖੜ ਪੁੰਨਿਆ ਮੌਕੇ ਪਾਰਟੀ ਤੋਂ ਵੱਖਰੀ ਸਟੇਜ ਲਗਾ ਲਈ।

ਇਸੇ ਨਾਲ ਪੀ.ਏ.ਸੀ. ਨੇ ਇਨ੍ਹਾਂ ਦੋਵਾਂ ਖ਼ਿਲਾਫ਼ ਅਗਲੀ ਕਾਰਵਾਈ ਲਈ ਮਾਮਲਾ ਕੌਮੀ ਅਨੁਸ਼ਾਸਨੀ ਕਮੇਟੀ ਦੇ ਸਪੁਰਦ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਲੋਕ ਸਭਾ ਵਿਚ 'ਆਪ' ਦੇ ਸਿਰਫ਼ ਚਾਰ ਮੈਂਬਰ ਹਨ ਤੇ ਇਹ ਸਾਰੇ ਪੰਜਾਬ ਵਿਚੋਂ ਹੀ ਹਨ। ਪਾਰਟੀ ਦੀ ਪੀ.ਏ.ਸੀ. ਨੇ ਡਾ. ਗਾਂਧੀ ਤੇ ਖਾਲਸਾ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਕਿਹਾ ਕਿ ਇਨ੍ਹਾਂ ਦੋਵਾਂ ਨੇ ਬਾਬਾ ਬਕਾਲਾ ਵਿਚ ਰੱਖੜ ਪੁੰਨਿਆ ਮੌਕੇ ਜਾਣਬੁਝ ਕੇ ਆਮ ਆਦਮੀ ਪਾਰਟੀ ਨਾਲੋਂ ਵੱਖਰੀ ਕਾਨਫਰੰਸ ਕਰਕੇ ਪਾਰਟੀ ਦੇ ਵਰਕਰਾਂ ਵਿਚ ਭੰਬਲਭੂਸਾ ਪੈਦਾ ਕੀਤਾ ਤੇ ਪਾਰਟੀ ਨੂੰ ਨੁਕਸਾਨ ਪਹੁੰਚਾਇਆ। ਇਸ ਨਾਲ ਇਨ੍ਹਾਂ ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪਾਰਟੀ ਦੇ ਦੋ ਹੋਰ ਸੰਸਦ ਮੈਂਬਰਾਂ ਭਗਵੰਤ ਮਾਨ ਤੇ ਸਾਧੂ ਸਿੰਘ ਦੀਆਂ ਤਸਵੀਰਾਂ ਆਪਣੀ ਕਾਨਫਰੰਸ ਵਿਚ ਵਰਤ ਕੇ ਪਾਰਟੀ ਵਰਕਰਾਂ ਨੂੰ ਗੁਮਰਾਹ ਕਰਕੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਮਦਦ ਕੀਤੀ। ਇਨ੍ਹਾਂ ਨੇ ਕਾਨਫਰੰਸ ਵਿਚ ਪਾਰਟੀ ਚਿੰਨ੍ਹ ਤੇ ਨੇਤਾਵਾਂ ਦੀਆਂ ਤਸਵੀਰਾਂ ਬਗ਼ੈਰ ਇਜਾਜ਼ਤ ਤੋਂ ਵਰਤੀਆਂ ਹਨ।

ਪਾਰਟੀ ਨੇ ਕਿਹਾ ਕਿ ਪੀ.ਸੀ.ਏ. ਨੇ ਆਪਣੀ ਮੀਟਿੰਗ ਵਿਚ ਦੋਵਾਂ ਸੰਸਦ ਮੈਂਬਰਾਂ ਵੱਲੋਂ ਪਾਰਟੀ ਵਿਰੋਧੀ ਕਾਰਵਾਈਆਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਦੋਵਾਂ ਸੰਸਦ ਮੈਂਬਰਾਂ ਨੇ ਪਾਰਟੀ ਤੋਂ ਵੱਖਰੀ ਬੀਨ ਵਜਾਈ। ਇਸ ਤੋਂ ਪਹਿਲਾਂ ਵੀ ਦੋਵੇਂ ਕਈ ਵਾਰ ਪਾਰਟੀ ਤੋਂ ਉਲਟ ਚੱਲੇ ਹਨ ਤੇ ਪਾਰਟੀ ਦੇ ਫੈਸਲਿਆਂ ਤੇ ਨੇਤਾਵਾਂ ਨੂੰ ਟਿੱਚ ਜਾਣਦੇ ਹਨ। ਇਨ੍ਹਾਂ ਦਾ ਅਜਿਹਾ ਕਰਨ ਦਾ ਇਕੋ ਇਕ ਉਦੇਸ਼ ਪੰਜਾਬ ਵਿਚ ਪਾਰਟੀ ਨੂੰ ਢਾਹ ਲਾਉਣਾ ਹੈ। ਪੀ.ਸੀ.ਏ. ਨੇ ਮਤੇ ਵਿਚ ਕਿਹਾ ਕਿ ਡਾ. ਗਾਂਧੀ ਤੇ ਖਾਲਸਾ ਦੀਆਂ ਕਾਰਵਾਈਆਂ ਆਮ ਆਦਮੀ ਪਾਰਟੀ ਤੇ ਦੇਸ਼ ਵਿਚ ਚਲਾਈ ਜਾ ਰਹੀ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਲਈ ਘਾਤਕ ਹਨ।

## ਪੰਜਾਬ 'ਚ ਦਿੱਲੀ ਦੇ ਆਗੂਆਂ ਦਾ ਗਲਬਾ: ਗਾਂਧੀ

**ਪਟਿਆਲਾ:** ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਉਹ ਅੱਜ ਵੀ 'ਆਪ' ਨੂੰ ਪੰਜਾਬ ਵਿਚ ਹਾਰਦਾ ਨਹੀਂ ਦੇਖਣਾ ਚਾਹੁੰਦੇ।



ਉਹ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਵਿਚਲੇ ਇਮਾਨਦਾਰ ਉਮੀਦਵਾਰਾਂ ਨਾਲ ਖੜ੍ਹੇ ਹੋ ਕੇ ਪੰਜਾਬ ਦਾ ਤਖ਼ਤਾ ਉਲਟਾਉਣ ਦਾ ਯਤਨ ਕਰਨਗੇ। ਕੇਂਦਰੀ ਲੀਡਰਸ਼ਿਪ ਪੰਜਾਬ ਉਪਰ ਦਿੱਲੀ ਦੇ ਆਗੂਆਂ ਦਾ ਗਲਬਾ ਕਾਇਮ ਕਰਕੇ ਪੰਜਾਬੀਅਤ ਦੀ ਗਿੱਚੀ ਦਬਾ ਰਹੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ 'ਆਪ' ਵਿਚ ਯੋਗੇਂਦਰ ਯਾਦਵ ਕਾਰਨ ਨਹੀਂ ਸਗੋਂ ਪਾਰਟੀ ਦੇ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ ਸ਼ਾਮਲ ਹੋਏ ਸਨ। ਹੁਣ ਪੰਜਾਬ ਦੇ ਕਨਵੀਨਰ ਸ੍ਰੀ ਛੋਟੇਪੁਰ 'ਆਪ' ਵਿਚੋਂ ਪਾਰਟੀ ਦੀ ਰੂਹ ਹੀ ਗਾਇਬ ਕਰਨ ਦੇ ਰਾਹ ਪੈ ਗਏ ਹਨ।

## ਵੱਖਰੀ ਕਾਨਫਰੰਸ ਕਰ ਕੇ ਗੁਨਾਹ ਨਹੀਂ ਕੀਤਾ: ਖਾਲਸਾ

**ਚੰਡੀਗੜ੍ਹ:** ਪਾਰਟੀ ਵਿਚੋਂ ਮੁਅੱਤਲ ਕੀਤੇ ਫਤਿਹਗੜ੍ਹ ਸਾਹਿਬ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਨੇ ਕਿਹਾ ਕਿ ਉਨ੍ਹਾਂ



ਨੇ ਬਾਬਾ ਬਕਾਲਾ ਵਿਖੇ ਵਾਲੰਟੀਅਰਾਂ ਦੇ ਇਕੱਠ ਵਿਚ ਜਾ ਕੇ ਕੋਈ ਗੁਨਾਹ ਨਹੀਂ ਕੀਤਾ ਤੇ ਆਪਣੀ ਜ਼ਮੀਰ ਕਿਸੇ ਵੀ ਹਾਲਤ ਵਿਚ ਦਿੱਲੀ ਤੋਂ ਪੰਜਾਬ ਵਿਚ ਥੋਪੇ ਉਤਰ ਪ੍ਰਦੇਸ਼ ਤੇ ਬਿਹਾਰ ਦੇ ਤਨਖਾਹੀਆ ਨੇਤਾਵਾਂ ਅੱਗੇ ਨਹੀਂ ਵੇਚਣਗੇ। ਸ੍ਰੀ ਕੇਜਰੀਵਾਲ ਨੇ ਉਨ੍ਹਾਂ ਦੋਵਾਂ ਸੰਸਦ ਮੈਂਬਰਾਂ ਨੂੰ ਬਾਬਾ ਬਕਾਲਾ ਦੇ ਇਕੱਠ ਦੀ ਆੜ ਹੇਠ ਕੱਢਣ ਦਾ ਇਕ ਬਹਾਨਾ ਹੀ ਘੜਿਆ ਹੈ ਕਿਉਂਕਿ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਵੱਲੋਂ ਰੱਖੜ ਪੁੰਨਿਆ ਮੌਕੇ ਇਕੱਠ ਕਰਨ ਲਈ ਛਪਵਾਏ ਪੋਸਟਰਾਂ ਵਿਚੋਂ ਉਨ੍ਹਾਂ ਦੋਵਾਂ ਦੀਆਂ ਤਸਵੀਰਾਂ ਪਹਿਲਾਂ ਹੀ ਗਾਇਬ ਸਨ।

## ਪਾਕਿਸਤਾਨ ਵਿਚ ਆਈ. ਐਸ. ਉਤੇ ਪਾਬੰਦੀ

**ਇਸਲਾਮਾਬਾਦ:** ਪਾਕਿਸਤਾਨ ਨੇ ਦਹਿਸ਼ਤਗਰਦ ਜਥੇਬੰਦੀ ਆਈ.ਐਸ. ਉਤੇ ਪਾਬੰਦੀ ਲਾ ਦਿੱਤੀ ਹੈ। ਇਹ ਫ਼ੈਸਲਾ ਵਿਦੇਸ਼ ਮੰਤਰਾਲੇ ਦੇ ਦਫ਼ਤਰ ਦੀ ਸਿਫਾਰਸ਼ ਉਤੇ ਲਿਆ ਗਿਆ ਹੈ, ਜੋ ਪਾਕਿਸਤਾਨ ਸਰਕਾਰ ਨੂੰ ਉਨ੍ਹਾਂ ਦਹਿਸ਼ਤਗਰਦ ਗੁੱਟਾਂ ਬਾਰੇ ਲਗਾਤਾਰ ਜਾਣਕਾਰੀ ਦਿੰਦਾ ਹੈ, ਜਿਨ੍ਹਾਂ 'ਤੇ ਸੰਯੁਕਤ ਰਾਸ਼ਟਰ ਵੱਲੋਂ ਪਾਬੰਦੀ ਲਾਈ ਗਈ ਹੈ।


**Liquor Stores Available**

*Business and Property*

**$1,750,000 Tax Return Volume**

**Rental Income**

**Call, Joseph (Joe) A. Russillo, Jr.**

**Cell: 732-912-3019**

**Office: 856-235-4664**

e-mail: joerussillo@gmail.com

**Century 21 Alliance**

70 East Main Street, Moorestown, NJ 08057


## ਮਹਾਰਾਸ਼ਟਰ ਸਰਕਾਰ ਨੇ ਅੰਬੇਡਕਰ ਦਾ ਲੰਡਨ ਵਾਲਾ ਘਰ ਖਰੀਦਿਆ

**ਲੰਡਨ:** ਭਾਰਤ ਨੇ ਪਿਛਲੇ ਕਈ ਮਹੀਨਿਆਂ ਦੀ ਜਾਰੀ ਅਨਿਸ਼ਚਿਤਤਾ ਨੂੰ ਖਤਮ ਕਰਦੇ ਹੋਏ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦਾ ਲੰਡਨ ਸਥਿਤ ਤਿੰਨ ਮੰਜ਼ਿਲਾ ਬੰਗਲਾ ਖਰੀਦ ਲਿਆ ਹੈ। ਅੰਬੇਡਕਰ




ਇਸ ਬੰਗਲੇ ਵਿਚ 1920 ਦੇ ਦਹਾਕੇ ਵਿਚ ਵਿਦਿਆਰਥੀ ਦੇ ਤੌਰ ਉਤੇ ਰਹੇ ਸਨ।

ਇਸ ਮਕਾਨ ਨੂੰ ਹੁਣ ਇਕ ਕੌਮਾਂਤਰੀ ਸਮਾਰਕ ਵਿਚ ਤਬਦੀਲ ਕੀਤਾ ਜਾਵੇਗਾ। 'ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁਧਿਸ਼ਟ ਆਰਗੇਨਾਈਜੇਸ਼ਨਜ਼ ਯੂ.ਕੇ.' ਦੇ ਪ੍ਰਧਾਨ ਸੰਤੋਸ਼ ਦਾਸ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਸਮਾਜਕ ਨਿਆਂ ਤੇ ਵਿਸ਼ੇਸ਼ ਸਹਾਇਤਾ ਮੰਤਰੀ ਰਾਜ ਕੁਮਾਰ ਬਡੋਲੇ ਨੇ ਪੱਛਮੀ ਉੱਤਰੀ ਲੰਡਨ ਵਿਚ 10-ਕਿੰਗ ਹੇਨਰੀਜ਼ ਰੋਡ ਸਥਿਤ 2050 ਵਰਗ ਫੁੱਟ ਦੇ ਇਸ ਮਕਾਨ ਨਾਲ ਸਬੰਧਤ ਸਮਝੌਤਿਆਂ ਦਾ ਅਦਾਨ-ਪ੍ਰਦਾਨ ਕੀਤਾ। ਇਸ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਨੇ 31 ਕਰੋੜ ਰੁਪਏ ਵਿਚ ਇਸ ਸੰਪਤੀ ਨੂੰ ਖਰੀਦਣ ਦੇ ਫੈਸਲੇ ਦਾ ਐਲਾਨ ਕੀਤਾ ਸੀ। ਫਿਲਹਾਲ ਇਹ ਸੌਦਾ ਕਿੰਨੀ ਰਕਮ ਵਿਚ ਸਿਰੇ ਚੜ੍ਹਿਆ, ਇਸ ਗੱਲ ਦਾ ਖੁਲਾਸਾ ਸਰਕਾਰ ਵੱਲੋਂ ਨਹੀਂ ਕੀਤਾ ਗਿਆ।

ਮਕਾਨ ਵਿਚ ਨੀਲੇ ਰੰਗ ਦੀ ਇਕ ਪੱਟੀ ਲੱਗੀ ਹੈ, ਜਿਸ ਵਿਚ ਇਸ ਤੱਥ ਦਾ ਜ਼ਿਕਰ ਕੀਤਾ ਗਿਆ ਹੈ ਕਿ ਅੰਬੇਡਕਰ ਉਥੇ 1921-1922 ਵਿਚ ਉਦੋਂ ਰਹੇ ਸਨ, ਜਦੋਂ ਉਹ ਲੰਡਨ ਸਕੂਲ ਆਫ ਇਕਨਾਮਿਕਸ ਦਾ ਅਧਿਐਨ ਕਰ ਰਹੇ ਸਨ। ਦਾਸ ਨੇ ਕਿਹਾ ਕਿ ਇਸ ਬੰਗਲੇ ਨੂੰ ਇਕ 'ਸਿੱਖਿਆ ਤੇ ਸੰਸਕ੍ਰਿਤੀ ਕੇਂਦਰ' ਦੇ ਰੂਪ ਵਿਚ ਤਬਦੀਲ ਕੀਤਾ ਜਾਵੇਗਾ।

## ਸੰਸਕ੍ਰਿਤ ਦੀਆਂ ਕਿਤਾਬਾਂ ਛਪਵਾਏਗਾ ਭਾਸ਼ਾ ਵਿਭਾਗ

**ਪਟਿਆਲਾ:** ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ 44 ਸੰਸਕ੍ਰਿਤ ਦੀਆਂ ਪੁਰਾਣੀਆਂ ਕਿਤਾਬਾਂ ਦੇ ਭੰਡਾਰ ਨੂੰ ਛੇਤੀ ਹੀ ਮੁੜ ਛਪਵਾਇਆ ਜਾਵੇਗਾ। ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਚੇਤਨ ਸਿੰਘ ਨੇ ਆਖਿਆ ਹੈ ਕਿ ਸੰਸਕ੍ਰਿਤ ਦੁਨੀਆਂ ਦੀ ਪ੍ਰਾਚੀਨ ਭਾਸ਼ਾ ਹੈ ਤੇ ਭਾਸ਼ਾ ਵਿਭਾਗ ਇਸ ਭਾਸ਼ਾ ਨੂੰ ਜਿਊਂਦਾ ਰੱਖਣ ਲਈ ਤਤਪਰ ਹੈ।

ਸੰਸਕ੍ਰਿਤ ਤੋਂ ਖੋਜਾਰਥੀਆਂ ਨੂੰ ਗਿਆਨ ਦੇ ਵੱਡੇ ਸੋਮੇ ਮਿਲਦੇ ਹਨ। ਇਸ ਭਾਸ਼ਾ ਦੇ ਵਿਕਾਸ ਲਈ ਕਦਮ ਚੁੱਕਣ ਦੀ ਲੋੜ ਹੈ। ਇਸੇ ਕਰਕੇ ਵਿਭਾਗ ਨੇ ਫੈਸਲਾ ਲਿਆ ਹੈ ਕਿ ਸੰਸਕ੍ਰਿਤ ਦੀਆਂ ਪਈਆਂ ਕਿਤਾਬਾਂ ਨੂੰ ਮੁੜ ਛਪਵਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਵਿਭਾਗ ਕੋਲ ਸੰਸਕ੍ਰਿਤ ਦੀਆਂ ਕਈ ਅਣਛਪੀਆਂ ਕਿਤਾਬਾਂ ਪਈਆਂ ਹਨ, ਜਿਨ੍ਹਾਂ ਦੇ ਛਪਣ ਨਾਲ ਇਕ ਵੱਡੇ ਖੱਪੇ ਦੀ ਭਰਪਾਈ ਵੀ ਹੋਣ ਦੀ ਉਮੀਦ ਹੈ।

ਸੰਸਕ੍ਰਿਤ ਦੇ ਸ਼੍ਰੋਮਣੀ ਸਾਹਿਤਕਾਰ ਡਾ. ਦੇਵਦੱਤ ਭੱਟੀ ਨੇ ਆਖਿਆ ਕਿ ਸੰਸਕ੍ਰਿਤ ਜਿਥੇ ਪ੍ਰਾਚੀਨ ਭਾਸ਼ਾ ਹੈ, ਉਥੇ ਪੰਜਾਬੀ ਵੈਦਿਕ ਭਾਸ਼ਾ ਹੈ।

ਮਹਾਨ ਕੋਸ਼ ਪ੍ਰਮਾਣਿਕ ਕੋਸ਼ ਹੈ, ਜਿਸ ਵਿਚ ਸੰਸਕ੍ਰਿਤ ਭਾਸ਼ਾ ਦੀ ਵਿਸ਼ਾਲਤਾ ਨੂੰ ਖੂਬ ਦਰਸਾਇਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਮੇਂ ਦੀ ਲੋੜ ਵੀ ਹੈ। ਜਿਸ ਨੂੰ ਸਾਹਮਣੇ ਰੱਖ ਕੇ ਇਹ ਪਹਿਲ ਕਰਨ ਬਾਰੇ ਰਣਨੀਤੀ ਬਣਾਈ ਗਈ ਹੈ।

## Matrimonial

### ਵਰ ਦੀ ਲੋੜ ਹੈ

Suitable match for US citizan Khatri Sikh girl 28, 5'5" Doctor of Pharmacy, Pharmacist in New Maxico. Boy should be 28 to 31 years, tall, Highly educated (medicine or engineering), Well settled in USA, non-smoker, non-drinker, non-trimmer. Contact Harmohinder S. Vij at hvij@aol.com or call at Ph: 505-216-1644. 33-35

Wanted suitable match in India/USA for Punjabi Ravidasia girl living in India 31, 5' M.SC. PhD Bio-chem., working as research associate in a reputed University in India. Contact: 91-98880-69822 (India) or binneyksood@gmail.com 33-36

### ਕੰਨਿਆ ਦੀ ਲੋੜ ਹੈ

ਇੰਡੀਆ ਰਹਿੰਦੇ ਜੱਟ ਸਿੱਖ ਚੀਮਾ, 27 ਸਾਲ, 5'-10", ਨਸ਼ਾ ਰਹਿਤ, ਐਮ ਐਡ ਲੜਕੇ ਲਈ ਗਰੀਨ ਕਾਰਡ ਹੋਲਡਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਤਾਏ ਦਾ ਸਾਰਾ ਪਰਿਵਾਰ ਅਮਰੀਕਾ ਵਿਚ, ਵਧੀਆ ਬਿਜਨਸ, ਸੈਟ ਹੋਣ ਵਿਚ ਪੂਰੀ ਮਦਦ ਲਈ ਤਿਆਰ। ਸੰਪਰਕ ਕਰੋ: 408-707-4922 35-36

US citizen/green card holder girl wanted for Sikh Arora, 31 years, 5'6" B.Tech (Mechanical engineer), MBA finance. Currently on business visa. Contact, Ph: 312-522-6522. Email: Amarinder.singh627@gmail.com 34-


**Flat Rate Funding Group**

**Are you tired of waiting to get paid on your outstanding freight invoices?**

**Get your $$$ now!**

**At Flat Rate Funding Group, we offer the lowest fixed factoring rate in the transportation industry-**

*****1.5%!*****

*Call Goldy Dhillon* **734-444-9625**

sales@flatratefunding.com

**ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?**

**ਅੱਜ ਹੀ ਲੋੜੀਂਦਾ ਪੈਸਾ ਲਓ**



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਭਾਰਤ ਵਿਚ ਸਿੱਖਾਂ ਦੀ ਆਬਾਦੀ ਘਟਣ ਬਾਰੇ ਛਿੜੀ ਬਹਿਸ

**ਚੰਡੀਗੜ੍ਹ:** ਧਰਮ ਆਧਾਰਿਤ ਮਰਦਮਸ਼ੁਮਾਰੀ ਦੇ ਅੰਕੜਿਆਂ ਵਿਚ ਸਿੱਖਾਂ ਦੀ ਆਬਾਦੀ ਘਟਣ ਬਾਰੇ ਖੁਲਾਸੇ ਨੇ ਸਮੁੱਚੀ ਕੌਮ ਨੂੰ ਫਿਕਰ ਵਿਚ ਪਾ ਦਿੱਤਾ ਹੈ ਤੇ ਇਸ ਮੁੱਦੇ 'ਤੇ ਤਿੱਖੀ ਬਹਿਸ ਛਿੜ ਗਈ ਹੈ। ਸਵਾਲ ਕੀਤਾ ਜਾਣ ਲੱਗਾ ਹੈ ਕਿ ਸਿੱਖਾਂ ਦੀ ਵਾਧਾ ਦਰ ਵਿਚ ਏਨਾ ਵੱਡਾ ਘਾਟਾ ਕਿਉਂ ਤੇ ਕਿਵੇਂ ਆਇਆ? ਬੇਸ਼ੱਕ 1991 ਦੀ ਮਰਦਮਸ਼ੁਮਾਰੀ ਵਿਚ ਸਿੱਖਾਂ ਦੀ ਘਟੀ ਵਾਧਾ ਦਰ ਨੂੰ ਪੰਜਾਬ ਦੇ ਕਾਲੇ ਦੌਰ ਤੋਂ ਉਪਜੀ ਸਥਿਤੀ ਨਾਲ ਜੋੜ ਕੇ ਵੇਖਿਆ ਗਿਆ ਪਰ 2001 ਦੀ ਗਿਣਤੀ ਵਿਚ ਸਿੱਖਾਂ ਦੀ ਅੰਦਰੂਨੀ ਵਾਧਾ ਦਰ ਇਕਦਮ ਤਕਰੀਬਨ 25 ਫ਼ੀਸਦੀ ਘਟਣਾ ਤੇ ਹੁਣ ਤਾਜ਼ਾ ਅੰਕੜਿਆਂ ਅਨੁਸਾਰ ਇਸ ਦਹਾਕੇ ਵਿਚ ਸਿੱਖਾਂ ਦੀ ਅੰਦਰੂਨੀ ਵਾਧਾ ਦਰ ਵਿਚ 50 ਫ਼ੀਸਦੀ ਤੋਂ ਵੀ ਜ਼ਿਆਦਾ ਦੀ ਕਮੀ ਹੈਰਾਨੀਜਨਕ ਹੈ ਕਿਉਂਕਿ ਵਾਧਾ ਦਰ ਵਿਚ ਏਨੀ ਵੱਡੀ ਕਮੀ ਸਿੱਖਾਂ ਦੇ ਸਿਰਫ ਪਰਿਵਾਰ ਨਿਯੋਜਨ ਅਪਣਾਉਣ ਕਰਕੇ ਨਹੀਂ ਹੋ ਸਕਦੀ।



ਅੰਕੜਿਆਂ ਵਿਚ ਸਿੱਖਾਂ ਦੀ ਅਬਾਦੀ ਵੀ 0.2 ਫ਼ੀਸਦੀ ਦੇ ਅਨੁਪਾਤ ਨਾਲ ਘਟਣ ਨੂੰ ਲੈ ਕੇ ਵੱਖ-ਵੱਖ ਸਿੱਖ ਵਿਦਵਾਨਾਂ ਵੱਲੋਂ ਆਪਣੇ ਨਜ਼ਰੀਏ ਨਾਲ ਲਿਆ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਅਬਾਦੀ ਦੇ ਅਨੁਪਾਤ ਦੇ ਘਾਟੇ ਨੂੰ ਸਿੱਖ ਹੋਂਦ ਲਈ ਖ਼ਤਰੇ ਦੀ ਘੰਟੀ ਦੱਸਦਿਆਂ ਕਿਹਾ ਕਿ ਇਹ ਕੌਮ ਲਈ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਜ਼ੋਰ ਦਿੱਤਾ ਕਿ ਪੰਜਾਬ ਤੋਂ ਬਾਹਰੀ ਸੂਬਿਆਂ ਵਿਚ ਪ੍ਰਚਾਰ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਅਜਿਹੇ ਉੱਦਮ ਲਈ ਸ਼੍ਰੋਮਣੀ ਕਮੇਟੀ, ਵਿਦੇਸ਼ੀ ਸਿੱਖ ਸੰਸਥਾਵਾਂ ਤੇ ਸਿੱਖ ਆਗੂਆਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਅਨੁਸਾਰ ਸਿੱਖ ਭਾਈਚਾਰੇ ਵੱਲੋਂ ਵਿਦੇਸ਼ਾਂ ਵੱਲ ਮੂੰਹ ਕਰਕੇ ਪਰਿਵਾਰਾਂ ਸਮੇਤ ਉਥੇ ਦੇ ਵਸਨੀਕ ਬਣਨ ਨੂੰ ਇਸ ਦਾ ਕਾਰਨ ਦੱਸਿਆ।

ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਕਿਸੇ ਵੀ ਸਿੱਖ ਫ਼ੌਜੀ ਦੇ ਕੇਸ ਕਟਵਾਉਣ 'ਤੇ ਪਾਬੰਦੀ ਸੀ ਪਰ ਹਿੰਦੁਸਤਾਨੀ ਸਰਕਾਰ ਵੱਲੋਂ ਇਹ ਕਾਨੂੰਨ ਖਤਮ ਕੀਤੇ ਜਾਣ ਤੋਂ ਬਾਅਦ ਕਈ ਵੱਡੇ ਅਫ਼ਸਰਾਂ ਵੱਲੋਂ ਕੇਸ ਕਟਾ ਲਏ ਗਏ। ਇਹ ਮਰਦਮਸ਼ੁਮਾਰੀ ਹਿੰਦੁਸਤਾਨ ਦੀ ਹੋਈ ਹੈ ਜਦ ਕਿ ਵਿਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖ ਆਬਾਦੀ ਦਾ ਹਿੰਦੁਸਤਾਨ ਵਿਚ ਅਨੁਪਾਤ ਘੱਟ ਹੋਣ ਨੂੰ ਸਾਕਾ ਨੀਲਾ ਤਾਰਾ ਤੋਂ ਬਾਅਦ ਸਿੱਖ ਹਿਜਰਤ ਤੇ ਸਿੱਖ ਨਸਲਕੁਸ਼ੀ ਨੂੰ ਸਾਰੇ ਕਾਰਨਾਂ ਵਿਚੋਂ ਅਹਿਮ ਦੱਸਦਿਆਂ ਕਿਹਾ ਕਿ ਸਿੱਖ ਆਪਣੇ ਆਪ ਨੂੰ ਇੰਨੇ ਆਜ਼ਾਦ ਮਹਿਸੂਸ ਨਹੀਂ ਕਰ ਰਹੇ ਤੇ ਉਨ੍ਹਾਂ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਤੋਂ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਦੀ ਪਹਿਲੀ ਮਰਦਮਸ਼ੁਮਾਰੀ 1951 ਵਿਚ ਹੋਈ ਸੀ। ਇਸ ਪਹਿਲੀ ਮਰਦਮਸ਼ੁਮਾਰੀ ਵਿਚ ਦੇਸ਼ ਭਰ ਵਿਚ ਸਿੱਖਾਂ ਦੀ ਕੁੱਲ ਗਿਣਤੀ 62 ਲੱਖ ਸੀ। ਇਸ ਤਰ੍ਹਾਂ ਸਿੱਖ ਆਜ਼ਾਦ ਭਾਰਤ ਦੀ ਕੁੱਲ ਵਸੋਂ ਦਾ 1.74 ਫ਼ੀਸਦੀ ਹਿੱਸਾ ਸਨ। ਅਗਲੇ 10 ਸਾਲਾਂ ਵਿਚ 1961 ਦੀ ਮਰਦਮਸ਼ੁਮਾਰੀ ਅਨੁਸਾਰ ਸਿੱਖਾਂ ਦੀ ਦੇਸ਼ ਵਿਚ ਗਿਣਤੀ 78 ਲੱਖ 45 ਹਜ਼ਾਰ 170 ਹੋ ਗਈ ਸੀ। ਸਿੱਖਾਂ ਦਾ ਦੇਸ਼ ਦੇ ਆਬਾਦੀ ਵਿਚ ਹਿੱਸਾ 1.79 ਫ਼ੀਸਦੀ ਹੋ ਗਿਆ ਸੀ। ਇਸ ਤਰ੍ਹਾਂ ਸਿੱਖਾਂ ਦੀ ਅੰਦਰੂਨੀ ਵਾਧਾ ਦਰ 27 ਫ਼ੀਸਦੀ ਸੀ। 1971 ਦੀ ਮਰਦਮਸ਼ੁਮਾਰੀ ਵਿਚ ਦੇਸ਼ ਵਿਚ ਸਿੱਖਾਂ ਦੀ ਗਿਣਤੀ ਇਕ ਕਰੋੜ ਤਿੰਨ ਲੱਖ 78 ਹਜ਼ਾਰ 797 ਸੀ। ਹੁਣ ਸਿੱਖ ਦੇਸ਼ ਦੀ ਕੁੱਲ ਆਬਾਦੀ ਦਾ 1.8 ਫ਼ੀਸਦੀ ਸਨ। ਇਸ ਦਹਾਕੇ ਵਿਚ ਸਿੱਖਾਂ ਦਾ ਅੰਦਰੂਨੀ ਵਾਧਾ ਦਰ 32 ਫ਼ੀਸਦੀ ਸੀ। 2011 ਦੇ ਅੰਕੜਿਆਂ ਵਿਚ ਜੋ ਸਥਿਤੀ ਸਾਹਮਣੇ ਆਈ ਹੈ, ਉਹ ਬਹੁਤ ਚੌਂਕਾਉਣ ਵਾਲੀ ਹੈ। ਭਾਰਤ ਦੀ ਕੁੱਲ ਆਬਾਦੀ ਵਿਚ ਸਿੱਖਾਂ ਦਾ ਪ੍ਰਤੀਸ਼ਤ ਹਿੱਸਾ ਆਜ਼ਾਦੀ ਤੋਂ ਬਾਅਦ ਸਭ ਤੋਂ ਹੇਠਲੇ ਪੱਧਰ ਉਤੇ ਪਹੁੰਚ ਗਿਆ ਹੈ।

## ਲਗਾਤਾਰ ਆ ਰਹੀ ਹੈ ਗਿਰਾਵਟ

**ਚੰਡੀਗੜ੍ਹ:** ਦੇਸ਼ ਦੀ ਆਬਾਦੀ ਦੇ ਧਰਮ ਅਧਾਰਤ ਅੰਕੜੇ ਜਾਰੀ ਹੋਣ ਤੋਂ ਬਾਅਦ ਸਾਫ਼ ਹੋਇਆ ਹੈ ਕਿ ਹਿੰਦੂਆਂ, ਮੁਸਲਮਾਨਾਂ ਤੇ ਈਸਾਈਆਂ ਦੇ ਮੁਕਾਬਲੇ ਸਿੱਖਾਂ ਦੀ ਆਬਾਦੀ ਬੀਤੇ ਦਹਾਕਿਆਂ ਵਿਚ ਤੇਜ਼ੀ ਨਾਲ ਘਟੀ ਹੈ। ਸਾਲ 1991 ਦੀ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਦੀ ਆਬਾਦੀ 24.3 ਫੀਸਦੀ ਦੀ ਦਰ ਨਾਲ ਵਧ ਰਹੀ ਸੀ ਤੇ ਸਾਲ 2001 ਵਿਚ ਇਹ ਵਾਧਾ 18.2 ਫੀਸਦੀ ਸੀ ਪਰ ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਇਹ ਵਾਧਾ ਸਿਰਫ਼ 8.4 ਫੀਸਦੀ ਦੀ ਦਰ 'ਤੇ ਆ ਗਿਆ ਹੈ। ਜੇਕਰ ਤੁਲਨਾ ਕੀਤੀ ਜਾਵੇ ਤਾਂ ਸਾਲ 2001 ਤੋਂ ਲੈ ਕੇ ਸਾਲ 2011 ਵਿਚਲੇ ਦਸ ਸਾਲਾਂ ਵਿਚ ਸਿੱਖਾਂ ਦੀ ਆਬਾਦੀ ਦੀ ਵਾਧਾ ਦਰ ਵਿਚ 9.8 ਫੀਸਦੀ ਦੀ ਗਿਰਾਵਟ ਆਈ ਹੈ। ਸਾਲ 2001 ਸਿੱਖਾਂ ਦੀ ਆਬਾਦੀ ਦੀ ਵਾਧਾ ਦਰ 18.2 ਫੀਸਦੀ ਸੀ ਜੋ ਸਾਲ 2011 ਆਉਣ ਤੱਕ 8.4 ਫੀਸਦੀ ਤੱਕ ਡਿੱਗ ਗਈ। ਇਸ ਸਮੇਂ ਦੌਰਾਨ ਹਿੰਦੂਆਂ, ਮੁਸਲਮਾਨਾਂ ਤੇ ਈਸਾਈਆਂ ਦੀ ਆਬਾਦੀ ਵਿਚ ਇਹ ਗਿਰਾਵਟ ਮਹਿਜ਼ ਕ੍ਰਮਵਾਰ 3.5, 4.9 ਤੇ 7.1 ਫੀਸਦੀ ਰਹੀ। ਜੇਕਰ ਦੋ ਦਹਾਕਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਸਿੱਖਾਂ ਦੀ ਆਬਾਦੀ ਵਿਚ ਇਹ ਗਿਰਾਵਟ ਹੋਰ ਸਾਰੇ ਧਰਮਾਂ ਦੇ ਮੁਕਾਬਲੇ ਸਭ ਤੋਂ ਵੱਧ 15.9 ਫੀਸਦੀ ਹੈ।

## ਮਰਦਮਸ਼ੁਮਾਰੀ ਦੇ ਅੰਕੜੇ

**ਚੰਡੀਗੜ੍ਹ:** 2011 ਦੀ ਮਰਦਮਸ਼ੁਮਾਰੀ ਮੁਤਾਬਕ ਚੰਡੀਗੜ੍ਹ ਵਿਚ ਸਿੱਖਾਂ ਦੀ ਆਬਾਦੀ 13.1 ਫੀਸਦੀ ਰਹਿ ਗਈ ਹੈ ਜੋ 2001 ਵਿਚ 16.1 ਫੀਸਦੀ ਸੀ। ਦਿੱਲੀ ਵਿਚ ਸਿੱਖਾਂ ਦੀ ਆਬਾਦੀ ਜੋ ਸਾਲ 2001 ਵਿਚ ਚਾਰ ਫੀਸਦੀ ਸੀ, ਉਹ 2011 ਵਿਚ 3.4 ਫੀਸਦੀ ਉਤੇ ਆ ਗਈ। ਹਰਿਆਣਾ ਵਿਚ ਵੀ ਸਿੱਖਾਂ ਦੀ ਆਬਾਦੀ ਵਿਚ ਗਿਰਾਵਟ ਆਈ ਹੈ। ਇਹ ਸਾਲ 2001 ਵਿਚ 5.5 ਫੀਸਦੀ ਤੋਂ ਘਟ ਕੇ ਸਾਲ 2011 ਵਿਚ 4.9 ਫੀਸਦੀ ਰਹਿ ਗਈ। ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਵਿਚ ਸਿੱਖ ਕੁੱਲ ਆਬਾਦੀ ਦਾ ਕ੍ਰਮਵਾਰ 1.9, 1.2 ਤੇ 2.3 ਹਨ। ਰਾਜਸਥਾਨ ਵਿਚ ਸਿੱਖ 1.3 ਫੀਸਦੀ ਹਨ।

## ਕੀ ਹਨ ਸਿੱਖਾਂ ਦੀ ਵਸੋਂ ਘਟਣ ਦੇ ਕਾਰਨ?

**ਚੰਡੀਗੜ੍ਹ:** ਮਾਹਰਾਂ ਵੱਲੋਂ ਸਿੱਖਾਂ ਦੀ ਆਬਾਦੀ ਵਿਚ ਗਿਰਾਵਟ ਲਈ ਕਈ ਕਾਰਨ ਦਿੱਤੇ ਜਾ ਰਹੇ ਹਨ। ਸਭ ਤੋਂ ਪਹਿਲਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਸਿੱਖ ਦੂਜੇ ਮੁਲਕਾਂ ਵਿਚ ਵੱਸ ਰਹੇ ਹਨ। ਹਰ ਸਾਲ ਵੱਡੀ ਗਿਣਤੀ ਵਿਚ ਸਿੱਖ ਅਮਰੀਕਾ, ਬਰਤਾਨੀਆ, ਕੈਨੇਡਾ ਤੇ ਹੋਰ ਮੁਲਕਾਂ ਵਿਚ ਜਾ ਰਹੇ ਹਨ।

ਦੂਜਾ ਕਾਰਨ ਸਿੱਖ ਕੌਮ ਦਾ ਦੂਜੀਆਂ ਕੌਮਾਂ ਦੇ ਮੁਕਾਬਲੇ ਵੱਧ ਖੁਸ਼ਹਾਲ ਹੋਣਾ ਹੈ। ਇਸ ਖੁਸ਼ਹਾਲੀ ਦੇ ਕਾਰਨ ਹੀ ਉਹ ਪਰਿਵਾਰ ਨਿਯੋਜਨ ਨੂੰ ਮਹੱਤਤਾ ਦਿੰਦੇ ਹਨ। ਤੀਜਾ ਕਾਰਨ ਸਿੱਖਾਂ ਦਾ ਜ਼ਮੀਨ ਪ੍ਰਤੀ ਮੋਹ ਹੈ। ਜ਼ਮੀਨਾਂ ਦਾ ਘੱਟ ਰਹੀਆਂ ਹਨ ਤੇ ਪਰਿਵਾਰ ਵਿਚ ਜ਼ਮੀਨ ਦੀ ਹੋਰ ਵੰਡ ਨਾ ਹੋਵੇ, ਇਸ ਲਈ ਸਿੱਖਾਂ ਵੱਲੋਂ ਪਰਿਵਾਰ ਨਿਯੋਜਨ ਅਪਣਾਇਆ ਜਾ ਰਿਹਾ ਹੈ। ਮੁਲਕ ਦੀ ਆਬਾਦੀ ਦੇ ਲਿਹਾਜ਼ ਤੋਂ ਸਿੱਖ 2001 ਵਿਚ 1.9 ਸਨ ਜੋ 2011 ਵਿਚ 1.7 ਰਹਿ ਗਏ। ਮੁਲਕ ਵਿਚ ਸਿੱਖਾਂ ਦੀ ਆਬਾਦੀ 2.08 ਕਰੋੜ ਹੈ, ਇਸ ਪੱਖੋਂ ਇਹ ਚੌਥੇ ਨੰਬਰ 'ਤੇ ਆਉਂਦੇ ਹਨ। ਪਹਿਲੇ ਉਤੇ ਹਿੰਦੂ, ਦੂਜੇ 'ਤੇ ਮੁਸਲਮਾਨ ਤੇ ਤੀਜੇ ਉਤੇ ਈਸਾਈ ਹਨ।

## ਵਿਦੇਸ਼ਾਂ ਵਿਚ ਜਾਣ ਦਾ ਰੁਝਾਨ ਵਧਿਆ: ਹਰਸਿਮਰਤ



**ਮਾਨਸਾ:** ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸਿੱਖਾਂ ਦੀ ਆਬਾਦੀ ਘਟੀ ਨਹੀਂ ਹੈ, ਬਲਕਿ ਅੱਜ-ਕੱਲ੍ਹ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਰੁਝਾਨ ਵਧਿਆ ਹੋਇਆ ਹੈ ਤੇ ਸਿੱਖ ਸਾਰੇ ਵਿਸ਼ਵ ਵਿਚ ਫੈਲੇ ਹੋਏ ਹਨ। ਸਿੱਖਾਂ ਦੀ ਅਹਿਮੀਅਤ ਮੁਲਕ ਅੰਦਰ ਪੂਰੀ ਤਰ੍ਹਾਂ ਬਰਕਰਾਰ ਹੈ। ਅੰਕੜਿਆਂ ਅਨੁਸਾਰ ਦੇਸ਼ ਵਿਚ ਸਿੱਖਾਂ ਦੀ ਆਬਾਦੀ ਨੂੰ ਘਟੀ ਹੋਈ ਦੱਸਿਆ ਗਿਆ ਹੈ, ਪਰ ਇਸ ਤੋਂ ਸਿੱਖਾਂ ਨੂੰ ਬਿਲਕੁਲ ਘਬਰਾਉਣ ਦੀ ਲੋੜ ਨਹੀਂ, ਸਗੋਂ ਅੱਜ-ਕੱਲ੍ਹ ਪੂਰੀ ਦੁਨੀਆਂ ਵਿਚ ਸਿੱਖਾਂ ਦਾ ਸਿੱਕਾ ਚੱਲਣ ਲੱਗਿਆ ਹੈ।

## ਸਿੱਖਾਂ ਵਿਚ ਲਿੰਗ ਜਨਮ ਦਰ ਪਾੜਾ ਸਭ ਤੋਂ ਵੱਧ



ਸਿੱਖ ਧਰਮ ਵਿਚ ਕੁੜੀਆਂ ਦੀ ਜਨਮ ਦਰ ਪੂਰੇ ਦੇਸ਼ ਵਿਚ ਸਭ ਤੋਂ ਘੱਟ ਹੈ। ਇਸ ਪੱਖੋਂ ਈਸਾਈ ਧਰਮ ਵਿਚ ਹਾਲਾਤ ਠੀਕ ਹਨ। ਅੰਕੜਿਆਂ ਮੁਤਾਬਕ ਸਿੱਖਾਂ ਵਿਚ 1.09 ਕਰੋੜ ਮਰਦ ਤੇ 98.84 ਲੱਖ ਔਰਤਾਂ ਹਨ। ਇਸ ਦਾ ਮਤਲਬ ਹੈ ਕਿ 52.56 ਦੇ ਮੁਕਾਬਲੇ ਔਰਤਾਂ ਦੀ ਗਿਣਤੀ 47.44 ਫੀਸਦੀ ਹੈ। ਦੇਸ਼ ਵਿਚ ਈਸਾਈ ਪੁਰਸ਼ਾਂ ਦੀ ਗਿਣਤੀ 1.37 ਦੇ ਮੁਕਾਬਲੇ 1.40 ਕਰੋੜ ਹੈ। ਇਹ ਹੀ ਅਜਿਹਾ ਧਰਮ ਹੈ ਜਿਸ ਵਿਚ ਔਰਤਾਂ ਦੀ ਜਨਮ ਦਰ ਵੱਧ ਹੈ। ਦੇਸ਼ ਵਿਚ 96.62 ਕਰੋੜ ਹਿੰਦੂ ਹਨ। ਇਨ੍ਹਾਂ ਵਿਚ 49.83 ਕਰੋੜ ਪੁਰਸ਼ ਤੇ 46.79 ਔਰਤਾਂ ਹਨ। ਮੁਸਲਿਮਾਂ ਵਿਚ 8.82 ਕਰੋੜ ਪੁਰਸ਼ਾਂ ਦੇ ਮੁਕਾਬਲੇ 8.39 ਕਰੋੜ ਔਰਤਾਂ ਹਨ।

## ਵੱਧ ਬੱਚੇ ਪੈਦਾ ਕਰਨਾ ਹੀ ਸਮੱਸਿਆ ਦਾ ਹੱਲ: ਜਥੇਦਾਰ



**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖਾਂ ਦੀ ਗਿਣਤੀ ਵਧਾਉਣ ਲਈ ਹਰੇਕ ਸਿੱਖ ਪਰਿਵਾਰ ਤਿੰਨ ਬੱਚੇ ਪੈਦਾ ਕਰੇ ਤੇ ਹੋਰਨਾਂ ਸੂਬਿਆਂ ਵਿਚ ਅਣਗੌਲੇ ਸਿੱਖ ਭਾਈਚਾਰੇ ਨੂੰ ਨਾਲ ਜੋੜਿਆ ਜਾਵੇ। ਜਥੇਦਾਰ ਨੇ ਆਖਿਆ ਕਿ ਜਦੋਂ ਇਸ ਤੋਂ ਪਹਿਲਾਂ ਸਿੱਖ ਆਬਾਦੀ ਘਟਣ ਦਾ ਵਿਸ਼ਾ ਚਰਚਾ ਵਿਚ ਆਇਆ ਸੀ ਤਾਂ ਉਨ੍ਹਾਂ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਕੌਮ ਨੂੰ ਤਿੰਨ ਜਾਂ ਚਾਰ ਬੱਚਿਆਂ ਬਾਰੇ ਸੁਝਾਅ ਦਿੱਤਾ ਸੀ ਪਰ ਉਸ ਵੇਲੇ ਕਿਸੇ ਨੇ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਸੀ। ਉਨ੍ਹਾਂ ਮੁੜ ਆਖਿਆ ਕਿ ਹਰ ਸਿੱਖ ਪਰਿਵਾਰ ਦੇ ਤਿੰਨ ਬੱਚੇ ਹੋਣੇ ਚਾਹੀਦੇ ਹਨ।

## ਜਾਇਜ਼ ਨਹੀਂ ਜਥੇਦਾਰ ਦੀ ਸਲਾਹ: ਫੂਲਕਾ



**ਅੰਮ੍ਰਿਤਸਰ:** ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਸਿੱਖਾਂ ਨੂੰ ਵੱਧ ਬੱਚੇ ਪੈਦਾ ਕਰਨ ਦੀ ਸਲਾਹ ਆਧੁਨਿਕ ਯੁੱਗ ਦੇ ਹਿਸਾਬ ਨਾਲ ਠੀਕ ਨਹੀਂ। ਆਬਾਦੀ ਘਟਣ ਦਾ ਵੱਡਾ ਕਾਰਨ ਸਿੱਖਾਂ ਵਿਚ ਔਰਤਾਂ ਦੀ ਗਿਣਤੀ ਘਟਣਾ ਹੈ। ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਧਰਮ ਵਿਚ ਔਰਤਾਂ ਨੂੰ ਸਭ ਤੋਂ ਵੱਧ ਸਨਮਾਨ ਦਿੱਤਾ ਜਾਂਦਾ ਹੋਵੇ, ਅੱਜ ਉਸੇ ਹੀ ਧਰਮ ਵਿਚ ਔਰਤਾਂ ਦੀ ਘੱਟ ਹੋਣਾ ਇਕ ਵੱਡੀ ਚਿੰਤਾ ਦਾ ਵਿਸ਼ਾ ਹੈ। ਜੋ ਅੰਕੜੇ ਸਾਹਮਣੇ ਆਏ ਹਨ, ਉਨ੍ਹਾਂ ਅਨੁਸਾਰ ਦੇਸ਼ ਵਿਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਦੀ ਸਭ ਤੋਂ ਘੱਟ ਗਿਣਤੀ ਸਿੱਖ ਕੌਮ ਵਿਚ ਹੀ ਦਰਜ ਕੀਤੀ ਗਈ ਹੈ।

# ਪੰਜਾਬ ਵਿਚ ਸਿੱਖਾਂ ਦੀ ਵਾਧਾ ਦਰ ਦੂਜੇ ਧਰਮਾਂ ਤੋਂ ਕਿਤੇ ਘੱਟ

**ਚੰਡੀਗੜ੍ਹ:** ਪਿਛਲੇ ਦੋ ਦਹਾਕਿਆਂ ਵਿਚ ਇਕੱਲੇ ਪੰਜਾਬ ਵਿਚ ਸਿੱਖਾਂ ਦੀ ਆਬਾਦੀ 63 ਫ਼ੀਸਦੀ ਤੋਂ ਘਟ ਕੇ 57 ਫ਼ੀਸਦੀ ਉਤੇ ਪਹੁੰਚ ਗਈ ਹੈ। ਸੂਬੇ ਵਿਚ ਸਿੱਖ ਧਰਮ ਦੀ ਵਾਧਾ ਦਰ ਦੂਜੇ ਧਰਮਾਂ ਮੁਕਾਬਲੇ ਸਭ ਤੋਂ ਘੱਟ ਹੈ। ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੀ ਆਬਾਦੀ ਦਰ ਪਿਛਲੇ 10 ਸਾਲਾਂ ਵਿਚ 18.7 ਫ਼ੀਸਦੀ ਵਧੀ ਹੈ। ਇਸੇ ਤਰ੍ਹਾਂ ਸੂਬੇ ਵਿਚ ਬਹੁਤ ਹੀ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਮੁਸਲਮਾਨਾਂ ਦੀ ਦਰ 40 ਫ਼ੀਸਦੀ ਤੇ ਈਸਾਈਆਂ ਦੀ 18.9 ਫ਼ੀਸਦੀ ਦੇ ਹਿਸਾਬ ਨਾਲ ਵਧੀ ਹੈ ਜਦਕਿ ਸਿੱਖਾਂ ਦੀ ਆਬਾਦੀ ਵਿਚ ਸਿਰਫ਼ 9.7 ਫ਼ੀਸਦੀ ਦੇ ਹਿਸਾਬ ਨਾਲ ਵਾਧਾ ਦਰਜ ਕੀਤਾ ਗਿਆ ਹੈ। ਅੰਕੜਿਆਂ ਮੁਤਾਬਕ ਪਿਛਲੇ 20 ਸਾਲਾਂ ਵਿਚ ਸਿੱਖਾਂ ਦੀ ਆਬਾਦੀ ਸੂਬੇ ਵਿਚ 22 ਲੱਖ ਤੋਂ ਥੋੜੀ ਜ਼ਿਆਦਾ ਵਧੀ ਹੈ। ਦੂਜੇ ਪਾਸੇ ਸਾਲ 1991 ਵਿਚ ਹਿੰਦੂਆਂ ਦੀ ਆਬਾਦੀ 69 ਲੱਖ, 89 ਹਜ਼ਾਰ 226 ਸੀ ਜਿਹੜੀ ਸਾਲ 2001 ਵਿਚ ਵਧ ਕੇ 89 ਲੱਖ 97 ਹਜ਼ਾਰ 942 ਤੇ ਸਾਲ 2011 ਦੇ ਅੰਕੜਿਆਂ ਮੁਤਾਬਕ ਇਕ ਕਰੋੜ ਛੇ ਲੱਖ 78 ਹਜ਼ਾਰ 138 ਹੋ ਗਈ ਹੈ। ਪਿਛਲੇ 20 ਸਾਲਾਂ ਵਿਚ ਹਿੰਦੂਆਂ ਦੀ ਗਿਣਤੀ ਵਿਚ 37 ਲੱਖ ਦਾ ਵਾਧਾ ਹੋਇਆ ਹੈ।



## ਦੱਖਣੀ ਰਾਜਾਂ ਵਿਚ ਸਿੱਖ ਆਬਾਦੀ ਵਧੀ

**ਨਵੀਂ ਦਿੱਲੀ:** ਉੱਤਰੀ ਰਾਜਾਂ ਦੇ ਮੁਕਾਬਲੇ ਦੱਖਣੀ ਰਾਜਾਂ ਵਿਚ ਸਿੱਖਾਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋਇਆ ਹੈ। ਕਰਨਾਟਕਾ ਵਿਚ ਸਿੱਖ ਆਬਾਦੀ ਪਿਛਲੇ 10 ਸਾਲਾਂ ਵਿਚ 87.7 ਫ਼ੀਸਦੀ ਦੇ ਹਿਸਾਬ ਨਾਲ ਵਧੀ ਹੈ। ਇਸੇ ਤਰ੍ਹਾਂ ਗੋਆ ਵਿਚ 76.4 ਫ਼ੀਸਦੀ, ਤਾਮਿਲਨਾਡੂ ਵਿਚ 53 ਫ਼ੀਸਦੀ, ਕੇਰਲ ਵਿਚ 38 ਫ਼ੀਸਦੀ, ਆਂਧਰਾ ਪ੍ਰਦੇਸ਼ ਵਿਚ 29.8 ਫ਼ੀਸਦੀ, ਗੁਜਰਾਤ ਵਿਚ 27 ਫ਼ੀਸਦੀ, ਉੜੀਸਾ ਵਿਚ 25.7 ਫ਼ੀਸਦੀ ਤੇ ਪਾਂਡੇਚਰੀ ਵਿਚ 17.5 ਫ਼ੀਸਦੀ ਦੇ ਹਿਸਾਬ ਨਾਲ ਸਿੱਖਾਂ ਦੀ ਆਬਾਦੀ ਦਰ ਵਿਚ ਵਾਧਾ ਹੋਇਆ ਹੈ।

## ਸ਼ਿਵ ਸੈਨਾ 5 ਬੱਚਿਆਂ ਵਾਲੇ ਹਿੰਦੂਆਂ ਨੂੰ ਦੇਵੇਗੀ ਇਨਾਮ

**ਆਗਰਾ:** ਸ਼ਿਵ ਸੈਨਾ ਦੀ ਆਗਰਾ ਇਕਾਈ ਨੇ ਉਨ੍ਹਾਂ ਹਿੰਦੂ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦੇ ਪਰਿਵਾਰ ਵਿਚ ਪੰਜ ਬੱਚੇ ਹੋਣਗੇ। ਸ਼ਿਵ ਸੈਨਾ ਦੇ ਜ਼ਿਲ੍ਹਾ ਮੁਖੀ ਵੀਨੂ ਲਵਾਣੀਆ ਨੇ ਦੱਸਿਆ ਕਿ ਜਨਗਣਨਾ ਦੇ ਅੰਕੜਿਆਂ ਵਿਚ ਹਿੰਦੂਆਂ ਦੀ ਆਬਾਦੀ ਵਿਚ ਗਿਰਾਵਟ ਦਰਜ ਹੋਣ ਉਤੇ ਸ਼ਿਵ ਸੈਨਾ ਦੀ ਇਕਾਈ ਨੇ ਇਹ ਇਨਾਮ ਦੇਣ ਦੀ ਪ੍ਰਣਾਲੀ ਸ਼ੁਰੂ ਕੀਤੀ ਹੈ। ਉਨ੍ਹਾਂ ਦੱਸਿਆ ਕਿ 2010 ਤੋਂ 15 ਵਿਚਕਾਰ ਜਿਨ੍ਹਾਂ ਹਿੰਦੂ ਪਰਿਵਾਰਾਂ ਦੇ ਪੰਜ ਬੱਚੇ ਹਨ, ਇਨਾਮ ਉਨ੍ਹਾਂ ਨੂੰ ਹੀ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਸ਼ਿਵ ਸੈਨਾ ਨੇ ਮੁਸਲਮਾਨਾਂ ਦੀ ਵਧੀ ਜਨਸੰਖਿਆ ਬਾਰੇ ਚਿੰਤਾ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਆਮ ਨਾਗਰਿਕ ਜ਼ਾਬਤਾ ਲਾਗੂ ਕੀਤਾ ਜਾਵੇ ਤਾਂ ਕਿ ਕਈ ਪਤਨੀਆਂ ਵਾਲੀ ਵਿਵਸਥਾ ਬੰਦ ਹੋ ਸਕੇ।

## ਨਾਸਤਿਕਾਂ ਦੀ ਗਿਣਤੀ ਵਿਚ ਚੋਖਾ ਵਾਧਾ

**ਨਵੀਂ ਦਿੱਲੀ:** ਪਿਛਲੇ ਤਿੰਨ ਦਹਾਕਿਆਂ ਵਿਚ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲਿਆਂ ਦੇ ਪ੍ਰਤੀਸ਼ਤ ਵਿਚ ਵਾਧਾ ਕਾਫੀ ਜ਼ਿਆਦਾ ਹੋਇਆ ਹੈ। ਇਨ੍ਹਾਂ ਵਿਚ 1981 ਵਿਚ 67 ਫ਼ੀਸਦੀ, 1991 ਵਿਚ 590 ਫ਼ੀਸਦੀ, 2001 ਵਿਚ 75 ਫ਼ੀਸਦੀ ਤੇ ਹੁਣ ਦੇ ਤਾਜ਼ਾ ਅੰਕੜਿਆਂ ਵਿਚ 294 ਫ਼ੀਸਦੀ ਵਾਧਾ ਨਜ਼ਰ ਆਇਆ ਹੈ। ਭਾਵੇਂ ਕਿਸੇ ਧਰਮ ਨੂੰ ਨਾ ਮੰਨਣ ਵਾਲਿਆਂ ਦੀ ਗਿਣਤੀ ਅਜੇ ਸਿਰਫ 28 ਲੱਖ 67 ਹਜ਼ਾਰ 303 ਹੀ ਹੈ ਪਰ ਇਹ ਗਿਣਤੀ ਵਿਚ ਪ੍ਰਭਾਵ ਤਾਂ ਦੇ ਹੀ ਰਹੀ ਹੈ ਕਿ ਦੇਸ਼ ਦੇ ਲੋਕਾਂ ਦਾ ਧਰਮ ਤੋਂ ਵਿਸ਼ਵਾਸ ਘਟਣ ਲੱਗ ਪਿਆ ਹੈ।

# ਗੁਜਰਾਤ ਵਿਚ 22 ਸਾਲਾ ਮੁੰਡੇ ਨੇ ਤੋੜਿਆ ਨਰੇਂਦਰ ਮੋਦੀ ਦਾ ਭਰਮ



**ਅਹਿਮਦਾਬਾਦ:** ਪਟੇਲ ਭਾਈਚਾਰੇ ਲਈ ਰਾਖਵੇਂਕਰਨ ਦੀ ਮੰਗ ਕਰ ਰਹੇ ਇਕ 22 ਸਾਲਾ ਨੌਜਵਾਨ ਹਾਰਦਿਕ ਪਟੇਲ ਨੇ ਗੁਜਰਾਤ ਵਿਚ ਨਰੇਂਦਰ ਮੋਦੀ ਦੀ ਹਰਮਨਪਿਆਰਤਾ ਵਾਲੇ ਦਾਅਵੇ ਨੂੰ ਵੰਗਾਰਿਆ ਹੈ। ਇਸ ਨੌਜਵਾਨ ਵੱਲੋਂ ਰਾਖਵੇਂਕਰਨ ਦੇ ਮੁੱਦੇ 'ਤੇ ਦਿੱਤੇ ਸੱਦੇ ਵਿਚ ਪੰਜ ਲੱਖ ਤੋਂ ਵੱਧ ਲੋਕਾਂ ਦੀ ਭੀੜ ਜੁੜ ਗਈ ਜਿਸ ਨੇ ਮੋਦੀ ਦੇ ਵਿਕਾਸ ਮਾਡਲ ਦੀ ਵੀ ਪੋਲ ਖੋਲ੍ਹ ਦਿੱਤੀ। ਇਸ ਅੰਦੋਲਨ ਨੇ ਪੂਰੇ ਗੁਜਰਾਤ ਵਿਚ ਕੰਮ-ਕਾਜ ਠੱਪ ਕਰਵਾ ਦਿੱਤਾ ਤੇ 2002 ਦੇ ਦੰਗਿਆਂ ਤੋਂ ਬਾਅਦ ਪਹਿਲੀ ਵਾਰ ਗੁਜਰਾਤ ਸਰਕਾਰ ਲਈ ਅਤਿਅੰਤ ਗੰਭੀਰ ਸੰਕਟ ਖੜ੍ਹਾ ਕੀਤਾ ਹੈ। ਦੋ ਦਿਨਾਂ ਦੀ ਹਿੰਸਾ ਵਿਚ 10 ਮੌਤਾਂ ਹੋ ਗਈਆਂ। ਪਟੇਲਾਂ ਦੇ ਅੰਦੋਲਨ ਤੇ ਇਸ ਨਾਲ ਜੁੜੀ ਹਿੰਸਾ ਨੇ ਕੇਂਦਰ ਤੇ ਗੁਜਰਾਤ ਸਰਕਾਰਾਂ ਲਈ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਭਾਜਪਾ ਦੇ 121 ਵਿਧਾਇਕਾਂ ਵਿਚੋਂ ਇਕ ਤਿਹਾਈ ਪਟੇਲ ਹਨ ਤੇ ਵਿਰੋਧੀ ਧਿਰ ਵਿਚ ਵੀ ਉਨ੍ਹਾਂ ਦਾ ਅਨੁਪਾਤ ਏਨਾ ਕੁ ਹੈ। ਵਸੋਂ ਪੱਖੋਂ ਉਨ੍ਹਾਂ ਦੀ ਗਿਣਤੀ ਘੱਟ ਨਹੀਂ।

ਮਾਰਚ 2002 ਤੋਂ ਲੈ ਕੇ 24 ਅਗਸਤ 2015 ਤੱਕ ਨਰੇਂਦਰ ਮੋਦੀ ਤੋਂ ਬਗ਼ੈਰ ਕੋਈ ਵੀ ਨਹੀਂ ਜੋ ਗੁਜਰਾਤ ਦੇ ਕਿਸੇ ਵੀ ਹਿੱਸੇ ਵਿਚ ਪੰਜ ਲੱਖ ਲੋਕਾਂ ਦੀ ਭੀੜ ਜੁਟਾ ਸਕਿਆ। 25 ਅਗਸਤ ਨੂੰ ਅਹਿਮਦਾਬਾਦ ਦੇ ਐਨ ਵਿਚਕਾਰ ਠਾਠਾਂ ਮਾਰਦਾ ਇਕੱਠ ਹੋਇਆ। 2002 ਤੋਂ ਲੈ ਕੇ ਹੁਣ ਤੱਕ ਸਿਵਲ ਪ੍ਰਸ਼ਾਸਨ ਦੀ ਮੱਦਦ ਲਈ ਕਦੀ ਫ਼ੌਜ ਨਹੀਂ ਸੀ ਸੱਦੀ ਗਈ। 2014 ਤੋਂ ਪਹਿਲਾਂ ਤੇ ਮਗਰੋਂ, ਮੋਦੀ ਕ੍ਰਿਸ਼ਮੇ ਤੇ ਇਸ ਦੀ ਪ੍ਰਸੰਗਿਕਤਾ ਦੇ ਸੋਹਲੇ ਗਾਉਣ ਤੇ ਵਾਹ-ਵਾਹ ਕਰਨ ਵਾਲਿਆਂ ਦਾ ਕੋਈ ਤੋੜਾ ਨਹੀਂ। ਇਹ ਵਿਦਵਾਨ ਦਾਅਵਾ ਕਰ ਰਹੇ ਸਨ ਕਿ ਭਾਰਤ ਵਿਕਾਸ, ਲਿਆਕਤ/ਕਾਬਲੀਅਤ, ਤਰੱਕੀ, ਆਧੁਨਿਕਤਾ ਦਾ ਨਵਾਂ ਮੁਹਾਵਰਾ ਸਿਰਜ ਰਿਹਾ ਹੈ ਤੇ ਫਿਰ 25 ਅਗਸਤ ਨੂੰ ਐਨ ਬਦਲਵੀਂ ਹਕੀਕਤ ਸਾਹਵੇਂ ਆਣ ਖਲੋਤੀ ਹੈ। ਇਸ ਅੰਦੋਲਨ ਪਿੱਛੋਂ ਇਹ ਸਵਾਲ ਉਠਿਆ ਹੈ ਕਿ ਗੁਜਰਾਤ ਦਾ ਵਿਕਾਸ ਮਾਡਲ ਇੰਨਾ ਹੀ ਸਫ਼ਲ, ਇੰਨਾ ਹੀ ਕਾਇਆ ਕਲਪ ਕਰਨ ਵਾਲਾ ਤੇ ਇੰਨਾ ਹੀ ਕ੍ਰਾਂਤੀਕਾਰੀ ਸੀ, ਤਾਂ 22 ਵਰ੍ਹਿਆਂ ਦਾ ਕੋਈ ਮੁੰਡਾ ਜਾਤ-ਕੇਂਦਰਿਤ ਲਾਮਬੰਦੀ ਦੀ ਚੂਲ ਕਿਵੇਂ ਬਣ ਗਿਆ?

ਰਾਖਵੇਂਕਰਨ ਨੂੰ ਲੈ ਕੇ ਭੜਕੇ ਅੰਦੋਲਨ ਤੋਂ ਬਾਅਦ ਰਾਜ ਵਿਚ ਭਾਵੇਂ ਹਾਲਾਤ ਸੁਖਾਵੇਂ ਹੋ ਰਹੇ ਹਨ ਪਰ ਇੰਜ ਜਾਪਦਾ ਹੈ ਕਿ ਭਾਜਪਾ ਦੀਆਂ ਦਿੱਕਤਾਂ ਵਿਚ ਵਾਧਾ ਹੋਣ ਜਾ ਰਿਹਾ ਹੈ। ਗੁੱਜਰ ਤੇ ਜਾਟ ਭਾਈਚਾਰਿਆਂ ਦੇ ਲੋਕ ਵੀ ਓ.ਬੀ.ਸੀ. ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਸਰਗਰਮ ਹੋ ਸਕਦੇ ਹਨ। ਜੇਕਰ ਇੰਜ ਹੁੰਦਾ ਹੈ ਤਾਂ ਕੇਂਦਰ ਦੇ ਨਾਲ-ਨਾਲ ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ ਤੇ ਹਰਿਆਣਾ ਵਿਚ ਭਾਜਪਾ ਸਰਕਾਰਾਂ ਨੂੰ ਵਖਤ ਪੈ ਸਕਦਾ ਹੈ। ਆਰ.ਐਸ.ਐਸ. ਪ੍ਰਚਾਰਕ ਨੇ ਪੁਸ਼ਟੀ ਕੀਤੀ ਹੈ ਕਿ ਹਾਰਦਿਕ ਪਟੇਲ ਦੇ ਅੰਦੋਲਨ ਦੀ ਫੂਕ ਕੱਢਣ ਲਈ ਭਾਜਪਾ ਤੇ ਸੰਘ ਵਰਕਰ ਪਟੇਲਾਂ ਦੇ ਇਲਾਕਿਆਂ ਵਿਚ ਸਰਗਰਮ ਹੋ ਗਏ ਹਨ। ਬਿਹਾਰ ਚੋਣਾਂ ਤੋਂ ਪਹਿਲਾਂ ਜਨਤਾ ਦਲ (ਯੂ) ਆਗੂ ਨਿਤੀਸ਼ ਕੁਮਾਰ ਨੇ ਵੀ ਪਟੇਲ ਦੇ ਅੰਦੋਲਨ ਨੂੰ ਹਮਾਇਤ ਦੇ ਦਿੱਤੀ।

## ਤਸ਼ੱਦਦ ਨੇ ਜਲ੍ਹਿਆਂਵਾਲਾ ਬਾਗ਼ ਦੀ ਯਾਦ ਦਿਵਾਈ: ਹਾਰਦਿਕ

**ਅਹਿਮਦਾਬਾਦ:** ਅੰਦੋਲਨ ਦੌਰਾਨ ਪੁਲਿਸ ਵੱਲੋਂ ਕੀਤੀ ਸਖਤੀ ਬਾਰੇ ਹਾਰਦਿਕ ਪਟੇਲ ਨੇ ਕਿਹਾ ਹੈ ਕਿ ਇਸ ਤਸ਼ੱਦਦ ਨੇ ਜਲਿਆਂ ਵਾਲਾ ਬਾਗ਼ ਸਾਕੇ ਦੀ ਯਾਦ ਕਰਾ ਦਿੱਤੀ ਹੈ ਤੇ ਪੁਲਿਸ ਨੇ ਜਨਰਲ ਡਾਇਰ ਵਾਂਗ ਕਾਰਵਾਈ ਕੀਤੀ। ਗੁਜਰਾਤ ਵਿਚ ਹਾਰਦਿਕ ਨੇ ਮ੍ਰਿਤਕਾਂ ਲਈ 35-35 ਲੱਖ ਦਾ ਮੁਆਵਜ਼ਾ ਮੰਗਿਆ ਹੈ। ਉਸ ਨੇ ਭਾਈਚਾਰੇ ਦੇ ਕਿਸਾਨਾਂ ਨੂੰ ਕਿਹਾ ਹੈ ਕਿ ਉਹ ਮੰਗ ਪੂਰੀ ਨਾ ਹੋਣ ਤਕ ਦੁੱਧ, ਸਬਜ਼ੀਆਂ ਤੇ ਹੋਰ ਲੋੜੀਂਦੀਆਂ ਵਸਤਾਂ ਸ਼ਹਿਰਾਂ ਵਿਚ ਸਪਲਾਈ ਨਾ ਕਰਨ।।

## ਕਿਥੇ ਗਿਆ ਨਰੇਂਦਰ ਮੋਦੀ ਦਾ ਗੁਜਰਾਤ ਮਾਡਲ?

**ਅਹਿਮਦਾਬਾਦ:** ਰਾਖਵੇਂਕਰਨ ਲਈ ਅੰਦੋਲਨ ਕਰ ਰਹੇ ਹਾਰਦਿਕ ਪਟੇਲ ਨੇ ਨਰੇਂਦਰ ਮੋਦੀ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਹਨ। ਉਸ ਨੇ ਕਿਹਾ ਕਿ ਗੁਜਰਾਤ ਵਿਚ ਹੁਣ ਤੱਕ 8.900 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ ਤੇ ਇਹ ਸਾਰੇ ਹੀ ਪਟੇਲ ਸਨ। 182 ਜਾਤੀਆਂ ਨੂੰ ਰਾਖਵਾਂਕਰਨ ਮਿਲਿਆ ਹੋਇਆ ਹੈ ਪਰ ਇਸ ਵਿਚ ਗੁਜਰਾਤ ਦੀਆਂ ਸਿਰਫ 4-5 ਜਾਤੀਆਂ ਹਨ। ਬੇਰੁਜ਼ਗਾਰ ਨੌਜਵਾਨ ਨੌਕਰੀਆਂ ਨੂੰ ਤਰਸ ਰਹੇ ਹਨ। ਐਮ.ਬੀ.ਏ. ਕਰਨ ਪਿੱਛੋਂ ਵੀ ਉਸ ਨੂੰ ਸੇਲਜ਼ਮੈਨ ਦੀ ਨੌਕਰੀ ਕਰਨੀ ਪਈ। ਪਿਛਲੇ ਦਸ ਸਾਲਾਂ ਵਿਚ ਪਟੇਲ ਭਾਈਚਾਰੇ ਦੇ 465 ਲੋਕਾਂ ਨੂੰ ਪਹਿਲੀਆਂ ਤਿੰਨ ਸ਼੍ਰੇਣੀਆਂ ਵਿਚ ਨੌਕਰੀ ਮਿਲੀ ਹੈ।

# ਫਾਸ਼ੀਵਾਦ ਦੀ ਮਾਰ ਹੇਠ ਹੈ ਕਲਮ ਤੇ ਕਲਾ: ਅਰੁੰਧਤੀ ਰਾਏ



**ਜਲੰਧਰ:** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪਾਸ਼ ਯਾਦਗਾਰੀ ਟਰਸਟ ਵੱਲੋਂ ਇਨਕਲਾਬੀ ਕਵੀ ਪਾਸ਼ ਦੇ ਜਨਮ ਦਿਨ 'ਤੇ ਸਮਾਗਮ ਕਰਵਾਇਆ ਗਿਆ ਜਿਸ ਵਿਚ ਸੰਸਾਰ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਮੁੱਖ ਵਕਤਾ ਵਜੋਂ ਅਤੇ ਉਨ੍ਹਾਂ ਦੇ ਨਾਲ ਮਸ਼ਹੂਰ ਫਿਲਮਸਾਜ਼ ਸੰਜੇ ਕਾਕ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਸਮਾਗਮ ਨੂੰ ਸੰਬੋਧਨ ਕਰਦਿਆਂ ਅਰੁੰਧਤੀ ਰਾਏ ਨੇ ਡੂੰਘੇ ਮਜ਼ਮੂਨਾਂ ਬਾਰੇ ਆਪਣੇ ਸਹਿਜ ਨਿਵੇਕਲੇ ਅੰਦਾਜ਼ ਵਿਚ ਵਿਚਾਰ ਪੇਸ਼ ਕੀਤੇ। ਉਨ੍ਹਾਂ ਜ਼ੋਰ ਦਿੱਤਾ ਕਿ ਅੱਜ ਫਾਸ਼ੀਵਾਦ ਦੇ ਦੌਰ ਵਿਚ ਕਲਮ ਅਤੇ ਕਲਾ, ਸਮਾਜ ਦੀ ਤਰੱਕੀ ਦਾ ਰਾਹ ਰੋਕਣ ਵਾਲੀਆਂ ਤਾਕਤਾਂ ਤਿੱਖੇ ਹਮਲਿਆਂ ਦੀ ਮਾਰ ਹੇਠ ਹੈ। ਹੁਣ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਕਿਵੇਂ ਸਮਾਜ ਨੂੰ ਫਿਲਮਾਂ, ਟੀ.ਵੀ. ਆਦਿ ਮਾਧਿਅਮਾਂ ਜ਼ਰੀਏ ਫੈਲਾਈ ਜਾ ਰਹੀ ਸੂਚਨਾ ਦੇ ਨਾਂ ਹੇਠ ਗਿਆਨ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਪਹਿਲਾਂ ਫਿਲਮਾਂ ਵਿਚ ਗ਼ਰੀਬ ਨਾਇਕ ਹੁੰਦਾ ਸੀ, ਹੁਣ ਉਹ ਗਾਇਬ ਹੈ। ਫਿਲਮਾਂ ਵਿਚ ਮੁਸਲਮਾਨਾਂ ਨੂੰ ਅਤਿਵਾਦੀ ਅਤੇ ਕਸਾਈ ਦਿਖਾਇਆ ਜਾਂਦਾ ਹੈ। ਹੁਕਮਰਾਨ ਜਮਾਤ ਦੇ ਢੰਗਾਂ ਬਾਰੇ ਖੁਲਾਸਾ ਕਰਦਿਆਂ ਉਨ੍ਹਾਂ ਕਿਹਾ ਕਿ ਹਮਲੇ ਕਰਨ ਤੋਂ ਪਹਿਲਾਂ ਮਾਹੌਲ ਤਿਆਰ ਕੀਤਾ ਜਾਂਦਾ ਹੈ ਜਿਵੇਂ ਬਾਬਰੀ ਮਸਜਿਦ ਢਾਹੇ ਜਾਣ ਤੋਂ ਪਹਿਲਾਂ ਪੰਜ-ਛੇ ਸਾਲ ਰਮਾਇਣ/ਮਹਾਂਭਾਰਤ ਦਿਖਾ ਕੇ ਮਾਹੌਲ ਸਿਰਜਿਆ ਗਿਆ।

ਵਿਸ਼ਵੀਕਰਨ ਨੂੰ ਬੇਪਰਦ ਕਰਦਿਆਂ ਉਨ੍ਹਾਂ ਕਿਹਾ ਕਿ ਕੁਲ ਆਲਮ ਦੇ ਲੋਕਾਂ ਨੂੰ ਲੁੱਟਣ ਲਈ ਮਜ਼ਬੂਤ ਕੰਟਰੋਲ ਤਹਿਤ ਅਧਿਕ ਸੰਗਲਾਂ ਵਿਚ ਜਕੜਿਆ ਹੋਇਆ ਹੈ ਜਦੋਂਕਿ ਸਰਮਾਏ ਲਈ ਕੋਈ ਸਰਹੱਦਾਂ ਅਤੇ ਰੋਕਾਂ ਨਹੀਂ। ਕਾਰਪੋਰੇਟ ਸਰਮਾਏਦਾਰੀ ਕੁਲ ਆਲਮ ਦੇ ਕੁਦਰਤੀ ਖਜ਼ਾਨੇ ਅਤੇ ਕਿਰਤ ਸ਼ਕਤੀ ਲੁੱਟਣ ਲਈ ਆਜ਼ਾਦ ਹੈ। ਪੰਜਾਬ ਦਾ ਕਿਸਾਨ ਨਹੀਂ ਜਾਣਦਾ ਕਿ ਉਸ ਦਾ, ਨਿਊਯਾਰਕ ਦੇ ਸਟਾਕ ਐਕਸਚੇਂਜ, ਸਰਮਾਏਦਾਰਾਂ ਤੇ ਸਿਆਸਤਦਾਨਾਂ ਦਾ ਕਿਵੇਂ ਸੰਬੰਧ ਹੈ। ਜਮਹੂਰੀਅਤ 'ਤੇ ਵਿਅੰਗ ਕਰਦਿਆਂ ਉਨ੍ਹਾਂ ਕਿਹਾ ਕਿ ਸਰਮਾਏਦਾਰੀ ਨੇ ਜਮਹੂਰੀਅਤ ਵਰਗੇ ਅਗਾਂਹਵਧੂ ਸੰਕਲਪਾਂ ਨੂੰ ਉਨ੍ਹਾਂ ਦੇ ਅਸਲ ਅਰਥਾਂ ਤੋਂ ਵਾਂਝੇ ਕਰ ਕੇ ਖੋਖਲੇ ਲਫ਼ਜ਼ ਬਣਾ ਦਿੱਤਾ ਹੈ। ਅਸੀਂ ਮਹਿਜ਼ ਚੋਣਾਂ ਕਰਵਾਉਣ ਨੂੰ ਹੀ ਜਮਹੂਰੀਅਤ ਸਮਝ ਬੈਠੇ ਹਾਂ। ਇਨ੍ਹਾਂ ਖੋਖਲੇ ਸੰਕਲਪਾਂ ਦੀ ਓਟ ਲੈ ਕੇ ਜਾਤਪਾਤ, ਫਿਰਕਾਪ੍ਰਸਤੀ ਮਜ਼ਬੂਤ ਹੋਈ ਹੈ ਜੋ ਜਮਹੂਰੀਅਤ ਦੀ ਮੂਲ ਭਾਵਨਾ ਦੇ ਉਲਟ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਜਦੋਂ ਨਿਗੂਣੇ ਵਸੀਲੇ ਵੀ ਖੋਹੇ ਜਾ ਰਹੇ ਹਨ ਤਾਂ ਉਨ੍ਹਾਂ ਕੋਲ ਲੜਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੈ। ਗੁਜਰਾਤ ਦੇ ਪਟੇਲ ਅੰਦੋਲਨ ਬਾਰੇ ਉਨ੍ਹਾਂ ਕਿਹਾ ਕਿ ਮੋਦੀ ਦਾ ਵਿਕਾਸ ਮਾਡਲ ਇਸ ਕਦਰ ਲੋਕ ਵਿਰੋਧੀ ਹੈ ਕਿ ਇਸ ਨਾਲ ਪ੍ਰਭਾਵਿਤ ਹੋਏ ਸਰਦੇ-ਪੁੱਜਦੇ ਤੇ ਮੱਧਵਰਗੀ ਹਿੱਸਿਆਂ ਨੇ ਵੀ ਆਪਣੇ ਲਈ ਜਾਤ ਆਧਾਰਿਤ ਰਾਖਵਾਂਕਰਨ ਮੰਗਣਾ ਸ਼ੁਰੂ ਕਰ ਦਿੱਤਾ ਹੈ ਜੋ ਪਹਿਲਾਂ ਰਾਖਵੇਂਕਰਨ ਦਾ ਵਿਰੋਧ ਕਰਦੇ ਰਹੇ ਹਨ।

ਅਗਲੇ ਸੈਸ਼ਨ ਵਿਚ ਸਰੋਤਿਆਂ ਵਲੋਂ ਜਾਤ-ਪਾਤ, ਰਾਖਵਾਂਕਰਨ, ਵਿਆਹ ਬੰਧਨ, ਵਿਸ਼ਵ ਪੂੰਜੀ, ਆਦਿਵਾਸੀ ਘੋਲ, ਜਾਤ ਅਤੇ ਜਮਾਤ ਆਦਿ ਪਹਿਲੂਆਂ ਬਾਰੇ ਸਵਾਲ ਉਠਾਏ ਗਏ ਜਿਨ੍ਹਾਂ ਦੇ ਜਵਾਬ ਅਰੁੰਧਤੀ ਰਾਏ ਵਲੋਂ ਵਿਸਤਾਰ 'ਚ ਦਿੱਤੇ ਗਏ। ਪ੍ਰੋ. ਅਜਮੇਰ ਸਿੰਘ ਔਲਖ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਟਰਸਟੀ ਗੁਰਮੀਤ ਅਤੇ ਹੋਰਨਾਂ ਵਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵਲੋਂ ਅਰੁੰਧਤੀ ਰਾਏ ਦੇ ਲੇਖਾਂ ਅਤੇ ਇੰਟਰਵਿਊਜ਼ ਦੀ ਬੂਟਾ ਸਿੰਘ ਵਲੋਂ ਸੰਪਾਦਤ ਤੇ ਅਨੁਵਾਦਤ ਨਵੀਂ ਕਿਤਾਬ 'ਜਮਹੂਰੀਅਤ ਕਟਹਿਰੇ ਵਿਚ' ਬੁੱਕ ਸਟਾਲਾਂ ਉਪਰ ਪਾਠਕਾਂ ਨੂੰ ਮੁਹੱਈਆ ਕਰਵਾਈ ਗਈ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ।

## ਸੈਲਾਨੀਆਂ ਨੂੰ ਖਿੱਚ ਰਹੀ ਹੈ ਪੰਜਾਬ ਸਰਕਾਰ

**ਪਟਿਆਲਾ (ਬਿਊਰੋ):** ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਸੈਰ ਸਪਾਟਾ ਨੂੰ ਵਿਕਸਤ ਕਰਨ ਲਈ ਪੰਜਾਬ ਸਰਕਾਰ ਨੇ ਵਿਸ਼ੇਸ਼ ਪ੍ਰੋਗਰਾਮ ਬਣਾਇਆ ਹੈ।

ਇਹ ਪ੍ਰੋਗਰਾਮ 'ਯੂਨਾਈਟਿਡ ਨੇਸ਼ਨ ਵਰਲਡ ਟੂਰਿਜ਼ਮ ਆਰਗੇਨਾਈਜ਼ੇਸ਼ਨ' (ਯੂ.ਐਨ. ਡਬਲਿਊ.ਟੀ.ਓ.) ਅਧੀਨ ਬਣਾਇਆ ਗਿਆ ਹੈ, ਇਸ ਦੇ ਅਧੀਨ ਪੰਜਾਬ ਟੂਰਿਜ਼ਮ ਨੇ ਇਕ ਹੋਰ ਪ੍ਰੋਗਰਾਮ 'ਇਨਫਰਾਸਟਰੱਕਚਰ ਡਿਵੈਲਪਮੈਂਟ ਇਨਵੈਸਟਮੈਂਟ ਪ੍ਰੋਗਰਾਮ ਫ਼ਾਰ ਟੂਰਿਜ਼ਮ' (ਆਈ.ਡੀ.ਆਈ.ਪੀ.ਟੀ.) ਬਣਾ ਕੇ ਇਸ ਨੂੰ ਅਮਲੀ ਰੂਪ ਦਿੱਤਾ ਜਾ ਰਿਹਾ ਹੈ।

ਸਰਕਾਰ ਨੇ ਪ੍ਰੋਗਰਾਮ ਤਹਿਤ ਵੱਡਾ ਲੋਨ ਲਿਆ ਹੈ। ਤੁਰੰਤ 200 ਕਰੋੜ ਰੁਪਏ ਦਾ ਲੋਨ ਖ਼ਰਚਿਆ ਜਾਣਾ ਹੈ। 2020 ਤੱਕ ਇਹ ਲੋਨ 500 ਕਰੋੜ ਤੱਕ ਦਾ ਹੋਵੇਗਾ। ਇਸ ਪ੍ਰੋਗਰਾਮ ਤਹਿਤ ਪੁਰਾਤਨ ਇਮਾਰਤਾਂ ਨੂੰ ਸੰਭਾਲਿਆ ਜਾਵੇਗਾ, ਉਨ੍ਹਾਂ ਦੀ ਮੁਰੰਮਤ ਕੀਤੀ ਜਾਵੇਗੀ, ਨਾਲ ਹੀ ਉਨ੍ਹਾਂ ਵਿਚ ਟੋਆਇਲਟ ਬਣਾਏ ਜਾਣਗੇ।

# ਜੀ.ਐਸ.ਟੀ. ਨਾਲ ਹੋਵੇਗਾ ਪੰਜਾਬ ਨੂੰ ਫਾਇਦਾ ਹੀ ਫਾਇਦਾ




**ਜਲੰਧਰ:** ਸੰਸਦ ਵਿਚ ਚਾਹੇ ਜੀ.ਐਸ.ਟੀ. (ਸਾਮਾਨ 'ਤੇ ਸੇਵਾ ਕਰ) ਲਾਗੂ ਕਰਨ ਲਈ ਪੇਸ਼ ਬਿੱਲ ਦਾ ਵਿਰੋਧ ਹੋਇਆ ਹੈ ਪਰ ਜੇਕਰ ਜੀ.ਐਸ.ਟੀ. ਅਗਲੇ ਸਾਲ ਤੋਂ ਦੇਸ਼ ਭਰ ਵਿਚ ਲਾਗੂ ਹੋ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਸਰਕਾਰ ਦੀ ਆਮਦਨ 2500 ਤੋਂ ਲੈ ਕੇ 3000 ਕਰੋੜ ਰੁਪਏ ਤੱਕ ਵਧ ਜਾਏਗੀ।

ਕੇਂਦਰ ਸਰਕਾਰ ਵੈਟ-2005 ਨੂੰ ਖ਼ਤਮ ਕਰਕੇ ਜੀ.ਐਸ.ਟੀ. ਲਾਗੂ ਕਰ ਰਹੀ ਹੈ, ਜਿਸ ਨਾਲ ਦੇਸ਼ ਭਰ ਵਿਚ ਵਿਚ ਜਾਣ ਵਾਲੇ ਸਾਮਾਨ ਉਤੇ ਲੱਗਣ ਵਾਲੇ ਕਰ ਦੀ ਦਰ ਬਰਾਬਰ ਹੋ ਜਾਵੇਗੀ। ਸਨਅਤੀ ਇਕਾਈਆਂ ਤੋਂ ਜਦੋਂ ਸਾਮਾਨ ਬਾਹਰ ਜਾਏਗਾ ਤਾਂ ਪਹਿਲੇ ਗੇਟ ਵਿਚ ਹੀ ਉਸ ਉੱਪਰ ਜੀ.ਐਸ.ਟੀ. ਲਾਗੂ ਹੋ ਜਾਏਗਾ। ਸਾਮਾਨ ਉਤੇ ਵੈਟ ਦੀ ਦਰ ਇਸ ਵੇਲੇ ਇਕ ਨਾ ਹੋਣ ਕਰਕੇ ਪੰਜਾਬ ਵਿਚ ਕਾਰੋਬਾਰੀਆਂ ਦਾ ਨੁਕਸਾਨ ਹੋ ਰਿਹਾ ਹੈ ਤੇ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਵੀ ਚੋਰ ਮੋਰੀਆਂ ਰਾਹੀਂ ਚੂਨਾ ਲਗਾਇਆ ਜਾ ਰਿਹਾ ਹੈ।

ਪੰਜਾਬ ਵਿਚ ਸਾਮਾਨ 'ਤੇ ਵੈਟ ਦੀ ਦਰ ਜ਼ਿਆਦਾ ਤੋਂ ਜ਼ਿਆਦਾ 12 ਤੋਂ 14 ਫ਼ੀਸਦੀ ਹੈ, ਜਦ ਕਿ ਤੇਲ ਦੀਆਂ ਦਰਾਂ ਇਸ ਤੋਂ ਅਲੱਗ ਹਨ। ਕਾਰੋਬਾਰੀ ਸੂਤਰਾਂ ਦੀ ਮੰਨੀਏ ਤਾਂ ਵੈਟ ਚੋਰੀ ਕਰਨ ਵਾਲੇ ਲੋਕ ਚੋਰ ਮੋਰੀਆਂ ਦਾ ਲੰਬੇ ਸਮੇਂ ਤੋਂ ਫਾਇਦਾ ਉਠਾ ਰਹੇ ਹਨ।

ਪੰਜਾਬ ਵਿਚ 12 ਜਾਂ 14 ਫ਼ੀਸਦੀ ਦਰ 'ਤੇ ਸਾਮਾਨ ਦੀ ਵਿਕਰੀ ਕਰਨ ਵਾਲਾ ਤਾਂ ਪੂਰਾ ਵੈਟ ਦੇ ਕੇ ਸਾਮਾਨ ਵੇਚਦਾ ਹੈ ਪਰ ਉਨ੍ਹਾਂ ਦੇ ਸਾਮਾਨ ਦੀ ਵਿਕਰੀ ਇਸ ਕਰਕੇ ਜ਼ਿਆਦਾ ਨਹੀਂ ਹੁੰਦੀ, ਕਿਉਂਕਿ ਕੁਝ ਗੁਆਂਢੀ ਰਾਜਾਂ ਤੋਂ ਕਾਫ਼ੀ ਘੱਟ ਦਰ 'ਤੇ ਸਾਮਾਨ ਧੜਾਧੜ ਪੰਜਾਬ ਵਿਚ ਭੇਜਿਆ ਜਾ ਰਿਹਾ ਹੈ ਤੇ ਬਿਨਾਂ ਬਿੱਲ ਦੇ ਵੀ ਸਾਮਾਨ ਆ ਰਿਹਾ ਹੈ। ਬਿਨਾਂ ਬਿੱਲ ਜਾਂ ਘੱਟ ਦਰ 'ਤੇ ਵਿਕਣ ਲਈ ਆਇਆ ਸਾਮਾਨ ਸਸਤਾ ਵੇਚ ਦਿੱਤਾ ਜਾਂਦਾ ਹੈ, ਜਦ ਕਿ ਪੰਜਾਬ ਵਿਚ ਸਹੀ ਕਾਰੋਬਾਰ ਕਰਨ ਵਾਲੇ ਕਾਰੋਬਾਰੀ ਸਸਤਾ ਸਾਮਾਨ ਨਹੀਂ ਵੇਚ ਸਕਦੇ ਹਨ, ਕਿਉਂਕਿ ਉਨ੍ਹਾਂ ਨੇ ਪੂਰਾ ਟੈਕਸ ਦਿੱਤਾ ਹੁੰਦਾ ਹੈ। ਜੀ.ਐਸ.ਟੀ. ਲਾਗੂ ਹੋਣ ਨਾਲ ਜਾਅਲੀ ਬਿਲਿੰਗ ਦਾ ਕਾਰੋਬਾਰ ਬਿਲਕੁਲ ਬੰਦ ਹੋ ਜਾਏਗਾ।

# ਭੂਮੀ ਗ੍ਰਹਿਣ: ਮੋਦੀ ਸਰਕਾਰ ਨੇ ਮੈਦਾਨ ਛੱਡਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਸਾਨਾਂ ਤੇ ਸਿਆਸੀ ਪਾਰਟੀਆਂ ਦੇ ਵਿਰੋਧ ਨੂੰ ਦੇਖਦਿਆਂ ਭੂਮੀ ਗ੍ਰਹਿਣ ਸੋਧ ਬਿੱਲ ਉਤੇ ਚੌਥੀ ਵਾਰ ਆਰਡੀਨੈਂਸ ਨਾ ਲਿਆਉਣ ਦਾ ਐਲਾਨ ਕੀਤਾ ਹੈ। ਹੁਣ ਭੂਮੀ ਗ੍ਰਹਿਣ ਲਈ 2013 ਵਿਚ ਆਇਆ ਬਿੱਲ ਹੀ ਲਾਗੂ ਹੋਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿਚ ਇਸ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਸੁਝਾਅ ਲਵੇਗੀ।

ਵਿਰੋਧੀ ਧਿਰਾਂ ਨੂੰ ਇਸ ਮੁੱਦੇ ਉਤੇ ਘੇਰਦੇ ਹੋਏ ਉਨ੍ਹਾਂ ਕਿਹਾ ਕਿ ਕਿਸਾਨਾਂ ਅੰਦਰ ਕਈ ਗ਼ਲਤ ਜਾਣਕਾਰੀਆਂ ਫੈਲਾਈਆਂ ਗਈਆਂ ਜਿਨ੍ਹਾਂ ਕਰਕੇ ਉਨ੍ਹਾਂ ਵਿਚ ਭਰਮ ਫੈਲਿਆ। ਸੂਤਰਾਂ ਨੇ ਕਿਹਾ ਕਿ ਆਰਡੀਨੈਂਸ ਮੁੜ ਨਾ ਲਿਆਉਣ ਦਾ ਫ਼ੈਸਲਾ ਨੀਤੀ ਆਯੋਗ ਵੱਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਤੋਂ ਬਾਅਦ ਲਿਆ ਗਿਆ ਹੈ। ਨੀਤੀ ਆਯੋਗ ਨੇ ਕਿਹਾ ਹੈ ਕਿ ਭੂਮੀ ਗ੍ਰਹਿਣ ਦਾ ਮੁੱਦਾ ਰਾਜਾਂ ਉਤੇ ਛੱਡ ਦਿੱਤਾ ਜਾਣਾ ਚਾਹੀਦਾ ਹੈ।

ਮੋਦੀ ਸਰਕਾਰ 2013 ਦੇ ਭੂਮੀ ਗ੍ਰਹਿਣ ਬਿੱਲ ਦੀ ਥਾਂ ਉਤੇ ਪਹਿਲੀ ਵਾਰ ਪਿਛਲੇ ਸਾਲ ਦਸੰਬਰ ਵਿਚ ਆਰਡੀਨੈਂਸ ਲੈ ਕੇ ਆਈ ਸੀ। ਸੰਸਦ ਵਿਚ ਇਸ ਨੂੰ ਪਾਸ ਕਰਾਉਣ ਵਿਚ ਨਾਕਾਮ ਰਹਿਣ ਉਤੇ ਸਰਕਾਰ ਨੂੰ ਤਿੰਨ ਵਾਰ ਆਰਡੀਨੈਂਸ ਦਾ ਸਹਾਰਾ ਲੈਣਾ ਪਿਆ।

2013 ਦੇ ਬਿੱਲ ਦੀ ਥਾਂ ਲਿਆਂਦਾ ਗਿਆ ਭੂਮੀ ਗ੍ਰਹਿਣ ਸੋਧ ਬਿੱਲ ਲੋਕ ਸਭਾ ਵਿਚ ਪਾਸ ਹੋ ਗਿਆ ਸੀ ਪਰ ਰਾਜ ਸਭਾ ਵਿਚ ਇਸ ਉਤੇ ਸਹਿਮਤੀ ਨਹੀਂ ਬਣ ਸਕੀ ਸੀ ਤੇ ਇਸ ਉਤੇ ਵਿਚਾਰ ਕਰਨ ਲਈ ਸਾਂਝੀ ਸੰਸਦੀ ਕਮੇਟੀ ਬਣਾ ਦਿੱਤੀ ਗਈ ਸੀ। ਐਸੋਚੈਮ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਭੂਮੀ ਗ੍ਰਹਿਣ ਬਿੱਲ ਬਾਰੇ ਆਰਡੀਨੈਂਸ ਨਾ ਲਿਆਉਣ ਕਾਰਨ ਸੁਧਾਰਾਂ ਦੀ ਚੱਲ ਰਹੀ ਲਹਿਰ ਉਤੇ ਅਸਰ ਪਏਗਾ।



## ਵਿਰੋਧੀ ਧਿਰ ਦੀ ਹੋਈ ਜਿੱਤ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਭੂਮੀ ਗ੍ਰਹਿਣ ਮੁੱਦੇ ਉਤੇ ਕੇਂਦਰ ਦੇ ਰੁਖ ਨੂੰ ਵਿਰੋਧੀ ਧਿਰ ਦੀ ਜਿੱਤ ਕਰਾਰ ਦਿੱਤਾ ਹੈ। ਕਾਂਗਰਸ ਤਰਜਮਾਨ ਅਭਿਸ਼ੇਕ ਮਨੂਸਿੰਘਵੀ ਨੇ ਕਿਹਾ ਕਿ ਮੋਦੀ ਸਰਕਾਰ ਦੇ ਅੜੀਅਲ ਰਵੱਈਏ ਕਾਰਨ ਅੱਠ ਮਹੀਨੇ ਸਿਆਸਤ ਵਿਚ ਗੁਜ਼ਾਰ ਦਿੱਤੇ ਗਏ। ਅਖੀਰ ਸਚਾਈ ਸਭ ਦੇ ਸਾਹਮਣੇ ਆ ਹੀ ਗਈ। ਪ੍ਰਧਾਨ ਮੰਤਰੀ ਦੇ ਐਲਾਨ ਨਾਲ ਸਪਸ਼ਟ ਹੋ ਗਿਆ ਹੈ ਕਿ ਸਰਕਾਰ ਕੋਲ ਇਸ ਮੁੱਦੇ ਉਤੇ ਕੋਈ ਹੋਰ ਰਾਹ ਨਹੀਂ ਬਚਿਆ ਸੀ। ਸਾਬਕਾ ਕੇਂਦਰੀ ਮੰਤਰੀ ਜੈਰਾਮ ਰਮੇਸ਼ ਨੇ ਕਿਹਾ ਕਿ ਸੱਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਫਿਲਮਸਾਜ਼-ਪੱਤਰਕਾਰ ਦਲਜੀਤ ਅਮੀ ਨਾਲ ਗੱਲਾਂ

**ਬਰੈਂਪਟਨ (ਕੈਨੇਡਾ):** ਪੱਤਰਕਾਰ ਤੇ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਨਾਲ ਸਬੰਧਤ ਤਿੰਨ ਪ੍ਰੋਗਰਾਮਾਂ ਵਿਚ ਜਾਣ ਦਾ ਮੌਕਾ ਮਿਲਿਆ। ਇੱਕ ਸੀ ਉਨ੍ਹਾਂ ਨਾਲ 'ਕਲਮਾਂ ਦਾ ਕਾਫ਼ਲਾ' ਵਲੋਂ ਰੂ-ਬ-ਰੂ, ਦੂਜਾ ਸੀ ਸਿੱਖ ਇੰਟਰਨੈਸ਼ਨਲ ਫੈਸਟੀਵਲ ਵਿਚ ਉਨ੍ਹਾਂ ਦੀ ਦਸਤਾਵੇਜ਼ੀ ਫਿਲਮ 'ਸੇਵਾ' ਅਤੇ ਤੀਜਾ ਸੀ ਪੀਪਲਜ਼ ਵੌਇਸ ਫੋਰਮ ਵਲੋਂ ਵਿਖਾਈ ਉਨ੍ਹਾਂ ਦੀ ਦਸਤਾਵੇਜ਼ੀ ਫਿਲਮ 'ਨੌਟ ਐਵਰੀ ਟਾਈਮ' (ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ)। ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਦਲਜੀਤ ਅਮੀ ਵਲੋਂ ਦਰਸ਼ਕਾਂ ਦੇ ਸੁਆਲਾਂ ਦੇ ਜੁਆਬ ਵੀ ਦਿੱਤੇ ਗਏ।

'ਕਲਮਾਂ ਦੇ ਕਾਫ਼ਲਾ' ਦੀ ਮੀਟਿੰਗ ਦੌਰਾਨ ਦਲਜੀਤ ਅਮੀ ਨੇ ਪੱਤਰਕਾਰੀ ਬਾਰੇ ਵਿਸਥਾਰ ਸਹਿਤ ਗੱਲਾਂ ਕੀਤੀਆਂ। ਉਨ੍ਹਾਂ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਵਿਚ ਬਤੌਰ ਸਹਾਇਕ ਸੰਪਾਦਕ ਲਾਏ ਆਪਣੇ ਤਿੰਨ ਸਾਲਾਂ ਦੇ ਤਜਰਬੇ ਸਰੋਤਿਆਂ ਨਾਲ ਸਾਂਝੇ ਕੀਤੇ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬੀ ਪੱਤਰਕਾਰੀ, ਪੇਸ਼ੇਵਰ ਲੀਹ ਉਤੇ ਢੰਗ ਨਾਲ ਚੜ੍ਹ ਹੀ ਨਹੀਂ ਸਕੀ। ਜਿਸ ਪੱਤਰਕਾਰ ਨੇ ਆਪਣੇ ਗਿਆਨ ਨੂੰ ਆਧਾਰ ਬਣਾ ਕੇ ਅਗਾਂਹ ਜਾਣਕਾਰੀ ਇਕੱਠੀ ਕਰ ਕੇ ਪਾਠਕਾਂ ਤੱਕ ਲੈ ਕੇ ਜਾਣੀ ਹੁੰਦੀ ਹੈ, ਉਸ ਨੂੰ ਮਿਹਨਤਾਨਾ ਅਤੇ ਸਹੂਲਤਾਂ ਦੇਣ ਪੱਖੋਂ ਕੋਈ ਖਿਆਲ ਹੀ ਨਹੀਂ ਕੀਤਾ ਜਾ ਰਿਹਾ। ਖਬਰਾਂ, ਲੇਖ ਜਾਂ ਹੋਰ ਜਾਣਕਾਰੀ ਭੇਜਣ ਵਾਲਿਆਂ ਨੂੰ ਕੋਈ ਬੱਝਵੀਂ ਤਨਖਾਹ ਵਗੈਰਾ ਨਾ ਹੋਣ ਕਾਰਨ, ਇਹ ਖੇਤਰ ਜੋ ਬਹੁਤ ਮਹੱਤਵਪੂਰਨ ਹੈ, ਅਣਗੌਲਿਆ ਹੀ ਰਹਿ ਗਿਆ ਹੈ।



*ਫਿਲਮਸਾਜ਼ ਦਲਜੀਤ ਅਮੀ ਬਰੈਂਪਟਨ (ਕੈਨੇਡਾ) ਵਿਚ ਕਹਾਣੀਕਾਰ ਵਰਿਆਮ ਸੰਧੂ (ਐਨ ਖੱਬੇ) ਅਤੇ ਕੁਝ ਹੋਰ ਲੋਕਾਂ ਨਾਲ।*

ਦਸਤਾਵੇਜ਼ੀ ਫਿਲਮ 'ਸੇਵਾ' ਰੋਜ਼ ਥਿਏਟਰ ਵਿਚ ਸਿੱਖ ਇੰਟਰਨੈਸ਼ਨਲ ਫੈਸਟੀਵਲ ਵਿਚ ਵਿਖਾਈ ਗਈ। ਇਸ ਵਿਚ ਪੰਜਾਬ ਡਿਜੀਟਲ ਲਾਇਬਰੇਰੀ ਦੇ ਕਾਰਕੁਨਾਂ ਵਲੋਂ ਪੰਜਾਬ ਦੇ ਪੁਰਾਣੇ ਸਹਿਤ ਦੀਆਂ ਮੂਲ ਲਿਖਤਾਂ ਨੂੰ ਸੰਭਾਲਣ ਅਤੇ ਉਸ ਦੀਆਂ ਫੋਟੋਆਂ ਲੈ ਕੇ ਅਗਲੀਆਂ ਪੁਸ਼ਤਾਂ ਲਈ ਸੰਭਾਲਣ ਬਾਰੇ ਕੀਤੀ ਜਾ ਰਹੀ ਸੇਵਾ ਦਰਸਾਈ ਗਈ ਹੈ। ਫਿਲਮ ਵਿਚ ਕੁਝ ਧਾਰਮਿਕ ਸਥਾਨਾਂ 'ਤੇ ਪੁਰਾਣੇ ਗ੍ਰੰਥਾਂ ਦੇ ਸਸਕਾਰ ਦੀ ਪ੍ਰਥਾ ਬਾਰੇ ਖੁਲਾਸਾ ਕੀਤਾ ਗਿਆ ਹੈ। ਫਿਲਮ ਵਿਚ ਇਹ ਗੱਲ ਉਭਾਰੀ ਗਈ ਹੈ ਕਿ ਕੋਈ ਅਜਿਹਾ ਪ੍ਰਬੰਧ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਨਾਲ ਦੁਰਲੱਭ ਰਚਨਾਵਾਂ ਅਣਜਾਣਪੁਣੇ ਵਿਚ ਅਗਨ ਭੇਟ ਹੋਣ ਤੋਂ ਬਚ ਜਾਣ। ਇਸ ਸੈਸ਼ਨ ਵਿਚ ਵਿਖਾਈਆਂ ਕਈ ਹੋਰ ਲਘੂ ਫਿਲਮਾਂ ਦੇ ਨਿਰਦੇਸ਼ਕਾਂ ਨਾਲ ਇੱਕੋ ਸਮੇਂ ਸੁਆਲ ਜੁਆਬ ਕੀਤੇ ਗਏ। ਇਸ ਮੌਕੇ ਦਲਜੀਤ ਅਮੀ ਨੇ ਦੱਸਿਆ ਕਿ ਇਹ ਸਾਰਾ ਸਾਹਿਤ ਤੇ ਜਾਣਕਾਰੀ ਪੰਜਾਬ ਡਿਜੀਟਲ ਲਾਇਬਰੇਰੀ ਦੀ ਵੈੱਬਸਾਈਟ 'ਤੇ ਪੜ੍ਹੀ ਜਾ ਸਕਦੀ ਹੈ। ਪੀਪਲਜ਼ ਵੌਇਸ ਫੋਰਮ ਵਲੋਂ ਉਨ੍ਹਾਂ ਦੀ ਦਸਤਾਵੇਜ਼ੀ ਫਿਲਮ 'ਨੌਟ ਐਵਰੀ ਟਾਈਮ' (ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ) ਵਿਖਾਈ ਗਈ। ਇਸ ਮੌਕੇ ਹਾਲ ਭਰਿਆ ਹੋਇਆ ਸੀ। ਇਹ ਫਿਲਮ ਮਹਿਲ ਕਲਾਂ ਦੇ ਅਧਿਆਪਕ ਦਰਸ਼ਨ ਸਿੰਘ ਦੀ ਪੁੱਤਰੀ ਕਿਰਨਜੀਤ ਕੌਰ ਦੇ ਸਕੂਲ ਤੋਂ ਵਾਪਿਸ ਆਉਣ ਸਮੇਂ ਕੁਝ ਗੁੰਡਿਆਂ ਵਲੋਂ ਅਗਵਾ ਤੇ ਕਤਲ ਤੋਂ ਬਾਅਦ, ਤਾਕਤਵਰ ਦੋਸ਼ੀਆਂ ਨੂੰ ਜਨਤਕ ਜਥੇਬੰਦੀਆਂ ਵਲੋਂ ਪ੍ਰਸ਼ਾਸਨ 'ਤੇ ਦਬਾ ਬਣਾ ਕੇ ਸਜ਼ਾਵਾਂ ਦੁਆਉਣ ਨਾਲ ਸਬੰਧਿਤ ਹੈ। ਬੜੀ ਦਰਦਨਾਕ ਘਟਨਾ ਨੂੰ ਸਹੀ ਤਰੀਕੇ ਨਾਲ ਕੈਮਰਾਬੰਦ ਕਰਦੀ ਇਹ ਫਿਲਮ ਲੋਕਪੱਖੀ ਜਥੇਬੰਦੀਆਂ ਦੇ ਸੰਘਰਸ਼ ਦੀ ਦਾਸਤਾਨ ਬਿਆਨ ਕਰਦੀ ਹੈ।

ਇਨ੍ਹਾਂ ਪ੍ਰੋਗਰਾਮਾਂ ਵਿਚ ਸੁਆਲ ਜੁਆਬ ਸਮੇਂ ਦਲਜੀਤ ਅਮੀ ਵਲੋਂ ਦਿਤੇ ਜੁਆਬ ਕੁਝ ਦਰਸ਼ਕਾਂ ਨੂੰ ਸਹਿਜ ਭਾਵ ਵਿਚ ਗੁਮਾਨ ਵਾਲੇ ਵੀ ਲੱਗੇ, ਪਰ ਜਦ ਉਨ੍ਹਾਂ ਦੀ ਸਿਖਿਆ, ਤਜਰਬੇ ਅਤੇ ਉਨ੍ਹਾਂ ਦੀਆਂ ਰਚਨਾਵਾਂ ਜੋ ਉਨ੍ਹਾਂ ਦੇ ਬਲੌਗ 'ਤੇ ਵੀ ਪੜ੍ਹੀਆਂ ਜਾ ਸਕਦੀਆਂ ਹਨ, ਉਤੇ ਨਜ਼ਰ ਮਾਰ ਕੇ ਦੇਖੀਏ ਤਾਂ ਲਗਦਾ ਹੈ ਕਿ ਉਨ੍ਹਾਂ ਨੂੰ ਹੀ ਨਹੀਂ, ਉਨ੍ਹਾਂ ਵਰਗੀ ਸੋਚ ਰੱਖਣ ਵਾਲੇ ਸਾਰੇ ਲੋਕਾਂ ਨੂੰ ਅਜਿਹਾ ਗੁਮਾਨ ਕਰਨ ਦਾ ਹੱਕ ਹੈ। ਅਸਲ ਵਿਚ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵੇਲੇ ਅਜਿਹੇ ਲੋਕ ਕਿਸੇ ਦਾ ਲਿਹਾਜ਼ ਨਹੀਂ ਕਰਦੇ ਹੁੰਦੇ।

*-ਡਾ. ਬਲਜਿੰਦਰ ਸੇਖੋਂ*

## ਨੇਤਾਜੀ ਦੇ ਪਰਿਵਾਰ ਵੱਲੋਂ ਬਰਤਾਨੀਆ ਕੋਲ ਪਹੁੰਚ

**ਬਰਲਿਨ:** ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਨੇ ਬਰਤਾਨੀਆ ਕੋਲ ਪਹੁੰਚ ਕਰਕੇ ਉਨ੍ਹਾਂ ਬਾਰੇ ਜਾਰੀ ਰਹੱਸ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਨਸ਼ਰ ਕਰਨ ਦੀ ਮੰਗ ਕੀਤੀ ਹੈ। ਨੇਤਾਜੀ ਦੇ ਨਜ਼ਦੀਕੀ ਰਿਸ਼ਤੇਦਾਰ ਸੂਰੀਆ ਕੁਮਾਰ ਬੋਸ ਨੇ ਕਿਹਾ ਕਿ ਉਨ੍ਹਾਂ ਇਸ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਮੁਲਾਕਾਤ ਤੋਂ ਬਾਅਦ ਪੱਤਰ ਲਿਖਿਆ ਸੀ ਪਰ ਅਜੇ ਤਕ ਕੋਈ ਜਵਾਬ ਨਹੀਂ ਮਿਲਿਆ। ਸ੍ਰੀ ਸੂਰੀਆ ਨੇ ਆਸ ਜਤਾਈ ਕਿ ਉਹ ਛੇਤੀ ਹੀ ਰਹੱਸ ਤੋਂ ਪਰਦਾ ਚੁੱਕਣ ਵਿਚ ਕਾਮਯਾਬ ਰਹਿਣਗੇ।

ਪਰਿਵਾਰ ਨੇ ਯੂ.ਕੇ. ਸਰਕਾਰ ਕੋਲ ਪਹੁੰਚ ਕੀਤੀ ਹੈ ਕਿਉਂਕਿ ਉਨ੍ਹਾਂ ਮੰਨਿਆ ਹੈ ਕਿ ਜਪਾਨ ਤੇ ਰੂਸ ਤੋਂ ਬਾਅਦ ਇੰਗਲੈਂਡ ਕੋਲ ਵੀ ਨੇਤਾਜੀ ਨਾਲ ਸਬੰਧਤ ਦਸਤਾਵੇਜ਼ ਹਨ।

## ਗੋਲੀਬਾਰੀ ਦਾ ਖੇਤਰ ਵਧਾ ਰਿਹਾ ਹੈ ਪਾਕਿਸਤਾਨ

**ਨਵੀਂ ਦਿੱਲੀ:** ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਦਲਬੀਰ ਸਿੰਘ ਨੇ ਪਾਕਿਸਤਾਨ 'ਤੇ ਦੋਸ਼ ਲਾਇਆ ਹੈ ਕਿ ਇਹ ਜੰਮੂ ਕਸ਼ਮੀਰ ਵਿਚ ਅਸ਼ਾਂਤੀ ਪੈਦਾ ਕਰਨ ਦੇ ਨਵੇਂ ਨਵੇਂ ਢੰਗ ਅਮਲ ਵਿਚ ਲਿਆ ਰਿਹਾ ਹੈ ਤੇ ਹਿੰਸਾ ਦਾ ਦਾਇਰਾ ਹੋਰ ਖੇਤਰਾਂ ਵਿਚ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਚੇਤਾਵਨੀ ਦਿੱਤੀ ਕਿ ਭਾਰਤੀ ਫੌਜਾਂ ਵੀ ਭਵਿੱਖ ਵਿਚ ਨਿੱਕੀਆਂ ਤੇ ਤਿੱਖੀਆਂ ਜੰਗਾਂ ਲਈ ਪੂਰੀ ਤਰ੍ਹਾਂ ਤਿਆਰ ਹਨ। ਉਹ ਇਥੇ 1965 ਦੀ ਭਾਰਤ-ਪਾਕਿਸਤਾਨ ਜੰਗ ਬਾਰੇ ਤਿੰਨਾਂ ਸੈਨਾਵਾਂ ਦੇ ਗੋਲਡਨ ਜੁਬਲੀ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਯਾਦ ਰਹੇ ਕਿ ਜੋ ਦੋਸ਼ ਭਾਰਤ ਪਾਕਿਸਤਾਨ ਉਤੇ ਲਾ ਰਿਹਾ ਹੈ, ਉਹੀ ਦੋਸ਼ ਪਾਕਿਸਤਾਨ ਵੱਲੋਂ ਭਾਰਤ ਉਤੇ ਲਾਏ ਜਾ ਰਹੇ ਹਨ। ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਭਾਰਤ ਵੱਲੋਂ ਕੀਤੀ ਗੋਲੀਬਾਰੀ ਵਿਚ ਪਾਕਿਸਤਾਨ ਦੇ 9 ਨਾਗਰਿਕ ਮਾਰੇ ਗਏ ਹਨ।

1965 ਦੀ ਭਾਰਤ-ਪਾਕਿਸਤਾਨ ਜੰਗ ਬਾਰੇ ਤਿੰਨਾਂ ਸੈਨਾਵਾਂ ਦੇ ਇਸ ਦੋ ਦਿਨਾ ਗੋਲਡਨ ਜੁਬਲੀ ਸੈਮੀਨਾਰ ਦਾ ਉਦਘਾਟਨ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਨੇ ਕੀਤਾ। ਇਸ ਮੌਕੇ ਜਨਰਲ ਦਲਬੀਰ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਾਡੇ ਪੱਛਮੀ ਗੁਆਂਢੀ ਮੁਲਕ ਵੱਲੋਂ ਗੋਲੀਬੰਦੀ ਦੀ ਉਲੰਘਣਾ ਅਤੇ ਅਤਿਵਾਦੀਆਂ ਦੀ ਘੁਸਪੈਠ ਦੀਆਂ ਗਤੀਵਿਧੀਆਂ ਵਧੀਆਂ ਹਨ। ਇਸ ਤੋਂ ਸਾਫ਼ ਹੈ ਕਿ ਜੰਮੂ ਕਸ਼ਮੀਰ ਵਿਚ ਅਸ਼ਾਂਤੀ ਪੈਦਾ ਕਰਨ ਲਈ ਨਿੱਤ ਨਵੇਂ ਤਰੀਕੇ ਅਪਣਾਏ ਜਾ ਰਹੇ ਹਨ। ਭਾਰਤੀ ਸੈਨਾ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਜਿਹੀ ਸਥਿਤੀ ਵਿਚ ਹਰ ਸਮੇਂ ਆਪਣੀਆਂ ਤਿਆਰੀਆਂ ਉਚ ਪੱਧਰ ਦੀਆਂ ਰੱਖਣੀਆਂ ਪੈਣਗੀਆਂ। ਹਾਲ ਹੀ ਦੀਆਂ ਅਤਿਵਾਦੀ ਘਟਨਾਵਾਂ ਸੰਕੇਤ ਕਰਦੀਆਂ ਹਨ ਕਿ ਪਾਕਿਸਤਾਨ ਹਿੰਸਾ ਦਾ ਘੇਰਾ ਹੋਰ ਖੇਤਰਾਂ ਵਿਚ ਵਧਾਉਣਾ ਚਾਹੁੰਦਾ ਹੈ।

ਇਸ ਮੌਕੇ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ 1965 ਦੀ ਜੰਗ ਬਾਰੇ ਕਿਹਾ ਕਿ ਪਾਕਿਸਤਾਨ ਨੂੰ ਆਪਣੀ ਇਹ ਹਿਮਾਕਤ ਖਾਸੀ ਮਹਿੰਗੀ ਪਈ ਸੀ। ਉਨ੍ਹਾਂ ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਲੀਡਰਸ਼ਿਪ ਦੀ ਪ੍ਰਸ਼ੰਸਾ ਕੀਤੀ।

## ਮਨੀਪੁਰ ਹਿੰਸਾ ਵਿਚ ਅੱਠ ਮੌਤਾਂ

**ਇੰਫਾਲ:** ਮਨੀਪੁਰ ਵਿਧਾਨ ਸਭਾ ਵਿਚ ਕੁਝ ਬਿੱਲਾਂ ਦੇ ਪਾਸ ਹੋਣ ਦੇ ਵਿਰੋਧ ਕਾਰਨ ਚੂੜਾਚੰਦਪੁਰ ਜ਼ਿਲ੍ਹੇ ਵਿਚ ਹਿੰਸਾ ਭੜਕਣ ਕਾਰਨ ਅੱਠ ਬੰਦੇ ਮਾਰੇ ਗਏ ਤੇ 31 ਫੱਟੜ ਹੋ ਗਏ। ਪ੍ਰਸ਼ਾਸਨ ਨੇ ਸ਼ਹਿਰ ਵਿਚ ਅਣਮਿੱਥੇ ਸਮੇਂ ਲਈ ਕਰਫਿਊ ਲਗਾ ਦਿੱਤਾ ਗਿਆ। ਰਾਜ ਵਿਚ ਵਿਆਪਕ ਪੱਧਰ 'ਤੇ ਹਿੰਸਾ ਹੋਈ ਹੈ ਜਿਸ ਕਾਰਨ ਇਕ ਮੰਤਰੀ, ਇਕ ਸੰਸਦ ਮੈਂਬਰ ਤੇ ਪੰਜ ਵਿਧਾਇਕਾਂ ਦੇ ਮਕਾਨਾਂ ਨੂੰ ਚੂੜਾਚੰਦਪੁਰ ਜ਼ਿਲ੍ਹੇ ਵਿਚ ਅਣਪਛਾਤੇ ਲੋਕਾਂ ਨੇ ਅੱਗ ਲਗਾ ਦਿੱਤੀ। ਯਾਦ ਰਹੇ ਕਿ ਮਨੀਪੁਰ ਦੇ ਮੂਲ ਵਾਸੀਆਂ ਦੇ ਹਿੱਤਾਂ ਦੀ ਰਾਖੀ ਲਈ ਵਿਧਾਨ ਸਭਾ ਵਿਚ ਤਿੰਨ ਬਿੱਲ ਪਾਸ ਕੀਤੇ ਗਏ ਸਨ, ਪਰ ਇਸ ਦੇ ਕੁਝ ਘੰਟਿਆਂ ਬਾਅਦ ਹੀ ਹਿੰਸਾ ਭੜਕ ਉਠੀ। ਬਿੱਲਾਂ ਦੇ ਵਿਰੋਧ ਵਿਚ ਤਿੰਨ ਵਿਦਿਆਰਥੀ ਜਥੇਬੰਦੀਆਂ ਨੇ 12 ਘੰਟਿਆਂ ਦੇ ਬੰਦ ਦਾ ਸੱਦਾ ਦਿੱਤਾ ਸੀ ਅਤੇ ਹਿੰਸਾ ਲਈ ਇਨ੍ਹਾਂ ਜਥੇਬੰਦੀਆਂ 'ਤੇ ਹੀ ਸ਼ੱਕ ਹੈ।

## ਯੂਕਰੇਨ ਵਿਚ ਬੱਚਿਆਂ ਨੂੰ ਮਿਲੀਆਂ ਏ.ਕੇ 47

**ਕੀਵ:** ਯੂਕਰੇਨ ਵਿਚ ਬੱਚਿਆਂ ਨੂੰ ਹਥਿਆਰਾਂ ਦੀ ਟਰੇਨਿੰਗ ਦਿੱਤੇ ਜਾਣ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਬੱਚਿਆਂ ਨੂੰ ਇਹ ਟਰੇਨਿੰਗ ਦੇਸ਼ ਭਗਤੀ ਦੇ ਨਾਂ ਉਤੇ ਜਾ ਰਹੀ ਹੈ। ਕੀਵ ਦੇ ਨੈਸ਼ਨਲ ਗਾਰਡ ਬੱਚਿਆਂ ਨੂੰ ਏ.ਕੇ-47 ਤੇ ਹੋਰ ਖ਼ਤਰਨਾਕ ਹਥਿਆਰ ਚਲਾਉਣ ਦੀ ਟਰੇਨਿੰਗ ਦੇ ਰਹੇ ਹਨ।

ਬੱਚਿਆ ਦੀ ਉਮਰ ਛੇ ਸਾਲ ਤੋਂ ਲੈ ਕੇ 13 ਸਾਲ ਦੀ ਹੈ। ਇਹ ਤਸਵੀਰਾਂ ਉਸ ਸਮੇਂ ਸਾਹਮਣੇ ਆਈਆਂ ਹਨ ਜਦੋਂ ਕਹਿਣ ਨੂੰ ਤਾਂ ਰੂਸ ਸਮਰਥਕ ਵਿਦਰੋਹੀਆਂ ਤੇ ਯੂਕਰੇਨ ਦੀ ਸੈਨਾ ਵਿਚਾਲੇ ਜੰਗਬੰਦੀ ਹੈ ਪਰ ਦੋਵਾਂ ਵੱਲੋਂ ਰੋਜ਼ਾਨਾ ਆਮ ਸੈਨਿਕਾਂ ਦੀ ਹੱਤਿਆ ਕੀਤੀ ਜਾ ਰਹੀ ਹੈ। ਬੱਚਿਆਂ ਨੂੰ ਟਰੇਨਿੰਗ ਦੇਣ ਵਾਲੇ ਜ਼ਿਆਦਾਤਰ ਜਵਾਨ ਅਜਿਹੇ ਹਨ ਜੋ ਵਿਦਰੋਹੀਆਂ ਦੇ ਖ਼ਿਲਾਫ਼ ਲੜਾਈ ਲੜ ਰਹੇ ਹਨ।

## ਹਾਕਮਾਂ ਦਾ ਨਸ਼ਾ ਮਾਫ਼ੀਆ ਨਾਲ ਗੱਠਜੋੜ ਜੱਗ ਜ਼ਾਹਿਰ

*(ਸਫਾ ਇਕ ਦੀ ਬਾਕੀ)*

ਆਨੰਦਪੁਰ ਸਾਹਿਬ ਦੇ 350 ਸਾਲਾ ਸਮਾਗਮ ਮੌਕੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਨਸ਼ਿਆਂ ਨੂੰ ਪੰਜਾਬ ਦੀ ਵੱਡੀ ਸਮੱਸਿਆ ਦੱਸਿਆ। ਇਸ ਸਭ ਦੇ ਬਾਵਜੂਦ ਪੰਜਾਬ ਵਿਚ ਅਪਰਾਧੀਆਂ, ਨਸ਼ਾ ਤਸਕਰਾਂ, ਪੁਲਿਸ ਤੇ ਸਿਆਸਤਦਾਨਾਂ ਦਰਮਿਆਨ ਬਣ ਚੁੱਕੇ ਗੱਠਜੋੜ ਨੂੰ ਤੋੜਨ ਦੀ ਆਵਾਜ਼ ਵੱਡੇ ਪੈਮਾਨੇ ਉਤੇ ਉਭਰਦੀ ਦਿਖਾਈ ਨਹੀਂ ਦਿੱਤੀ।

ਪੰਜਾਬ ਸਰਕਾਰ ਨਸ਼ੇ ਦੀ ਸਮੱਸਿਆ ਉਠਾਉਣ ਵਾਲਿਆਂ ਨੂੰ ਪੰਜਾਬ ਦੀ ਬਦਨਾਮੀ ਕਰਨ ਦਾ ਫ਼ਤਵਾ ਦੇ ਰਹੀ ਹੈ। ਪੰਜਾਬ ਕਾਂਗਰਸ ਪੰਜਾਬ ਦੇ ਨਸ਼ਾ ਤਸਕਰੀ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕਰਦੀ ਆ ਰਹੀ ਹੈ ਪਰ ਖ਼ੁਦ ਪਾਟੋਧਾੜ ਹੋਈ ਪਾਰਟੀ ਕੋਈ ਵੱਡੀ ਲਾਮਬੰਦੀ ਕਰਨ ਵਿਚ ਨਾਕਾਮ ਹੈ। ਨਸ਼ਾ ਤਸਕਰਾਂ, ਅਪਰਾਧੀਆਂ, ਪੁਲਿਸ ਤੇ ਸਿਆਸਤਦਾਨਾਂ ਵਿਚ ਮਜ਼ਬੂਤ ਹੋ ਰਹੇ ਗੱਠਜੋੜ ਦਾ ਵਰਤਾਰਾ ਨਾ ਸਿਰਫ ਪੰਜਾਬ ਬਲਕਿ ਪੂਰੇ ਮੁਲਕ ਵਿਚ ਤੇਜ਼ੀ ਨਾਲ ਵਧ-ਫੁੱਲ ਰਿਹਾ ਹੈ। ਅਜਿਹੇ ਗੱਠਜੋੜ ਦੀ ਜਾਂਚ ਕਰਨ ਲਈ ਬਣਾਈ ਵੋਹਰਾ ਕਮੇਟੀ ਵੱਲੋਂ ਇੰਟੈਲੀਜੈਂਸ ਬਿਓਰੋ ਦੀ ਰਿਪੋਰਟ ਦੇ ਆਧਾਰ ਉਤੇ 1993 ਵਿਚ ਕੀਤੀ ਟਿੱਪਣੀ ਅੱਖਾਂ ਖੋਲ੍ਹਣ ਵਾਲੀ ਹੈ। ਕਮੇਟੀ ਨੇ ਕਿਹਾ ਕਿ ਮੁਲਕ ਵਿਚ ਮਾਫ਼ੀਆ ਸਮਾਨੰਤਰ ਸਰਕਾਰ ਚਲਾ ਰਿਹਾ ਹੈ ਜੋ ਰਾਜਸੀ ਪ੍ਰਬੰਧ ਨੂੰ ਗ਼ੈਰ-ਪ੍ਰਸੰਗਿਕ ਬਣਾ ਰਿਹਾ ਹੈ। ਹੁਣ ਅਪਰਾਧੀਆਂ ਦੇ ਗਰੋਹਾਂ, ਨਸ਼ਾ ਤਸਕਰਾਂ ਤੇ ਆਰਥਿਕ ਲਾਬੀ ਵਾਲਿਆਂ ਨੇ ਸਿਆਸਤਦਾਨਾਂ, ਸਰਕਾਰੀ ਅਧਿਕਾਰੀਆਂ ਤੇ ਮੀਡੀਆ ਨਾਲ ਗਹਿਰੇ ਸਬੰਧ ਬਣਾ ਲਏ ਹਨ।

## ਮੁਸ਼ੱਰਫ਼ ਬਣ ਸਕਦੇ ਹਨ ਨਵੀਂ ਪਾਰਟੀ ਦੇ ਪ੍ਰਧਾਨ

**ਲਾਹੌਰ:** ਪਾਕਿਸਤਾਨ ਦੇ ਸਾਬਕਾ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਛੇਤੀ ਇਕ ਨਵੀਂ ਪਾਰਟੀ ਦੇ ਪ੍ਰਧਾਨ ਵਜੋਂ ਰਾਜਨੀਤੀ ਵਿਚ ਵਾਪਸੀ ਕਰ ਸਕਦੇ ਹਨ। ਇਹ ਨਵੀਂ ਪਾਰਟੀ ਸੱਤਾਧਾਰੀ ਪੀ.ਐਮ.ਐਲ-ਐਨ ਨੂੰ ਛੱਡ ਕੇ ਮੁਸਲਿਮ ਲੀਗ ਦੇ ਸਾਰੇ ਧੜਿਆਂ ਨੂੰ ਇਕੱਠੇ ਕਰਕੇ ਬਣਾਈ ਜਾ ਰਹੀ ਹੈ। ਯੂਨਾਈਟਡ ਮੁਸਲਿਮ ਲੀਗ ਦੇ ਨਾਂ ਵਾਲੀ ਨਵੀਂ ਪਾਰਟੀ ਦੇ ਗਠਨ ਲਈ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ ਜਿਸ ਵਿਚ ਨਵਾਜ਼ ਸ਼ਰੀਫ ਦੀ ਪਾਰਟੀ ਪੀ.ਐਮ.ਐਲ-ਐਨ ਤੋਂ ਬਿਨਾਂ ਮੁਸਲਿਮ ਲੀਗ ਦੇ ਬਾਕੀ ਸਾਰੇ ਧੜਿਆਂ ਨੂੰ ਸ਼ਾਮਲ ਕੀਤਾ ਜਾਵੇਗਾ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਦੀਨਾਨਗਰ ਫਿਦਾਈਨ ਹਮਲੇ ਬਾਰੇ ਸਾਹਮਣੇ ਆਏ ਕਈ ਅਹਿਮ ਖੁਲਾਸੇ



**ਚੰਡੀਗੜ੍ਹ:** ਗੁਰਦਾਸਪੁਰ ਦੇ ਦੀਨਾਨਗਰ ਪੁਲਿਸ ਸਟੇਸ਼ਨ ਉਤੇ ਹੋਏ ਫਿਦਾਈਨ ਹਮਲੇ ਨੂੰ ਇਕ ਮਹੀਨਾ ਹੋ ਗਿਆ ਹੈ। ਇਸ ਹਮਲੇ ਦੀਆਂ ਪਰਤਾਂ ਦਿਨੋਂ ਦਿਨ ਖੁੱਲ੍ਹ ਰਹੀਆਂ ਹਨ। ਹੁਣ ਪੰਜਾਬ ਪੁਲਿਸ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੀ ਰਿਪੋਰਟ ਵਿਚ ਨਵਾਂ ਖੁਲਾਸਾ ਹੋਇਆ ਹੈ।

ਰਿਪੋਰਟ ਮੁਤਾਬਕ ਦੀਨਾਨਗਰ ਹਮਲੇ ਲਈ ਤਿੰਨੋਂ ਫਿਦਾਈਨ 26 ਜੁਲਾਈ ਦੀ ਰਾਤ ਕੌਮਾਂਤਰੀ ਸਰਹੱਦ ਉਤੇ ਬੀ.ਐੱਸ.ਐੱਫ. ਦੀ ਤਾਸ਼ ਪੋਸਟ ਕੋਲੋਂ ਭਾਰਤੀ ਸੀਮਾ ਵਿਚ ਦਾਖਲ ਹੋਏ। ਇਹ ਪੋਸਟ ਨਰੋਟ ਜੈਮਲ ਸਿੰਘ ਪੁਲਿਸ ਸਟੇਸ਼ਨ ਦੀ ਹੱਦ ਵਿਚ ਮਸਤਗੜ੍ਹ ਪਿੰਡ ਕੋਲ ਹੈ। ਹਮਲਾਵਰਾਂ ਕੋਲੋਂ ਦੋ ਜੀ.ਪੀ.ਐਸ. ਬਰਾਮਦ ਹੋਏ ਸੀ। ਪੰਜਾਬ ਪੁਲਿਸ ਨੇ ਇਨ੍ਹਾਂ ਨੂੰ ਜਾਂਚ ਲਈ ਨੈਸ਼ਨਲ ਟੈਕਨੀਕਲ ਰਿਸਰਚ ਆਰਗਨਾਈਜੇਸ਼ਨ (ਐਨ.ਟੀ.ਆਰ.ਓ.) ਕੋਲ ਭੇਜਿਆ ਸੀ। ਐਨ.ਟੀ.ਆਰ.ਓ. ਨੇ ਪਹਿਲੇ ਜੀ.ਪੀ.ਐੱਸ. ਵਿਚ 12 ਲੋਕੇਸ਼ਨਜ਼ ਟਰੈਕ ਕੀਤੀਆਂ ਹਨ। ਇਹ ਸਰਹੱਦ ਪਾਰ ਰਾਵੀ ਨਦੀ ਤੋਂ ਲੈ ਕੇ ਦੀਨਾਨਗਰ ਪੁਲਿਸ ਸਟੇਸ਼ਨ ਦਾ ਰੂਟ ਦਿਖਾਉਂਦੀਆਂ ਹਨ। ਰਾਵੀ ਨਦੀ ਪਾਰ ਕਰਨ ਤੋਂ ਬਾਅਦ ਤਿੰਨੋਂ ਫਿਦਾਈਨ ਮਕੌੜਾ, ਮਰਾੜਾ ਅਤੇ ਬਾਲਾ ਪਿੰਡ ਤੋਂ ਕਾਜੀ ਚੱਕ ਦੇ ਰਸਤੇ ਸਿੱਧੇ ਰੇਲ ਦੀ ਪਟੜੀ ਉਤੇ ਪਹੁੰਚੇ। ਇਹ ਟਰੈਕ ਪਠਾਨਕੋਟ ਤੇ ਅੰਮ੍ਰਿਤਸਰ ਨੂੰ ਜੋੜਦਾ ਹੈ। ਦੀਨਾਨਗਰ ਦੇ ਪਹਾੜੋਂ ਚੱਕ ਤੇ ਜਾਖੜ ਪਿੰਡੀ ਵੀ ਰਸਤੇ ਵਿਚ ਸੀ। ਜਾਂਚ ਏਜੰਸੀਆਂ ਮੰਨ ਰਹੀਆਂ ਹਨ ਕਿ ਅਤਿਵਾਦੀਆਂ ਨੇ ਇਥੋਂ ਤੱਕ ਪਹੁੰਚਣ ਲਈ ਕੱਚਾ ਰਸਤਾ ਚੁਣਿਆ। ਰਾਤ ਦੇ ਹਨ੍ਹੇਰੇ ਵਿਚ ਨਾਲੇ ਉਤੇ ਬਣੀ ਪੁਲੀ 'ਤੇ 954 ਬੰਬ ਪਲਾਂਟ ਕੀਤੇ।

ਅਤਿਵਾਦੀਆਂ ਦਾ ਇਰਾਦਾ ਸੀ ਰੇਲ ਗੱਡੀ ਨੂੰ ਬੰਬ ਨਾਲ ਉਡਾ ਕੇ ਹਾਹਾਕਾਰ ਮਚਾਉਣਾ ਤੇ ਜਦੋਂ ਉੱਥੇ ਮਾਤਮ ਪੱਸਰ ਜਾਂਦਾ ਤਾਂ ਤਿੰਨੋਂ ਫਿਦਾਇਨ ਗੁਰਦਾਸਪੁਰ ਜ਼ਿਲ੍ਹੇ ਅੰਦਰ ਬੰਧਕ ਸੰਕਟ ਖੜ੍ਹਾ ਕਰਦੇ ਪਰ ਸਰਕਟ ਵਿਚ ਗਲਤੀ ਕਾਰਨ ਪਟੜੀ ਉਤੇ ਲੱਗੇ ਬੰਬ ਨਹੀਂ ਚੱਲੇ। ਪਹਿਲਾਂ ਮਾਲ ਗੱਡੀ ਤੇ ਫਿਰ ਪੈਸੰਜ਼ਰ ਲਗਾਤਾਰ ਦੋ ਰੇਲ ਗੱਡੀਆਂ ਗੁਜ਼ਰ ਗਈਆਂ। ਫਿਦਾਈਨ ਦਸਤੇ ਦਾ ਪਹਿਲਾ ਪਲਾਨ ਫੇਲ੍ਹ ਹੋ ਗਿਆ ਤੇ ਪੁਲਿਸ ਨੇ ਰੇਲਵੇ ਮੁਲਾਜ਼ਮਾਂ ਦੀ ਚੌਕਸੀ ਨਾਲ ਬੰਬ ਲੱਭ ਕੇ ਸੈਨਾ ਤੋਂ ਨਸ਼ਟ ਕਰਵਾ ਦਿੱਤੇ। ਐਨ.ਟੀ.ਆਰ.ਓ. ਨੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਹੈ ਕਿ ਜੀ.ਪੀ.ਐਸ. ਦੇ ਸਕਰੀਨ ਡਿਸਪਲੇਅ ਤੋਂ ਵੀ ਅਤਿਵਾਦੀਆਂ ਨੇ ਗੁਰਦਾਸਪੁਰ ਦੇ ਨਾਲ ਲੱਗਦੇ ਇਲਾਕਿਆਂ ਦੀ ਲੋਕੇਸ਼ਨਜ਼ ਦਾ ਪਤਾ ਲਗਾਇਆ। ਸਕਰੀਨ ਡਿਸਪਲੇਅ ਦਾ ਡਾਟਾ ਹਮੇਸ਼ਾ ਜੀ.ਪੀ.ਐਸ. ਵਿਚ ਫੀਡ ਨਹੀਂ ਰਹਿੰਦਾ। ਦੀਨਾਨਗਰ ਅਤਿਵਾਦੀ ਹਮਲੇ ਵਿਚ ਮਾਰੇ ਗਏ ਦੂਜੇ ਫਿਦਾਇਨ ਦਾ ਜੀ.ਪੀ.ਐਸ. ਪਾਕਿਸਤਾਨ ਨੂੰ ਬੇਨਕਾਬ ਕਰਨ ਲਈ ਵੱਡਾ ਸਬੂਤ ਹੈ। ਐਨ.ਟੀ.ਆਰ.ਓ. ਮੁਤਾਬਕ ਦੂਜੇ ਜੀ.ਪੀ.ਐਸ. ਵਿਚ ਪਾਕਿਸਤਾਨ ਦੀ ਲੋਕੇਸ਼ਨ ਫੀਡ ਹੈ। ਇਹ ਜੀ.ਪੀ.ਐਸ 21 ਜੁਲਾਈ ਨੂੰ ਪਾਕਿਸਤਾਨ ਦੇ ਸਰਗੋਧਾ ਵਿਚ ਸੀ। ਅਜਿਹਾ ਜੀ.ਪੀ.ਐਸ. ਸਿਸਟਮ ਤਾਇਵਾਨ, ਅਮਰੀਕਾ ਜਾਂ ਫਿਰ ਬ੍ਰਿਟੇਨ ਵਿਚ ਹੀ ਮਿਲਦਾ ਹੈ।

## ਅਤਿਵਾਦੀ ਏ.ਕੇ. 56 ਅਸਾਲਟਾਂ ਨਾਲ ਲੈਸ ਸਨ

**ਚੰਡੀਗੜ੍ਹ:** ਦੀਨਾਨਗਰ ਅਤਿਵਾਦੀ ਹਮਲੇ ਦੇ ਹਮਲਾਵਰਾਂ ਚੈਕੋਸਲਵਾਕੀਆ ਦੇ ਰਾਕੇਟ ਲਾਂਚਰ, ਚੀਨ ਦੀ ਰਾਇਫ਼ਲ ਤੇ ਅਮਰੀਕਾ ਦੇ ਨਾਇਟ ਵਿਜ਼ਨ ਡਵਾਈਸ ਨਾਲ ਲੈੱਸ ਸਨ। ਪੰਜਾਬ ਪੁਲਿਸ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੀ ਰਿਪੋਰਟ ਵਿਚ ਇਸ ਗੱਲ ਦਾ ਜ਼ਿਕਰ ਹੈ। ਇਸ ਰਿਪੋਰਟ ਮੁਤਾਬਕ ਅਤਿਵਾਦੀਆਂ ਕੋਲ ਕੋਲ ਏ.ਕੇ. ਸੰਤਾਲੀ ਅਸਾਲਟ ਰਾਇਫਲ ਹੀ ਨਹੀਂ ਸੀ ਬਲਕਿ ਏ.ਕੇ. 56 ਰਾਇਫਲ ਵੀ ਸੀ। ਪੁਲਿਸ ਮੁਤਾਬਕ ਅਤਿਵਾਦੀਆਂ ਕੋਲ ਚੈਕੋਸਲਵਾਕੀਆ ਦਾ ਡਿਸਪੋਜ਼ੇਬਲ ਰਾਕੇਟ ਲਾਂਚਰ ਸੀ। ਦਰਅਸਲ ਪੰਜਾਬ ਪੁਲਿਸ ਵੱਲੋਂ ਅਤਿਵਾਦੀਆਂ 'ਤੇ ਗੋਲੀਆਂ ਦੀ ਅੰਨ੍ਹੀ ਬੋਛਾੜ ਕੀਤੀ ਗਈ ਤੇ ਉਨ੍ਹਾਂ ਨੂੰ ਰਾਕੇਟ ਲਾਂਚਰ ਚਲਾਉਣ ਦਾ ਮੌਕਾ ਹੀ ਨਹੀਂ ਮਿਲਿਆ। ਜੇ ਕਿਤੇ ਉਹ ਇਸ ਨੂੰ ਚਲਾਉਣ ਵਿਚ ਕਾਮਯਾਬ ਹੋ ਜਾਂਦੇ ਤਾਂ ਵੱਡਾ ਨੁਕਸਾਨ ਹੋ ਸਕਦਾ ਸੀ। 'ਨਾਈਟ ਵਿਜ਼ਨ ਡਵਾਈਸ' ਤੋਂ ਵੀ ਪਤਾ ਲੱਗ ਗਿਆ ਹੈ ਕਿ ਅਤਿਵਾਦੀ ਕਿੰਨੀ ਵੱਡੀ ਤਿਆਰੀ ਨਾਲ ਆਏ ਹਨ। ਇਹ ਡਵਾਈਸ ਕੋਈ ਮਾਮੂਲੀ ਡਵਾਈਸ ਨਹੀਂ ਬਲਕਿ ਅਮਰੀਕੀ ਫੌਜ ਇਸ ਦੀ ਵਰਤੋਂ ਵਿਸ਼ੇਸ਼ ਅਪਰੇਸ਼ਨਾਂ ਲਈ ਕਰਦੀ ਹੈ।

## ਪਾਕਿਸਤਾਨ ਤੋਂ ਹੀ ਆਏ ਸਨ ਅਤਿਵਾਦੀ

**ਨਵੀਂ ਦਿੱਲੀ:** ਤਿੰਨ ਅਤਿਵਾਦੀ ਜਿਨ੍ਹਾਂ ਨੇ ਗੁਰਦਾਸਪੁਰ ਜ਼ਿਲ੍ਹੇ ਵਿਚ ਦੀਨਾਨਗਰ ਥਾਣੇ 'ਤੇ ਹਮਲਾ ਕੀਤਾ ਸੀ, ਸਰਗੋਧਾ (ਪਾਕਿਸਤਾਨ) ਤੋਂ ਹੀ ਆਏ ਸਨ। ਮਾਰੇ ਗਏ ਅਤਿਵਾਦੀਆਂ ਦੇ ਬੂਟ 'ਚੀਤਾ' ਮਾਰਕੇ ਦੇ ਹਨ ਜੋ ਪਾਕਿਸਤਾਨ ਦਾ ਪ੍ਰਸਿੱਧ ਬਰਾਂਡ ਹੈ। ਰੱਦ ਹੋਈ ਐਨ.ਐਸ.ਏ. ਪੱਧਰ ਦੀ ਗੱਲਬਾਤ ਦੌਰਾਨ ਪਾਕਿਸਤਾਨ ਨੂੰ ਦਿੱਤਾ ਜਾਣ ਵਾਲਾ ਜੋ ਡੋਜੀਅਰ ਤਿਆਰ ਕੀਤਾ ਗਿਆ ਸੀ, ਉਸ ਅਨੁਸਾਰ ਨਿਰਪੱਖ ਮਾਹਿਰਾਂ ਨੇ ਮਾਰੇ ਗਏ ਅਤਿਵਾਦੀਆਂ ਕੋਲੋਂ ਬਰਾਮਦ ਕੀਤੀਆਂ ਦੋ ਜੀ.ਪੀ.ਐਸ ਡਿਵਾਈਸਾਂ ਦਾ ਵਿਸ਼ਲੇਸ਼ਣ ਕੀਤਾ ਹੈ। ਮਾਹਿਰਾਂ ਅਨੁਸਾਰ ਇਹ ਡਿਵਾਈਸਾਂ ਵੀ ਅਤਿਵਾਦੀਆਂ ਦੇ ਪਾਕਿਸਤਾਨ ਤੋਂ ਆਉਣ ਦੀ ਪੁਸ਼ਟੀ ਕਰਦੀਆਂ ਹਨ।

# ਜਗਦੀਸ਼ ਭੋਲੇ ਨੇ ਮੁੜ ਦੁਹਰਾਈ ਸੀ.ਬੀ.ਆਈ. ਜਾਂਚ ਦੀ ਮੰਗ

**ਪਟਿਆਲਾ:** ਨਸ਼ਾ ਤਸਕਰੀ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਜਗਦੀਸ਼ ਭੋਲਾ ਦਾ ਕਹਿਣਾ ਹੈ ਕਿ ਜੇਕਰ ਸੀ.ਬੀ.ਆਈ. ਜਾਂਚ ਹੋਈ ਤਾਂ ਸਾਰੀ ਸੱਚਾਈ ਸਾਹਮਣੇ ਆ ਜਾਵੇਗੀ। ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਕੇਸ ਦੀ ਪੇਸ਼ੀ ਲਈ ਉਸ ਨੂੰ ਮੁੰਬਈ ਤੋਂ ਪਟਿਆਲੇ ਲਿਆਂਦਾ ਗਿਆ ਸੀ।



ਜ਼ਿਕਰਯੋਗ ਹੈ ਕਿ ਨਾਭਾ ਜੇਲ੍ਹ ਵਿਚ ਹੋਣ ਮੌਕੇ ਜਦੋਂ ਉਸ ਨੂੰ ਪੇਸ਼ੀ ਲਈ ਅਦਾਲਤ ਲਿਆਂਦਾ ਜਾਂਦਾ ਸੀ ਤਾਂ ਭੋਲਾ ਕੋਈ ਗੱਲ ਕਰਨ ਤੋਂ ਸੰਕੋਚ ਹੀ ਕਰਦਾ ਰਿਹਾ ਪਰ ਹੁਣ ਪੇਸ਼ੀ ਤੋਂ ਬਾਅਦ ਮੁੰਬਈ ਰਵਾਨਾ ਹੋਣ ਮੌਕੇ ਉਸ ਨੇ ਕੇਸਾਂ ਨੂੰ ਝੂਠੀਆਂ ਕਹਾਣੀਆਂ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਸੀ.ਬੀ.ਆਈ. ਦੀ ਜਾਂਚ ਹੋਈ ਤਾਂ ਸਭ ਸਾਹਮਣੇ ਆ ਜਾਵੇਗਾ। ਉਧਰ, ਭੋਲਾ ਦੇ ਪਿਤਾ ਨੇ ਹਾਈਕੋਰਟ ਵਿਚ ਰਿੱਟ ਦਾਇਰ ਕਰਕੇ ਸਮੁੱਚੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੋਈ ਹੈ। ਇਸ ਦੀ ਸੁਣਵਾਈ ਤਹਿਤ ਹੀ ਹਾਈਕੋਰਟ ਵੱਲੋਂ ਭੋਲੇ ਖ਼ਿਲਾਫ਼ ਚੱਲ ਰਹੇ ਅਜਿਹੇ ਸਾਰੇ ਕੇਸਾਂ ਦੀ ਪ੍ਰੀਸੀਡਿੰਗ ਉਤੇ ਇਸ ਅਰਜ਼ੀ ਦੇ ਨਿਪਟਾਰੇ ਤੱਕ ਰੋਕ ਲਾਈ ਹੋਈ ਹੈ।

ਜ਼ਿਕਰਯੋਗ ਹੈ ਕਿ ਭੋਲਾ ਖ਼ਿਲਾਫ਼ ਮੁੰਬਈ ਦੀ ਅਦਾਲਤ ਵਿਚ ਇਕ ਕੇਸ ਚੱਲ ਰਿਹਾ ਹੈ, ਜਿਸ ਤਹਿਤ 23 ਜੂਨ 2015 ਦੀ ਪੇਸ਼ੀ ਲਈ ਪਟਿਆਲਾ ਪੁਲਿਸ ਦਾ 30 ਮੈਂਬਰ ਦਲ ਉਸ ਨੂੰ ਸੜਕੀ ਰਸਤੇ ਉਥੇ ਲੈ ਕੇ ਗਿਆ ਸੀ ਪਰ ਅਦਾਲਤ ਨੇ ਉਸ ਨੂੰ ਮੁੰਬਈ ਦੀ ਜੇਲ੍ਹ ਵਿਚ ਹੀ ਰੱਖ ਲਿਆ ਸੀ। ਹੁਣ ਦੋ ਮਹੀਨਿਆਂ ਬਾਅਦ ਪਹਿਲੀ ਵਾਰ ਉਸ ਨੂੰ ਇਥੇ ਲਿਆਂਦਾ ਗਿਆ ਸੀ, ਜਿਸ ਦੌਰਾਨ ਸਥਾਨਕ ਅਦਾਲਤ ਨੇ ਅਗਲੀ ਪੇਸ਼ੀ 30 ਸਤੰਬਰ ਉਤੇ ਪਾਉਂਦਿਆਂ ਮੁੰਬਈ ਪੁਲਿਸ ਦੀ ਬੇਨਤੀ ਉਤੇ ਭੋਲਾ ਨੂੰ ਇਕ ਦਿਨ ਲਈ ਪਟਿਆਲਾ ਜੇਲ੍ਹ ਵਿਚ ਭੇਜ ਦਿੱਤਾ ਸੀ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਸਮਾਗਮ 6 ਨੂੰ

**ਸੈਨ ਫਰਾਂਸਿਸਕੋ (ਬਿਊਰੋ):** ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਸਬੰਧੀ ਇਕ ਸਮਾਗਮ ਇਥੇ 5 ਵੁੱਡ ਸਟਰੀਟ 'ਤੇ ਸਥਿੱਤ ਗ਼ਦਰ ਮੈਮੋਰੀਅਲ ਹਾਲ ਵਿਚ 6 ਸਤੰਬਰ ਨੂੰ ਹੋ ਰਿਹਾ ਹੈ। ਸਮਾਗਮ ਦੀ ਤਿਆਰੀ ਸਬੰਧੀ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ਼ ਨਾਰਥ ਅਮਰੀਕਾ ਦੀ ਮਦਨ ਲਾਲ ਸ਼ਰਮਾ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਸੰਸਥਾ ਦੇ ਮੈਂਬਰਾਂ ਦੀ ਰਾਏ ਸੀ ਕਿ ਸ਼ਹੀਦਾਂ ਦੇ ਜੀਵਨ ਨਾਲ ਸਬੰਧਤ ਕਿਤਾਬਾਂ ਭਾਰਤ ਤੋਂ ਮੰਗਵਾ ਕੇ ਲੋਕਾਂ ਵਿਚ ਵੰਡਣੀਆਂ ਚਾਹੀਦੀਆਂ ਹਨ।



ਇਸ ਮੌਕੇ ਸਮਾਗਮ ਦੀ ਹਾਜ਼ਰੀ ਵਧਾਉਣ ਲਈ ਜਥਿਆਂ ਦੇ ਰੂਪ ਵਿਚ ਸਮਾਗਮ ਵਾਲੀ ਥਾਂ ਪੁੱਜਣ ਦਾ ਫੈਸਲਾ ਕੀਤਾ ਗਿਆ। ਇਸ ਤਹਿਤ ਗੁਲਿੰਦਰ ਗਿੱਲ, ਮਦਨ ਲਾਲ ਸ਼ਰਮਾ, ਤੇਜਪਾਲ ਸਿੰਘ, ਚਰਨ ਸਿੰਘ ਜੱਜ, ਸੁਖਦੇਵ ਸਿੰਘ ਗਿੱਲ, ਜਥੇਦਾਰ ਬਲਬੀਰ ਸਿੰਘ, ਹਰਪਾਲ ਸਿੰਘ, ਪ੍ਰੋ. ਮੱਖਣ ਸਿੰਘ, ਜਨਕ ਰਾਜ, ਦਿਲਬੀਰ ਸਿੰਘ ਨਿੱਝਰ, ਅਵਤਾਰ ਸਿੰਘ ਦੁਸਾਂਝ, ਬਲਵਿੰਦਰ ਸਿੰਘ ਡੁਲਕੂ, ਗੁਰਦੀਪ ਸਿੰਘ ਬੈਂਸ, ਗਸੁਰਿੰਦਰ ਸਿੰਘ ਮੰਢਾਲੀ, ਗੁਰਦੀਪ ਸਿੰਘ ਅਣਖੀ, ਸੰਤੋਖ ਸਿੰਘ ਜੱਜ, ਸੁੱਚਾ ਸਿੰਘ ਮਾਸਟਰ, ਮਹਿੰਗਾ ਸਿੰਘ ਸਰਪੰਚ ਤੇ ਅਵਤਾਰ ਸਿੰਘ ਕਮਿਸ਼ਨਰ ਜਥੇ ਲੈ ਕੇ ਪੁੱਜਣਗੇ।

ਸਮਾਗਮ ਦਾ ਉਦਘਾਟਨ ਕੌਂਸਲ ਜਨਰਲ ਵੈਂਕਟੇਸ਼ਨ ਅਸ਼ੋਕ 12 ਵਜੇ ਸ਼ਮਾਂ ਰੌਸ਼ਨ ਕਰ ਕੇ ਕਰਨਗੇ। ਊਧਮ ਸਿੰਘ ਦੀ ਸ਼ਹੀਦੀ ਉਤੇ ਪੇਪਰ ਫਰਿਜ਼ਨੋ ਦੇ ਬੁੱਧੀਜੀਵੀ ਡਾ. ਗੁਰੂਮੇਲ ਸਿੰਘ ਸਿੱਧੂ ਪੜ੍ਹਨਗੇ। ਪ੍ਰੋ. ਐਚ.ਐਲ. ਕਪੂਰ, ਡਾ. ਹਰਦਮ ਸਿੰਘ, ਪ੍ਰਿੰ. ਵੀਰ ਰੰਧਾਵਾ ਅਤੇ ਪ੍ਰਭਦਿਆਲ ਸਿੰਘ ਰੰਧਾਵਾ ਸ਼ਹੀਦ ਊਧਮ ਸਿੰਘ ਸਬੰਧੀ ਵਿਚਾਰ ਰੱਖਣਗੇ। ਦੇਸ਼ ਪਿਆਰ ਦੇ ਗੀਤ ਅਨੂਪ ਸਿੰਘ ਚੀਮਾ ਸੰਗੀਤ ਗਰੁੂਪ ਕੈਲੀਫੋਰਨੀਆ, ਜੀਵਨ ਰੱਤੂ, ਪੰਮੀ ਮਾਨ ਅਤੇ ਗੋਗੀ ਸੰਧੂ ਪੇਸ਼ ਕਰਨਗੇ। ਇਸ ਮੌਕੇ ਕਿਤਾਬਾਂ ਦਾ ਸਟਾਲ ਵੀ ਲਾਇਆ ਜਾਵੇਗਾ ਜਿਸ ਵਿਚ ਇਹ ਕਿਤਾਬਾਂ ਮਿਲ ਸਕਣਗੀਆਂ: ਦਿ ਸਟਰਗਲ ਫਾਰ ਅਮੈਰਿਕਨ ਸਿਟੀਜ਼ਨਸ਼ਿਪ ਐਂਡ ਪ੍ਰਾਪਰਟੀ ਓਨਰਸ਼ਿਪ (ਡਾ. ਗੁਰੂਮੇਲ ਸਿੰਘ ਸਿੱਧੂ); ਮੇਰੀ ਵ੍ਹਾਈਟ ਹਾਊਸ ਫੇਰੀ (ਚਰਨਜੀਤ ਸਿੰਘ ਪੰਨੂੰ); ਗਦਰ ਮੂਵਮੈਂਟ: ਏ ਸ਼ਾਰਟ ਹਿਸਟਰੀ (ਡਾ. ਹਰੀਸ਼ ਪੁਰੀ)।

Two Gas Stations For Sale
Chevron Gas Station
in Elk Grove (Sacramento, CA)
$850,000
Texaco Gas Station
in Sacramento, CA
$550,000
*Property on long term lease.*
Wanted 2 cashiers for night shift, will train.
Contact: Charanjit
Ph: 209-740-0347

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

Gurdip Singh Sandhu
Ph:(408) 687-1899
(408) 729-6691
Fax:(408)292-6200
EX Member:
The California Homeopathic Society
National Center For Homeopathy- USA
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :Radio Sets (CA, WA, NV)
Dial in 832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਕੇਂਦਰ ਕੋਲੋਂ ਪੈਸਾ ਕਢਵਾਉਣ ਲਈ ਸਰਗਰਮ ਹੋਏ ਬਾਦਲ

**ਨਵੀਂ ਦਿੱਲੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਨ੍ਹੀਂ ਦਿਨੀਂ ਪੰਜਾਬ ਨੂੰ ਆਰਥਿਕ ਪੈਕੇਜ ਤੇ ਵੱਖ-ਵੱਖ ਪ੍ਰੋਜੈਕਟਾਂ ਲਈ ਕੇਂਦਰ ਵੱਲੋਂ ਰੋਕਿਆ ਪੈਸਾ ਜਾਰੀ ਕਰਵਾਉਣ ਲਈ ਕਾਫੀ ਸਰਗਰਮ ਹਨ। ਸ. ਬਾਦਲ ਨੇ ਇਸ ਹਫਤੇ ਵੱਖ-ਵੱਖ ਮੰਤਰਾਲਿਆਂ ਨਾਲ ਸਬੰਧਤ ਕੇਂਦਰੀ ਵਜ਼ੀਰਾਂ ਨਾਲ ਮੁਲਾਕਾਤ ਕੀਤਾ ਹੈ।

ਮੁੱਖ ਮੰਤਰੀ ਨੇ ਰੂਪਨਗਰ ਜ਼ਿਲ੍ਹੇ ਦੇ ਨਯਾ ਨੰਗਲ ਵਿਚ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐਨ.ਐਫ.ਐਲ) ਦੇ ਪਸਾਰ ਲਈ 5500 ਕਰੋੜ ਰੁਪਏ ਦੇ ਪ੍ਰੋਜੈਕਟ ਵਿਚ ਤੇਜ਼ੀ ਲਿਆਉਣ ਲਈ ਕੇਂਦਰੀ ਖਾਦ ਤੇ ਰਸਾਇਣ ਮੰਤਰਾਲੇ ਕੋਲੋਂ ਉਸਦੇ ਹਿੱਸੇ ਦੇ 1300 ਕਰੋੜ ਰੁਪਏ ਤੁਰੰਤ ਜਾਰੀ ਕਰਾਉਣ ਲਈ ਵਿਤ ਮੰਤਰੀ ਅਰੁਣ ਜੇਤਲੀ ਨੂੰ ਦਖਲ ਦੇਣ ਦੀ ਅਪੀਲ ਕੀਤੀ ਹੈ। ਇਹ ਸਮਰਥਾ ਇਸ ਵੇਲੇ ਪੰਜ ਲੱਖ ਟਨ ਹੈ ਤੇ ਇਹ ਵਧਾ ਕੇ 15 ਲੱਖ ਟਨ ਕੀਤੀ ਜਾਣੀ ਹੈ। ਉਨ੍ਹਾਂ ਕੇਂਦਰੀ ਮੰਤਰੀ ਨੂੰ 1300 ਕਰੋੜ ਰੁਪਏ ਦੀ ਯਕਮੁਸ਼ਤ ਗਰਾਂਟ ਛੇਤੀ ਮੁਹੱਈਆ ਕਰਵਾਉਣ ਲਈ ਜ਼ੋਰ ਪਾਇਆ।

ਮੁੱਖ ਮੰਤਰੀ ਨੇ ਅੰਮ੍ਰਿਤਸਰ, ਤਰਨਤਾਰਨ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚੋਂ ਲੰਘਦੀ ਅੱਪਰ ਬਾਰੀ ਦੋਆਬ ਨਹਿਰ (ਯੂ.ਬੀ.ਡੀ.ਸੀ) ਦੀ ਸੁਰਜੀਤੀ ਵਾਸਤੇ 1375 ਕਰੋੜ ਰੁਪਏ ਦੇ ਵਿਸ਼ੇਸ਼



ਫੰਡ ਜਾਰੀ ਕਰਨ ਲਈ ਆਖਿਆ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਇਸ ਪ੍ਰੋਜੈਕਟ ਦੇ ਖਰਚੇ ਦਾ ਸਾਲ 2009 ਵਿਚ 734.46 ਕਰੋੜ ਰੁਪਏ ਦਾ ਅਨੁਮਾਨ ਲਾਇਆ ਗਿਆ ਸੀ ਤੇ ਯੋਜਨਾ ਕਮਿਸ਼ਨ ਨੇ ਫਰਵਰੀ 2011 ਵਿਚ ਨੂੰ ਹਰੀ ਝੰਡੀ ਦੇ ਦਿੱਤੀ ਸੀ ਪਰ ਸਮੇਂ ਸਿਰ ਫੰਡ ਜਾਰੀ ਨਾ ਹੋਣ ਕਾਰਨ ਇਸ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਸੂਬੇ ਵਿਚ ਮੱਛੀ ਪਾਲਣ ਨੂੰ ਬੜ੍ਹਾਵਾ ਦੇਣ ਵਾਸਤੇ ਮੁੱਖ ਮੰਤਰੀ ਨੇ ਸ੍ਰੀ ਰਾਧਾ ਮੋਹਨ ਸਿੰਘ ਨੂੰ ਬਠਿੰਡਾ ਦੇ ਜੋਧਪੁਰ ਰੋਮਾਣਾ ਪਿੰਡ ਵਿਖੇ ਖੇਤਰੀ ਖੋਜ ਕੇਂਦਰ ਸਥਾਪਤ ਕਰਨ ਦੇ ਪ੍ਰਸਤਾਵ ਵਿਚ ਵੀ ਤੇਜ਼ੀ ਲਿਆਉਣ ਲਈ ਆਖਿਆ ਹੈ। ਉਨ੍ਹਾਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਪੰਜਾਬ ਦੇ ਦੱਖਣ ਪੱਛਮੀ ਜ਼ਿਲ੍ਹਿਆਂ ਦੇ ਸੇਮ ਨਾਲ ਪ੍ਰਭਾਵਿਤ ਇਲਾਕਿਆਂ ਵਿਚ 'ਮਿਸ਼ਨ ਮੋਡ ਪ੍ਰੋਜੈਕਟ' ਸ਼ੁਰੂ ਕਰਨ ਲਈ ਪ੍ਰਵਾਨਗੀ ਦੇਣ ਵਾਸਤੇ ਆਖਿਆ।

## ਕ੍ਰਿਸ਼ੀ ਵਿਕਾਸ ਯੋਜਨਾ ਮੁੜ ਸੁਰਜੀਤ ਕਰਨ ਉਤੇ ਜ਼ੋਰ

**ਨਵੀਂ ਦਿੱਲੀ:** ਮੁੱਖ ਮੰਤਰੀ ਨੇ ਕੇਂਦਰੀ ਸਪਾਂਸਰ ਸਕੀਮ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ) ਨੂੰ 100 ਫੀਸਦੀ ਫੰਡਾਂ ਦੇ ਅਧਾਰ ਉਤੇ ਹੀ ਜਾਰੀ ਰੱਖਣ ਤੇ ਰਾਸ਼ਟਰੀ ਸਿਹਤ ਮਿਸ਼ਨ, ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਵਰਗੀਆਂ ਹੋਰ ਸਕੀਮਾਂ ਦੀ ਹਿੱਸੇਪੱਤੀ ਵਾਲਾ ਮੌਜੂਦਾ ਢੰਗ ਤਰੀਕਾ ਜਾਰੀ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਇਹ ਵਿਚਾਰ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨਾਲ ਮੀਟਿੰਗ ਦੌਰਾਨ ਪ੍ਰਗਟ ਕੀਤੇ। ਸ. ਬਾਦਲ ਨੇ ਦੱਸਿਆ ਕਿ 14ਵੇਂ ਵਿੱਤ ਕਮਿਸ਼ਨ ਨੇ ਕਰਾਂ ਵਿਚੋਂ 40 ਫੀਸਦੀ ਹਿੱਸਾ ਦੇਣ ਦੀ ਸਿਫਾਰਸ਼ ਕੀਤੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਦੇ ਸਮੇਂ ਆਰ.ਕੇ.ਵੀ.ਵਾਈ ਸਣੇ ਕੇਂਦਰੀ ਸਪਾਂਸਰ 20 ਮਹੱਤਵਪੂਰਨ ਸਕੀਮਾਂ ਦੀ ਸ਼ਨਾਖ਼ਤ ਕੀਤੀ ਹੈ ਜਿਸ ਦੇ ਅਨੁਸਾਰ ਆਰ.ਕੇ.ਵੀ.ਵਾਈ ਵਿਚ 50:50 ਦੀ ਹਿੱਸੇਦਾਰੀ ਦਾ ਪ੍ਰਸਤਾਵ ਕੀਤਾ।

## ਗੁਰੂ ਗੋਬਿੰਦ ਸਿੰਘ ਮਾਰਗ ਨੂੰ ਰਾਸ਼ਟਰੀ ਮਾਰਗ ਐਲਾਨੇ ਕੇਂਦਰ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਆਨੰਦਪੁਰ ਸਾਹਿਬ-ਤਲਵੰਡੀ ਸਾਬੋ-ਨਾਂਦੇੜ ਨੂੰ ਜੋੜਨ ਵਾਲੇ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਰਾਸ਼ਟਰੀ ਮਾਰਗ ਐਲਾਨਣ ਦੇ ਨਾਲ-ਨਾਲ 1775 ਕਿਲੋਮੀਟਰ ਇਸ ਸੜਕ ਨੂੰ ਪਹਿਲ ਦੇ ਅਧਾਰ ਉਤੇ ਚਾਰ ਮਾਰਗੀ ਬਣਾਉਣ ਦੀ ਕੇਂਦਰੀ ਸੜਕ ਟਰਾਂਸਪੋਰਟ ਤੇ ਹਾਈਵੇਅ ਮੰਤਰੀ ਨਿਤਿਨ ਗਡਕਰੀ ਨੂੰ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਇਹ ਮੁੱਦਾ ਗਡਕਰੀ ਦੇ ਨਾਲ ਉਨ੍ਹਾਂ ਦੇ ਸਰਕਾਰੀ ਨਿਵਾਸ ਸਥਾਨ ਉਤੇ ਮੀਟਿੰਗ ਦੌਰਾਨ ਉਠਾਇਆ। ਮੁੱਖ ਮੰਤਰੀ ਨੇ ਗਡਕਰੀ ਨੂੰ ਦੱਸਿਆ ਕਿ ਇਸ ਮਾਰਗ ਦੇ 1294.35 ਕਿਲੋਮੀਟਰ ਹਿੱਸੇ ਨੂੰ ਪਹਿਲਾਂ ਹੀ ਕੌਮੀ ਮਾਰਗ ਐਲਾਨਿਆ ਗਿਆ ਹੈ ਤੇ ਮਾਰਗ ਦੇ ਬਚਦੇ 1786.12 ਕਿਲੋਮੀਟਰ ਹਿੱਸੇ ਨੂੰ ਵੀ ਰਾਸ਼ਟਰੀ ਮਾਰਗ ਐਲਾਨਿਆ ਜਾਵੇ।

# ਇਤਾਲਵੀ ਜਲ ਸੈਨਿਕਾਂ ਦੇ ਮਾਮਲੇ ਦੀ ਸੁਣਵਾਈ ਮੁਲਤਵੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਤਾਲਵੀ ਜਲ ਸੈਨਿਕਾਂ ਦੇ ਕੇਸ ਦੀ ਸੁਣਵਾਈ ਉਸ ਸਮੇਂ ਤੱਕ ਲਈ ਮੁਲਤਵੀ ਕਰ ਦਿੱਤੀ ਜਦੋਂ ਤੱਕ ਸੰਯੁਕਤ ਰਾਸ਼ਟਰ ਦੇ ਕੌਮਾਂਤਰੀ ਟ੍ਰਿਬਿਊਨਲ ਵੱਲੋਂ ਇਸ ਬਾਰੇ ਕੋਈ ਫੈਸਲਾ ਨਹੀਂ ਆ ਜਾਂਦਾ। ਬੈਂਚ ਨੂੰ ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸਾਲੀਸਿਟਰ ਜਨਰਲ ਪੀ.ਐਸ. ਨਰਸਿਮਹਾ ਨੇ ਦੱਸਿਆ ਕਿ ਸਮੁੰਦਰੀ ਪਾਣੀਆਂ ਦੇ ਕਾਨੂੰਨ ਬਾਰੇ ਕੌਮਾਂਤਰੀ ਟ੍ਰਿਬਿਊਨਲ ਨੇ ਦੋਹਾਂ ਜਲ ਸੈਨਿਕਾਂ ਖਿਲਾਫ ਚੱਲ ਰਹੇ ਸਾਰੇ ਅਦਾਲਤੀ ਕੇਸਾਂ ਉਤੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀ ਹੈ। ਅਦਾਲਤ ਦੇ ਬਾਹਰ ਉਨ੍ਹਾਂ ਦੱਸਿਆ ਕਿ ਕੇਂਦਰ ਇਸ ਕੇਸ ਦੀ ਸੁਣਵਾਈ ਦੌਰਾਨ ਆਪਣਾ ਪੱਖ ਰੱਖੇਗਾ ਤੇ ਇਟਲੀ ਦੀਆਂ ਦਲੀਲਾਂ ਦਾ ਵਿਰੋਧ ਕਰੇਗਾ। ਬੈਂਚ ਨੇ ਕੇਸ ਦੀ ਸੁਣਵਾਈ ਅਗਲੇ ਸਾਲ 13 ਜਨਵਰੀ ਲਈ ਨਿਰਧਾਰਤ ਕਰ ਦਿੱਤੀ ਹੈ।

# ਜਥੇਦਾਰ ਵੱਲੋਂ ਬਾਦਲ ਤੋਂ ਖਿਤਾਬ ਵਾਪਸ ਲੈਣ ਤੋਂ ਨਾਂਹ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ 'ਫ਼ਖ਼ਰ-ਏ-ਕੌਮ' ਦਾ ਖਿਤਾਬ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਇਸ ਪੁਰਸਕਾਰ ਬਾਰੇ ਪੰਜ ਸਿੰਘ ਸਾਹਿਬਾਨ ਵੱਲੋਂ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਸੀ, ਜਿਸ ਕਰਕੇ ਹੁਣ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਦੱਸਣਯੋਗ ਹੈ ਕਿ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਗਈ ਸੰਘਰਸ਼ ਕਮੇਟੀ ਦੇ ਆਗੂਆਂ ਨੇ ਬੀਤੇ ਦਿਨ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਸੀ ਕਿ ਸ. ਬਾਦਲ ਤੋਂ ਖਿਤਾਬ ਵਾਪਸ ਲਿਆ ਜਾਵੇ ਕਿਉਂਕਿ ਬਾਦਲ ਦੇ ਰਾਜ ਵੇਲੇ ਹੀ ਪੰਥ ਦਾ ਸਭ ਤੋਂ ਵਧੇਰੇ ਨੁਕਸਾਨ ਹੋਇਆ ਹੈ। ਮੰਗ ਪੱਤਰ ਲੈਣ ਮਗਰੋਂ ਗਿਆਨੀ ਗੁਰਬਚਨ ਸਿੰਘ ਨੇ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਦਾ ਭਰੋਸਾ ਦਿੱਤਾ ਸੀ। ਕਮੇਟੀ ਆਗੂਆਂ ਨੇ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦਾ ਮਾਮਲਾ ਵੀ ਹੱਲ ਕਰਨ ਦੀ ਅਪੀਲ ਕੀਤੀ ਸੀ। ਜਥੇਦਾਰ ਨੇ ਆਖਿਆ ਹੈ ਕਿ ਸ. ਬਾਦਲ ਨੂੰ ਦਿੱਤਾ ਖਿਤਾਬ ਵਾਪਸ ਨਹੀਂ ਲਿਆ ਜਾ ਸਕਦਾ ਕਿਉਂਕਿ ਇਹ ਖਿਤਾਬ ਸਿਰਫ ਅਕਾਲ ਤਖ਼ਤ ਵੱਲੋਂ ਨਹੀਂ ਸਗੋਂ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਵੱਲੋਂ ਸਰਬਸੰਮਤੀ ਨਾਲ ਫੈਸਲਾ ਕਰਕੇ ਦਿੱਤਾ ਗਿਆ ਸੀ।

# ਮੁਹਾਲੀ ਦੇ ਮੇਅਰ ਦੀ ਚੋਣ ਵਿਚ ਅਕਾਲੀ ਹੋਏ ਚਿੱਤ

**ਮੁਹਾਲੀ:** ਮੁਹਾਲੀ ਦੇ ਮੇਅਰ ਦੀ ਚੋਣ ਵਿਚ ਅਕਾਲੀ ਦਲ ਨੂੰ ਮੂੰਹ ਦੀ ਖਾਣੀ ਪਈ ਹੈ। ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਇਸ ਚੋਣ ਪ੍ਰਕਿਰਿਆ ਨੂੰ ਨੇਪਰੇ ਚੜ੍ਹਾਉਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਚੋਣ ਸ਼ੁਰੂ ਹੋਈ ਤਾਂ ਅਕਾਲੀ ਦਲ ਤੇ ਬੀ.ਜੇ.ਪੀ. ਨੇ ਬਾਈਕਾਟ ਕਰ ਦਿੱਤਾ। ਅਜਿਹੇ ਵਿਚ ਕਾਂਗਰਸ ਨੇ ਆਜ਼ਾਦ ਉਮੀਦਵਾਰ ਕੁਲਵੰਤ ਸਿੰਘ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ, ਤੇ ਆਜ਼ਾਦ ਉਮੀਦਵਾਰ ਕੁਲਵੰਤ ਸਿੰਘ ਨਗਰ ਨਿਗਮ ਦੇ ਮੇਅਰ ਬਣ ਗਏ। ਪ੍ਰਸ਼ਾਸਨ ਨੇ ਹਾਈਕੋਰਟ ਦੇ ਆਦੇਸ਼ਾਂ ਤੋਂ ਬਾਅਦ ਇਸ ਚੋਣ ਪ੍ਰਕਿਰਿਆ ਦੌਰਾਨ ਵੀਡੀਓਗ੍ਰਾਫੀ ਵੀ ਕਰਵਾਈ। ਜਿਸ ਜਗ੍ਹਾ ਇਹ ਚੋਣ ਹੋਣੀ ਹੈ ਉਸ ਦੇ 500 ਮੀਟਰ ਘੇਰੇ ਦੇ ਅੰਦਰ ਧਾਰਾ 144 ਲਗਾਈ ਗਈ ਸੀ, ਤਾਂ ਕਿ ਚੋਣ ਅਮਨ ਅਮਾਨ ਨਾਲ ਨੇਪਰੇ ਚੜ੍ਹਾਈ ਜਾ ਸਕੇ। ਕੁਲਵੰਤ ਸਿੰਘ ਨੇ ਅਕਾਲੀ ਦਲ ਤੋਂ ਬਾਗੀ ਹੋ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ।

ਅਕਾਲੀ-ਭਾਜਪਾ ਦੇ 23 ਕੌਂਸਲਰਾਂ ਵੱਲੋਂ ਚੋਣ ਮੀਟਿੰਗ ਦਾ ਬਾਈਕਾਟ ਕੀਤਾ ਗਿਆ ਹਾਲਾਂਕਿ ਕੁਲਵੰਤ ਸਿੰਘ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਸਾਥੀਆਂ ਵਿਚ ਗਿਣੇ ਜਾਂਦੇ ਹਨ ਪਰ ਸਥਾਨਕ ਅਕਾਲੀ ਲੀਡਰਸ਼ਿਪ ਦੀ ਅਣਦੇਖੀ ਦਾ ਸ਼ਿਕਾਰ ਹੋਏ ਕੁਲਵੰਤ ਸਿੰਘ ਨੇ ਐਤਕੀਂ ਬਾਗੀ ਹੋ ਕੇ ਆਜ਼ਾਦ ਗਰੁੱਪ ਦੇ ਬੈਨਰ ਹੇਠ ਚੋਣ ਲੜੀ। ਉਨ੍ਹਾਂ ਕੋਲ ਸਿਰਫ 10 ਕੌਂਸਲਰ ਸਨ ਪਰ ਬਾਅਦ ਵਿਚ ਉਨ੍ਹਾਂ ਨੇ ਟਕਸਾਲੀ ਅਕਾਲੀ ਪਰਿਵਾਰਾਂ ਨਾਲ ਸਬੰਧਤ ਦੋ ਆਜ਼ਾਦ ਕੌਂਸਲਰਾਂ ਮਨਜੀਤ ਸਿੰਘ



ਸੇਠੀ ਤੇ ਬੀਬੀ ਹਰਵਿੰਦਰ ਕੌਰ ਲੰਗ ਨੂੰ ਵੀ ਆਪਣੇ ਨਾਲ ਜੋੜ ਲਿਆ ਸੀ। ਇਸ ਦੌਰਾਨ ਵਿਧਾਇਕ ਬਲਬੀਰ ਸਿੰਘ ਸਿੱਧੂ ਵੱਲੋਂ ਅਕਾਲੀਆਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ (ਕੁਲਵੰਤ) ਨੂੰ ਬਿਨਾਂ ਸ਼ਰਤ ਸਮਰਥਨ ਦਿੱਤਾ ਗਿਆ। ਸੱਤਾਧਾਰੀ ਗੱਠਜੋੜ ਕੋਲ ਆਪਣਾ ਮੇਅਰ ਬਣਾਉਣ ਲਈ ਕੌਂਸਲਰ ਪੂਰੇ ਨਹੀਂ ਸਨ। ਅਕਾਲੀ ਦਲ ਦੇ 17 ਤੇ ਭਾਜਪਾ ਦੇ ਛੇ ਕੌਂਸਲਰ ਚੋਣ ਜਿੱਤੇ ਸਨ। ਇੰਜ ਹਾਕਮਾਂ ਕੋਲ ਸਿਰਫ 23 ਮੈਂਬਰ ਸਨ ਜਦੋਂਕਿ ਮੇਅਰ ਲਈ ਘੱਟੋ-ਘੱਟ 26-27 ਕੌਂਸਲਰ ਚਾਹੀਦੇ ਸਨ। ਦੂਜੇ ਪਾਸੇ ਕਾਂਗਰਸ ਦੇ 14 ਤੇ ਆਜ਼ਾਦ ਗਰੁੱਪ ਦੇ 10 ਮੈਂਬਰ ਸਨ। ਦੋ ਹੋਰ ਆਜ਼ਾਦ ਉਮੀਦਵਾਰਾਂ ਮਨਜੀਤ ਸਿੰਘ ਸੇਠੀ ਤੇ ਹਰਵਿੰਦਰ ਕੌਰ ਲੰਗ ਵੀ ਚੋਣ ਜਿੱਤੇ ਸਨ, ਹਾਲਾਂਕਿ ਇਹ ਦੋਵੇਂ ਮੈਂਬਰ ਟਕਸਾਲੀ ਅਕਾਲੀ ਪਰਿਵਾਰ ਨਾਲ ਸਬੰਧਤ ਹਨ ਪਰ ਲੀਡਰਸ਼ਿਪ ਦੀ ਅਣਦੇਖੀ ਦਾ ਸ਼ਿਕਾਰ ਇਹ ਦੋਵੇਂ ਵੀ ਮੇਅਰ ਦੀ ਚੋਣ ਲਈ ਵਿਰੋਧੀ ਧਿਰ ਨਾਲ ਜੁੜ ਗਏ।

## ਜੇ ਦਿੱਲੀ 'ਚ ਨੇਪਾਲ ਵਰਗਾ ਭੂਚਾਲ ਆਇਆ...

**ਨਵੀਂ ਦਿੱਲੀ:** ਨੇਪਾਲ ਜਿਹਾ ਭੂਚਾਲ ਦਿੱਲੀ ਵਿਚ ਆਉਣ 'ਤੇ ਸ਼ਹਿਰ ਦੇ 90 ਫੀਸਦੀ ਲੋਕ ਮਾਰੇ ਜਾ ਸਕਦੇ ਹਨ, ਇਸ ਰਿਪੋਰਟ ਨੂੰ ਗੰਭੀਰਤਾ ਨਾਲ ਲੈਂਦਿਆਂ ਦਿੱਲੀ ਹਾਈਕੋਰਟ ਨੇ ਕੇਂਦਰ, ਦਿੱਲੀ ਸਰਕਾਰ ਤੇ ਨਗਰ ਨਿਗਮਾਂ ਦੀ ਖਿਚਾਈ ਕੀਤੀ ਹੈ।

ਅਦਾਲਤ ਨੇ ਕਿਹਾ ਕਿ ਇਹ ਸਭ ਆਫਤ ਦੀ ਉਡੀਕ ਕਰ ਰਹੇ ਹਨ ਕਿਉਂਕਿ ਰਾਜਧਾਨੀ ਦੀਆਂ ਸਿਰਫ 10-15 ਫੀਸਦੀ ਇਮਾਰਤਾਂ ਹੀ ਨਿਰਮਾਣ ਦੇ ਨਿਯਮਾਂ ਅਨੁਸਾਰ ਬਣੀਆਂ ਹੋਈਆਂ ਹਨ। ਬੈਂਚ ਨੇ ਇਕ ਹਲਫ਼ਨਾਮੇ ਦੇ ਆਧਾਰ ਉਤੇ ਖੁਲਾਸਾ ਕੀਤਾ ਕਿ ਦਿੱਲੀ ਨਗਰ ਨਿਗਮ ਦੀਆਂ ਸਿਰਫ 25 ਫੀਸਦੀ ਇਮਾਰਤਾਂ ਹੀ ਨਿਯਮਤ ਢੰਗ ਨਾਲ ਬਣੀਆਂ ਹਨ ਤੇ 75 ਫੀਸਦੀ ਇਮਾਰਤਾਂ ਲੋਕਾਂ ਨੇ ਆਪਣੀ ਮਨਮਰਜ਼ੀ ਨਾਲ ਹੀ ਬਣਾਈਆਂ ਹੋਈਆਂ ਹਨ।

ਅਦਾਲਤ ਨੇ ਅੱਗੇ ਕਿਹਾ ਕਿ 25 ਫੀਸਦੀ ਲੋਕ ਵੀ ਅੱਗੇ ਮਕਾਨ ਬਣਾਉਂਦੇ ਸਮੇਂ ਕਾਨੂੰਨ ਤੇ ਨਿਯਮਾਂ ਨੂੰ ਅਣਡਿੱਠ ਕਰਦੇ ਹਨ।

# ਅਫਗਾਨਿਸਤਾਨ ਵਿਚ ਅਮਰੀਕੀ ਨਾਗਰਿਕਾਂ ਨੂੰ ਕੀਤਾ ਚੌਕਸ

**ਕਾਬੁਲ:** ਅਮਰੀਕਾ ਨੇ ਅਫ਼ਗਾਨਿਸਤਾਨ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਨਾਗਰਿਕਾਂ ਲਈ ਅਲਰਟ ਜਾਰੀ ਕੀਤਾ ਹੈ। ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਤੁਰਤ ਅਫ਼ਗਾਨਿਸਤਾਨ ਛੱਡਣ ਦੀ ਸਲਾਹ ਦਿੱਤੀ ਹੈ।

ਕਾਬੁਲ ਸਥਿਤ ਅਮਰੀਕਨ ਐਂਬੈਸੀ ਵੱਲੋਂ ਜਾਰੀ ਨਿਰਦੇਸ਼ ਵਿਚ ਆਖਿਆ ਗਿਆ ਹੈ ਕਿ ਅਫ਼ਗਾਨਿਸਤਾਨ ਦੀ ਸੁਰੱਖਿਆ ਸਥਿਤੀ ਬੇਹੱਦ ਅਸਥਿਰ ਹੈ ਤੇ ਇਥੇ ਅਮਰੀਕੀ ਨਾਗਰਿਕਾਂ ਦੀ ਜਾਨ ਨੂੰ ਖ਼ਤਰਾ ਹੈ। ਇਸ ਦੇ ਨਾਲ ਹੀ ਅਮਰੀਕਨ ਐਂਬੈਸੀ ਦੇ ਸਟਾਫ ਨੇ ਵੀ ਹਾਲਤ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀਆਂ ਗਤੀਵਿਧੀਆਂ ਘਟਾ ਦਿੱਤੀਆਂ ਹਨ। ਅਮਰੀਕਨ ਖੁਫ਼ੀਆ ਏਜੰਸੀਆਂ ਨੂੰ ਜਾਣਕਾਰੀ ਮਿਲੀ ਹੈ ਕਿ ਤਾਲਿਬਾਨ ਇਸ ਮਹੀਨੇ ਅਮਰੀਕੀ ਨਾਗਰਿਕਾਂ ਉਤੇ ਹਮਲਾ ਕਰ ਸਕਦਾ ਹੈ। ਦੂਜੇ ਪਾਸੇ ਪਾਕਿਸਤਾਨ ਨੇ ਵੀ ਕਾਬੁਲ ਸਥਿਤ ਆਪਣੇ ਦੂਤਘਰ ਦੇ ਕਰਮਚਾਰੀਆਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ।

# ਅੰਮ੍ਰਿਤਸਰ ਸਣੇ ਪੰਜਾਬ ਦੇ ਤਿੰਨ ਸ਼ਹਿਰ ਬਣਨਗੇ ਸਮਾਰਟ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਦੇਸ਼ ਦੇ 98 ਸਮਾਰਟ ਸਿਟੀ ਚੁਣ ਕੇ ਉਨ੍ਹਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਸੂਚੀ ਵਿਚ ਪੰਜਾਬ ਦੇ ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਸ਼ਹਿਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਨੂੰ ਵੀ ਸੂਚੀ ਵਿਚ ਥਾਂ ਮਿਲੀ ਹੈ। ਉਂਜ ਸਾਰੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਸ ਸੂਚੀ ਸ਼ਾਮਲ ਕੀਤਾ ਗਿਆ ਹੈ। ਹਰਿਆਣਾ ਦੇ ਫਰੀਦਾਬਾਦ ਤੇ ਕਰਨਾਲ ਸ਼ਹਿਰਾਂ ਨੂੰ ਇਸ ਸੂਚੀ ਵਿਚ ਥਾਂ ਦਿੱਤੀ ਗਈ ਹੈ। ਦਿੱਲੀ ਦਾ ਨਵੀਂ ਦਿੱਲੀ ਨਗਰ ਪ੍ਰੀਸ਼ਦ ਖੇਤਰ ਇਸ ਸੂਚੀ ਵਿਚ ਲਿਆ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ ਦੀ ਯੋਜਨਾ ਪਿਛਲੇ ਮਹੀਨਿਆਂ ਦੌਰਾਨ ਐਲਾਨੀ ਸੀ ਤੇ ਇਨ੍ਹਾਂ ਨੂੰ 48 ਹਜ਼ਾਰ ਕਰੋੜ ਰੁਪਏ ਵਿਕਾਸ ਕਾਰਜਾਂ ਲਈ ਵੱਖਰੇ ਤੌਰ ਉਤੇ ਦਿੱਤੇ ਜਾਣਗੇ। ਇਸ ਸੂਚੀ ਲਈ ਜੰਮੂ-ਕਸ਼ਮੀਰ ਤੇ ਉੱਤਰ ਪ੍ਰਦੇਸ਼ ਨੇ ਅਜੇ ਆਪਣਾ ਇਕ-ਇਕ ਸ਼ਹਿਰ ਸ਼ਾਮਲ ਕਰਨਾ ਹੈ। ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ, ਜਿਸ ਦੀ ਆਬਾਦੀ 16,18,879 ਹੈ, ਨੂੰ ਸ਼ਾਮਲ ਕੀਤਾ ਗਿਆ ਹੈ। ਸਿਫ਼ਤੀ ਦਾ ਘਰ



ਅੰਮ੍ਰਿਤਸਰ (ਆਬਾਦੀ 11,55,664) ਤੇ ਜਲੰਧਰ (ਆਬਾਦੀ 8,68,181) ਵੀ ਇਸ ਸੂਚੀ ਵਿਚ ਸ਼ਾਮਲ ਹਨ। ਸੂਚੀ ਵਿਚ ਆਪਣੀ ਥਾਂ ਬਣਾਉਣ ਵਾਲੇ ਸ਼ਹਿਰਾਂ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਚੋਣ ਹਲਕੇ ਵਾਰਾਨਸੀ ਤੋਂ ਇਲਾਵਾ ਗੁਜਰਾਤ ਦੇ ਗਾਂਧੀਨਗਰ, ਅਹਿਮਦਾਬਾਦ, ਗ੍ਰੇਟਰ ਮੁੰਬਈ, ਚੇਨਈ, ਦਿੱਲੀ ਤੇ ਹਰਿਆਣਾ ਦੇ ਫ਼ਰੀਦਾਬਾਦ ਤੇ ਕਰਨਾਲ ਦੇ ਨਾਂ ਸ਼ਾਮਲ ਹਨ। ਮੁੰਬਈ, ਬੈਂਗਲੂਰ ਤੇ ਪਟਨਾ ਸਮਾਰਟ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਨਹੀਂ। ਸੂਚੀ ਵਿਚ ਜੰਮੂ-ਕਸ਼ਮੀਰ ਤੋਂ ਇਲਾਵਾ ਹਰ ਰਾਜ ਦੇ ਸ਼ਹਿਰ ਸ਼ਾਮਲ ਹਨ। ਉੱਤਰ ਪ੍ਰਦੇਸ਼ ਦੇ ਸਭ ਤੋਂ ਵੱਧ 13 ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਇਆ ਜਾਏਗਾ। 100 ਸਮਾਰਟ ਸਿਟੀਜ਼ ਉਤੇ ਅਗਲੇ ਪੰਜ ਸਾਲਾਂ ਵਿਚ 48000 ਕਰੋੜ ਰੁਪਏ ਖਰਚ ਕੀਤੇ ਜਾਣਗੇ। ਪਹਿਲੇ ਪੜਾਅ ਵਿਚ 20 ਸਮਾਰਟ ਸਿਟੀ ਤੇ ਦੂਜੇ ਪੜਾਅ ਵਿਚ 80 ਸਮਾਰਟ ਸਿਟੀਜ਼ ਦਾ ਨਿਰਮਾਣ ਕੀਤਾ ਜਾਵੇਗਾ।

ਸਮਾਰਟ ਸਿਟੀ ਦੀ ਉਸਾਰੀ ਵਿਚ ਸੂਬੇ ਤੇ ਸ਼ਹਿਰੀ ਅਥਾਰਟੀ ਦੀ 50-50 ਫ਼ੀਸਦੀ ਹਿੱਸੇਦਾਰੀ ਹੋਏਗੀ। ਸਰਕਾਰ ਵੱਲੋਂ ਇਸ ਵਿਚ ਨਿੱਜੀ ਖੇਤਰ ਨੂੰ ਹੀ ਲਿਆਂਦਾ ਜਾ ਸਕਦਾ ਹੈ। ਕੇਂਦਰ ਸਰਕਾਰ ਨੇ 25 ਜੂਨ ਨੂੰ ਸਮਾਰਟ ਸਿਟੀ ਲਈ ਸੇਧਾਂ ਜਾਰੀ ਕੀਤੀਆਂ ਸਨ, ਜਿਸ ਤੋਂ ਬਾਅਦ ਸ਼ਹਿਰਾਂ ਦੀ ਚੋਣ ਪ੍ਰਤੀਯੋਗਤਾ ਦੇ ਆਧਾਰ ਉਤੇ ਕੀਤੀ ਗਈ ਸੀ। ਇਸ ਸਾਲ ਹਰ ਸ਼ਹਿਰ ਨੂੰ 200 ਕਰੋੜ ਰੁਪਏ ਮਿਲਣਗੇ ਜਦ ਕਿ ਬਾਕੀ ਚਾਰ ਸਾਲਾਂ ਵਿਚ 100-100 ਕਰੋੜ ਰੁਪਏ ਮਿਲਣਗੇ। ਸਮਾਰਟ ਸਿਟੀ ਲਈ ਚੁਣੇ 98 ਸ਼ਹਿਰਾਂ ਵਿਚੋਂ 24 ਰਾਜਧਾਨੀਆਂ, 24 ਹੋਰ ਵਪਾਰਕ ਤੇ ਸਨਅਤੀ ਕੇਂਦਰ ਹਨ, 18 ਸਭਿਆਚਾਰਕ ਤੇ ਸੈਰ ਸਪਾਟਾ ਮਹੱਤਵ, ਪੰਜ ਬੰਦਰਗਾਹਾਂ ਵਾਲੇ ਸ਼ਹਿਰ ਅਤੇ ਤਿੰਨ ਸਿੱਖਿਆ ਤੇ ਸਿਹਤ ਸੰਭਾਲ ਦੇ ਕੇਂਦਰ ਵਾਲੇ ਸ਼ਹਿਰ ਹਨ।

# ਰੱਖੜ ਪੁੰਨਿਆ ਮੌਕੇ ਸਿਆਸੀ ਧਿਰਾਂ ਵੱਲੋਂ ਮਿਸ਼ਨ-2017 'ਤੇ ਨਿਸ਼ਾਨਾ

**ਬਾਬਾ ਬਕਾਲਾ:** ਰੱਖੜ ਪੁੰਨਿਆ ਮੌਕੇ ਹੋਈਆਂ ਸਿਆਸੀ ਕਾਨਫਰੰਸਾਂ ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ 'ਤੇ ਹੀ ਕੇਂਦਰਿਤ ਰਹੀਆਂ। ਸਾਰੀਆਂ ਸਿਆਸੀ ਧਿਰਾਂ ਨੇ ਜਿਥੇ ਇਨ੍ਹਾਂ ਚੋਣਾਂ ਵਿਚ ਜਿੱਤ ਦਾ ਦਾਅਵਾ ਕੀਤਾ ਉਥੇ ਆਪਣੇ ਵਿਰੋਧੀਆਂ ਨੂੰ ਖੁੱਲ੍ਹ ਕੇ ਰਗੜੇ ਲਾਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਵਿਰੋਧੀ ਧਿਰ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਨਿਸ਼ਾਨਾ ਬਣਾਉਂਦਿਆਂ ਦੋਸ਼ ਲਾਇਆ ਕਿ ਦੋਵੇਂ ਧਿਰਾਂ ਸਿਆਸੀ ਹਿੱਤਾਂ ਦੀ ਪੂਰਤੀ ਲਈ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ ਜਦੋਂਕਿ ਦੋਵਾਂ ਦਾ ਨਿਸ਼ਾਨਾ ਸੱਤਾ ਉਤੇ ਕਾਬਜ਼ ਹੋਣਾ ਹੈ। ਪਾਵਨ ਦਿਹਾੜੇ ਉਤੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਵੱਲੋਂ ਕੀਤੀਆਂ ਕਾਨਫਰੰਸਾਂ ਆਪਸੀ ਦੂਸ਼ਣਬਾਜ਼ੀ ਦਾ ਅਖਾੜਾ ਸਾਬਤ ਹੋਈਆਂ। ਕਾਂਗਰਸ 'ਤੇ ਵਰ੍ਹਦਿਆਂ ਸ. ਬਾਦਲ ਨੇ ਕਿਹਾ ਕਿ ਇਸ ਪਾਰਟੀ ਨੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਮੇਸ਼ਾ ਦਖ਼ਲਅੰਦਾਜ਼ੀ ਕੀਤੀ ਹੈ ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਵਤੀਰਾ ਕੀਤਾ ਹੈ। ਹੁਣ ਤੱਕ ਪੰਜਾਬ ਨੂੰ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ ਤੇ ਰਾਜਧਾਨੀ ਤੋਂ ਵਾਂਝਾ ਰੱਖਿਆ ਹੋਇਆ ਹੈ।

ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਡਾ. ਸ਼ਕੀਲ ਅਹਿਮਦ ਨੇ ਦੋਸ਼ ਲਾਇਆ ਹੈ ਕਿ ਕੇਂਦਰ ਵਿਚ ਮੋਦੀ ਪਰਿਵਾਰ ਤੇ ਪੰਜਾਬ ਵਿਚ ਬਾਦਲ ਪਰਿਵਾਰ ਨੇ ਸਾਰੇ ਕਾਰੋਬਾਰ ਆਪਣੇ ਹੱਥਾਂ ਵਿਚ ਲਏ ਹੋਏ



ਹਨ। ਇਸ ਕਾਰਨ ਆਮ ਜਨਤਾ ਭਿਖਾਰੀ ਬਣਨ ਲਈ ਮਜਬੂਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਦੇਸ਼ ਜਾਂ ਰਾਜ ਦਾ ਮਾਲਕ ਵਪਾਰੀ ਹੋਵੇ ਤਾਂ ਉਥੇ ਜਨਤਾ ਭਿਖਾਰੀ ਹੋ ਜਾਂਦੀ ਹੈ। ਅਕਾਲੀ ਆਪਣੇ ਆਪ ਨੂੰ ਸਿੱਖਾਂ ਦੀ ਹਮਦਰਦ ਤੇ ਭਾਜਪਾ ਆਪਣੇ ਆਪ ਨੂੰ ਹਿੰਦੂਆਂ ਦੀ ਪਾਰਟੀ ਆਖ ਕੇ ਲੋਕਾਂ ਨਾਲ ਧੋਖਾ ਕਰ ਰਹੀਆਂ ਹਨ। ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਸੂਬੇ ਵਿਚ ਕਿਸਾਨਾਂ ਦੀ ਕਣਕ ਦੀ ਫ਼ਸਲ ਰੁਲੀ ਹੈ ਤੇ ਝੋਨੇ ਦੀ ਫ਼ਸਲ ਖ਼ਰੀਦਣ ਬਾਰੇ ਅਜੇ ਤੱਕ ਕੇਂਦਰ ਸਰਕਾਰ ਨੇ ਕੋਈ ਫ਼ੈਸਲਾ ਨਹੀਂ ਲਿਆ ਹੈ। ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਇਕ ਮੰਚ ਉਤੇ ਇਕੱਠੀ ਨਾ ਹੋਈ ਤਾਂ ਕਦੇ ਵੀ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਹੋਂਦ ਵਿਚ ਨਹੀਂ ਆ ਸਕਦੀ। ਉਨ੍ਹਾਂ ਪੰਜਾਬ ਕਾਂਗਰਸ ਵਿਚ ਏਕਤਾ ਦੀ ਗੱਲ ਉਤੇ ਜ਼ੋਰ ਦਿੱਤਾ। ਇਸ ਮੌਕੇ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਡਰੱਗ ਕੇਸ ਵਿਚ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਸੀ.ਬੀ.ਆਈ. ਜਾਂਚ ਕਰਵਾਉਣ, ਕਿਸਾਨਾਂ ਸਿਰ ਚੜ੍ਹੇ 55000 ਕਰੋੜ ਦਾ ਕਰਜ਼ਾ ਮੁਆਫ਼ ਕਰਨ ਤੇ ਸਾਬਕਾ ਫ਼ੌਜੀਆਂ ਨੂੰ ਇਕ ਰੈਂਕ ਇਕ ਪੈਨਸ਼ਨ ਦਿਵਾਉਣ ਲਈ ਲੋਕਾਂ ਦੇ ਇਕੱਠ ਪਾਸੋਂ ਪ੍ਰਵਾਨਗੀ ਲੈ ਕੇ ਮਤੇ ਪਾਸ ਕੀਤੇ ਗਏ। ਬਿਕਰਮ ਸਿੰਘ ਮਜੀਠੀਆ ਨੇ ਵੀ ਕਾਂਗਰਸੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਤਿੱਖੇ ਰਗੜੇ ਲਾਏ।

## ਸਿਆਸੀ ਧਿਰਾਂ ਵਿਚ ਫੁੱਟ ਆਈ ਸਾਹਮਣੇ

**ਰਈਆ:** ਰੱਖੜ ਪੁੰਨਿਆ ਮੌਕੇ ਕਾਨਫਰੰਸਾਂ ਵਿਚ ਸਾਰੀਆਂ ਸਿਆਸੀ ਧਿਰਾਂ ਵਿਚ ਫੁੱਟ ਉਭਰ ਕੇ ਸਾਹਮਣੇ ਆਈ। ਕਾਂਗਰਸ ਦੀ ਕਾਨਫਰੰਸ ਦਾ ਅਹਿਮ ਪੱਖ ਕੈਪਟਨ ਅਮਰਿੰਦਰ ਸਿੰਘ ਦੀ ਗ਼ੈਰਹਾਜ਼ਰੀ ਸੀ ਹਾਲਾਂਕਿ ਉਹ ਖ਼ੁਦ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਹਨ। ਅਕਾਲੀ ਦਲ ਦੀ ਕਾਨਫਰੰਸ ਵਿਚ ਕਈ ਸੀਨੀਅਰ ਆਗੂ ਗੈਰਹਾਜ਼ਰ ਰਹੇ। ਬਾਦਲ ਪਰਿਵਾਰ ਦੇ ਰਿਸ਼ਤੇਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਅੰਮ੍ਰਿਤਸਰ ਦੱਖਣੀ ਹਲਕੇ ਤੋਂ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਸਮੇਤ ਹੋਰ ਕਈ ਆਗੂ ਨਜ਼ਰ ਨਾ ਆਏ। ਦੱਸਣਯੋਗ ਹੈ ਕਿ ਬੁਲਾਰੀਆ ਨੇ ਆਪਣੀ ਹੀ ਸਰਕਾਰ ਖਿਲਾਫ ਡੰਪ ਦੇ ਮਾਮਲੇ 'ਤੇ ਮੋਰਚਾ ਖੋਲ੍ਹਿਆ ਹੋਇਆ ਹੈ। ਅਕਾਲੀ-ਭਾਜਪਾ ਗੱਠਜੋੜ ਦੀ ਏਕਤਾ ਵੀ ਮੰਚ 'ਤੇ ਨਜ਼ਰ ਨਾ ਆਈ। ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਸਮੇਤ ਕੋਈ ਵੀ ਆਗੂ ਨਾ ਪੁੱਜਾ।

## 'ਆਪ' ਦੀਆਂ ਦੋ ਸਿਆਸੀ ਕਾਨਫਰੰਸਾਂ



**ਬਾਬਾ ਬਕਾਲਾ:** ਰੱਖੜ ਪੁੰਨਿਆ ਦੇ ਮੇਲੇ ਮੌਕੇ ਆਮ ਆਦਮੀ ਪਾਰਟੀ (ਆਪ) ਦੇ ਦੋ ਧੜਿਆਂ ਵੱਲੋਂ ਇਕ-ਦੂਜੇ ਦੇ ਬਰਾਬਰ ਵੱਖ-ਵੱਖ ਸਿਆਸੀ ਕਾਨਫਰੰਸਾਂ ਕੀਤੀਆਂ ਗਈਆਂ। ਦੋਵੇਂ ਪਾਸੇ ਪਾਰਟੀ ਦੇ ਦੋ-ਦੋ ਸੰਸਦ ਮੈਂਬਰ ਸ਼ਾਮਲ ਹੋਏ। 'ਆਪ' ਦੇ ਮੁੱਖ ਧੜੇ ਨੇ ਪੰਜਾਬ ਵਿਧਾਨ ਸਭਾ ਦੀਆਂ 2017 ਵਿਚ ਹੋਣ ਵਾਲੀਆਂ ਚੋਣਾਂ ਨੂੰ ਟੀਚਾ ਬਣਾਉਂਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸੂਬੇ ਵਿਚ ਉਨ੍ਹਾਂ ਦੀ ਸਰਕਾਰ ਬਣਾਉਣ ਲਈ ਸਹਿਯੋਗ ਦੇਣ। ਦੂਜੇ ਵਾਲੰਟੀਅਰ ਧੜੇ ਨੇ ਦਿੱਲੀ ਬੈਠੇ ਆਗੂਆਂ ਨੂੰ ਨਿਸ਼ਾਨਾ ਬਣਾਉਂਦਿਆਂ ਆਖਿਆ ਕਿ ਉਹ ਪੰਜਾਬ ਵਿਚ ਆਪਣੀ ਮਨਮਰਜ਼ੀ ਚਲਾਉਣ ਦਾ ਯਤਨ ਕਰ ਰਹੇ ਹਨ ਜੋ ਵਾਲੰਟੀਅਰਾਂ ਨੂੰ ਮਨਜ਼ੂਰ ਨਹੀਂ ਹੈ।

## ਐਤਕੀਂ ਮਾਨ ਧੜੇ ਵੱਲੋਂ ਬਾਜ਼ੀ ਮਾਰਨ ਦਾ ਦਾਅਵਾ

**ਰਈਆ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਮੇਲਾ ਰੱਖੜ ਪੁੰਨਿਆ ਮੌਕੇ ਸਿਆਸੀ ਕਾਨਫਰੰਸ ਕੀਤੀ ਗਈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਈ ਈਮਾਨ ਸਿੰਘ ਮਾਨ ਨੇ ਕਿਹਾ ਕਿ ਜੇ ਅੱਜ ਪੰਜਾਬ ਵਿਚ ਸਿੱਖਾਂ ਦੇ ਹੱਕ ਵਿਚ ਗਲ ਕਰਨ ਵਾਲਾ ਕੋਈ ਆਗੂ ਹੈ ਤਾਂ ਉਹ ਸਿਰਫ ਸਿਮਰਨਜੀਤ ਸਿੰਘ ਮਾਨ ਹਨ। ਉਨ੍ਹਾਂ ਦੀ ਅਗਵਾਈ ਹੇਠ ਸਿੱਖ ਕੌਮ ਦੀ ਚੜ੍ਹਦੀ ਕਲਾ ਤੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹਮਖ਼ਿਆਲ ਪਾਰਟੀਆਂ ਨੂੰ ਨਾਲ ਲੈ ਕੇ ਸ਼੍ਰੋਮਣੀ ਕਮੇਟੀ ਚੋਣਾਂ ਤੇ 2017 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਜਾਣਗੀਆਂ। ਲੋਕ ਦੋਵਾਂ ਵੱਡੀਆਂ ਪਾਰਟੀਆਂ ਅਕਾਲੀ-ਭਾਜਪਾ ਤੇ ਕਾਂਗਰਸ ਤੋਂ ਅੱਕ ਥੱਕ ਚੁੱਕੇ ਹਨ ਤੇ ਪੰਜਾਬ ਵਿਚ ਪਰਿਵਰਤਨ ਚਾਹੁੰਦੇ ਹਨ। 2017 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਰਕਾਰ ਬਣਾਏਗਾ।

# ਸਿੱਖ ਫੌਜੀ ਤੇਜ ਸਿੰਘ ਔਜਲਾ ਨੂੰ ਕੈਨੇਡਾ ਵਿਚ ਮਿਲਿਆ ਮਾਣ

**ਟੋਰਾਂਟੋ:** ਕੈਨੇਡਾ ਵਿਚ ਇਕ ਭਾਰਤੀ ਮੂਲ ਦੇ ਸਿੱਖ ਸੈਨਿਕ ਨੂੰ ਖ਼ਾਸ ਸਨਮਾਨ ਮਿਲਿਆ ਹੈ। ਕੈਨੇਡਾ ਦੇ ਵਾਰ ਮੈਮੋਰੀਅਲ ਉਤੇ ਡਿਊਟੀ ਲਈ ਤੇਜ ਔਜਲਾ ਨੂੰ ਚੁਣਿਆ ਗਿਆ ਹੈ। ਇਹ ਸਨਮਾਨ ਪਾਉਣ ਵਾਲਾ ਤੇਜ ਸਿੰਘ ਔਜਲਾ ਕੈਨੇਡਾ ਦਾ ਪਹਿਲਾ ਸਿੱਖ ਸੈਨਿਕ ਹੈ। ਕੈਨੇਡਾ ਦੇ ਗੁੰਮਨਾਮ ਸੈਨਿਕਾਂ ਦੀ ਯਾਦ ਵਿਚ ਨੈਂਸਨਲ ਵਾਰ ਮੈਮੋਰੀਅਲ ਰਾਜਧਾਨੀ ਓਟਾਵਾ ਵਿਚ ਬਣਾਇਆ ਗਿਆ ਹੈ।

ਇਸ ਥਾਂ ਉਤੇ ਡਿਊਟੀ ਲਈ ਕੈਨੇਡੀਅਨ ਸੈਨਾ ਵਿਚ ਕੰਮ ਰਹੇ ਕਿਸੇ ਵੀ ਸਿੱਖ ਨੂੰ ਹੁਣ ਤੱਕ ਇਹ ਸਨਮਾਨ ਨਹੀਂ ਸੀ ਮਿਲਿਆ। ਤੇਜ ਔਜਲਾ ਨੇ ਆਖਿਆ ਹੈ ਇਤਿਹਾਸਕ ਥਾਂ ਉਤੇ ਡਿਊਟੀ ਦੇਣਾ ਉਸ ਲਈ ਮਾਣ ਵਾਲੀ ਗੱਲ ਹੈ। ਤੇਜ ਔਜਲਾ ਉਨ੍ਹਾਂ ਚਾਰ ਸੈਨਿਕਾਂ ਵਿਚੋਂ ਇਕ ਹੈ ਜੋ ਨੈਸ਼ਨਲ ਵਾਰ ਮਿਊਜ਼ੀਅਮ ਉੱਤੇ ਸੰਤਰੀ ਵਜੋਂ ਡਿਊਟੀ ਦੇ ਰਿਹਾ ਹੈ। ਉਹ ਤਿੰਨ ਹਫ਼ਤਿਆਂ ਤੱਕ ਇਸ ਖ਼ਾਸ ਡਿਊਟੀ ਉਤੇ ਰਹਿਣਗੇ।

ਤੇਜ ਔਜਲਾ ਦਾ ਪੜਦਾਦਾ ਤੇ ਚਾਚਾ ਭਾਰਤੀ ਸੈਨਾ ਦੀ ਸਿੱਖ ਰੈਜਿਮੈਂਟ ਵਿਚ ਸੇਵਾ ਨਿਭਾਅ ਚੁੱਕੇ ਹਨ। ਚਾਰ ਸਾਲ ਪਹਿਲਾਂ ਕੈਨੇਡਾ ਦੀ ਸੈਨਾ ਵਿਚ ਭਰਤੀ ਹੋਏ ਤੇਜ ਔਜਲਾ ਨੇ ਆਖਿਆ ਕਿ ਇਸ ਖਾਸ ਡਿਊਟੀ ਲਈ ਸਾਰੀ ਜਾਣਕਾਰੀ ਲੈਣ ਤੋਂ ਬਾਅਦ ਉਸ ਨੇ ਅਪਲਾਈ ਕੀਤਾ ਸੀ ਜਿਸ ਤੋਂ



ਬਾਅਦ ਉਸ ਦੀ ਚੋਣ ਹੋ ਗਈ। ਕੈਨੇਡਾ ਦਾ ਵਾਰ ਮੈਮੋਰੀਅਲ ਅਜਿਹੇ ਬੇਨਾਮ ਸੈਨਿਕਾਂ ਦੀ ਯਾਦ ਵਿਚ ਉਸਾਰਿਆ ਗਿਆ ਹੈ ਜੋ ਦੇਸ਼ ਲਈ ਲੜਾਈ ਲੜਦੇ ਹੋਏ ਸ਼ਹੀਦ ਹੋਏ ਸਨ। ਇਸ ਥਾਂ ਉੱਤੇ ਉਨ੍ਹਾਂ ਸੈਨਿਕਾਂ ਨਾਲ ਜੁੜੀਆਂ ਚੀਜ਼ਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ।

# ਹਾਈਕੋਰਟ ਵੱਲੋਂ ਰਵੀ ਸਿੱਧੂ ਨੂੰ ਰਾਹਤ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਵਿੰਦਰਪਾਲ ਸਿੰਘ ਉਰਫ਼ ਰਵੀ ਸਿੱਧੂ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਸਜ਼ਾ ਨੂੰ ਮੁਅੱਤਲ ਕਰਦਿਆਂ ਜ਼ਮਾਨਤ ਦੇ ਦਿੱਤੀ।



ਜਸਟਿਸ ਫਤਿਹ ਦੀਪ ਸਿੰਘ ਦੇ ਸਿੰਗਲ ਬੈਂਚ ਨੇ ਰਵੀ ਸਿੱਧੂ ਦੀ ਪਟੀਸ਼ਨ ਉਤੇ ਇਹ ਫ਼ੈਸਲਾ ਸੁਣਾਇਆ। 2002 ਵਿਚ ਪੈਸੇ ਲੈ ਕੇ ਨੌਕਰੀਆਂ ਦੇਣ ਦੇ ਮਾਮਲੇ ਵਿਚ ਮਿਲੀ ਸਜ਼ਾ ਨੂੰ ਮੁਅੱਤਲ ਕਰਨ ਦੀ ਮੰਗ ਨੂੰ ਲੈ ਕੇ ਉਸ ਨੇ ਵਕੀਲ ਵਿਕਰਮ ਚੌਧਰੀ ਰਾਹੀਂ ਹਾਈਕੋਰਟ ਵਿਚ ਪਟੀਸ਼ਨ ਪਾਈ ਸੀ। ਉਸ ਨੇ ਆਪਣੀ ਦਲੀਲ ਵਿਚ ਕਿਹਾ ਸੀ ਕਿ ਸਹਿ ਦੋਸ਼ੀ ਦੀ ਸਜ਼ਾ ਨੂੰ ਮੁਅੱਤਲ ਕੀਤਾ ਜਾ ਚੁੱਕਿਆ ਹੈ ਜਦਕਿ ਉਹ ਸੱਤ ਸਾਲ ਦੀ ਮਿਲੀ ਸਜ਼ਾ ਵਿਚੋਂ ਦੋ ਸਾਲ ਪੰਜ ਮਹੀਨੇ ਪੂਰੇ ਕਰ ਚੁੱਕਿਆ ਹੈ।

# ਬਾਦਲ 'ਤੇ ਜੁੱਤੀ ਸੁੱਟਣ ਵਾਲੇ ਦੇ ਦੋ ਸਾਥੀ ਬਰੀ

**ਬਰਨਾਲਾ:** ਪਿਛਲੇ ਸਾਲ ਈਸੜੂ ਕਾਨਫਰੰਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਤੇ ਜੁੱਤੀ ਸੁੱਟਣ ਵਾਲੇ ਵਿਕਰਮ ਸਿੰਘ ਧਨੌਲਾ ਦੇ ਦੋ ਸਾਥੀਆਂ ਹਰਵਿੰਦਰ ਸਿੰਘ ਤੇ ਮਹਿੰਦਰਪਾਲ ਸਿੰਘ ਦਾਨਗੜ੍ਹ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਸ ਮਾਮਲੇ ਵਿਚ ਵਿਕਰਮ ਸਿੰਘ ਧਨੌਲਾ, ਹਰਵਿੰਦਰ ਸਿੰਘ ਕੋਠੇ ਗੋਬਿੰਦਪੁਰਾ ਤੇ ਮਹਿੰਦਰਪਾਲ ਸਿੰਘ ਦਾਨਗੜ੍ਹ ਉਤੇ ਥਾਣਾ ਸਦਰ ਖੰਨਾ ਵਿਚ ਮੁਕੱਦਮਾ ਦਰਜ ਹੋਇਆ ਸੀ।

ਵਕੀਲ ਤੇ ਸਾਬਕਾ ਸੰਸਦ ਮੈਂਬਰ ਰਾਜਦੇਵ ਸਿੰਘ ਖ਼ਾਲਸਾ ਨੇ ਦੱਸਿਆ ਕਿ ਕੇਸ ਨੂੰ ਤਿੰਨ ਕਾਨੂੰਨੀ ਨੁਕਤਿਆਂ ਨਾਲ ਲੜਿਆ ਗਿਆ, ਜਿਸ ਵਿਚ ਅਦਾਲਤ ਨੂੰ ਦੱਸਿਆ ਗਿਆ ਕਿ ਉਕਤ ਕੇਸ ਵਿਚ ਹਰਵਿੰਦਰ ਸਿੰਘ ਤੇ ਮਹਿੰਦਰਪਾਲ ਸਿੰਘ ਖ਼ਿਲਾਫ਼ ਕੋਈ ਗਵਾਹੀ ਨਹੀਂ, ਦੂਜਾ ਕਿਸੇ ਵੀ ਘਟਨਾ ਦੀ ਵੀਡੀਓ ਬਣਾਉਣਾ ਕੋਈ ਗੁਨਾਹ ਨਹੀਂ ਤੇ ਤੀਜਾ ਕਿਸੇ ਦੋਸ਼ੀ ਕੋਲ ਬੈਠਣ ਵਾਲਾ ਤੇ ਸਮਾਰੋਹ ਵਿਚ ਨਾਲ ਆਉਣ ਵਾਲਾ ਗੁਨਾਹ ਵਿਚ ਭਾਗੀਦਾਰ ਨਹੀਂ ਹੋ ਸਕਦਾ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦੋਵਾਂ ਨੂੰ ਸਾਜ਼ਿਸ਼ ਤਹਿਤ ਝੂਠੇ ਤੌਰ ਉਤੇ ਫਸਾਇਆ ਗਿਆ। ਅਦਾਲਤ ਨੇ ਉਨ੍ਹਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਮਹਿੰਦਰਪਾਲ ਸਿੰਘ ਦਾਨਗੜ੍ਹ ਤੇ ਹਰਵਿੰਦਰ ਸਿੰਘ ਨੂੰ ਬਰੀ ਕਰਨ ਦਾ ਹੁਕਮ ਦਿੱਤਾ ਜਦਕਿ ਵਿਕਰਮ ਸਿੰਘ ਧਨੌਲਾ ਉੱਪਰ ਕੇਸ ਚੱਲਦਾ ਰਹੇਗਾ। ਇਸ ਮਾਮਲੇ ਦੀ ਅਗਲੀ ਪੇਸ਼ੀ 17 ਸਤੰਬਰ ਰੱਖੀ ਗਈ ਹੈ।

# ਪੰਜਾਬੀ ਕਾਰੋਬਾਰੀ ਦੋਸਤਾਂ ਦੀ ਕਿਸ਼ਤੀ ਹਾਦਸੇ ਵਿਚ ਮੌਤ

**ਵੈਨਕੂਵਰ:** ਰਿਚਮੰਡ ਦੇ ਦੋ ਵੱਡੇ ਪੰਜਾਬੀ ਕਾਰੋਬਾਰੀ ਦੋਸਤਾਂ ਰਿਐਲਟਰ ਸਲਿੰਦਰ ਬਰਮੀ ਤੇ ਬੰਟੀ ਬਚੜਾ ਦੀ ਕਿਸ਼ਤੀ ਹਾਦਸੇ ਵਿਚ ਮੌਤ ਹੋ ਗਈ। ਦੋਵੇਂ ਦੋਸਤ ਆਪਣੀ ਜੈੱਟ ਕਿਸ਼ਤੀ ਲੈ ਕੇ ਪਾਣੀ ਦੀਆਂ ਲਹਿਰਾਂ ਵਿਚ ਮੌਜ-ਮਸਤੀ ਕਰਨ ਨਿਕਲੇ ਸਨ।

ਸਮੁੰਦਰੀ ਜਹਾਜ਼ ਦੇ ਅਮਲੇ ਨੇ ਪੁਲਿਸ ਤੇ ਕੋਸਟ ਗਾਰਡ ਵਾਲਿਆਂ ਨੂੰ ਦੱਸਿਆ ਕਿ ਕਿਸੇ ਜੈੱਟ ਕਿਸ਼ਤੀ ਦਾ ਮਲਬਾ ਤੈਰ ਰਿਹਾ ਹੈ। ਬਚਾਅ ਅਮਲੇ ਵੱਲੋਂ ਭਾਲ ਲਈ ਹੈਲੀਕਾਪਟਰ ਦੀ ਸੇਵਾ ਲਈ ਗਈ ਤੇ ਆਪਣੇ ਸਾਧਨਾਂ ਨਾਲ ਵੀ ਕਿਸ਼ਤੀ ਵਾਲਿਆਂ ਦੀ ਭਾਲ ਆਰੰਭੀ ਗਈ। ਦੋਹਾਂ ਵਿਅਕਤੀਆਂ ਨੂੰ ਕੰਢੇ ਉਤੇ ਲਿਆਂਦਾ ਗਿਆ ਤਾਂ ਉਹ ਮਰ ਚੁੱਕੇ ਸਨ। ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਹਨੇਰੇ ਤੇ ਤੇਜ਼ ਰਫ਼ਤਾਰ ਕਾਰਨ ਹਾਦਸਾ ਵਾਪਰਿਆ ਹੈ।

# ਕੈਪਟਨ ਦੀ 'ਭਵਿੱਖਵਾਣੀ' ਪਿੱਛੋਂ 'ਆਪ' ਵਿਚ ਹਲਚਲ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਨਾਲ ਹੋਣ ਦੇ ਦਾਅਵੇ ਪਿੱਛੋਂ ਰਾਜ ਦੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛਿੜ ਗਈ ਹੈ। ਕੈਪਟਨ ਦੇ ਇਸ ਬਿਆਨ ਦੇ ਭਾਵੇਂ ਕਈ ਅਰਥ ਕੱਢੇ ਜਾ ਰਹੇ ਹਨ ਪਰ ਇਸ ਨੇ 'ਆਪ' ਨੂੰ ਵੱਡਾ ਸਿਆਸੀ ਹੁਲਾਰਾ ਦਿੱਤਾ ਹੈ ਕਿਉਂਕਿ ਪਹਿਲਾਂ ਕਾਂਗਰਸ ਅਕਸਰ 'ਆਪ' ਨੂੰ ਪਾਣੀ ਦਾ ਬੁਲਬੁਲਾ ਦੱਸਦੀ ਆਈ ਹੈ।

ਉਧਰ, ਆਮ ਆਦਮੀ ਪਾਰਟੀ (ਆਪ) ਨੇ ਫੁੱਟ ਦਾ ਸ਼ਿਕਾਰ ਕਾਂਗਰਸ ਨੂੰ ਖਦੇੜਨ ਲਈ ਪੰਜਾਬ ਵਿਚ ਵਿਸ਼ੇਸ਼ ਮੁਹਿੰਮ ਛੇੜ ਦਿੱਤੀ ਹੈ। 'ਆਪ' ਵੱਲੋਂ ਪਹਿਲਾਂ ਪੰਜਾਬ ਵਿਚ ਸ਼ੁਰੂ ਕੀਤੀ ਮੈਂਬਰਸ਼ਿਪ ਮੁਹਿੰਮ ਦੇ ਨਾਲ ਹੀ ਹੁਣ ਕਾਗਜ਼ ਰਹਿਤ ਤਕਨੀਕ ਰਾਹੀਂ ਵਿਆਪਕ ਪੱਧਰ ਉਤੇ ਫੰਡ ਇਕੱਠਾ ਕਰਨ ਦੀ ਰਣਨੀਤੀ ਵੀ ਤਿਆਰ ਕਰ ਲਈ ਗਈ ਹੈ। ਸੂਤਰਾਂ ਅਨੁਸਾਰ 'ਆਪ' ਦੀ ਕੌਮੀ ਲੀਡਰਸ਼ਿਪ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਦੇ ਮਿਸ਼ਨ ਤਹਿਤ ਆਪਣੀ ਰਣਨੀਤੀ ਨੂੰ ਕਾਫੀ ਹੱਦ ਤੱਕ ਅੰਤਿਮ ਰੂਪ ਦੇ ਦਿੱਤਾ ਹੈ, ਜਿਸ ਤਹਿਤ ਪਹਿਲੇ ਦੌਰ ਦੌਰਾਨ ਸੂਬੇ ਵਿਚ ਵਿਆਪਕ ਪੱਧਰ ਉਤੇ ਮੈਂਬਰਸ਼ਿਪ ਮੁਹਿੰਮ



## ਕੇਜਰੀਵਾਲ ਦੀ ਪੰਜਾਬ ਬਾਰੇ ਰਣਨੀਤੀ

**ਚੰਡੀਗੜ੍ਹ:** 'ਆਪ' ਨੇ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਛੇ ਮਹੀਨੇ ਪਹਿਲਾਂ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪੰਜਾਬ ਵਿਚ ਪੱਕੇ ਡੇਰੇ ਲਵਾਉਣ ਦੀ ਰਣਨੀਤੀ ਵੀ ਤੈਅ ਕਰ ਲਈ ਗਈ ਹੈ। ਉਂਜ ਸ੍ਰੀ ਕੇਜਰੀਵਾਲ ਵੱਲੋਂ ਅਗਲੇ ਮਹੀਨਿਆਂ ਦੌਰਾਨ ਪੰਜਾਬ ਦਾ ਸੰਖੇਪ ਦੌਰਾ ਕੀਤੇ ਜਾਣ ਦੀ ਸੰਭਾਵਨਾ ਹੈ।

ਸ਼ੁਰੂ ਕੀਤੀ ਗਈ ਹੈ। ਹੁਣ ਕਾਗਜ਼ ਰਹਿਤ ਤਕਨੀਕ ਰਾਹੀਂ ਵਿਆਪਕ ਪੱਧਰ ਉਤੇ ਫੰਡ ਇਕੱਠਾ ਕਰਨ ਦੀ ਰਣਨੀਤੀ ਘੜੀ ਹੈ। 'ਆਪ' ਪੰਜਾਬ ਦੇ ਸਹਾਇਕ ਇੰਚਾਰਜ ਦੁਰਗੇਸ਼ ਪਾਠਕ ਦਾ ਕਹਿਣਾ ਹੈ ਕਿ ਪਾਰਟੀ ਵੱਲੋਂ ਦਿੱਲੀ ਤੋਂ ਬਾਅਦ ਹੁਣ ਪੰਜਾਬ ਵਿਚ ਕਾਗਜ਼ ਰਹਿਤ ਨਵੀਂ ਤਕਨੀਕ ਮੋਬਾਈਲ ਐਪਲੀਕੇਸ਼ਨ ਰਾਹੀਂ ਫੰਡ ਇਕੱਠਾ ਕਰਨ ਲਈ 'ਆਪ ਕਾ ਦਾਨ' ਮੁਹਿੰਮ ਛੇੜੀ ਜਾ ਰਹੀ ਹੈ। ਦਿੱਲੀ ਚੋਣਾਂ ਦੌਰਾਨ ਇਸ ਤਕਨੀਕ ਰਾਹੀਂ ਵਾਲੰਟੀਅਰਾਂ ਨੇ ਘਰ ਬੈਠਿਆਂ ਹੀ ਸਾਢੇ ਚਾਰ ਕਰੋੜ ਰੁਪਏ ਫੰਡ ਇਕੱਠਾ ਕੀਤਾ ਸੀ ਤੇ ਹੁਣ ਪੰਜਾਬ ਵਿਚ ਵੀ ਦਿੱਲੀ ਵਾਂਗ ਆਮ ਲੋਕਾਂ ਦੀ ਟੇਕ ਆਮ ਆਦਮੀ ਪਾਰਟੀ ਉਤੇ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਕੁਝ ਵਿਸ਼ੇਸ਼ ਵਿਅਕਤੀਆਂ ਨੂੰ ਫੰਡ ਇਕੱਠਾ ਕਰਨ ਲਈ ਨਿਯੁਕਤ ਕੀਤਾ ਗਿਆ ਹੈ। ਇਹ ਵਿਅਕਤੀ ਕਿਸੇ ਵੀ ਥਾਂ ਤੋਂ ਫੰਡ ਇਕੱਠਾ ਕਰਨ ਦੇ ਸਮਰੱਥ ਹਨ। ਇਸ ਮੋਬਾਈਲ ਐਪਲੀਕੇਸ਼ਨ ਰਾਹੀਂ ਕੋਈ ਵੀ ਚਾਹਵਾਨ ਵਿਅਕਤੀ ਕੈਸ਼ ਜਾਂ ਚੈੱਕ ਰਾਹੀਂ ਫੰਡ ਦੇ ਸਕਦਾ ਹੈ। ਫੰਡ ਦੇਣ ਵਾਲਾ ਵਿਅਕਤੀ ਨਿਯੁਕਤ ਕੀਤੇ ਵਿਅਕਤੀ ਦੀ ਮੋਬਾਈਲ ਐਪਲੀਕੇਸ਼ਨ ਉਤੇ ਜਾ ਕੇ ਆਪਣੇ ਵੇਰਵੇ ਦਰਜ ਕਰਵਾਉਣ ਤੋਂ ਬਾਅਦ ਕੈਸ਼ ਜਾਂ ਚੈੱਕ ਰਾਹੀਂ ਫੰਡ ਟਰਾਂਸਫਰ ਕਰ ਸਕਦਾ ਹੈ। ਫੰਡ ਮੁਹੱਈਆ ਕਰਨ ਵਾਲੇ ਨੂੰ ਇਸ ਦੇ ਇਵਜ਼ ਵਜੋਂ ਕਾਗਜ਼ੀ ਰਸੀਦ ਦੀ ਥਾਂ ਐਸ.ਐਮ.ਐਸ. ਰਾਹੀਂ ਰਸੀਦ ਮਿਲੇਗੀ। ਇਸ ਤੋਂ ਬਾਅਦ ਫੰਡ ਦਿੱਤੇ ਜਾਣ ਦੇ ਵੇਰਵੇ ਪਾਰਟੀ ਦੀ ਕੇਂਦਰੀ ਵੈੱਬਸਾਈਟ ਉਤੇ ਵੀ ਦੇਖੇ ਜਾ ਸਕਦੇ ਹਨ।

# ਹਾਕੀ:ਭਾਰਤੀ ਕੁੜੀਆਂ ਨੂੰ 36 ਸਾਲ ਪਿੱਛੋਂ ਮਿਲੀ ਓਲੰਪਿਕ ਦੀ ਟਿਕਟ

**ਨਵੀਂ ਦਿੱਲੀ:** ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਹਾੜੇ ਮੌਕੇ ਭਾਰਤੀ ਮਹਿਲਾ ਹਾਕੀ ਟੀਮ ਨੇ 36 ਸਾਲਾਂ ਬਾਅਦ 2016 ਰੀਓ ਓਲੰਪਿਕ ਲਈ ਕੁਆਲੀਫਾਈ ਕਰ ਲਿਆ ਹੈ। ਲੰਡਨ ਵਿਚ ਚੱਲ ਰਹੀ ਯੂਰੋ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਇੰਗਲੈਂਡ ਦੇ ਜਗ੍ਹਾ ਬਣਾਉਣ ਨਾਲ ਹੀ ਭਾਰਤ ਨੂੰ ਓਲੰਪਿਕ ਦੀ ਟਿਕਟ ਮਿਲ ਗਈ। ਯੂਰਪੀ ਚੈਂਪੀਅਨਸ਼ਿਪ ਦੇ ਸੈਮੀ ਫਾਈਨਲ ਵਿਚ ਇੰਗਲੈਂਡ ਨੇ ਸਪੇਨ ਨੂੰ ਹਰਾਇਆ ਸੀ ਜਦੋਂ ਕਿ ਇਸ ਤੋਂ ਪਹਿਲਾਂ ਇਕ ਹੋਰ ਸੈਮੀ ਫਾਈਨਲ ਵਿਚ ਹਾਲੈਂਡ ਨੇ ਜਰਮਨੀ ਨੂੰ ਮਾਤ ਦਿੱਤੀ।

ਇੰਗਲੈਂਡ ਤੇ ਸਪੇਨ ਦੇ ਫਾਈਨਲ ਵਿਚ ਪਹੁੰਚਣ ਨਾਲ ਇਕ ਕੋਟਾ ਸਥਾਨ ਖਾਲੀ ਹੋ ਗਿਆ ਕਿਉਂਕਿ ਇਹ ਦੋਵੇਂ ਟੀਮਾਂ ਪਹਿਲਾਂ ਹੀ ਓਲੰਪਿਕ ਲਈ ਕੁਆਲੀਫਾਈ ਕਰ ਚੁੱਕੀਆਂ ਹਨ। ਪਿਛਲੇ ਮਹੀਨੇ ਬੈਲਜੀਅਮ ਦੇ ਐਂਟਵਰਪ ਵਿਚ ਮਹਿਲਾ ਹਾਕੀ ਵਿਸ਼ਵ ਲੀਗ ਸੈਮੀ ਫਾਈਨਲਜ਼ ਵਿਚ ਪੰਜਵੇਂ ਸਥਾਨ ਉਤੇ ਰਹਿਣ ਕਾਰਨ ਭਾਰਤ ਨੂੰ ਇਹ ਕੋਟਾ ਸਥਾਨ ਮਿਲਿਆ ਹੈ। ਜ਼ਿਕਰਯੋਗ ਹੈ ਕਿ ਭਾਰਤੀ ਮਹਿਲਾ ਹਾਕੀ ਟੀਮ ਨੇ ਪਿਛਲੀ ਵਾਰ 1980 ਮਾਸਕੋ ਓਲੰਪਿਕ ਖੇਡਾਂ ਵਿਚ ਹਿੱਸਾ ਲਿਆ ਸੀ, ਜਿਥੇ ਟੀਮ ਚੌਥੇ ਸਥਾਨ ਉਤੇ ਰਹੀ ਸੀ।

ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ.ਆਈ.ਐਚ.) ਨੇ ਪੁਸ਼ਟੀ ਕੀਤੀ ਹੈ ਕਿ ਭਾਰਤੀ ਮਹਿਲਾ ਟੀਮ ਰੀਓ ਓਲੰਪਿਕ ਲਈ ਕੁਆਲੀਫਾਈ ਕਰ ਚੁੱਕੀ ਹੈ। ਭਾਰਤੀ ਟੀਮ ਹੁਣ ਪਹਿਲਾਂ ਹੀ ਕੁਆਲੀਫਾਈ ਕਰ ਚੁੱਕੀਆਂ ਨੌਂ ਟੀਮਾਂ ਨਾਲ ਓਲੰਪਿਕ ਵਿਚ ਹਿੱਸਾ ਲਵੇਗੀ। ਇਸ ਤੋਂ ਪਹਿਲਾਂ ਏਸ਼ਿਆਈ ਚੈਂਪੀਅਨ ਦੱਖਣੀ ਕੋਰੀਆ, ਅਰਜਨਟੀਨਾ, ਗ੍ਰੇਟ ਬ੍ਰਿਟੇਨ, ਚੀਨ, ਜਰਮਨੀ, ਨੈਦਰਲੈਂਡਜ਼, ਆਸਟਰੇਲੀਆ, ਨਿਊਜ਼ੀਲੈਂਡ ਤੇ ਅਮਰੀਕਾ ਰੀਓ ਓਲੰਪਿਕ ਲਈ ਕੁਆਲੀਫਾਈ ਕਰ ਚੁੱਕੀਆਂ ਹਨ।



ਹਾਕੀ ਇੰਡੀਆ ਨੇ ਮਹਿਲਾ ਹਾਕੀ ਟੀਮ ਦੀ ਇਸ ਇਤਿਹਾਸਕ ਪ੍ਰਾਪਤੀ ਲਈ ਸ਼ਲਾਘਾ ਕੀਤੀ ਹੈ। ਹਾਕੀ ਇੰਡੀਆ ਦੇ ਪ੍ਰਧਾਨ ਨਰੇਂਦਰ ਬੱਤਰਾ ਨੇ ਕਿਹਾ, 'ਇਹ ਹਾਕੀ ਇੰਡੀਆ ਤੇ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਅਸੀਂ ਪਿਛਲੇ 36 ਸਾਲਾਂ ਤੋਂ ਇਸ ਦਾ ਇੰਤਜ਼ਾਰ ਕਰ ਰਹੇ ਸੀ ਤੇ ਇਹ ਯਾਦਗਾਰ ਪਲ ਹਨ। ਹਾਕੀ ਇੰਡੀਆ ਨੇ ਖਿਡਾਰੀਆਂ ਤੇ ਕੋਚਿੰਗ ਸਟਾਫ ਨੂੰ ਵਧਾਈ ਦਿੱਤੀ ਹੈ। ਰੀਓ ਓਲੰਪਿਕ ਲਈ ਕੁਆਲੀਫਾਈ ਕਰਨ ਵਾਲੀ ਭਾਰਤ 10ਵੀਂ ਟੀਮ ਹੈ। ਆਖਰੀ ਦੋ ਟੀਮਾਂ ਦਾ ਫ਼ੈਸਲਾ ਮਿਸਰ ਵਿਚ ਹੋਣ ਵਾਲੇ 2015 ਅਫਰੀਕਾ ਕੱਪ ਫੋਰ ਨੇਸ਼ਨਜ਼ ਤੇ ਨਵੰਬਰ ਵਿਚ ਨਿਊਜ਼ੀਲੈਂਡ ਵਿਚ ਹੋਣ ਵਾਲੇ 2015 ਓਸ਼ਿਆਨਾ ਕੱਪ ਨਾਲ ਹੋਵੇਗਾ।

## ਸਾਨੀਆ ਬਣੀ ਖੇਲ ਰਤਨ, ਸਵਰਨ ਤੇ ਜੀਤੂ ਰਾਏ ਸਣੇ 17 ਖਿਡਾਰੀਆਂ ਨੂੰ ਅਰਜੁਨ ਪੁਰਸਕਾਰ

**ਨਵੀਂ ਦਿੱਲੀ:** ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੌਮੀ ਖੇਡ ਦਿਵਸ ਮੌਕੇ ਇਥੇ ਰਾਸ਼ਟਰਪਤੀ ਭਵਨ ਵਿਚ ਟੈਨਿਸ ਸਨਸਨੀ ਸਾਨੀਆ ਮਿਰਜ਼ਾ ਨੂੰ 'ਰਾਜੀਵ ਗਾਂਧੀ ਖੇਲ ਰਤਨ' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਜਦੋਂ ਕਿ ਪੰਜਾਬ ਦੇ ਸਵਰਨ ਸਿੰਘ ਵਿਰਕ (ਰੋਇੰਗ) ਤੇ ਪਿਸਟਲ ਕਿੰਗ ਜੀਤੂ ਰਾਏ ਸਮੇਤ 17 ਖਿਡਾਰੀਆਂ ਨੂੰ ਅਰਜੁਨ ਪੁਰਸਕਾਰ ਨਾਲ ਨਵਾਜਿਆ ਗਿਆ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਸਾਨੀਆ ਨੂੰ ਪੁਰਸਕਾਰ ਦਿੱਤਾ।

ਸਾਨੀਆ ਦੇ ਉਨਾਭੀ ਰੰਗੀ ਦੀ ਸਾੜੀ ਤੇ ਨੀਲਾ ਬਲੇਜ਼ਰ ਪਾਇਆ ਹੋਇਆ ਸੀ। ਦਰਬਾਰ ਹਾਲ ਵਿਚ ਤਾੜੀਆਂ ਦੀ ਗੜਗੜਾਹਟ ਵਿਚ ਉਸ ਨੇ ਇਹ ਸਨਮਾਨ ਹਾਸਲ ਕੀਤਾ। ਇਸ ਮੌਕੇ ਕੇਂਦਰੀ ਖੇਡ ਮੰਤਰੀ ਸਰਬਨੰਦ ਸੋਨੋਵਾਲ ਸਮੇਤ ਕਈ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ। ਲਿਏਂਡਰ ਪੇਸ ਬਾਅਦ ਸਾਨੀਆ ਦੇਸ਼ ਦਾ ਸਰਬਉੱਚ ਖੇਡ ਸਨਮਾਨ ਹਾਸਲ ਕਰਨ ਵਾਲੀ ਦੂਜੀ ਟੈਨਿਸ ਖਿਡਾਰੀ ਹੈ। ਰਾਸ਼ਟਰਪਤੀ ਵੱਲੋਂ ਇਸ ਮੌਕੇ ਅਰਜੁਨ ਐਵਾਰਡ ਵੀ ਦਿੱਤੇ ਗਏ। ਕ੍ਰਿਕਟਰ ਰੋਹਿਤ ਸ਼ਰਮਾ, ਮੁੱਕੇਬਾਜ਼ ਮਨਦੀਪ ਜਾਂਗੜਾ ਤੇ ਦੌੜਾਕ ਐਮ.ਆਰ ਪੂਵੰਮਾ ਪੁਰਸਕਾਰ ਹਾਸਲ ਕਰਨ ਲਈ ਨਹੀਂ ਆ ਸਕੇ ਕਿਉਂਕਿ ਇਹ ਸਾਰੇ ਖਿਡਾਰੀ ਵਿਦੇਸ਼ਾਂ ਵਿਚ ਟੂਰਨਾਮੈਂਟ ਖੇਡ ਰਹੇ ਹਨ।



**ਅਰਜੁਨ ਐਵਾਰਡੀ ਬਣੇ ਖਿਡਾਰੀ:** ਪੀ.ਆਰ. ਸ੍ਰੀਜੇਸ਼ (ਹਾਕੀ), ਦੀਪਾ ਕਰਮਾਕਰ (ਜਿਮਨਾਸਟਕ), ਜੀਤੂ ਰਾਏ (ਨਿਸ਼ਾਨੇਬਾਜ਼ੀ), ਸੰਦੀਪ ਕੁਮਾਰ (ਤੀਰਅੰਦਾਜ਼ੀ), ਮਨਦੀਪ ਜਾਂਗੜਾ (ਮੁੱਕੇਬਾਜ਼ੀ), ਬਬੀਤਾ (ਕੁਸ਼ਤੀ), ਬਜਰੰਗ (ਕੁਸ਼ਤੀ), ਰੋਹਿਤ ਸ਼ਰਮਾ (ਕ੍ਰਿਕਟ), ਕੇ. ਸ੍ਰੀਕਾਂਤ (ਬੈਡਮਿੰਟਨ), ਸਵਰਨ ਸਿੰਘ ਵਿਰਕ (ਰੋਇੰਗ), ਸਤੀਸ਼ ਸ਼ਿਵਾਲਿੰਗਮ (ਵੇਟਲਿਫਟਿੰਗ), ਸਾਂਤੋਈ ਦੇਵੀ (ਵੁਸ਼ੂ), ਸ਼ਰਤ ਗਾਇਕਵਾੜ (ਪੈਰਾ-ਸੇਲਿੰਗ), ਐਮ.ਆਰ. ਪੂਵੰਮਾ (ਅਥਲੈਟਿਕਸ), ਮਨਜੀਤ ਛਿੱਲਰ (ਕਬੱਡੀ), ਅਭਿਲਾਸ਼ਾ ਮਹਾਤਰੇ (ਕਬੱਡੀ), ਅਨੂਪ ਕੁਮਾਰ ਯਾਮਾ (ਰੋਲਰਸਕੇਟਿੰਗ)।

**ਦਰੋਣਾਚਾਰੀਆ ਐਵਾਰਡ ਹਾਸਲ ਕਰਨ ਵਾਲੇ ਕੋਚ:** ਨਵਲ ਸਿੰਘ (ਅਥਲੈਟਿਕਸ ਤੇ ਪੈਰਾ-ਖੇਡਾਂ), ਅਨੂਪ ਸਿੰਘ (ਕੁਸ਼ਤੀ), ਹਰਬੰਸ ਸਿੰਘ (ਅਥਲੈਟਿਕਸ ਲਾਈਫਟਾਈਮ), ਸਵਤੰਤਰ ਰਾਜ ਸਿੰਘ (ਮੁੱਕੇਬਾਜ਼ੀ-ਲਾਈਫਟਾਈਮ), ਨਿਹਾਰ ਅਮੀਨ (ਤੈਰਾਕੀ-ਲਾਈਫਟਾਈਮ)।

**ਧਿਆਨ ਚੰਦ ਐਵਾਰਡੀ:** ਰੋਮੀਓ ਜੇਮਜ਼ (ਹਾਕੀ), ਸ਼ਿਵ ਪ੍ਰਕਾਸ਼ ਮਿਸ਼ਰਾ (ਟੈਨਿਸ), ਟੀ.ਪੀ.ਪੀ. ਨਾਇਰ (ਵਾਲੀਬਾਲ)।

### ਵਿਸ਼ਵ ਰੈਂਕਿੰਗ 'ਚ ਸਾਨੀਆ ਨੇ ਸਿਖ਼ਰਲੀ ਥਾਂ ਮੱਲੀ

**ਨਵੀਂ ਦਿੱਲੀ:** ਵਿੰਬਲਡਨ ਮਹਿਲਾ ਡਬਲਜ਼ ਚੈਂਪੀਅਨ ਭਾਰਤ ਦੀ ਸਾਨੀਆ ਮਿਰਜ਼ਾ ਤਾਜ਼ਾ ਵਿਸ਼ਵ ਟੈਨਿਸ ਰੈਂਕਿੰਗ ਵਿਚ ਸਿਖਰਲੇ ਸਥਾਨ ਉਤੇ ਬਰਕਰਾਰ ਹੈ ਪਰ ਪੁਰਸ਼ ਡਬਲਜ਼ ਖਿਡਾਰੀ ਰੋਹਨ ਬੋਪੰਨਾ ਨੂੰ ਰੈਂਕਿੰਗ ਵਿਚ ਇਕ ਸਥਾਨ ਦਾ ਨੁਕਸਾਨ ਉਠਾਉਣਾ ਪਿਆ ਹੈ।

ਸਾਨੀਆ ਤੇ ਉਸ ਦੀ ਜੋੜੀਦਾਰ ਸਵਿਟਜ਼ਰਲੈਂਡ ਦੀ ਮਾਰਟੀਨਾ ਹਿੰਗਿਸ ਨੂੰ ਸਿਨਸਿਨਾਟੀ ਮਾਸਟਰਜ਼ ਟੈਨਿਸ ਟੂਰਨਾਮੈਂਟ ਵਿਚ ਮਹਿਲਾ ਡਬਲਜ਼ ਦੇ ਸੈਮੀ ਫਾਈਨਲ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਉਹ ਮਹਿਲਾ ਡਬਲਜ਼ ਰੈਂਕਿੰਗ ਵਿਚ ਆਪਣੇ ਨੰਬਰ ਇਕ ਉਤੇ ਬਰਕਰਾਰ ਹੈ ਜਦੋਂ ਕਿ ਹਿੰਗਿਸ ਦੂਜੇ ਸਥਾਨ ਉਤੇ ਬਣੀ ਹੋਈ ਹੈ। ਪੁਰਸ਼ ਡਬਲਜ਼ ਵਿਚ ਬੋਪੰਨਾ ਇਕ ਸਥਾਨ ਦੇ ਨੁਕਸਾਨ ਨਾਲ 10ਵੇਂ ਸਥਾਨ ਉਤੇ ਖਿਸਕ ਗਿਆ ਹੈ।

## ਅਕਾਲੀ ਸਰਪੰਚ ਵੱਲੋਂ 'ਹੁਕਮਅਦੂਲੀ' ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਸੋਧਾ

**ਬਟਾਲਾ:** ਡੇਰਾ ਬਾਬਾ ਨਾਨਕ ਸੜਕ ਉਤੇ ਪੈਂਦੇ ਥਾਣਾ ਕਿਲ੍ਹਾ ਲਾਲ ਸਿੰਘ ਵਿਚ ਦਾਖਲ ਹੋ ਕੇ ਅਕਾਲੀ ਸਰਪੰਚ ਤੇ ਉਸ ਦੇ ਸਾਥੀਆਂ ਨੇ ਪੁਲਿਸ ਮੁਲਾਜ਼ਮਾਂ ਦੀ ਕੁੱਟਮਾਰ ਕੀਤੀ ਤੇ ਵਰਦੀ ਪਾੜ ਦਿੱਤੀ। ਪੁਲਿਸ ਨੇ ਹਲਕਾ ਫਤਹਿਗੜ੍ਹ ਚੂੜੀਆਂ ਅਧੀਨ ਆਉਂਦੇ ਪਿੰਡ ਉਮਰਵਾਲ ਦੇ ਸਰਪੰਚ ਨਿਸ਼ਾਨ ਸਿੰਘ ਸਮੇਤ ਸੱਤ ਖਿਲਾਫ਼ ਕੇਸ ਦਰਜ ਕੀਤਾ ਹੈ। ਹਲਕੇ ਦੇ ਕਾਂਗਰਸੀ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਘਟਨਾ ਦੀ ਨਿਖੇਧੀ ਕੀਤੀ ਹੈ।

ਆਮ ਆਦਮੀ ਪਾਰਟੀ ਨੇ ਅਕਾਲੀ ਲੀਡਰਾਂ ਦੀ ਵਧ ਰਹੀ ਗੁੰਡਾਗਰਦੀ ਨੂੰ ਨੱਥ ਪਾਉਣ ਦੀ ਮੰਗ ਕਰਦਿਆਂ ਕਿਹਾ ਕਿ ਪੁਲਿਸ ਨੂੰ ਰਾਜਸੀ ਤੌਰ 'ਤੇ ਦਬਾਉਣਾ ਬੰਦ ਕੀਤਾ ਜਾਵੇ। ਪੁਲਿਸ ਮੁਤਾਬਕ ਅਕਾਲੀ ਸਰਪੰਚ ਨਿਸ਼ਾਨ ਸਿੰਘ ਤੇ ਉਸ ਦੇ ਸਾਥੀਆਂ ਨੇ ਥਾਣੇ ਵਿਚ ਹੁੱਲੜਬਾਜ਼ੀ ਕਰਦਿਆਂ ਡਿਊਟੀ 'ਤੇ ਤਾਇਨਾਤ ਮੁਲਾਜ਼ਮਾਂ ਦੀ ਵਰਦੀ ਪਾੜ ਦਿੱਤੀ ਤੇ ਉਨ੍ਹਾਂ ਦੀ ਕੁੱਟਮਾਰ ਵੀ ਕੀਤੀ। ਘਟਨਾ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ। ਹੌਲਦਾਰ ਗੁਰਵਿੰਦਰ ਸਿੰਘ ਦੇ ਬਿਆਨਾਂ ਉਤੇ ਵਰਦੀਆਂ ਪਾੜਨ ਵਾਲੇ ਸੱਤ ਵਿਅਕਤੀਆਂ ਗੁਰਮੀਤ ਸਿੰਘ, ਨਿਸ਼ਾਨ ਸਿੰਘ ਸਰਪੰਚ ਉਮਰਵਾਲ, ਸਿਮਰਨਜੀਤ ਸਿੰਘ, ਅਮਨਦੀਪ ਸਿੰਘ ਵਾਸੀਆਨ ਉਮਰਵਾਲ, ਸਰਤਾਜ ਸਿੰਘ, ਗੁਰਤਾਜ ਸਿੰਘ ਦੋਵੇਂ ਵਾਸੀ ਅਕਰਪੁਰਾ ਤੇ ਇਕ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਹੁਣ ਖੁੱਲ੍ਹੇਗਾ ਕਾਲੇ ਧਨ ਵਾਲਿਆਂ ਦਾ ਭੇਤ

**ਨਵੀਂ ਦਿੱਲੀ:** ਸਵਿਸ ਬੈਂਕ ਵਿਚ ਕਾਲਾ ਧਨ ਰੱਖੀ ਬੈਠੇ ਲੋਕਾਂ ਦੇ ਨਾਂ ਛੇਤੀ ਸਾਹਮਣੇ ਆਉਣਗੇ। ਕਾਲੇ ਧਨ ਦੇ ਮੁੱਦੇ ਉਤੇ ਭਾਰਤ ਸਮੇਤ ਪੂਰੀ ਦੁਨੀਆਂ ਵੱਲੋਂ ਦਬਾਅ ਬਣਾਏ ਜਾਣ ਤੋਂ ਬਾਅਦ ਸਵਿਟਜ਼ਰਲੈਂਡ ਸਰਕਾਰ ਨੇ ਇਹ ਐਲਾਨ ਕੀਤਾ ਹੈ।

ਸਰਕਾਰ ਨੇ ਵਿੱਤੀ ਮਾਮਲਿਆਂ ਵਿਚ ਸਖਤੀ ਨਾਲ ਭੇਤ ਬਣਾਏ ਰੱਖਣ ਦੀ ਮਨਜ਼ੂਰੀ ਦੇਣ ਵਾਲੀ ਪਹਿਲ ਨੂੰ ਰੱਦ ਕਰ ਦਿੱਤਾ ਹੈ। ਸਵਿਟਜ਼ਰਲੈਂਡ ਸਰਕਾਰ ਦਾ ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦ ਦੁਨੀਆਂ ਭਰ ਵੱਲੋਂ ਕਾਲੇ ਧਨ ਦੇ ਸੰਕਟ ਨਾਲ ਨਜਿੱਠਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਸਵਿਸ ਨੇ ਹੁਣ ਆਪਣੇ ਬੈਂਕਿੰਗ ਭੇਤ ਨਿਯਮ ਨੂੰ ਵੀ ਹੌਲੀ-ਹੌਲੀ ਖਤਮ ਕਰਨਾ ਸ਼ੁਰੂ ਕਰ ਦਿੱਤਾ ਹੈ। ਸਵਿਸ ਫੈਡਰਲ ਕੌਂਸਲ ਮੁਤਾਬਕ ਉਹ ਇਸ ਪ੍ਰਸਤਾਵ ਨੂੰ ਖਾਰਜ ਕਰਦੇ ਹਨ।




ਕੌਂਸਲ ਨੇ ਕਿਹਾ ਕਿ ਮਨੀ ਲਾਂਡਰਿੰਗ ਤੇ ਅਤਿਵਾਦ ਖਿਲਾਫ ਲੜਾਈ ਦੇ ਨਤੀਜੇ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਇਨ੍ਹਾਂ ਖਿਲਾਫ ਕੀਤੀ ਜਾ ਰਹੀ ਕਾਰਵਾਈ ਨੂੰ ਕਿਸ ਤਰੀਕੇ ਪੇਸ਼ ਕੀਤਾ ਜਾਂਦਾ ਹੈ। ਇਸ ਪਹਿਲ ਦਾ ਮਨੀ ਲਾਂਡਰਿੰਗ ਤੇ ਅਤਿਵਾਦ ਖਿਲਾਫ ਲੜਾਈ ਉਤੇ ਨਾਂਹ ਪੱਖੀ ਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਭੇਤ ਬਣਾਏ ਰੱਖਣ ਨੂੰ ਮਨਜ਼ੂਰੀ ਦੇਣ ਦੀ ਪਸੰਦ ਵਾਲੀ ਪਹਿਲ ਨੂੰ ਖਾਰਜ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਤੇ ਇਸ ਨੂੰ ਪਾਰਲੀਮੈਂਟ ਵਿਚ ਭੇਜਿਆ ਜਾਂਦਾ ਹੈ।

## ਸੰਸਕ੍ਰਿਤ ਸਣੇ ਭਾਰਤੀ ਭਾਸ਼ਾਵਾਂ ਪੜ੍ਹਾਏਗਾ ਜਰਮਨੀ

**ਬਰਲਿਨ:** ਜਰਮਨੀ ਵੱਲੋਂ ਭਾਰਤ ਨਾਲ ਹੋਈ ਸਹਿਮਤੀ ਦੇ ਮੱਦੇਨਜ਼ਰ ਆਪਣੀਆਂ ਵਿਦਿਅਕ ਸੰਸਥਾਵਾਂ ਵਿਚ ਸੰਸਕ੍ਰਿਤ ਸਣੇ ਭਾਰਤੀ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ। ਵਰਣਨਯੋਗ ਹੈ ਕਿ ਬੀਤੇ ਸਾਲ ਭਾਰਤ ਵਿਚ ਜਰਮਨ ਭਾਸ਼ਾ ਦੀ ਥਾਂ ਸੰਸਕ੍ਰਿਤ ਪੜ੍ਹਾਉਣ ਦੇ ਫੈਸਲੇ ਕਾਰਨ ਦੋਵਾਂ ਮੁਲਕਾਂ ਦੇ ਸਬੰਧਾਂ ਵਿਚ ਖਟਾਸ ਆ ਗਈ ਸੀ। ਭਾਸ਼ਾਵਾਂ ਬਾਰੇ ਮੁੱਦੇ ਦਾ ਹੱਲ ਕੱਢਣ ਲਈ ਦੋਵੇਂ ਦੇਸ਼ਾਂ ਵੱਲੋਂ ਕੋਸ਼ਿਸ਼ਾਂ ਜਾਰੀ ਹਨ। ਇਸ ਮਾਮਲੇ ਉਤੇ ਇਕ ਪ੍ਰਸਤਾਵ ਦਾ ਐਲਾਨ ਇਸ ਸਾਲ ਅਕਤੂਬਰ ਵਿਚ ਜਰਮਨੀ ਦੀ ਚਾਂਸਲਰ ਐਂਜੇਲਾ ਮਾਰਕਲ ਦੇ ਭਾਰਤ ਦੌਰੇ ਮੌਕੇ ਕੀਤਾ ਜਾਵੇਗਾ।

ਭਾਸ਼ਾਵਾਂ ਬਾਰੇ ਮੁੱਦਾ ਬੀਤੇ ਦਿਨੀਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਜਰਮਨੀ ਦੇ ਵਿਦੇਸ਼ ਮੰਤਰੀ ਫ਼ੈਂਕ ਵਾਲਟਰ ਤੇ ਸਿੱਖਿਆ ਮੰਤਰੀ ਜੋਹਨ ਵਾਂਕਾ ਨਾਲ ਹੋਈ ਮੀਟਿੰਗ ਵਿਚ ਵੀ ਭਾਰੂ ਰਿਹਾ। ਇਸ ਮੀਟਿੰਗ ਵਿਚ ਇਹ ਸਹਿਮਤੀ ਬਣੀ ਕਿ ਭਾਰਤ ਆਪਣੀਆਂ ਸਿੱਖਿਆ ਸੰਸਥਾਵਾਂ ਵਿਚ ਜਰਮਨ ਭਾਸ਼ਾ ਨੂੰ ਵਾਧੂ ਵਿਸ਼ੇ ਵਜੋਂ ਜਾਰੀ ਰੱਖੇਗਾ ਤੇ ਜਰਮਨੀ ਵਿਚ ਸੰਸਕ੍ਰਿਤ ਸਣੇ ਹੋਰ ਭਾਰਤੀ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ।

ਸੂਤਰਾਂ ਮੁਤਾਬਕ ਦੋਵੇਂ ਦੇਸ਼ ਇਸ ਮਾਮਲੇ 'ਤੇ ਇਕ ਸਾਂਝਾ ਪ੍ਰਸਤਾਵ ਲਿਆਉਣ ਲਈ ਤਿਆਰ ਹਨ ਤੇ ਇਸ ਦਾ ਐਲਾਨ ਜਰਮਨੀ ਚਾਂਸਲਰ ਦੇ ਭਾਰਤ ਦੌਰੇ ਮੌਕੇ ਕੀਤਾ ਜਾਵੇਗਾ।



### ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦੇ ਹੱਲ ਦਾ ਭਰੋਸਾ

**ਬਰਲਿਨ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਜਰਮਨੀ ਵਿਚ ਭਾਰਤੀ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਜਰਮਨੀ ਵਿਚ 10000 ਭਾਰਤੀ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ, ਪਰ ਇਥੇ ਉਨ੍ਹਾਂ ਨੂੰ ਰਹਿਣ ਵਿਚ ਕਾਫੀ ਮੁਸ਼ਕਲਾਂ ਆਉਂਦੀਆਂ ਹਨ ਤੇ ਵੀਜ਼ੇ ਲਈ ਵੀ ਉਨ੍ਹਾਂ ਨੂੰ ਬਹੁਤ ਤੰਗ ਪਰੇਸ਼ਾਨ ਹੋਣਾ ਪੈਂਦਾ ਹੈ। ਇਨ੍ਹਾਂ ਮੁਸ਼ਕਲਾਂ ਦਾ ਜੋਹਾਨਾ ਵਾਂਕਾ ਨੇ ਜਲਦ ਹੀ ਹੱਲ ਲੱਭਣ ਦਾ ਵਾਅਦਾ ਕੀਤਾ।

ਭਾਰਤ ਵਿਚਲੇ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਬੀਤੇ ਸਾਲ ਨਵੰਬਰ ਵਿਚ ਵਿਦਿਅਕ ਸੰਸਥਾਵਾਂ ਵਿਚ ਜਰਮਨ ਭਾਸ਼ਾ ਦੀ ਥਾਂ ਸੰਸਕ੍ਰਿਤ ਲਾਗੂ ਕਰ ਦਿੱਤੀ ਸੀ।

ਜਰਮਨੀ ਨੇ ਇਸ ਦਾ ਖਾਸਾ ਬੁਰਾ ਮਨਾਇਆ ਸੀ। ਮਾਰਕਲ ਨੇ ਬ੍ਰਿਸਬਨ ਵਿਚ ਜੀ-20 ਸਿਖਰ ਸੰਮੇਲਨ ਮੌਕੇ ਇਸ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਰੋਸ ਪ੍ਰਗਟ ਕੀਤਾ ਸੀ। ਜਰਮਨੀ ਵਿਚ ਭਾਰਤ ਦੇ ਦਸ ਹਜ਼ਾਰ ਵਿਦਿਆਰਥੀ ਪੜ੍ਹਦੇ ਹਨ ਜਦ ਕਿ ਭਾਰਤ ਵਿਚ ਜਰਮਨੀ ਦੇ ਅੱਠ ਸੌ ਵਿਦਿਆਰਥੀ ਹਨ।

### ਵਿਦੇਸ਼ ਗਏ 17 ਭਾਰਤੀ ਆਈ.ਐਸ. 'ਚ ਸ਼ਾਮਲ

**ਨਵੀਂ ਦਿੱਲੀ:** ਰੋਜ਼ੀ-ਰੋਟੀ ਲਈ ਵਿਦੇਸ਼ ਗਏ 17 ਭਾਰਤੀਆਂ ਦਾ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ. ਐਸ) ਵਿਚ ਸ਼ਾਮਲ ਹੋਣ ਦਾ ਖੁਲਾਸਾ ਹੋਇਆ ਹੈ, ਜਿਸ ਕਾਰਨ ਗ੍ਰਹਿ ਮੰਤਰਾਲੇ ਨੇ ਇਸੇ ਮਹੀਨੇ ਦੀ ਸ਼ੁਰੂਆਤ ਵਿਚ 12 ਸੂਬਿਆਂ ਦੇ ਗ੍ਰਹਿ ਸਕੱਤਰਾਂ ਤੇ ਡੀ.ਜੀ.ਪੀ. ਦੀ ਬੈਠਕ ਬੁਲਾਈ ਸੀ।

ਖੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਇਹ 17 ਨੌਜਵਾਨ ਜਾਂ ਤਾਂ ਆਈ.ਐਸ. ਵਿਚ ਸ਼ਾਮਲ ਹੋ ਗਏ ਹਨ ਜਾਂ ਫਿਰ ਸ਼ਾਮਲ ਹੋਣ ਲਈ ਰਵਾਨਾ ਹੋ ਚੁੱਕੇ ਹਨ। ਇਨ੍ਹਾਂ ਵਿਚ ਇਕ ਲੜਕੀ ਵੀ ਸ਼ਾਮਲ ਸੀ। 17 ਕੁ ਸਾਲ ਉਮਰ ਦੇ ਇਹ ਸਾਰੇ ਨੌਜਵਾਨ ਪੜ੍ਹੇ-ਲਿਖੇ ਹਨ ਤੇ ਮੱਧ ਵਰਗੀ ਪਰਿਵਾਰਾਂ ਨਾਲ ਸਬੰਧਤ ਹਨ। ਕੁਝ ਦਾ ਮੁਸਲਿਮ ਰਾਜਨੀਤਕ ਪਾਰਟੀਆਂ ਨਾਲ ਸਬੰਧ ਤਾਂ ਸੀ ਪਰ ਕੋਈ ਵੀ ਅਤਿਵਾਦੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਨਹੀਂ ਸੀ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਰੋਕਣ ਲਈ ਪ੍ਰਧਾਨ ਮੰਤਰੀ ਨੇ ਸਾਬਕਾ ਆਈ.ਬੀ.ਮੁਖੀ ਆਸਿਫ਼ ਇਬਰਾਹਿਮ ਨੂੰ ਕਾਊਂਟਰ ਰੇਡੀਕਲਾਈਜੇਸ਼ਨ ਪ੍ਰੋਗਰਾਮ ਚਲਾਉਣ ਲਈ ਕਿਹਾ ਹੈ।

### ਬਰਤਾਨੀਆ 'ਚ ਭਾਰਤੀਆਂ ਦੀ ਗਿਣਤੀ ਅੱਠ ਲੱਖ ਪੁੱਜੀ

**ਲੰਡਨ:** ਬਰਤਾਨੀਆ ਵਿਚ ਇਸ ਵੇਲੇ ਭਾਰਤ ਵਿਚ ਜੰਮੇ ਪਰਵਾਸੀਆਂ ਦੀ ਗਿਣਤੀ 793000 ਤੱਕ ਪੁੱਜ ਚੁੱਕੀ ਹੈ। ਬਰਤਾਨਵੀ ਕੌਮੀ ਅੰਕੜਾ ਵਿਭਾਗ ਮੁਤਾਬਕ ਮਾਰਚ 2015 ਨੂੰ ਖਤਮ ਹੋਏ ਸਾਲ ਦੌਰਾਨ ਦੇਸ਼ ਵਿਚ ਰਿਕਾਰਡ 330000 ਵਿਦੇਸ਼ੀਆਂ ਨੇ ਡੇਰੇ ਲਗਾ ਲਏ ਜਦ ਕਿ ਇਸ ਤੋਂ ਪਿਛਲੇ ਸਾਲ ਇਹ ਗਿਣਤੀ 23600 ਸੀ। ਯੂਰਪੀ ਯੂਨੀਅਨ ਤੋਂ ਬਰਤਾਨੀਆ ਵਿਚ ਆ ਕੇ ਵੱਸਣ ਵਾਲਿਆਂ ਦੀ ਗਿਣਤੀ 183000 ਰਹੀ ਪਰ ਯੂਰਪੀ ਯੂਨੀਅਨ ਤੋਂ ਬਾਹਰਲੇ ਮੁਲਕਾਂ ਤੋਂ ਸਾਲ 2014-15 ਦੌਰਾਨ 196000 ਲੋਕ ਆਏ। ਇਸ ਵੇਲੇ ਬਰਤਾਨੀਆ ਵਿਚਲੇ ਪਰਵਾਸੀਆਂ ਵਿਚ ਪੋਲੈਂਡ ਮੂਲ ਦੇ ਲੋਕਾਂ ਦੀ ਗਿਣਤੀ 853000 ਹੈ। ਦੇਸ਼ ਦੇ ਆਵਾਸ ਮੰਤਰੀ ਜੇਮਸ ਬਰੋਕਨਸ਼ਾਇਰ ਨੇ ਕਿਹਾ ਹੈ ਕਿ ਇਹ ਅੰਕੜੇ ਚਿੰਤਾ ਵਿਚ ਪਾਉਣ ਵਾਲੇ ਹਨ ਕਿਉਂਕਿ ਸਰਕਾਰ ਵੱਲੋਂ ਸਖ਼ਤੀ ਦੇ ਬਾਵਜੂਦ ਐਨੀ ਵੱਡੀ ਗਿਣਤੀ ਵਿਚ ਪਰਵਾਸੀਆਂ ਦਾ ਇਥੇ ਆਉਣਾ ਆਰਥਿਕਤਾ ਲਈ ਘਾਤਕ ਹੈ। ਉਨ੍ਹਾਂ ਕਿਹਾ ਕਿ ਯੂਰਪੀ ਯੂਨੀਅਨ ਤੋਂ ਰਿਕਾਰਡ ਗਿਣਤੀ ਵਿਚ ਲੋਕ ਇਥੇ ਪੁੱਜੇ ਹਨ। ਸਾਲ 2011 ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਕਿਹਾ ਸੀ ਕਿ ਉਹ ਦੇਸ਼ ਵਿਚ ਪਰਵਾਸੀਆਂ ਦੀ ਆਮਦ ਨੂੰ ਘਟਾਉਣ ਲਈ ਟਿੱਲ ਲਾਉਣਗੇ। ਦੇਸ਼ ਦੀ ਅਵਾਸ ਨੀਤੀ ਦੀ ਵੱਖ-ਵੱਖ ਧਿਰਾਂ ਵੱਲੋਂ ਆਲੋਚਨਾ ਕੀਤੀ ਜਾ ਰਹੀ ਹੈ ਤੇ ਸਰਕਾਰ ਉਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਆਪਣੀ ਇਸ ਨੀਤੀ 'ਤੇ ਨਜ਼ਰਸਾਨੀ ਕਰੇ।

# 'ਸਮਾਰਟ ਸਿਟੀ' ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੁਫਨੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਪ੍ਰਧਾਨ ਮੰਤਰੀ ਅਜੀਬ ਕਿਸਮ ਦੇ ਸ਼ੌਕ ਪਾਲਣ ਵਾਲਾ ਵਿਅਕਤੀ ਹੈ। ਉਸ ਦਾ ਅੱਜ-ਕੱਲ੍ਹ ਚਰਚਿਤ ਸ਼ੌਕ ਹਰ ਥਾਂ ਲੋਕਾਂ ਨਾਲ ਸੈਲਫੀ ਖਿੱਚਣ ਦਾ ਹੈ। ਪਿਛਲੇਰੇ ਹਫਤੇ ਉਹ ਆਬੂ ਧਾਬੀ ਵਿਚ ਸੀ। ਓਥੇ ਵੀ ਉਸ ਨੇ ਕੁਝ ਲੋਕਾਂ ਨਾਲ ਇਸੇ ਤਰ੍ਹਾਂ ਸੈਲਫੀ ਖਿੱਚੀ ਤੇ ਉਨ੍ਹਾਂ ਲੋਕਾਂ ਨੇ ਉਹ ਸੈਲਫੀ ਇੰਟਰਨੈਟ ਦੀਆਂ ਕੁਝ ਸਾਈਟਾਂ ਉਤੇ ਚਾੜ੍ਹ ਕੇ ਆਪਣੇ-ਆਪ ਨੂੰ ਖੁਸ਼ ਕਰ ਲਿਆ। ਇੱਕ ਸੈਲਫੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਬਈ ਦੇ ਦੋ ਸ਼ੇਖਾਂ ਦੇ ਵਿਚਾਲੇ ਖੜਾ ਸੀ। ਇਹ ਸੈਲਫੀ ਕਿਸੇ ਸ਼ਰਾਰਤੀ ਨੇ ਵੇਖ ਲਈ ਤਾਂ ਉਸ ਨੇ ਸ਼ਰਾਰਤ ਕਰ ਕੇ ਸੋਸ਼ਲ ਮੀਡੀਆ ਉਤੇ ਚਾੜ੍ਹਨ ਵੇਲੇ ਇਹ ਦਿਲਚਸਪ ਕੈਪਸ਼ਨ ਲਿਖ ਦਿੱਤੀ: 'ਦੋ ਸ਼ੇਖਾਂ ਦੇ ਵਿਚਾਲੇ ਸ਼ੇਖਚਿਲੀ'। ਉਹ ਬੰਦਾ ਮਜ਼ਾਕ ਕਰ ਕੇ ਖੁਸ਼ ਹੋ ਗਿਆ ਹੋਵੇਗਾ, ਹੋਣ ਦਿਓ।

ਨਰੇਂਦਰ ਮੋਦੀ ਇੱਕ ਸੌ ਪੰਝੀ ਕਰੋੜ ਲੋਕਾਂ ਦਾ ਪ੍ਰਧਾਨ ਮੰਤਰੀ ਹੈ ਤੇ ਉਨ੍ਹਾਂ ਇੱਕ ਸੌ ਪੰਝੀ ਕਰੋੜ ਲੋਕਾਂ ਵਿਚ ਅਸੀਂ ਖੁਦ ਵੀ ਸ਼ਾਮਲ ਹਾਂ, ਇਸ ਲਈ ਆਪਣੇ ਪ੍ਰਧਾਨ ਮੰਤਰੀ ਵਾਸਤੇ ਇਸ ਤਰ੍ਹਾਂ ਦੇ ਸ਼ਬਦ ਨਹੀਂ ਵਰਤਾਂਗੇ। ਭਾਰਤ ਦਾ ਇਹ ਪ੍ਰਧਾਨ ਮੰਤਰੀ ਉਂਜ ਵੀ ਕਿਸੇ ਪੱਖੋਂ ਸ਼ੇਖਚਿਲੀ ਨਹੀਂ ਕਿਹਾ ਜਾ ਸਕਦਾ। ਸ਼ੇਖਚਿਲੀ ਖੁਦ ਵੀ ਸੁਫਨਿਆਂ ਦੀ ਦੁਨੀਆਂ ਵਿਚ ਵੱਸਦਾ ਹੈ। ਨਰੇਂਦਰ ਮੋਦੀ ਆਪ ਸੁਫਨਿਆਂ ਦੀ ਦੁਨੀਆਂ ਵਿਚ ਨਹੀਂ ਵੱਸਦਾ, ਹਰ ਗੱਲ ਬਾਰੇ ਸਭ ਕੁਝ ਜਾਣਦਾ ਹੈ, ਪਰ ਦੂਸਰੇ ਲੋਕਾਂ ਨੂੰ ਸੁਫਨਿਆਂ ਦੀ ਦੁਨੀਆਂ ਵਿਚ ਲਿਜਾ ਕੇ ਬਿਨਾਂ ਕੁਝ ਕੀਤਿਆਂ ਅਸਮਾਨ ਵਿਚ ਉਡਦੀ ਉਹ ਗੁੱਡੀ ਵਿਖਾਈ ਜਾਂਦਾ ਹੈ, ਜਿਹੜੀ ਅਸਲ ਵਿਚ ਹੁੰਦੀ ਹੀ ਨਹੀਂ। ਕਮਾਲ ਦੀ ਗੱਲ ਇਹ, ਕਿ ਉਸ ਦੇ ਵਿਖਾਏ ਸੁਫਨੇ ਝੂਠੇ ਸਾਬਤ ਵੀ ਹੋਣ ਤਾਂ ਉਨ੍ਹਾਂ ਦਾ ਅਫਸੋਸ ਨਹੀਂ ਹੁੰਦਾ, ਗੱਲ ਤਿਲਕਾਉਣ ਲਈ ਉਹ ਅਗਲਾ ਸੁਫਨਾ ਵਿਖਾ ਕੇ ਲੋਕਾਂ ਦਾ ਮਨ ਪਰਚਾ ਸਕਦਾ ਹੈ। ਅਜੇ ਸਿਰਫ ਸਵਾ ਸਾਲ ਲੰਘਿਆ ਹੈ, ਪੌਣੇ ਚਾਰ ਸਾਲ ਬਾਕੀ ਹਨ। ਚਾਰ ਸਾਲਾਂ ਮਗਰੋਂ ਤਸਵੀਰ ਕਿੱਦਾਂ ਦੀ ਹੋਵੇਗੀ, ਸੋਚ ਲੈਣਾ ਔਖਾ ਨਹੀਂ।

ਗੰਗਾ ਸਫਾਈ ਮੁਹਿੰਮ ਪ੍ਰਧਾਨ ਮੰਤਰੀ ਮੋਦੀ ਦਾ ਇੱਕ ਖਾਸ ਪ੍ਰਾਜੈਕਟ ਸੀ। ਆਪਣੇ ਚੋਣ ਹਲਕੇ ਵਾਰਾਣਸੀ ਦੇ ਕੁਝ ਘਾਟ ਆਪਣੇ ਆਉਣ-ਜਾਣ ਜੋਗੇ ਸੋਹਣੇ ਬਣਵਾ ਲਏ, ਬਾਕੀ ਸਾਰੀ ਗੰਗਾ ਨਦੀ ਭਗੀਰਥੀ ਵਾਲੇ ਪਹਿਲੇ ਸਰੋਤ ਤੋਂ ਲੈ ਕੇ ਭਾਰਤ ਦੀ ਹੱਦੋਂ ਅੱਗੇ ਲੰਘਣ ਤੱਕ ਜਿਵੇਂ ਪਹਿਲਾਂ ਗੰਦਗੀ ਢੋਂਦੀ ਸੀ, ਓਦਾਂ ਹੁਣ ਵੀ ਢੋਈ ਜਾਂਦੀ ਹੈ। ਸ਼ਹਿਰਾਂ ਦੇ ਗੰਦੇ ਨਾਲੇ ਇਸ ਵਿਚ ਓਸੇ ਤਰ੍ਹਾਂ ਪੈ ਰਹੇ ਹਨ, ਧੋਬੀ-ਘਾਟਾਂ ਉਤੇ ਰੋਜ਼ ਢੇਰਾਂ ਦੇ ਢੇਰ ਕੱਪੜੇ ਧੋਣ ਮਗਰੋਂ ਸਾਬਣ ਤੇ ਗੰਦਗੀ ਇਸ ਵਿਚ ਉਵੇਂ ਹੀ ਪਾਈ ਜਾਂਦੀ ਹੈ ਤੇ ਗੰਗਾ ਕਿਨਾਰੇ ਬਣੇ ਸ਼ਮਸ਼ਾਨ ਘਾਟਾਂ ਤੋਂ ਅੱਧੀਆਂ ਸੜੀਆਂ ਲਾਸ਼ਾਂ ਨੂੰ ਸਿਵਿਆਂ ਦੀ ਸਵਾਹ ਸਮੇਤ ਉਵੇਂ ਹੀ ਗੰਗਾ ਵਿਚ ਵਗਾਇਆ ਜਾਂਦਾ ਹੈ। ਇਹ ਹਾਲ ਉਸ ਗੰਗਾ ਦਾ ਹੈ, ਜਿਸ ਬਾਰੇ ਵਾਰਾਣਸੀ ਤੋਂ ਚੋਣ ਲੜਨ ਵੇਲੇ ਪ੍ਰਧਾਨ ਮੰਤਰੀ ਮੋਦੀ ਨੇ ਉਚੀ ਸੁਰ ਵਿਚ ਆਪ ਇਹ ਐਲਾਨ ਕੀਤਾ ਸੀ, "ਨਾ ਮੈਂ ਏਥੇ ਆਇਆ ਹਾਂ, ਨਾ ਕਿਸੇ ਨੇ ਭਿਜਵਾਇਆ ਹੈ, ਮੈਨੂੰ ਤਾਂ ਮਾਂ ਗੰਗਾ ਨੇ ਬੁਲਾਇਆ ਹੈ।" ਵਿਚਾਰੀ ਗੰਗਾ ਵੀ ਮੋਦੀ ਦੇ ਵਿਖਾਏ ਸੁਫਨੇ ਵਿਚ ਉਲਝ ਕੇ ਰਹਿ ਗਈ।

ਦੂਸਰਾ ਸੁਫਨਾ ਹਰ ਕਿਸੇ ਦੇ ਹਿੱਸੇ ਤਿੰਨ-ਤਿੰਨ ਲੱਖ ਰੁਪਏ ਅਤੇ ਪੰਜ ਜੀਆਂ ਵਾਲੇ ਪਰਿਵਾਰ ਨੂੰ ਪੰਦਰਾਂ ਲੱਖ ਰੁਪਏ ਦੇ ਭੌਂਅ ਚੜ੍ਹਾਉਣ ਦਾ ਸੀ। ਹੁਣ ਭਾਜਪਾ ਦਾ ਕੌਮੀ ਪ੍ਰਧਾਨ ਅਮਿਤ ਸ਼ਾਹ



ਨਰੇਂਦਰ ਮੋਦੀ ਸੈਲਫੀ ਖਿੱਚਦੇ ਹੋਏ

ਆਪ ਇਹ ਮੰਨ ਚੁੱਕਾ ਹੈ ਕਿ ਇਹ ਵਾਅਦਾ ਨਹੀਂ, ਸਿਰਫ ਇੱਕ ਚੋਣ ਜੁਮਲਾ ਸੀ। ਤੀਸਰਾ ਸੁਫਨਾ 'ਅੱਛੇ ਦਿਨ ਆਨੇ ਵਾਲੇ ਹੈਂ' ਹੁੰਦਾ ਸੀ। ਨਰੇਂਦਰ ਮੋਦੀ ਦੇ ਇੱਕ ਕੇਂਦਰੀ ਮੰਤਰੀ ਸਾਥੀ ਨੇ ਕਹਿ ਦਿੱਤਾ ਹੈ ਕਿ ਉਹ ਸਾਡਾ ਨਾਂਰਾ ਹੀ ਨਹੀਂ ਸੀ, ਕਿਸੇ ਹੋਰ ਨੇ ਐਵੇਂ ਦੇ ਦਿੱਤਾ ਸੀ। ਚਲੋ ਇਹ ਵੀ ਝਾਕ ਲੱਥੀ।

ਗੱਲੀਂ-ਬਾਤੀਂ ਦਿਨੇ ਤਾਰੇ ਵਿਖਾਉਣ ਵਾਲੇ ਨਰੇਂਦਰ ਮੋਦੀ ਦਾ ਫਾਰਮੂਲਾ ਬੜਾ ਸਿੱਧੜ ਹੈ। ਭਾਰਤ ਵਿਚ ਇੱਕ ਪਲਾਨਿੰਗ ਕਮਿਸ਼ਨ ਹੁੰਦਾ ਸੀ, ਇਸ ਨੂੰ ਹਿੰਦੀ ਵਿਚ ਯੋਜਨਾ ਕਮਿਸ਼ਨ ਕਹਿੰਦੇ ਸਨ। ਅੰਗਰੇਜ਼ੀ ਦੇ 'ਪਲਾਨਿੰਗ' ਦਾ ਹਿੰਦੀ ਅਰਥ 'ਯੋਜਨਾ' ਵੀ ਹੁੰਦਾ ਹੈ ਅਤੇ 'ਨੀਤੀ' ਵੀ। ਅੰਗਰੇਜ਼ੀ ਦੇ 'ਕਮਿਸ਼ਨ' ਦਾ ਅਰਥ ਹਿੰਦੀ ਵਿਚ 'ਆਯੋਗ' ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਦਾ ਹਿੰਦੀ ਨਾਂ ਪਲਾਨਿੰਗ ਕਮਿਸ਼ਨ ਦੀ ਥਾਂ 'ਨੀਤੀ ਆਯੋਗ' ਰੱਖ ਲਿਆ। ਫਿਰ ਉਹ ਇਸ ਗੱਲ ਨਾਲ ਲੋਕਾਂ ਨੂੰ ਖੁਸ਼ ਕਰਨ ਲੱਗ ਪਿਆ ਕਿ ਹੁਣ ਪਲਾਨਿੰਗ ਨਹੀਂ ਹੋਣੀ, ਨੀਤੀਆਂ ਬਣਾਉਣ ਦਾ ਕੰਮ ਹੋਵੇਗਾ। ਕੇਂਦਰ ਦਾ ਖੇਤੀ ਮੰਤਰਾਲਾ ਹੁੰਦਾ ਸੀ, ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਦਾ ਭਲਾ ਇਸ ਲਈ ਨਹੀਂ ਹੋ ਰਿਹਾ, ਕਿਉਂਕਿ ਇਸ ਦੇ ਨਾਂ ਵਿਚ ਕਿਸਾਨ ਦਾ ਨਾਂ ਨਹੀਂ ਹੈ, ਇਸ ਦਾ ਨਾਂ ਅਸੀਂ ਹੁਣ ਕ੍ਰਿਸ਼ੀ (ਖੇਤੀਬਾੜੀ) ਮੰਤਰਾਲੇ ਤੋਂ ਬਦਲ ਕੇ 'ਕ੍ਰਿਸ਼ੀ ਅਤੇ ਕਿਸਾਨ ਮੰਤਰਾਲਾ' ਇਸ ਲਈ ਰੱਖ ਦਿੱਤਾ ਹੈ ਕਿ ਕਿਸਾਨਾਂ ਦਾ ਭਲਾ ਕਰਨਾ ਹੈ। ਸਿਰਫ ਨਾਂ ਬਦਲ ਦੇਣ ਨਾਲ ਭਲਾ ਹੋ ਸਕਦਾ ਤਾਂ ਜੇਲ੍ਹਾਂ ਦਾ ਨਾਂ ਵੀ ਜਦੋਂ 'ਸੁਧਾਰ ਘਰ' ਰੱਖਿਆ ਗਿਆ ਸੀ, ਉਸ ਪਿੱਛੋਂ ਓਥੇ ਸਾਰੇ ਅਪਰਾਧੀ ਸੁਧਰ ਜਾਣੇ ਸਨ। ਸੱਚਾਈ ਬਾਰੇ ਲੋਕ ਇਸ ਕਰ ਕੇ ਨਹੀਂ ਜਾਣਦੇ ਕਿ ਮੋਦੀ ਪਿਛਲੀ ਗੱਲ ਯਾਦ ਕਰਨ ਦਾ ਮੌਕਾ ਹੀ ਨਹੀਂ ਦਿੰਦਾ ਤੇ ਹਰ ਵਾਰੀ ਨਵੀਂ ਕਥਾ ਛੇੜ ਲੈਂਦਾ ਹੈ।

ਇਸ ਵੇਲੇ ਪ੍ਰਧਾਨ ਮੰਤਰੀ ਬੜੇ ਜੋਸ਼ ਵਿਚ ਲੋਕਾਂ ਨੂੰ ਅਗਲਾ ਸੁਫਨਾ ਵਿਖਾ ਰਿਹਾ ਹੈ ਕਿ ਭਾਰਤ ਦੇ ਬਹੁਤ ਸਾਰੇ ਸ਼ਹਿਰਾਂ ਨੂੰ 'ਸਮਾਰਟ ਸਿਟੀ' ਬਣਾਉਣਾ ਹੈ। ਧੰਨ ਭਾਗ। ਅੰਗਰੇਜ਼ੀ ਦੀ ਇੱਕ ਪ੍ਰਸਿੱਧ ਕਹਾਵਤ ਹੈ ਕਿ 'ਚੈਰਿਟੀ ਬਿਗਿਨਜ਼ ਐਟ ਹੋਮ', ਅਰਥਾਤ ਨੇਕੀ ਘਰ ਤੋਂ ਸ਼ੁਰੂ ਹੁੰਦੀ ਹੈ। ਇਸ ਨੂੰ ਦੂਸਰੇ ਰੁਖ ਲਿਆ ਜਾ ਸਕਦਾ ਹੈ ਕਿ ਸੁਫਨੇ ਕਦੇ ਸੱਚ ਕੀਤੇ ਹੋਏ ਵਿਖਾਉਣੇ ਹੋਣ ਤਾਂ ਇਹ ਕੰਮ ਪਹਿਲਾਂ ਆਪਣੇ ਘਰ ਤੋਂ ਕਰ ਕੇ ਵਿਖਾਉਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਜਿਸ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਦੀ ਫਲਾਈਟ ਅਰੰਭ ਕੀਤੀ ਸੀ ਅਤੇ ਉਸ ਰਾਜ ਵਿਚ ਉਸ ਨੇ 22 ਦਸੰਬਰ 2002 ਤੋਂ 22 ਮਈ 2014 ਤੱਕ 4610 ਦਿਨ ਲਗਾਤਾਰ ਰਾਜ ਕੀਤਾ ਸੀ, ਓਥੇ ਮੋਦੀ ਤੋਂ ਬਿਨਾਂ ਇੱਕੋ ਸਾਹੇ ਲੰਮਾ ਸਮਾਂ ਰਾਜ ਕਰਨ ਵਾਲੇ ਇੱਕ ਹੋਰ ਮੁੱਖ ਮੰਤਰੀ ਨੂੰ ਮਸਾਂ 2062 ਦਿਨ ਨਸੀਬ ਹੋਇਆ ਸੀ। ਸੁਫਨੇ ਸੱਚ ਕਰ ਕੇ ਵਿਖਾਉਣ ਦੀ ਗੱਲ ਹੁੰਦੀ ਤਾਂ ਫਿਰ ਗੁਜਰਾਤ ਦੀ ਹਾਲਤ ਮੋਦੀ ਸਾਹਿਬ ਨੇ ਬੜੀ ਸੁਧਾਰੀ ਹੋਣੀ ਸੀ, ਪਰ ਇਹੋ ਜਿਹਾ ਕੁਝ ਨਹੀਂ ਹੋ ਸਕਿਆ।

ਹਾਲੇ ਪਿਛਲੇ ਮਹੀਨੇ ਦੀ ਗੱਲ ਹੈ, ਜਦੋਂ ਭਾਰਤ ਦੇ 478 ਪ੍ਰਮੁੱਖ ਸ਼ਹਿਰਾਂ ਦੀ ਸਾਫ-ਸਫਾਈ ਦੇ ਅੰਕੜੇ ਜਾਰੀ ਹੋਏ ਸਨ ਤਾਂ ਅਸੀਂ ਪੰਜਾਬ ਵਾਲੇ ਇਸ ਗੱਲੋਂ ਦੁਖੀ ਸਾਂ ਕਿ ਸਾਡਾ ਇੱਕ ਵੀ ਸ਼ਹਿਰ ਟਾਪ-ਟੈਨ ਵਿਚ ਨਹੀਂ, ਜਲੰਧਰ ਨੂੰ ਵੀ ਅਠਾਈਵਾਂ ਤੇ ਮੋਹਾਲੀ ਨੂੰ ਚੁਰਾਸੀਵਾਂ ਥਾਂ ਮਿਲ ਸਕਿਆ ਹੈ। ਸਾਨੂੰ ਇਹ ਵੀ ਦੁੱਖ ਸੀ ਕਿ ਅੰਮ੍ਰਿਤਸਰ ਨੂੰ ਧਾਰਮਿਕ ਪੱਖੋਂ ਫੰਡਾਂ ਦੀ ਨਹਿਰ ਵਗਾਉਣ ਦੇ ਦਾਅਵੇ ਕੀਤੇ ਜਾਂਦੇ ਰਹੇ ਸਨ, ਪਰ ਉਹ 478 ਸ਼ਹਿਰਾਂ ਵਿਚੋਂ 430ਵੇਂ ਥਾਂ ਆਇਆ। ਮੁੱਖ ਮੰਤਰੀ ਬਾਦਲ ਦਾ ਆਪਣਾ ਸ਼ਹਿਰ ਮੁਕਤਸਰ ਵੀ 384ਵੇਂ ਨੰਬਰ ਉਤੇ ਲਿਖਿਆ ਵੇਖਿਆ ਸੀ। ਸਥਿਤੀ ਸ਼ਰਮਨਾਕ ਜਾਪਦੀ ਸੀ। ਇਸ ਤੋਂ ਹਟ ਕੇ ਅਸੀਂ ਦਿੱਲੀ ਤੇ ਗੁਜਰਾਤ ਵੱਲ ਝਾਤੀ ਮਾਰੀ ਤਾਂ ਹੋਰ ਵੀ ਹੈਰਾਨੀ ਵਾਲੀ ਸਥਿਤੀ ਲੱਭ ਪਈ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਿਸ ਗੁਜਰਾਤ ਵਿਚ ਕਿਸੇ ਵੀ ਹੋਰ ਆਗੂ ਤੋਂ ਵੱਧ ਸਮਾਂ ਰਾਜ ਕੀਤਾ ਸੀ, ਉਸ ਵਿਚੋਂ ਕੋਈ ਇੱਕ ਸ਼ਹਿਰ ਵੀ ਟਾਪ-ਟੈਨ ਅਤੇ ਟਾਪ-ਟਵੰਟੀ ਤਾਂ ਕੀ, ਟਾਪ-ਫਿਫਟੀ ਵਿਚ ਨਹੀਂ ਸੀ ਲੱਭਾ ਅਤੇ ਹੀਰਿਆਂ ਦੇ ਕਾਰੋਬਾਰ ਵਾਲਾ ਸੂਰਤ ਦਾ ਸ਼ਹਿਰ 63ਵੇਂ ਨੰਬਰ ਉਤੇ ਤੇ ਗੁਜਰਾਤ ਦਾ ਸਭ ਤੋਂ ਵੱਡਾ ਸ਼ਹਿਰ ਅਹਿਮਦਾਬਾਦ 79ਵੇਂ ਥਾਂ ਲਿਖਿਆ ਪਿਆ ਸੀ। ਜਿਹੜੀ ਰਾਜਧਾਨੀ ਗਾਂਧੀਨਗਰ ਵਿਚ ਐਨੇ ਸਾਲ ਬੈਠ ਕੇ ਨਰੇਂਦਰ ਮੋਦੀ ਨੇ ਰਾਜ ਮਾਣਿਆ ਸੀ, ਉਸ ਦਾ ਨਾਂ ਇਸ ਸੂਚੀ ਵਿਚ 478 ਸ਼ਹਿਰਾਂ ਵਿਚੋਂ ਪਹਿਲੇ ਤਿੰਨ ਸੌ ਵਿਚ ਵੀ ਨਹੀਂ ਸੀ ਤੇ 310 ਨੰਬਰ ਉਤੇ ਜਾ ਕੇ ਲੱਭਦਾ ਸੀ। ਪਿਛਲੇ ਸਾਲ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਸਾਫ ਕਰਨ ਦੀ ਮੁਹਿੰਮ ਬੜੇ ਧੜੱਲੇ ਨਾਲ ਸ਼ੁਰੂ ਕੀਤੀ ਅਤੇ ਆਪ ਝਾੜੂ ਫੜ ਕੇ ਦਿੱਲੀ ਵਿਚ ਅੱਗੇ ਲੱਗ ਕੇ ਤੁਰਿਆ ਸੀ, ਪਰ ਇੱਕ ਸਾਲ ਪਿੱਛੋਂ ਜਦੋਂ ਅੰਕੜੇ ਆਏ ਤਾਂ ਹੈਰਾਨੀ ਵਾਲੇ ਸਨ। ਰਾਜਧਾਨੀ ਦਾ ਕੇਂਦਰੀ ਇਲਾਕਾ ਪੰਦਰ੍ਹਵੀਂ ਥਾਂ ਹੋਣ ਦੇ ਨਾਲ ਨਵੀਂ ਦਿੱਲੀ ਵਾਲੀ ਨਗਰ ਪਾਲਿਕਾ ਦਾ ਖੇਤਰ ਦੇਸ਼ ਵਿਚੋਂ ਸੋਲ੍ਹਵੇਂ ਥਾਂ ਆ ਗਿਆ ਸੀ, ਪਰ ਬਾਕੀ ਦਿੱਲੀ ਇਸ ਸੂਚੀ ਵਿਚ 398ਵੇਂ ਨੰਬਰ ਉਤੇ ਲਿਖੀ ਦਿਖਾਈ ਦੇਂਦੀ ਸੀ। ਦੀਵੇ ਹੇਠ ਹਨੇਰਾ ਇਸੇ ਨੂੰ ਕਹਿੰਦੇ ਹਨ।

ਪ੍ਰਧਾਨ ਮੰਤਰੀ ਵਾਲੇ ਸਰਕਾਰੀ ਘਰ ਤੋਂ ਸੰਸਦ ਭਵਨ ਤੱਕ ਦੀ ਸਫਾਈ ਦੇਸ਼ ਵਿਚੋਂ ਪੰਦਰ੍ਹਵੇਂ ਥਾਂ, ਕਨਾਟ ਪਲੇਸ ਦਾ ਦੇਸ਼ ਵਿਚ ਸੋਲ੍ਹਵਾਂ ਨੰਬਰ, ਪਰ ਉਸ ਤੋਂ ਇੱਕ ਕਿਲੋਮੀਟਰ ਅੱਗੇ ਨਵੀਂ ਦਿੱਲੀ ਵਾਲਾ ਰੇਲਵੇ ਸਟੇਸ਼ਨ ਲੰਘਦੇ ਸਾਰ ਪਹਾੜਗੰਜ ਦਾ ਨੰਬਰ ਦੇਸ਼ ਵਿਚ 398 ਹੋ ਗਿਆ। ਕਮਾਲ ਸਾਡੇ ਪ੍ਰਧਾਨ ਮੰਤਰੀ ਦਾ ਗੱਲ ਤਿਲਕਾਉਣ ਦੀ ਕਲਾ ਦਾ ਹੈ ਕਿ ਕਿਸੇ ਨੇ ਇਹ ਚਰਚਾ ਵੀ ਨਹੀਂ ਛੇੜੀ।

ਸਾਨੂੰ ਪ੍ਰਧਾਨ ਮੰਤਰੀ ਦੇ ਸੁਫਨਿਆਂ ਵਿਚੋਂ ਸ਼ੇਖਚਿਲੀ ਵਾਲੀ ਕੋਈ ਗੱਲ ਨਹੀਂ ਲੱਭਦੀ, ਪਰ ਹਰ ਭਾਸ਼ਣ ਵਿਚੋਂ ਇਹ ਲੱਭ ਜਾਂਦਾ ਹੈ ਕਿ ਉਹ ਤੱਥਾਂ ਨੂੰ ਤਾੜੀਆਂ ਦੀ ਗੂੰਜ ਵਿਚ ਗਾਇਬ ਕਰ ਸਕਦਾ ਹੈ। ਉਹ ਦੇਸ਼ ਦੀ ਗਰੀਬੀ ਬਾਰੇ ਚਿੰਤਾ



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦਾ ਸਮਾਰਟ ਸਿਟੀ

ਬਹੁਤ ਕਰਦਾ ਹੈ, ਪਰ ਜਦੋਂ ਅੰਕੜੇ ਵੇਖੀਏ ਤਾਂ ਤਸਵੀਰ ਹੋਰ ਦਿਖਾਈ ਦੇਂਦੀ ਹੈ। ਤਾਜ਼ਾ ਅੰਕੜੇ ਸਾਨੂੰ ਮਿਲ ਨਹੀਂ ਸਕੇ ਅਤੇ ਜਿੰਨੇ ਕੁ ਮਿਲਦੇ ਹਨ, ਰੋਜ਼ ਬਦਲ ਜਾਂਦੇ ਹਨ। ਭਾਰਤ ਦੇ ਰਿਜ਼ਰਵ ਬੈਂਕ ਦੀ 2013 ਦੀ ਰਿਪੋਰਟ ਸਾਡੇ ਕੋਲ ਮੌਜੂਦ ਹੈ, ਜਿਹੜੀ ਗੁਜਰਾਤ ਵਿਚ ਨਰੇਂਦਰ ਮੋਦੀ ਦੇ ਗਿਆਰਾਂ ਸਾਲ ਰਾਜ ਕਰਨ ਪਿੱਛੋਂ ਬਣੀ ਸੀ। ਗਿਆਰਾਂ ਸਾਲ ਥੋੜ੍ਹੇ ਨਹੀਂ ਹੁੰਦੇ ਅਤੇ ਜਿਹੜਾ ਨਰੇਂਦਰ ਮੋਦੀ ਹੁਣ ਸਾਰੇ ਦੇਸ਼ ਨੂੰ ਖੁਸ਼ਹਾਲੀ ਦੇ ਸੁਫਨੇ ਵਿਖਾ ਰਿਹਾ ਹੈ, ਉਸ ਦੇ ਗਿਆਰਾਂ ਸਾਲਾਂ ਦੇ ਰਾਜ ਮਗਰੋਂ 2013 ਦੀ ਰਿਪੋਰਟ ਵਿਚ ਗਰੀਬੀ ਦੇ ਅੰਕੜਿਆਂ ਦੀ ਸੂਚੀ ਵਿਚ ਗੁਜਰਾਤ ਦਾ ਨਾਂ 14ਵੇਂ ਥਾਂ ਲਿਖਿਆ ਹੈ, ਪੰਜਾਬ ਸਣੇ ਤੇਰਾਂ ਹੋਰ ਰਾਜ ਘੱਟ ਗਰੀਬੀ ਹੋਣ ਕਾਰਨ ਇਸ ਤੋਂ ਉਚੇ ਥਾਂ ਦਰਜ ਸਨ। ਪੰਜਾਬ ਵਿਚ ਉਦੋਂ ਦੇ ਅੰਕੜਿਆਂ ਮੁਤਾਬਕ 5.26 ਫੀਸਦੀ ਲੋਕਾਂ ਨੂੰ ਗਰੀਬੀ ਰੇਖਾਂ ਤੋਂ ਹੇਠਾਂ ਗਿਣਿਆ ਗਿਆ ਸੀ ਤੇ ਗੁਜਰਾਤ ਵਿਚ 16.63 ਫੀਸਦੀ ਲੋਕ, ਪੰਜਾਬ ਨਾਲੋਂ ਤਿਗੁਣੇ ਤੋਂ ਵੱਧ ਲੋਕ, ਗਰੀਬੀ ਰੇਖਾ ਤੋਂ ਹੇਠਾਂ ਵੱਸਦੇ ਸਨ। ਜਦੋਂ ਰਿਜ਼ਰਵ ਬੈਂਕ ਦੀ ਇਹ ਰਿਪੋਰਟ ਆਈ, ਉਸ ਤੋਂ ਇੱਕ ਮਹੀਨਾ ਪਿੱਛੋਂ ਅਗਲੀ ਪਾਰਲੀਮੈਂਟ ਚੋਣ ਲਈ ਭਾਜਪਾ ਨੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾ ਦਿੱਤਾ ਤੇ ਸਾਰੇ ਦੇਸ਼ ਵਿਚ ਮੋਦੀ-ਮੋਦੀ ਦੇ ਰੌਲੇ ਵਿਚ ਗਰੀਬੀ ਤੋਂ ਹੇਠਾਂ ਵੱਸਦੇ ਲੋਕਾਂ ਦੀ ਤਸਵੀਰ ਪੇਸ਼ ਕਰਦੀ ਇਹ ਰਿਪੋਰਟ ਵੀ ਤਾੜੀਆਂ ਦੀ ਗੂੰਜ ਵਿਚ ਗਾਇਬ ਹੋ ਕੇ ਰਹਿ ਗਈ। ਬਾਅਦ ਵਿਚ ਜਦੋਂ ਪਾਰਲੀਮੈਂਟ ਵਿਚ ਗੁਜਰਾਤ ਮਾਡਲ ਦੀ ਗੱਲ ਚੱਲੀ ਤਾਂ ਨਰੇਂਦਰ ਮੋਦੀ ਨੇ ਖੁਦ ਇਹ ਮੰਨ ਲਿਆ ਸੀ ਕਿ ਸਾਰੇ ਗੁਜਰਾਤ ਦਾ ਇੱਕੋ 'ਗੁਜਰਾਤ ਮਾਡਲ' ਕੋਈ ਹੈ ਹੀ ਨਹੀਂ। ਓਥੇ ਗਰੀਬੀ ਵਾਲੇ ਖੇਤਰਾਂ ਲਈ ਹੋਰ ਸਕੀਮਾਂ ਹਨ ਤੇ ਖੁਸ਼ਹਾਲ ਹੋ ਚੁੱਕੇ ਖੇਤਰਾਂ ਲਈ ਹੋਰ ਸਕੀਮਾਂ ਹਨ। ਕਿਸੇ ਨੇ ਉਦੋਂ ਇਹ ਗੱਲ ਨਹੀਂ ਪੁੱਛੀ ਕਿ ਜੇ ਗੁਜਰਾਤ ਮਾਡਲ ਕੋਈ ਹੈ ਹੀ ਨਹੀਂ ਸੀ ਤਾਂ ਪਾਰਲੀਮੈਂਟ ਚੋਣਾਂ ਵਿਚ ਗੁਜਰਾਤ-ਮਾਡਲ ਦਾ ਰੌਲਾ ਕਿਉਂ ਪੈਂਦਾ ਰਿਹਾ ਸੀ?

ਹੁਣ ਭਾਰਤ ਸਰਕਾਰ ਨੇ ਦੇਸ਼ ਦੇ ਬਹੁਤ ਸਾਰੇ ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦਾ ਸੁਫਨਾ ਪੇਸ਼ ਕੀਤਾ ਹੈ। ਅਗਲਾ ਇੱਕ ਸਾਲ ਅਸੀਂ ਇਸ ਹੁਸੀਨ ਸੁਫਨੇ ਦੇ ਨਜ਼ਾਰੇ ਮਾਣੀਏ। ਸਾਫ-ਸੁਥਰੇ ਸ਼ਹਿਰਾਂ ਦੀ ਸੂਚੀ ਵਿਚ ਜਿਹੜੇ ਪੰਜਾਬ ਦੇ ਅੰਮ੍ਰਿਤਸਰ ਦਾ 430ਵਾਂ ਨੰਬਰ ਆਇਆ ਸੀ, ਉਸ ਪੰਜਾਬ ਦੇ ਤਿੰਨ ਸ਼ਹਿਰ ਵੀ ਇਸ ਨਵੇਂ ਸੁਫਨੇ ਦਾ ਹਿੱਸਾ ਬਣਾਏ ਗਏ ਹਨ। ਆਪਾਂ ਇਸ ਦਾ ਚਾਅ ਵੀ ਕਰੀਏ। ਅਗਲੇ ਸਾਲ ਇਹ ਚੇਤਾ ਕਰਨ ਦੀ ਲੋੜ ਨਹੀਂ ਕਿ ਅਸੀਂ ਕਦੇ ਇਹੋ ਜਿਹਾ ਸੁਫਨਾ ਵੇਖਿਆ ਸੀ। ਪ੍ਰਧਾਨ ਮੰਤਰੀ ਬੜੀ ਉਸਾਰੂ ਸੋਚ ਵਾਲਾ ਹੈ, ਰਾਤ-ਦਿਨ ਸੋਚਦਾ ਰਹਿੰਦਾ ਹੈ ਅਤੇ ਨਵਾਂ ਸੁਫਨਾ ਸੋਚ ਲੈਂਦਾ ਹੈ। ਅਗਲੇ ਸਾਲ ਉਹ ਸਾਡੇ ਲਈ ਕੋਈ ਹੋਰ ਸੁਫਨਾ ਪੇਸ਼ ਕਰੇਗਾ, ਆਓ ਉਸ ਨਵੇਂ ਸੁਫਨੇ ਦੀ ਉਡੀਕ ਕਰੀਏ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 5 ਸਤੰਬਰ 2015*

# ਮਿਸ਼ਨ ਪੰਜਾਬ ਦੀ ਦਿੱਲੀ ਦੂਰ

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦਾ ਰੇੜ੍ਹਾ ਐਤਕੀਂ ਆਮ ਨਾਲੋਂ ਕਿਤੇ ਪਹਿਲਾਂ ਰਿੜ੍ਹ ਪਿਆ ਹੈ ਅਤੇ ਹੁਣ ਆਏ ਦਿਨ ਇਸ ਦੀ ਚਾਲ ਵਿਚ ਤੇਜ਼ੀ ਆਈ ਜਾਂਦੀ ਹੈ। ਅਸਲ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਵਿਚਲੀ ਆਪਸੀ ਖਿੱਚ-ਧੂਹ ਨੇ ਇਹ ਚੋਣ ਮੁਹਿੰਮ ਚਿਰੋਕਣੀ ਪਹਿਲਾਂ ਹੀ ਅਰੰਭ ਕਰਵਾ ਦਿੱਤੀ ਹੈ। ਹੁਕਮਰਾਨ ਧਿਰ ਸੰਗਤ ਦਰਸ਼ਨਾਂ ਜ਼ਰੀਏ ਲੋਕਾਂ ਵਿਚ ਆਪਣੀ ਪੈਂਠ ਬਣਾਉਣ ਲਈ ਤਤਪਰ ਹੈ। ਕਾਂਗਰਸ ਦੇ ਸਾਰੇ ਧੜੇ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਆਮ ਆਦਮੀ ਪਾਰਟੀ (ਆਪ) ਵਾਲੇ ਵੀ ਕਿਸੇ ਤੋਂ ਪਿਛੇ ਨਹੀਂ ਰਹਿ ਰਹੇ। ਇਸ ਦੇ ਨਾਲ ਹੀ 'ਆਪ' ਤੋਂ ਵੱਖ ਹੋਏ ਆਗੂ 'ਸਵਰਾਜ ਅਭਿਆਨ' ਤਹਿਤ ਆਪਣੇ ਪਰ ਤੋਲ ਰਹੇ ਹਨ। ਹਾਂ, ਸੱਤਾ ਵਿਚ ਭਾਈਵਾਲ, ਭਾਰਤੀ ਜਨਤਾ ਪਾਰਟੀ ਦਾ ਕੋਈ ਬੰਨ੍ਹ-ਸੁਬ ਅਜੇ ਬਣਦਾ ਨਜ਼ਰੀਂ ਨਹੀਂ ਪੈ ਰਿਹਾ। ਅਸਲ ਵਿਚ ਪਿਛਲੇ ਕੁਝ ਸਮੇਂ ਤੋਂ ਇਹ ਪਾਰਟੀ ਆਪਣੀ ਭਾਈਵਾਲ, ਸ਼੍ਰੋਮਣੀ ਅਕਾਲੀ ਦਲ ਨਾਲ ਲਗਾਤਾਰ ਖਹਿ ਰਹੀ ਸੀ। ਮਸਲਾ ਸੂਬੇ ਵਿਚ ਆਪਣਾ ਆਧਾਰ ਹੋਰ ਵਧਾਉਣ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਅੰਦਰ ਵਧੇਰੇ ਸੀਟਾਂ ਉਤੇ ਹੱਕ ਜਮਾਉਣ ਦਾ ਸੀ। ਕੇਂਦਰ ਵਿਚ ਸੱਤਾ ਹਾਸਲ ਕਰਨ ਅਤੇ ਇਸ ਤੋਂ ਬਾਅਦ ਕੁਝ ਸੂਬਿਆਂ ਵਿਚ ਜਿੱਤ ਦੇ ਝੰਡੇ ਗੱਡਣ ਤੋਂ ਬਾਅਦ ਇਸ ਪਾਰਟੀ ਨੂੰ ਜਾਪਦਾ ਹੈ ਕਿ ਪੰਜਾਬ ਵਿਚ ਵੀ ਸੱਤਾ ਆਪਣੇ ਬੋਝੇ ਵਿਚ ਸੌਖਿਆਂ ਹੀ ਪਾਈ ਜਾ ਸਕਦੀ ਹੈ। ਇਸੇ ਨੀਤੀ ਤਹਿਤ ਹੀ ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ, ਪੰਜਾਬ ਵਿਚ ਆਜ਼ਾਦ ਵਿਚਰਨ ਦਾ ਵਿਚਾਰ ਲਗਾਤਾਰ ਸਿਆਸੀ ਪਿੜ ਵਿਚ ਸੁੱਟ ਰਹੀ ਹੈ। ਇਸ ਪਾਰਟੀ ਨੇ ਨਸ਼ਿਆਂ ਦੇ ਮੁੱਦੇ 'ਤੇ ਤਾਂ ਅਕਾਲੀਆਂ ਨੂੰ ਖਾਮੋਸ਼ ਕਰ ਦੇਣ ਵਾਲੀ ਨੀਤੀ ਅਪਨਾਈ ਹੋਈ ਸੀ, ਪਰ ਹੁਣ ਇਸ ਪਾਰਟੀ ਦੇ ਆਪਣੇ ਹੀ ਨੇਤਾ ਨਸ਼ਿਆਂ ਦੇ ਕੇਸਾਂ ਵਿਚ ਗ੍ਰਿਫਤਾਰ ਹੋ ਰਹੇ ਹਨ, ਤਾਂ ਇਸ ਪਾਰਟੀ ਨੂੰ ਲੈਣੇ ਦੇ ਦੇਣੇ ਪੈ ਗਏ ਹਨ। ਕੇਂਦਰੀ ਲੀਡਰਸ਼ਿਪ ਵੀ ਹੁਣ ਚਾਹੁੰਦੀ ਹੈ ਕਿ ਕਿਸੇ ਨਾ ਕਿਸੇ ਤਰੀਕੇ ਇਸ ਮਾਮਲੇ ਤੋਂ ਪਿੱਛਾ ਛੁਡਾਇਆ ਜਾਵੇ। ਉਂਜ, ਇਸ ਸਾਰੇ ਅਭਿਆਸ ਦੌਰਾਨ ਇਕ ਗੱਲ ਜੋ ਸਭ ਤੋਂ ਵੱਧ ਉਭਾਸਰ ਰਹੀ ਹੈ, ਉਹ ਇਹੀ ਹੈ ਕਿ ਹਰ ਪਾਰਟੀ ਅਤੇ ਆਗੂਆਂ ਨੂੰ ਆਪਣੀ ਪੈਂਠ ਬਣਾਉਣ ਦੀ ਹੀ ਪਈ ਹੋਈ ਹੈ, ਪੰਜਾਬ ਬਾਰੇ ਕਿਸੇ ਨੂੰ ਰੱਤੀ ਭਰ ਵੀ ਫਿਕਰ ਨਹੀਂ ਹੈ। ਹਰ ਧਿਰ ਚੋਣਾਂ ਵਿਚ ਜਿੱਤ ਪੱਕੀ ਕਰਨ ਦੇ ਹਿਸਾਬ ਨਾਲ ਸਰਗਰਮੀ ਕਰ ਰਹੀ ਹੈ। ਸਿੱਟੇ ਵਜੋਂ ਹਰ ਪਾਸੇ ਮਿਸ਼ਨ-2017 ਦੀਆਂ ਆਵਾਜ਼ਾਂ ਲਗਾਤਾਰ ਆ ਰਹੀਆਂ ਹਨ।

ਇਹ ਹੁਣ ਹਾਲਾਤ ਦੀ ਸਿਤਮਜ਼ਰੀਫੀ ਹੀ ਮੰਨੀ ਜਾਵੇਗੀ ਕਿ ਮਿਸ਼ਨ-2017 ਵਿਚੋਂ ਮਿਸ਼ਨ-ਪੰਜਾਬ ਉਕਾ ਹੀ ਗਾਇਬ ਹੈ। ਕੋਈ ਨਹੀਂ ਦੱਸ ਰਿਹਾ ਕਿ ਇਸ ਵੇਲੇ ਪੰਜਾਬ ਦੇ ਮੁੱਖ ਮੁੱਦੇ ਕੀ ਹਨ। ਬਾਕੀ ਮੁੱਦਿਆਂ ਨੂੰ ਜੇ ਲਾਂਭੇ ਵੀ ਰੱਖ ਲਈਏ ਤਾਂ ਨਸ਼ੇ ਅਤੇ ਬੇਰੁਜ਼ਗਾਰੀ-ਦੋ ਅਜਿਹੇ ਅਹਿਮ ਮੁੱਦੇ ਹਨ ਜਿਨ੍ਹਾਂ ਦੀ ਮਾਰ ਅੱਜ ਪੰਜਾਬ ਸਭ ਤੋਂ ਵੱਧ ਝੱਲ ਰਿਹਾ ਹੈ ਅਤੇ ਇਨ੍ਹਾਂ ਮੁੱਦਿਆਂ ਕਾਰਨ ਪੰਜਾਬ ਦੀ ਗੱਡੀ ਲੀਹੋਂ ਲਹਿ ਰਹੀ ਹੈ, ਪਰ ਇਹ ਦੋਵੇਂ ਹੀ ਮੁੱਦੇ ਕਿਸੇ ਪਾਰਟੀ ਦੇ ਮੁੱਖ ਏਜੰਡੇ ਦਾ ਹਿੱਸਾ ਨਹੀਂ ਬਣ ਰਹੇ। ਇਨ੍ਹਾਂ ਦੋਹਾਂ ਮੁੱਦਿਆਂ ਬਾਰੇ ਕਿਸੇ ਵੀ ਪਾਰਟੀ ਦੀ ਕੋਈ ਨੀਤੀ, ਸਮਝ ਜਾਂ ਸੋਝੀ ਸਾਹਮਣੇ ਨਹੀਂ ਆਈ। ਬੱਸ, ਸਾਰੀ ਸਰਗਰਮੀ ਇਕ-ਦੂਜੇ ਨੂੰ ਠਿੱਬੀ ਲਾਉਣ ਤੱਕ ਹੀ ਸੀਮਤ ਹੈ। ਫਿਰ ਜੇ ਇਨ੍ਹਾਂ ਮੁੱਦਿਆਂ ਬਾਰੇ ਕੋਈ ਸੋਚ ਤੱਕ ਨਹੀਂ ਰਿਹਾ, ਤਾਂ ਮਿਸ਼ਨ-2017 ਪਹਿਲਾਂ ਹੋਈਆਂ ਚੋਣਾਂ ਤੋਂ ਵੱਖਰਾ ਕਿੰਜ ਹੋ ਸਕਦਾ ਹੈ? ਅਸਲ ਵਿਚ ਇਹ ਮਿਸ਼ਨ ਸਿਰਫ ਤੇ ਸਿਰਫ ਸੱਤਾ ਹਾਸਲ ਕਰਨ ਤੱਕ ਹੀ ਸੀਮਤ ਹੈ। ਪਿਛਲੇ ਤਕਰੀਬਨ ਸੱਤ ਦਹਾਕਿਆਂ ਦੌਰਾਨ ਇਨ੍ਹਾਂ ਪਾਰਟੀਆਂ ਤੇ ਆਗੂਆਂ ਨੇ ਚੋਣਾਂ ਹੀ ਤਾਂ ਜਿੱਤੀਆਂ ਹਨ ਅਤੇ ਇਸ ਸਮੇਂ ਦੌਰਾਨ ਚੋਣਾਂ ਲੜਨ ਨੂੰ ਹੀ ਜਮਹੂਰੀਅਤ ਬਣਾ ਦਿੱਤਾ ਗਿਆ ਹੈ। ਅੱਜ ਸਿਆਸਤ ਦੇ ਹਰ ਮੋੜ ਉਤੇ ਤਾਨਾਸ਼ਾਹੀ ਦਾ ਬੋਲਬਾਲਾ ਹੈ। ਹਰ ਪਾਰਟੀ ਅਤੇ ਆਗੂ ਕਿਸੇ ਵਿਰੋਧੀ ਵਿਚਾਰ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਨਤੀਜੇ ਵਜੋਂ ਸਿਆਸੀ ਪਿੜ ਵਿਚ ਦੋ ਕਿਸਮ ਦੇ ਲੋਕ ਹੀ ਅੱਗੇ ਆ ਰਹੇ ਹਨ-ਇਕ ਜਿਨ੍ਹਾਂ ਦਾ ਪਰਿਵਾਰ ਪਹਿਲਾਂ ਹੀ ਸਿਆਸਤ ਦੀ ਟੀਸੀ 'ਤੇ ਬੈਠਾ ਹੈ, ਤੇ ਦੂਜੇ ਉਹ ਜਿਨ੍ਹਾਂ ਨੂੰ ਚਾਪਲੂਸੀ ਤੋਂ ਸਿਵਾ ਕੁਝ ਆਉਂਦਾ ਨਹੀਂ ਹੈ। ਇਹ ਲੋਕ ਫਿਰ ਸਿਆਸਤ ਅਤੇ ਪੰਜਾਬ ਦਾ ਕੀ ਸੰਵਾਰਨਗੇ, ਕਿਸੇ ਤੋਂ ਕੁਝ ਲੁਕਿਆ ਹੋਇਆ ਨਹੀਂ ਹੈ।

ਦਰਅਸਲ, ਜੀਵਨ ਦੇ ਹਰ ਖੇਤਰ ਵਿਚ ਜਮਹੂਰੀਅਤ ਦੀ ਬੇਦਖਲੀ ਕਾਰਨ ਹਾਲਾਤ ਆਏ ਦਿਨ ਨਿੱਘਰ ਰਹੇ ਹਨ। ਸਿਆਸੀ ਪਿੜ ਵਿਚ ਪੈਂਤੜਾ ਮੱਲੀ ਬੈਠੀਆਂ ਵੱਖ ਵੱਖ ਪਾਰਟੀਆਂ ਸਮੇਂ ਸਮੇਂ ਮੁਤਾਬਕ ਆਪੋ-ਆਪਣੀ ਸਿਆਸਤ ਕਰੀ ਜਾਂਦੀਆਂ ਹਨ। ਹੌਲੀ ਹੌਲੀ ਆਮ ਬੰਦਾ ਇਸ ਸਮੁੱਚੇ ਤਾਣੇ-ਬਾਣੇ ਵਿਚੋਂ ਮਨਫੀ ਹੋ ਰਿਹਾ ਹੈ। ਬੇਵਸੀ ਦੇ ਆਲਮ ਵਿਚ ਇਹ ਬੰਦਾ ਕਦੀ ਵਿਦੇਸ਼ਾਂ ਵੱਲ ਰੁਖ ਕਰਦਾ ਹੈ ਜਾਂ ਕੋਈ ਹੋਰ ਪਾਪੜ ਵੇਲਦਾ ਹੈ। ਇਹ ਬੰਦਾ ਅੱਜ ਤੱਕ ਇਸ ਸਮੁੱਚੇ ਤਾਣੇ-ਬਾਣੇ ਦਾ ਖਾਜਾ ਬਣ ਕੇ ਰਹਿ ਗਿਆ ਹੈ। ਕੋਈ ਇਸ ਦੀ ਬਾਂਹ ਨਹੀਂ ਫੜ ਰਿਹਾ। ਨੌਜਵਾਨ ਤਬਕਾ ਰੁਜ਼ਗਾਰ ਖਾਤਰ ਸੜਕਾਂ ਉਤੇ ਰੁਲ ਰਿਹਾ ਹੈ। ਨਸ਼ਿਆਂ ਦਾ ਕਾਰੋਬਾਰ ਇੰਨਾ ਜ਼ਿਆਦਾ ਅਤੇ ਇੰਨੀ ਤੇਜ਼ੀ ਨਾਲ ਫੈਲਿਆ ਹੈ ਕਿ ਅੱਜ ਨਸ਼ੇ ਬੱਚੇ ਬੱਚੇ ਦੀ ਪਹੁੰਚ ਵਿਚ ਹਨ। ਜੱਗ ਜਾਣਦਾ ਹੈ ਕਿ ਨਸ਼ਿਆਂ ਦੀ ਇਹ ਮਾਰ ਪ੍ਰਸ਼ਾਸਕੀ ਨਾ-ਅਹਿਲੀਅਤ ਕਾਰਨ ਪੈ ਰਹੀ ਹੈ, ਪਰ ਇਸ ਪਿੜ ਵਿਚ ਸਿਆਸਤ ਦੇ ਜ਼ੋਰ ਕਾਰਨ ਸਭ ਕੁਝ ਜਿਉਂ ਦਾ ਤਿਉਂ ਚੱਲ ਰਿਹਾ ਹੈ। ਇਸ ਖੜੋਤ ਨੂੰ ਤੋੜਨ ਲਈ ਬਿਨਾਂ ਸ਼ੱਕ, ਯਤਨ ਭਾਵੇਂ ਹੋ ਰਹੇ ਹਨ, ਪਰ ਇਹ ਯਤਨ ਇੰਨੇ ਨਿਗੂਣੇ ਹਨ ਕਿ ਕਿਸੇ ਪਾਸੇ ਕੋਈ ਖਾਸ ਫਰਕ ਨਹੀਂ ਪੈ ਰਿਹਾ। ਇਸ ਲਈ ਹੁਣ ਲੋਕ ਮਸਲਿਆਂ ਨਾਲ ਜੁੜੇ ਲੋਕਾਂ ਅਤੇ ਜਥੇਬੰਦੀਆਂ ਲਈ ਇਹ ਪਰਖ ਦੀਆਂ ਘੜੀਆਂ ਹਨ। ਜੇ ਸਿਆਸੀ ਪਾਰਟੀਆਂ ਅਤੇ ਆਗੂ ਆਪਣੇ ਹਿਸਾਬ-ਕਿਤਾਬ ਨਾਲ ਸਰਗਰਮੀ ਕਰ ਸਕਦੇ ਹਨ, ਤਾਂ ਲੋਕ ਮਸਲਿਆਂ ਨਾਲ ਜੁੜੇ ਲੋਕਾਂ ਨੂੰ ਕੌਣ ਰੋਕ ਰਿਹਾ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਰੀ ਆਤਮਾ-ਜਿਉਂਦੇ ਬੰਦੇ?*

ਸਮੇਂ ਅੱਜ ਦੇ ਸਾਧਾਂ ਦੇ ਪੈਣ ਪੈਰੀਂ, ਮੱਤ ਉਨ੍ਹਾਂ ਦੀ ਖੋਤਿਆਂ ਚਰੀ ਹੁੰਦੀ।
ਇਸ 'ਲੋਕ' ਦਾ ਭਲਾ ਨਾ ਕਰਨ ਜੋਗੀ, ਜਿਹੜੀ ਜਨਤਾ 'ਪ੍ਰਲੋਕ' ਤੋਂ ਡਰੀ ਹੁੰਦੀ।
ਸੁੱਧ-ਬੁੱਧ ਤਾਂ ਨਸ਼ਿਆਂ ਨੇ ਮਾਰ ਸੁੱਟੀ, ਹੇਠਾਂ ਖੇਸ ਤੇ ਉਪਰ ਲਈ ਦਰੀ ਹੁੰਦੀ।
ਪੜ੍ਹੇ ਲਿਖੇ ਵੀ ਭੌਂਦੂ ਜੋ ਬਣੇ ਫਿਰਦੇ, ਜਾਣੋ ਤੂੜੀ ਹੀ ਸਿਰਾਂ ਵਿਚ ਭਰੀ ਹੁੰਦੀ।
ਬੰਦਾ ਮਰੇ, ਪਰ ਆਤਮਾ 'ਅਮਰ' ਰਹਿੰਦੀ, ਲਿਖੀ ਗ੍ਰੰਥਾਂ 'ਚ ਗੱਲ ਇਹ ਖਰੀ ਹੁੰਦੀ।
ਹੁਣ ਦੇਖ ਲਓ ਆਦਮੀ ਬਹੁਤ ਐਸੇ, ਜਿਉਂਦੇ ਫਿਰ ਪਰ ਆਤਮਾ ਮਰੀ ਹੁੰਦੀ!

# ਖ਼ੁਦਕੁਸ਼ੀ ਤੋਂ ਕਤਲ ਤੱਕ

***ਮੌਜੂਦਾ ਦੌਰ ਦੀ ਗ਼ਾਲਬ ਸਿਆਸਤ ਅਤੇ ਸਮਾਜਵਾਦੀ ਅਕੀਦਿਆਂ ਨੂੰ ਪ੍ਰਨਾਏ ਨਾਸਤਿਕ ਬੰਦੇ ਦਾ ਕੋਈ ਸਮਝੌਤਾ ਨਹੀਂ ਹੋ ਸਕਦਾ। ਇਹ ਬੰਦਾ ਆਪਣੇ ਘਰ ਅੰਦਰ ਕਾਤਲ ਦੀ ਉਡੀਕ ਕਰ ਸਕਦਾ ਹੈ ਜਾਂ ਬਾਹਰ ਨਿਕਲ ਕੇ ਕਾਤਲਾਂ ਦਾ ਕੰਮ ਸੁਖਾਲਾ ਕਰ ਸਕਦਾ ਹੈ। ਇਸ ਕਤਲ ਨਾਲ ਲੋਕਾਂ ਨੂੰ ਤਰਕਸ਼ੀਲ ਸੋਚ ਤੋਂ ਪਾਸੇ ਰਹਿਣ ਦਾ ਸਬਕ ਮਿਲਦਾ ਹੈ; ਤੇ ਮੂਲਵਾਦੀਆਂ ਦੀ ਚੜ੍ਹਤ ਵਿਚ ਸਮਾਜਵਾਦੀ ਅਕੀਦਿਆਂ ਵਾਲਾ ਨਾਸਤਿਕ ਬੰਦਾ ਕਿਸੇ ਸਮਝੌਤੇ ਤੋਂ ਬਾਅਦ ਵੀ ਸ਼ੱਕ ਦੇ ਘੇਰੇ ਵਿਚ ਰਹੇਗਾ। ਇਸ ਬੰਦੇ ਨੂੰ ਉਤਰੀ ਅਮਰੀਕੀ ਅਤੇ ਯੂਰਪੀ ਮੁਲਕਾਂ ਵਿਚ ਪਨਾਹ ਮਿਲ ਸਕਦੀ ਹੈ, ਪਰ ਤੀਜੀ ਦੁਨੀਆਂ ਦੇ ਮੁਲਕ ਵਿਚ ਉਸ ਦਾ ਪੁਰਾਣੇ ਸਮਿਆਂ ਵਿਚ ਕੀਤਾ ਗੁਨਾਹ ਨਾ-ਬਖ਼ਸ਼ਣਯੋਗ ਹੈ। ਇਸ ਬੰਦੇ ਦੀ ਜ਼ਿੰਦਗੀ ਨੂੰ ਖ਼ਦਸ਼ੇ ਰੱਬ ਦੀ ਤਰਜ਼ ਉਤੇ ਵਧ ਰਹੇ ਹਨ। ਇਸ ਤਰਜ਼ ਦੀਆਂ ਕਤਲ ਤੋਂ ਘੱਟ ਰਹਿ ਗਈਆਂ ਪਾਬੰਦੀਆਂ ਹੁਣ ਖ਼ਬਰਾਂ ਵੀ ਨਹੀਂ ਬਣਦੀਆਂ। ਇਸ ਬੰਦੇ ਦੀ ਰਾਖੀ ਕੋਈ ਨਹੀਂ ਕਰ ਸਕਦਾ, ਪਰ ਇਹ ਆਪਣੀ ਮੌਤ ਲਈ ਖ਼ੁਦਕੁਸ਼ੀ ਅਤੇ ਕਤਲ ਵਿਚੋਂ ਚੋਣ ਕਰ ਸਕਦਾ ਹੈ।***

ਆਪਣੀ ਖੋਜ ਨੂੰ ਬੇਦਾਵਾ ਦੇਣ ਤੋਂ ਬਾਅਦ ਮਲੇਅੱਪਾ ਮਾਦਿਆਵਲੱਪਾ ਕਲਬੁਰਗੀ ਨੇ ਕਿਹਾ ਸੀ, "ਇਹ ਵਿਦਵਾਨ ਵਜੋਂ ਮੇਰੀ ਖ਼ੁਦਕੁਸ਼ੀ ਹੈ। ਇਹ ਮੈਂ ਆਪਣੇ ਪਰਿਵਾਰ ਦੀ ਜਾਨ ਬਚਾਉਣ ਲਈ ਕੀਤਾ ਹੈ।" 'ਇੰਡੀਆ ਟੂਡੇ' ਦੇ 15 ਮਈ 1989 ਵਾਲੇ ਅੰਕ ਮੁਤਾਬਕ, ਕਲਬੁਰਗੀ ਨੇ ਇਹ ਬਿਆਨ ਹੁਬਲੀ ਵਿਚ ਇੱਕ ਮੱਠ ਉਤੇ ਪੇਸ਼ ਹੋ ਕੇ ਮੁਆਫ਼ੀ ਮੰਗਣ ਤੋਂ ਬਾਅਦ ਦਿੱਤਾ ਸੀ। ਕੰਨੜ ਲੇਖਕ ਅਤੇ ਹੈਂਪੀ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਮਲੇਅੱਪਾ ਮਾਦਿਆਵਲੱਪਾ ਕਲਬੁਰਗੀ ਦਾ ਕਤਲ 30 ਅਗਸਤ 2015 ਨੂੰ ਉਨ੍ਹਾਂ ਦੇ ਘਰ ਵਿਚ ਹੋਇਆ ਹੈ। ਦਰਵਾਜ਼ੇ ਉਤੇ ਘੰਟੀ ਖੜਕਾ ਕੇ ਕਾਤਲ ਨੇ ਉਨ੍ਹਾਂ ਦੀ ਉਡੀਕ ਕੀਤੀ ਅਤੇ ਸਿਰ ਵਿਚ ਗੋਲੀ ਮਾਰੀ। ਵਿਦਵਾਨ ਵਜੋਂ ਖ਼ੁਦਕੁਸ਼ੀ ਕਰਨ ਦਾ ਐਲਾਨ ਕਰਨ ਅਤੇ ਆਪਣੀ ਹੀ ਖੋਜ ਨੂੰ ਰੱਦ ਕਰਨ ਤੋਂ ਬਾਅਦ ਕਲਬੁਰਗੀ ਦੀ ਜ਼ਿੰਦਗੀ ਕਿਹੋ ਜਿਹੀ ਲੰਘਦੀ ਹੋਵੇਗੀ? ਕਲਬੁਰਗੀ ਦਾ ਕਤਲ ਸੋਗਵਾਰ ਹੈ ਪਰ 'ਵਿਦਵਾਨ ਦੀ ਖ਼ੁਦਕੁਸ਼ੀ'



**ਦਲਜੀਤ ਅਮੀ**
**ਫੋਨ: +1(253)455-8932**

ਤੋਂ ਕਤਲ ਦਾ ਸਫ਼ਰ ਖ਼ੌਫ਼ਜ਼ਦਾ ਕਰਦਾ ਹੈ। ਕਲਬੁਰਗੀ ਵਿਦਵਾਨ ਹੋਣ ਦਾ ਨਾਲ ਨਾਲ ਕਮਿਊਨਿਸਟ ਸੀ ਅਤੇ ਤਰਕਸ਼ੀਲ ਵਿਚਾਰਧਾਰਾ ਦਾ ਧਾਰਨੀ ਸੀ। ਕਲਬੁਰਗੀ ਨੇ 'ਵਿਦਵਾਨ ਵਜੋਂ ਖ਼ੁਦਕੁਸ਼ੀ' ਦਾ ਐਲਾਨ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਵਾਲੇ ਸਾਲ ਕੀਤਾ ਸੀ; ਤੇ ਪਿਛਲੇ ਛੱਬੀ ਸਾਲਾਂ ਵਿਚ ਸੋਵੀਅਤ ਯੂਨੀਅਨ ਨੂੰ ਰੱਦ ਕਰਨ ਦੀ ਮਸ਼ਕ ਵਿਚ ਖੱਬੇ ਪੱਖੀਆਂ ਅਤੇ ਸੱਜੇ ਪੱਖੀਆਂ ਦਾ ਪੂੰਜੀਪਤੀਆਂ ਅਤੇ ਮੂਲਵਾਦੀਆਂ ਦਾ ਗੱਠਜੋੜ ਲਾਸਾਨੀ ਰਿਹਾ ਹੈ।

ਸੋਵੀਅਤ ਯੂਨੀਅਨ ਨਹੀਂ ਰਿਹਾ। ਸੋਵੀਅਤ ਯੂਨੀਅਨ ਨੂੰ ਰੱਦ ਕਰ ਕੇ ਇਨਕਲਾਬ ਦਾ ਰਾਹ ਪੱਧਰਾ ਕਰਨ ਅਤੇ ਪੂੰਜੀਵਾਦ ਦੀ ਜਿੱਤ ਦਾ ਐਲਾਨ ਹੁੰਦਿਆਂ ਚੱਪਾ ਸਦੀ ਬੀਤ ਗਈ ਹੈ। ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਨਾਲ ਭਾਵੇਂ ਕਲਬੁਰਗੀ ਦੀ 'ਖ਼ੁਦਕੁਸ਼ੀ' ਅਤੇ ਕਤਲ ਦਾ ਕੋਈ ਰਿਸ਼ਤਾ ਨਾ ਹੋਵੇ, ਪਰ ਇਹ ਇੱਕੋ ਸਮੇਂ ਵਿਚ ਵਾਪਰੇ ਹਨ। ਕੀ ਇਸ ਸਮੇਂ ਦੌਰਾਨ ਪਾਬੰਦੀਆਂ ਦੀ ਸਿਆਸਤ ਕਾਤਲਾਨਾ ਰੁਖ਼ ਅਖ਼ਤਿਆਰ ਕਰ ਗਈ ਹੈ? ਇਸ ਦੌਰਾਨ ਕਲਬੁਰਗੀ ਦੇ ਪੁਰਾਣੇ ਦੋਸਤ 'ਨਵੀਂਆਂ ਸੋਚਾਂ' ਨਾਲ ਜੁੜ ਗਏ ਹੋਣਗੇ। ਕਈਆਂ ਨੇ ਉਸ ਦੀ 'ਵਿਦਵਾਨ ਵਜੋਂ ਖ਼ੁਦਕੁਸ਼ੀ' ਨੂੰ ਮੌਤ ਵਜੋਂ ਪ੍ਰਵਾਨ ਕਰ ਲਿਆ ਹੋਵੇਗਾ। ਕਲਬੁਰਗੀ ਨੇ ਭਾਵੇਂ ਆਪਣੀ ਖੋਜ ਨੂੰ ਆਪ ਰੱਦ ਕਰ ਦਿੱਤਾ ਹੋਵੇ, ਪਰ ਦੂਜੀ ਧਿਰ ਨੇ ਮੁਆਫ਼ ਕਰਨ ਦਾ ਹੱਕ ਸਦਾ ਰਾਖਵਾਂ ਰੱਖਿਆ ਹੈ। ਕਮਿਊਨਿਸਟ ਅਤੇ ਤਰਕਸ਼ੀਲ ਵਜੋਂ ਹਰ ਮਸਲੇ ਅਤੇ ਹਰ ਸ਼ੈਅ ਵਿਚ ਦਿਲਚਸਪੀ ਰੱਖਣ ਵਾਲਾ ਕਲਬੁਰਗੀ ਕਿਵੇਂ ਜੀਵਿਆ ਹੋਵੇਗਾ? ਕੀ ਉਹ ਛੱਬੀ ਸਾਲ ਕਾਤਲ ਦੀ ਉਡੀਕ ਵਿਚ ਆਪਣੇ ਘਰ ਦਾ ਦਰਵਾਜ਼ਾ ਖੋਲ੍ਹਦਾ ਰਿਹਾ ਹੋਵੇਗਾ?

ਛੱਬੀ ਸਾਲ ਪਹਿਲਾਂ ਇਹ ਹੋਕਾ ਜਗਿਆਸੂ ਅਤੇ ਵਿਗਿਆਨਕ ਸੋਚ ਦੇ ਧਾਰਨੀ ਮਨੁੱਖ ਦਾ ਜੈਕਾਰਾ ਸੀ ਕਿ 'ਤਰਕਸ਼ੀਲ ਦਾ ਕੋਈ ਮੁਲਕ ਨਹੀਂ ਹੁੰਦਾ।' ਹੁਣ ਹਕੂਮਤਾਂ ਅਤੇ ਮੂਲਵਾਦੀਆਂ ਦਾ ਗੱਠਜੋੜ ਐਲਾਨ ਕਰ ਰਿਹਾ ਹੈ ਕਿ ਕਿ 'ਤਰਕਸ਼ੀਲ ਲਈ ਕੋਈ ਮੁਲਕ ਨਹੀਂ।' ਇਹ ਤਬਕਾ ਮੌਜੂਦਾ ਦੌਰ ਵਿਚ ਸਰਕਾਰੀ ਸਰਪ੍ਰਸਤੀ ਵਿਚ ਮੂਲਵਾਦੀ ਤਾਕਤਾਂ ਦੇ ਨਿਸ਼ਾਨੇ ਉਤੇ ਹੈ। ਇਹ ਇੱਕੋ ਵੇਲੇ ਮੁਲਕ-ਬਦਰ ਹੈ ਅਤੇ ਨਾਲ ਹੀ ਘਰਾਂ ਵਿਚ ਕੈਦ ਹੈ। ਮੁਲਕ-ਬਦਰੀ ਅਤੇ ਜੂਹ-ਬੰਦੀ ਦੀ ਦੋਹਰੀ ਮਾਰ ਵਿਚ ਇਹ ਮਨੁੱਖ ਸਭ ਤੋਂ ਵੱਧ ਇਕੱਲਾ ਹੈ। ਸਮਰੱਥਾ ਦੇ ਬਾਵਜੂਦ ਨਾ-ਕਾਮਯਾਬੀਆਂ, ਨਮੋਸ਼ੀਆਂ ਅਤੇ ਹਰ ਤਰ੍ਹਾਂ ਦੇ ਸੰਸੇ ਇਸ ਦੇ ਹਿੱਸੇ ਆਏ ਹਨ।

ਕਲਬੁਰਗੀ ਦੇ ਕਤਲ ਦਾ ਤਰੀਕਾ ਡਾ. ਦਭੋਲਕਰ ਅਤੇ ਗੋਬਿੰਦ ਪਨਸਾਰੇ ਦੇ ਕਤਲ ਨਾਲ ਮੇਲ ਖਾਂਦਾ ਹੈ। ਤਿੰਨਾਂ ਨੂੰ ਹਿੰਦੂ ਮੂਲਵਾਦੀ ਜਥੇਬੰਦੀਆਂ ਦੀਆਂ ਧਮਕੀਆਂ ਮਿਲੀਆਂ ਹੋਈਆਂ ਸਨ, ਤਿੰਨੇ ਤਰਕਸ਼ੀਲ ਸਨ ਅਤੇ ਤਿੰਨੇ ਸਮਾਜਕ ਇਨਸਾਫ਼ ਦੇ ਸੰਘਰਸ਼ਾਂ ਵਿਚ ਸਰਗਰਮ ਸ਼ਮੂਲੀਅਤ ਕਰਦੇ ਰਹੇ ਸਨ। ਤਿੰਨੇ ਰਵਾਇਤੀ ਸੋਚ ਅਤੇ ਮਨੌਤਾਂ ਉਤੇ ਸੁਆਲ ਕਰਦੇ ਹਨ। ਤਿੰਨੇ ਅੰਧ-ਵਿਸ਼ਵਾਸ ਦਾ ਖ਼ਾਤਮਾ ਲੋਚਦੇ ਸਨ। ਤਿੰਨੇ ਮਨੁੱਖ ਨੂੰ ਸ਼ਰਧਾ ਦੇ ਘੇਰੇ ਵਿਚੋਂ ਬਾਹਰ ਕੱਢ ਕੇ ਵਿਗਿਆਨ ਸੋਚ ਦੇ ਲੜ ਲਗਾਉਣੇ ਚਾਹੁੰਦੇ ਸਨ ਅਤੇ ਮਨੁੱਖ ਦੀ ਮਨੁੱਖ ਵਜੋਂ ਸ਼ਾਨ ਦੇ ਅਲੰਬਰਦਾਰ ਸਨ। ਤਿੰਨਾਂ ਦੇ ਕਤਲ ਦਾ ਤਰੀਕਾ ਅਤੇ ਮੌਜੂਦਾ ਮਾਹੌਲ ਇਨ੍ਹਾਂ ਕਤਲਾਂ ਨੂੰ ਇੱਕ ਲੜੀ ਵਿਚ ਬੰਨ੍ਹਦਾ ਹੈ। ਇਹ ਲੜੀ ਉਸ ਰੁਝਾਨ ਦੀ ਸ਼ਨਾਖ਼ਤ ਕਰਦੀ ਹੈ ਜਿਸ ਦੇ ਨਤੀਜੇ ਵਜੋਂ ਕਤਲ ਦੀ ਸਾਜ਼ਿਸ਼ ਹਵਾ ਵਿਚ ਹੈ।

ਇਹ ਨਤੀਜਾ ਕੱਢਣਾ ਬਹੁਤ ਸੁਖਾਲਾ ਹੈ ਕਿ ਕਲਬੁਰਗੀ ਦਾ ਕਤਲ ਉਸ ਦੇ ਤਰਕਸ਼ੀਲ ਹੋਣ ਕਾਰਨ ਹੋਇਆ ਹੈ। ਕਲਬੁਰਗੀ ਨੇ ਕਰਨਾਟਕ ਦੇ ਲੰਗਾਇਤ ਭਾਈਚਾਰੇ ਦੇ ਧਾਰਮਿਕ ਅਕੀਦਿਆਂ ਉਤੇ ਖੋਜ ਕੀਤੀ ਸੀ। ਉਹ ਆਪ ਇਸੇ ਭਾਈਚਾਰੇ ਵਿਚੋਂ ਸਨ। ਇਸ ਭਾਈਚਾਰੇ ਦੀ ਕਰਨਾਟਕ ਵਿਚ ਤਕਰੀਬਨ ਵੀਹ ਫ਼ੀਸਦੀ ਆਬਾਦੀ ਹੈ। ਇਹ ਭਾਈਚਾਰਾ ਸੂਬੇ ਦੀ ਸਿਆਸਤ ਉਤੇ ਭਾਰੂ ਹੈ ਅਤੇ ਮੁੱਖ ਮੰਤਰੀ ਦੇ ਅਹੁਦੇ ਦਾ ਫ਼ੈਸਲਾ ਇਸੇ ਦੇ ਹੱਥ ਰਹਿੰਦਾ ਹੈ। ਇਸੇ ਭਾਈਚਾਰੇ



*ਹਿੰਦੂਵਾਦੀਆਂ ਦੀਆਂ ਅੱਖਾਂ ਵਿਚ ਰੜਕਦੇ ਸਨ ਬੁੱਤ ਪੂਜਾ ਖਿਲਾਫ ਡਟਣ ਵਾਲੇ ਪ੍ਰੋ. ਕਲਬੁਰਗੀ*

ਰਾਹੀਂ ਭਾਜਪਾ ਨੇ ਸੂਬੇ ਵਿਚ ਆਪਣਾ ਪਸਾਰਾ ਕੀਤਾ ਹੈ। ਕਲਬੁਰਗੀ ਨੇ ਆਪਣੇ ਲੇਖ ਅੱਸੀਵਿਆਂ ਦੇ ਸ਼ੁਰੂ ਵਿਚ ਲਿਖੇ ਸਨ, ਪਰ ਮੰਡਲ-ਕਮੰਡਲ ਦੀ ਸਿਆਸਤ ਵੇਲੇ ਇਹ ਮੂਲਵਾਦੀ ਜਥੇਬੰਦੀਆਂ ਦੇ ਨਿਸ਼ਾਨੇ ਉਤੇ ਆਏ। ਕਲਬੁਰਗੀ ਦੇ ਪੇਸ਼ੇਵਰ ਵਿਰੋਧੀਆਂ ਨੇ ਇਸ ਲਾਮਬੰਦੀ ਵਿਚ ਅਹਿਮ ਹਿੱਸਾ ਪਾਇਆ। ਸਲਮਾਨ ਰਸ਼ਦੀ ਦੀ ਕਿਤਾਬ 'ਸਟੈਨਿਕ ਵਰਸਿਸ' ਦਾ ਮਾਮਲਾ ਅਜੇ ਕੁਝ ਮੱਠਾ ਪਿਆ ਸੀ ਕਿ ਕਲਬੁਰਗੀ ਦੀ ਕਿਤਾਬ 'ਮਾਰਗ-1' ਦਾ ਵਿਰੋਧ ਸ਼ੁਰੂ ਹੋ ਗਿਆ। ਇਸ ਕਿਤਾਬ ਵਿਚ ਲੋਕਧਾਰਾ, ਧਰਮ ਅਤੇ ਸਭਿਆਚਾਰ ਦੀ ਪੜਚੋਲ ਕਰਦੇ ਲੇਖ ਹਨ। ਇਨ੍ਹਾਂ ਵਿਚੋਂ ਦੋ ਲੇਖ ਵਿਵਾਦ ਦਾ ਸਬੱਬ ਬਣੇ ਸਨ ਜੋ ਲੰਗਾਇਤ ਤਬਕੇ ਦੇ ਬਾਨੀਆਂ ਬਾਰੇ ਸਨ। ਵਿਵਾਦ ਤੋਂ ਬਾਅਦ ਕਲਬੁਰਗੀ ਨੇ ਲਿੰਗਾਇਤ ਸਾਹਿਤ ਅਤੇ ਬਾਸਾਵਾ ਫ਼ਲਸਫ਼ੇ ਬਾਰੇ ਖੋਜ ਪ੍ਰੋਜੈਕਟ ਦੇ ਮੁਖੀ ਵਜੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਸੀ, "ਮੈਂ ਲਿੰਗਾਇਤ ਸਾਹਿਤ ਅਤੇ ਬਾਸਾਵਾ ਫ਼ਲਸਫ਼ੇ ਬਾਰੇ ਹੁਣ ਕੋਈ ਖੋਜ ਨਹੀਂ ਕਰਾਂਗਾ।"

ਕਲਬੁਰਗੀ ਦੀ ਹੋਣੀ ਨਾਲ ਤਾਮਿਲ ਲੇਖਕ ਪੇਰੂਮਲ ਮੁਰੂਗਨ ਦਾ ਲਿਖਣਾ ਛੱਡਣ ਦਾ ਐਲਾਨ ਖ਼ੌਫ਼ ਦਾ ਅੰਦਾਜ਼ਾ ਲਗਾਉਣ ਦਾ ਮਾਪ ਬਣਦਾ ਹੈ। ਕਲਬੁਰਗੀ ਦਾ ਪੇਸ਼ੇਵਰ ਕੰਮ ਮੂਲਵਾਦੀਆਂ ਨੂੰ ਪਰੇਸ਼ਾਨ ਕਰਦਾ ਹੈ। ਉਸ ਦੀ ਤਰਕਸ਼ੀਲ ਸੋਚ ਬੁੱਤ-ਪੂਜਾ ਨੂੰ ਰੱਦ ਕਰਦੀ ਹੈ ਤਾਂ ਇਹ ਪਰੇਸ਼ਾਨੀ ਵਧ ਜਾਂਦੀ ਹੈ। ਜਦੋਂ ਉਹ ਕਮਿਊਨਿਸਟ ਵਜੋਂ ਸਮਾਜਕ ਇਨਸਾਫ਼ ਅਤੇ ਕਾਣੀ ਵੰਡ ਦੇ ਸੁਆਲ ਪੁੱਛਦਾ ਹੈ ਤਾਂ ਨਿਜ਼ਾਮ ਉਸ ਨੂੰ ਖ਼ਤਰਾ ਮੰਨਦਾ ਹੈ। ਇਸੇ ਦੌਰਾਨ ਕਮਿਊਨਿਸਟ ਸ਼ਬਦ ਨੂੰ ਨਫ਼ਰਤ ਦੇ ਸੂਚਕ ਵਜੋਂ ਪ੍ਰਚਾਰਨ ਦਾ ਕੰਮ ਤੇਜ਼ ਹੋਇਆ ਹੈ। ਇਸੇ ਦੌਰਾਨ ਸਰਕਾਰਾਂ ਨੇ ਪਰਉਪਕਾਰ ਅਤੇ ਸ਼ਰਧਾ ਦੇ ਨਾਮ ਉਤੇ ਧਾਰਮਿਕ ਅਦਾਰਿਆਂ ਨੂੰ ਸਰਪ੍ਰਸਤੀ ਦਿੱਤੀ ਹੈ। ਇੱਕ ਪਾਸੇ ਮੁਨਾਫ਼ੇ ਲਈ ਸਰਕਾਰ ਪ੍ਰਾਈਵੇਟ ਪੂੰਜੀ ਨੂੰ ਰਿਆਇਤਾਂ ਅਤੇ ਛੋਟਾਂ ਦਿੰਦੀ ਹੈ, ਦੂਜੇ ਪਾਸੇ ਸ਼ਰਧਾ ਨੂੰ ਤਰਜੀਹ ਦਿੰਦੀ ਹੈ। ਇਸੇ ਮਾਹੌਲ ਵਿਚ ਆਵਾਮ ਨੂੰ ਸੀਲ ਕਰ ਕੇ ਖ਼ਪਤਕਾਰ ਬਣਾਉਣ ਦਾ ਕੰਮ ਹੁੰਦਾ ਹੈ। ਜਦੋਂ ਆਵਾਮ ਨੂੰ ਸੀਲ ਖ਼ਪਤਕਾਰ ਦੀ ਥਾਂ ਸੁਹਜਵਾਨ ਅਤੇ ਸੰਵੇਦਨਸ਼ੀਲ ਬਣਾਉਣ ਦੇ ਸੁਆਲ ਆਉਂਦੇ ਹਨ ਤਾਂ ਸਰਕਾਰ, ਪ੍ਰਾਈਵੇਟ ਪੂੰਜੀ ਅਤੇ ਸ਼ਰਧਾ ਦੇ ਵਪਾਰ ਨੂੰ ਇੱਕੋ ਵੇਲੇ ਖ਼ਤਰਾ ਮਹਿਸੂਸ ਹੁੰਦਾ ਹੈ। ਕਮਿਊਨਿਸਟ ਸਿਆਸਤ ਨੂੰ ਸੱਟਾਂ ਲੱਗਣ ਕਾਰਨ ਬਹੁਤ ਸਾਰੇ ਲੋਕਾਂ ਦਾ ਮੋਹ-ਭੰਗ ਹੋਇਆ ਹੈ। ਇਸ ਦੇ ਨਤੀਜੇ ਵਜੋਂ ਕੁਝ ਕਮਿਊਨਿਸਟ ਕਾਰਕੁਨਾਂ ਨੇ ਤਰਕਸ਼ੀਲਤਾ ਦੇ ਨਾਮ ਉਤੇ ਤਰਕਸ਼ੀਲ ਜਥੇਬੰਦੀਆਂ ਵਿਚ ਸ਼ਰਨ ਲਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਆਪਣੇ ਕਮਿਊਨਿਸਟ ਪਿਛੋਕੜ ਦੇ ਹਵਾਲੇ ਨਾਲ ਸਮਾਜਕ ਇਨਸਾਫ਼ ਦੀ ਲੜਾਈ ਨੂੰ ਬੇਮਾਅਨਾ ਕਰਾਰ ਦਿੰਦੇ ਹਨ ਅਤੇ ਸਾਰਾ ਜ਼ੋਰ ਰੱਬ ਦੀ ਹੋਂਦ ਨੂੰ ਰੱਦ ਕਰਨ ਉਤੇ ਲਗਾਉਂਦੇ ਹਨ। ਇਨ੍ਹਾਂ ਹਾਲਾਤ ਵਿਚ ਸਮਾਜਕ ਇਨਸਾਫ਼ ਨੂੰ ਪ੍ਰਨਾਇਆ ਸਮਾਜਵਾਦੀ ਬੰਦਾ ਸਭ ਤੋਂ ਨਿਖੜ ਗਿਆ ਹੈ। ਉਸ ਦਾ ਕੋਈ ਮੁਲਕ ਨਹੀਂ ਹੈ ਅਤੇ ਘਰਾਂ ਦੀਆਂ ਕੰਧਾਂ ਅੰਦਰ ਉਸ ਨੂੰ ਬੇਘਰ ਹੋਣ ਦਾ ਸੰਤਾਪ ਘੇਰ ਰਿਹਾ ਹੈ। ਇਸ ਬੰਦੇ ਦਾ ਕਤਲ ਮੂਲਵਾਦੀ ਸਿਆਸਤ ਲਈ ਪ੍ਰਾਪਤੀ ਬਣਦਾ ਹੈ।

ਮੌਜੂਦਾ ਦੌਰ ਦੀ ਗ਼ਾਲਬ ਸਿਆਸਤ ਅਤੇ ਸਮਾਜਵਾਦੀ ਅਕੀਦਿਆਂ ਨੂੰ ਪ੍ਰਨਾਏ ਨਾਸਤਿਕ ਬੰਦੇ ਦਾ ਕੋਈ ਸਮਝੌਤਾ ਨਹੀਂ ਹੋ ਸਕਦਾ। ਇਹ ਬੰਦਾ ਆਪਣੇ ਘਰ ਅੰਦਰ ਕਾਤਲ ਦੀ ਉਡੀਕ ਕਰ ਸਕਦਾ ਹੈ ਜਾਂ ਬਾਹਰ ਨਿਕਲ ਕੇ ਕਾਤਲਾਂ ਦਾ ਕੰਮ ਸੁਖਾਲਾ ਕਰ ਸਕਦਾ ਹੈ। ਇਸ ਕਤਲ ਨਾਲ ਲੋਕਾਂ ਨੂੰ ਤਰਕਸ਼ੀਲ ਸੋਚ ਤੋਂ ਪਾਸੇ ਰਹਿਣ ਦਾ ਸਬਕ ਮਿਲਦਾ ਹੈ; ਤੇ ਮੂਲਵਾਦੀਆਂ ਦੀ ਚੜ੍ਹਤ ਵਿਚ ਸਮਾਜਵਾਦੀ ਅਕੀਦਿਆਂ ਵਾਲਾ ਨਾਸਤਿਕ ਬੰਦਾ ਕਿਸੇ ਸਮਝੌਤੇ ਤੋਂ ਬਾਅਦ ਵੀ ਸ਼ੱਕ ਦੇ ਘੇਰੇ ਵਿਚ ਰਹੇਗਾ। ਇਸ ਬੰਦੇ ਨੂੰ ਉਤਰੀ ਅਮਰੀਕੀ ਅਤੇ ਯੂਰਪੀ ਮੁਲਕਾਂ ਵਿਚ ਪਨਾਹ ਮਿਲ ਸਕਦੀ ਹੈ, ਪਰ ਤੀਜੀ ਦੁਨੀਆਂ ਦੇ ਮੁਲਕ ਵਿਚ ਉਸ ਦਾ ਪੁਰਾਣੇ ਸਮਿਆਂ ਵਿਚ ਕੀਤਾ ਗੁਨਾਹ ਨਾ-ਬਖ਼ਸ਼ਣਯੋਗ ਹੈ। ਇਸ ਬੰਦੇ ਦੀ ਜ਼ਿੰਦਗੀ ਨੂੰ ਖ਼ਦਸ਼ੇ ਰੱਬ ਦੀ ਤਰਜ਼ ਉਤੇ ਵਧ ਰਹੇ ਹਨ। ਇਸ ਤਰਜ਼ ਦੀਆਂ ਕਤਲ ਤੋਂ ਘੱਟ ਰਹਿ ਗਈਆਂ ਪਾਬੰਦੀਆਂ ਹੁਣ ਖ਼ਬਰਾਂ ਵੀ ਨਹੀਂ ਬਣਦੀਆਂ। ਇਸ ਬੰਦੇ ਦੀ ਰਾਖੀ ਕੋਈ ਨਹੀਂ ਕਰ ਸਕਦਾ, ਪਰ ਇਹ ਆਪਣੀ ਮੌਤ ਲਈ ਖ਼ੁਦਕੁਸ਼ੀ ਅਤੇ ਕਤਲ ਵਿਚੋਂ ਚੋਣ ਕਰ ਸਕਦਾ ਹੈ। ਇਹ ਆਪਣੇ ਕਤਲ ਦੀ ਥਾਂ ਤੈਅ ਕਰ ਸਕਦਾ ਹੈ। ਮੁਲਕ-ਬਦਰ ਆਵਾਮ ਲਈ ਇਹੀ ਬਹੁਤ ਹੈ ਕਿ ਭਾਵੇਂ 'ਸ਼ਾਨ ਸਲਾਮਤ ਰਹੇ ਨਾ ਰਹੇ' ਪਰ ਉਹ ਤੈਅ ਕਰੇ ਕਿ 'ਕਿਸ ਧਜ' ਨਾਲ 'ਮਕਤਲ' ਨੂੰ ਜਾਣਾ ਹੈ।

# ਮੋਦੀ ਦਾ ਵਿਕਾਸ ਮਾਡਲ ਖੱਖੜੀਆਂ

ਜਿਸ ਗੁਜਰਾਤ ਨੂੰ ਮੋਦੀ ਹਕੂਮਤ ਵਲੋਂ ਮੁਲਕ ਦੇ ਵਿਕਾਸ ਦਾ ਭਵਿੱਖੀ ਨਮੂਨਾ ਦੱਸ ਕੇ ਤਰੱਕੀ ਅਤੇ ਖੁਸ਼ਹਾਲੀ ਦੀ ਜ਼ਾਮਨੀ ਬਣਾ ਕੇ ਪੇਸ਼ ਜਾਂਦਾ ਰਿਹਾ ਹੈ, ਉਥੇ ਫੈਲੀ ਵਿਆਪਕ ਸਮਾਜੀ ਬੇਚੈਨੀ ਦੇ ਤਾਜ਼ਾ ਵਿਸਫੋਟ ਤੋਂ ਇਹ ਸਾਬਤ ਹੋ ਗਿਆ ਹੈ ਕਿ ਉਸ ਵਿਕਾਸ ਮਾਡਲ ਨੇ ਉਥੇ ਕਿਨ੍ਹਾਂ ਦੇ ਅਤੇ ਕਿਸ ਤਰ੍ਹਾਂ ਦੇ 'ਅੱਛੇ ਦਿਨ' ਲਿਆਂਦੇ ਹਨ। ਜੇ ਖੁਸ਼ਹਾਲ ਅਤੇ ਸਿਆਸੀ ਪੱਖੋਂ ਤਾਕਤਵਰ ਸਮਝੀ ਜਾਂਦੀ ਪਟੇਲ ਬਰਾਦਰੀ ਦੇ ਜ਼ਿਆਦਾਤਰ ਹਿੱਸੇ ਆਰਥਿਕ ਪੱਖੋਂ ਐਨੇ ਗ਼ੈਰ-ਮਹਿਫੂਜ਼ ਮਹਿਸੂਸ ਕਰਦੇ ਹਨ ਤਾਂ ਉਥੇ ਹਾਸ਼ੀਏ 'ਤੇ ਧੱਕੇ ਦੱਬੇ-ਕੁਚਲੇ ਦਲਿਤਾਂ ਅਤੇ ਗਰੀਬ ਮੁਸਲਿਮ ਘੱਟ-ਗਿਣਤੀ ਦੀ ਹਾਲਤ ਕਿੰਨੀ ਗ਼ੈਰ-ਮਹਿਫੂਜ਼ ਅਤੇ ਸੰਕਟਗ੍ਰਸਤ ਹੋਵੇਗੀ!

25 ਅਗਸਤ ਨੂੰ ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਵਿਚ ਪਾਟੀਦਾਰ (ਪਟੇਲ) ਬਰਾਦਰੀ ਨੇ 'ਕ੍ਰਾਂਤੀ ਰੈਲੀ' ਕੀਤੀ। ਉਨ੍ਹਾਂ ਮੰਗ ਕੀਤੀ ਕਿ ਜਾਂ ਤਾਂ ਉਨ੍ਹਾਂ ਦੀ ਸਮੁੱਚੀ ਜਾਤ ਨੂੰ ਵੀ ਹੋਰ

**ਬੂਟਾ ਸਿੰਘ**
ਫੋਨ:+91-94634-74342

ਪਿਛੜੀਆਂ ਸ਼੍ਰੇਣੀਆਂ ਵਾਲਾ ਦਰਜਾ ਦੇ ਕੇ ਉਸ 27% ਜਾਤ ਅਧਾਰਤ ਕੋਟੇ ਅਤੇ ਰਾਖਵੇਂਕਰਨ ਦਾ ਹਿੱਸੇਦਾਰ ਬਣਾਇਆ ਜਾਵੇ ਜੋ ਓ.ਬੀ.ਸੀ. ਸ਼੍ਰੇਣੀਆਂ ਨੂੰ ਦਿੱਤਾ ਗਿਆ ਹੈ, ਜਾਂ ਫਿਰ ਜਾਤ ਆਧਾਰਿਤ ਰਾਖਵੇਂਕਰਨ ਨੂੰ ਉਕਾ ਹੀ ਖ਼ਤਮ ਕਰ ਦਿੱਤਾ ਜਾਵੇ। 'ਪਾਟੀਦਾਰ ਅਨਾਮਤ ਅੰਦੋਲਨ ਸੰਮਤੀ' (ਪਾਟੀਦਾਰ ਰਿਜ਼ਰਵੇਸ਼ਨ ਲਹਿਰ ਕਮੇਟੀ) ਦੇ ਆਗੂ ਹਾਰਦਿਕ ਪਟੇਲ ਦੀ ਗ੍ਰਿਫ਼ਤਾਰੀ ਨਾਲ ਅੰਦੋਲਨਕਾਰੀ ਭੜਕ ਉਠੇ ਅਤੇ ਸਾੜ-ਫੂਕ ਸ਼ੁਰੂ ਹੋ ਗਈ। ਇਸ ਨੂੰ ਦਬਾਉਣ ਲਈ ਪੁਲਿਸ ਨੇ ਘਰਾਂ ਵਿਚ ਵੜ ਕੇ ਬੇਤਹਾਸ਼ਾ ਤਸ਼ੱਦਦ ਕੀਤਾ। ਹਾਲਾਤ 'ਤੇ ਕਾਬੂ ਪਾਉਣ ਲਈ ਕੇਂਦਰੀ ਬਲ ਅਤੇ ਫ਼ੌਜ ਲਗਾ ਦਿੱਤੀ। ਹਾਲਾਤ ਇਸ ਕਦਰ ਬੇਕਾਬੂ ਹੋ ਗਏ ਕਿ ਹਿੰਸਾ ਅਤੇ ਫ਼ਸਾਦ ਦੇ ਮੁਜੱਸਮੇ ਮੋਦੀ ਨੂੰ 'ਅਮਨ ਤੇ ਸਦਭਾਵਨਾ' ਦੀ ਅਪੀਲ ਕਰਨੀ ਪਈ। ਹੁਣ ਜਾਤ ਆਧਾਰਿਤ ਪਟੇਲ ਅੰਦੋਲਨ ਨੇ ਗੁਜਰਾਤ ਤੋਂ ਬਾਹਰ ਹੋਰ ਸੂਬਿਆਂ ਵਿਚ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ ਅਤੇ ਟੀਚਾ ਮੁਲਕ ਦੇ 27 ਕਰੋੜ ਪਟੇਲਾਂ ਨੂੰ ਲਾਮਬੰਦ ਕਰਨ ਦਾ ਹੈ ਤੇ ਉਨ੍ਹਾਂ ਮਿਲਦੀ-ਜੁਲਦੀ ਮੰਗ ਲਈ ਲੜ ਰਹੇ ਗੁੱਜਰ ਅਤੇ ਜਾਟ ਅੰਦੋਲਨਾਂ ਨਾਲ ਸੰਪਰਕ ਕਰ ਕੇ ਜਾਤ ਆਧਾਰਿਤ ਸਫ਼ਬੰਦੀ ਕਰ ਲਈ ਹੈ।

1.8 ਕਰੋੜ ਪਾਟੀਦਾਰ ਗੁਜਰਾਤ ਦੀ ਕੁਲ ਵਸੋਂ (6 ਕਰੋੜ 30 ਲੱਖ) ਦਾ ਵਾਹਵਾ ਹਿੱਸਾ ਬਣਦੇ ਹਨ। ਪਾਟੀਦਾਰ ਗੁਜਰਾਤੀ ਸਮਾਜ ਦੀ ਖੁਸ਼ਹਾਲ ਬਰਾਦਰੀ ਮੰਨੇ ਜਾਂਦੇ ਹਨ ਜਿਨ੍ਹਾਂ ਦਾ ਆਰਥਿਕਤਾ ਅਤੇ ਸਿਆਸਤ ਵਿਚ ਚੋਖਾ ਦਬਦਬਾ ਹੈ। ਆਰਥਿਕ ਬਣਤਰ ਦੇ ਲਿਹਾਜ਼ ਨਾਲ ਪਾਟੀਦਾਰਾਂ ਵਿਚ ਕਿਸਾਨ, ਹੀਰੇ ਦੇ ਵਪਾਰੀ ਅਤੇ ਬਿਜ਼ਨੈਸ ਨਾਲ ਜੁੜੇ ਲੋਕ ਸ਼ਾਮਲ ਹਨ। ਵਿਦੇਸ਼ਾਂ ਵਿਚ ਪਟੇਲਾਂ ਦੀ ਹੈਸੀਅਤ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕਾ ਤੇ ਇੰਗਲੈਂਡ ਵਿਚ ਉਨ੍ਹਾਂ ਦੀ ਚੋਖੀ ਤਾਦਾਦ ਹੈ, ਕ੍ਰਮਵਾਰ ਦੋ ਤੇ ਢਾਈ ਲੱਖ। ਅਮਰੀਕਾ ਦੇ 70 ਫ਼ੀਸਦੀ ਮੋਟਲ (ਢਾਬਾ) ਕਾਰੋਬਾਰ ਉਪਰ ਉਨ੍ਹਾਂ ਦਾ ਕਬਜ਼ਾ ਹੈ। ਮੌਜੂਦਾ ਮੁੱਖ ਮੰਤਰੀ ਆਨੰਦੀਬੇਨ ਸਮੇਤ 7 ਮੰਤਰੀ ਪਟੇਲ ਬਰਾਦਰੀ ਦੇ ਹਨ।

ਜਮਾਤੀ ਬਣਤਰ ਪੱਖੋਂ ਪਾਟੀਦਾਰ ਇਕਹਿਰੀ ਅਤੇ ਇਕਸਾਰ ਜਮਾਤ ਨਹੀਂ, ਸਗੋਂ 19ਵੀਂ ਸਦੀ ਤੋਂ ਹੀ ਉਨ੍ਹਾਂ ਦੇ ਲੇਵਾ, ਕੜਵਾ ਅਤੇ ਅੰਜਨਾ ਤਿੰਨ ਵਰਗ ਹਨ। ਇਨ੍ਹਾਂ ਵਿਚੋਂ ਲੇਵਾ ਤੇ ਕੜਵਾ ਜੋ 12% ਦੇ ਕਰੀਬ ਹਨ, ਇਸ ਬਰਾਦਰੀ ਦੇ ਸਰਦੇ-ਪੁੱਜਦੇ ਹਿੱਸੇ ਹਨ; ਅੰਜਨਾ ਪਾਟੀਦਾਰਾਂ ਦੀ ਪੱਛੜੀ ਹੈਸੀਅਤ ਕਾਰਨ ਇਸ ਵਰਗ ਨੂੰ ਪਿਛਲੇ ਕੁਝ ਦਹਾਕਿਆਂ ਤੋਂ ਖ਼ੁਦ ਗੁਜਰਾਤ ਸਰਕਾਰ ਵਲੋਂ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ੁਮਾਰ ਕਰ ਲਿਆ ਗਿਆ ਸੀ। 19ਵੀਂ ਸਦੀ ਵਿਚ ਗੁਜਰਾਤ ਦੇ ਕਿਸਾਨ ਕਾਂਬੀ ਵਜੋਂ ਜਾਣੇ ਜਾਂਦੇ ਸਨ। ਅੰਗਰੇਜ਼ ਰਾਜ ਦੀ ਮਾਲੀਆ ਉਗਰਾਹੁਣ ਦੀ ਨੀਤੀ ਵਿਚ ਜੋ ਜ਼ਮੀਨੀ ਸੁਧਾਰ ਕੀਤੇ ਗਏ, ਉਸ ਦੇ ਲੰਮੇ ਅਮਲ ਦੌਰਾਨ ਕਾਂਬੀ ਪਾਟੀਦਾਰ ਬਣ ਗਏ। ਜਿਨ੍ਹਾਂ ਲੇਵਾ ਕਾਂਬੀਆਂ ਨੇ ਖੇਤੀ ਛੱਡ ਕੇ ਅੰਗਰੇਜ਼ਾਂ ਲਈ ਮਾਲੀਆ ਉਗਰਾਹੁਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ ਪਾਟੀਦਾਰ ਕਿਹਾ ਜਾਣ ਲੱਗਿਆ। ਬਰਤਾਨਵੀ ਅਧਿਕਾਰੀਆਂ ਨੇ ਹੋਰ ਕਿਸਾਨਾਂ ਦੇ ਮੁਕਾਬਲੇ ਕਾਂਬੀਆਂ ਨੂੰ ਜ਼ਮੀਨ ਤੇ ਕੁਦਰਤੀ ਵਸੀਲਿਆਂ ਦੀ ਵਰਤੋਂ ਤੇ ਹੋਰ ਸਹੂਲਤਾਂ ਦਿੱਤੀਆਂ ਅਤੇ ਉਹ ਹੋਰ ਕਿਸਾਨਾਂ ਦੀ ਮਿਹਨਤ ਨੂੰ ਕੰਟਰੋਲ ਕਰਨ ਦੀ ਹੈਸੀਅਤ 'ਚ ਹੋ ਗਏ। ਪੇਂਡੂ ਖੇਤਰ ਵਿਚ ਉਨ੍ਹਾਂ ਦਾ ਗ਼ਲਬਾ ਬਣ ਗਿਆ। ਉਨ੍ਹਾਂ ਬਾਰੇ ਖ਼ੁਦ ਗਾਂਧੀ ਨੇ ਕਿਹਾ ਸੀ, "ਪਾਟੀਦਾਰ ਹੇਠਲੀਆਂ ਬਰਾਦਰੀਆਂ ਉਪਰ ਜ਼ੁਲਮ ਕਰਦੇ ਹਨ, ਉਨ੍ਹਾਂ ਦੀ ਕੁੱਟਮਾਰ ਕਰਦੇ ਹਨ ਅਤੇ ਉਨ੍ਹਾਂ ਤੋਂ ਵਗਾਰ ਕਰਾਉਂਦੇ ਹਨ।" 1931 ਦੀ ਮਰਦਮਸ਼ੁਮਾਰੀ ਵਿਚ ਅੰਗਰੇਜ਼ਾਂ ਨੇ ਕਾਂਬੀ ਦੀ ਵੱਖਰੀ ਪਛਾਣ ਪਾਟੀਦਾਰ ਦਰਜ ਕੀਤੀ। ਸਮਾਜੀ ਰੁਤਬੇ ਵਜੋਂ ਇਸ ਬਰਾਦਰੀ ਨੇ ਆਪਣੇ ਨਾਂ ਮਗਰ ਪਟੇਲ ਜੋੜ ਲਿਆ ਜੋ ਰਵਾਇਤੀ ਤੌਰ 'ਤੇ ਪਿੰਡ ਦੇ ਮੁਖੀਏ ਦਾ ਰੁਤਬਾ ਹੁੰਦਾ ਸੀ।

ਇਹ ਬਰਾਦਰੀ ਆਪਣੀ ਮੰਗ ਨੂੰ ਲੈ ਕੇ ਪਹਿਲੀ ਦਫ਼ਾ ਸੜਕਾਂ ਉਪਰ ਨਹੀਂ ਆਈ। ਪਾਟੀਦਾਰ ਬਰਾਦਰੀ ਨੇ 1981 ਵਿਚ ਦਲਿਤਾਂ ਤੇ ਆਦਿਵਾਸੀਆਂ ਲਈ ਰਾਖਵੇਂਕਰਨ ਖ਼ਿਲਾਫ਼ ਅਤੇ ਫਿਰ 1985 ਵਿਚ ਗੁਜਰਾਤ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਖ਼ਿਲਾਫ਼ ਅੰਦੋਲਨ ਸ਼ੁਰੂ ਕੀਤਾ ਸੀ। ਉਦੋਂ ਵੀ ਦਰਜਨਾਂ ਲੋਕ ਮਾਰੇ ਗਏ ਸਨ। ਇਸ ਪਿੱਛੇ ਆਰ.ਐਸ.ਐਸ. ਨੇ ਇਸ ਬੇਚੈਨੀ ਨੂੰ ਬਹੁਤ ਚਲਾਕੀ ਨਾਲ ਰਾਖਵੇਂਕਰਨ ਵਿਰੋਧੀ ਤੋਂ ਮੁਸਲਿਮ ਵਿਰੋਧੀ ਵਿਚ ਬਦਲ ਦਿੱਤਾ। ਫ਼ਰਕ ਬਸ ਇੰਨਾ ਕੁ ਹੈ ਕਿ ਪਹਿਲਾਂ ਉਹ ਜਾਤ ਆਧਾਰਿਤ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਆਉਂਦੇ ਰਹੇ, ਹੁਣ ਉਹ ਆਪਣੇ ਲਈ ਜਾਤ ਆਧਾਰਿਤ ਰਾਖਵੇਂਕਰਨ ਮੰਗ ਰਹੇ ਹਨ।

ਹਾਲੀਆ ਅੰਦੋਲਨ ਵਿਚ ਨੌਜਵਾਨ ਪਟੇਲ ਪੀੜ੍ਹੀ ਵੱਡੇ ਪੈਮਾਨੇ 'ਤੇ ਸ਼ਾਮਲ ਹੈ ਜਿਨ੍ਹਾਂ ਦੀ ਮੁੱਖ ਸ਼ਿਕਾਇਤ ਇਹ ਹੈ ਕਿ ਉਨ੍ਹਾਂ ਨੂੰ ਪੜ੍ਹਾਈ ਦੇ ਮੌਕੇ ਨਹੀਂ ਮਿਲ ਰਹੇ। ਪੜ੍ਹ-ਲਿਖ ਕੇ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਨੌਕਰੀ ਤੇ ਉਚੇਰੀ ਪੜ੍ਹਾਈ ਦੇ ਖੇਤਰ ਉਪਰ ਉਨ੍ਹਾਂ ਦਾ ਕਬਜ਼ਾ ਹੈ ਜਿਨ੍ਹਾਂ ਨੂੰ ਰਾਖਵੇਂਕਰਨ ਦੀ ਸਹੂਲਤ ਹੈ।

ਇਸ ਵਿਆਪਕ ਬੇਚੈਨੀ ਦੇ ਕਾਰਨ ਕੀ ਹਨ?



ਗੁਜਰਾਤ ਵਿਚ ਹੋਈ ਸਾੜ-ਫੂਕ ਦੀ ਝਲਕ।

ਵਿਕਾਸ ਦੇ ਚਮਕੀਲੇ ਖਲੇਪੜ ਹੇਠ ਗੁਜਰਾਤ ਵਿਚ ਵਿਆਪਕ ਅਵਾਮ ਦੀ ਮੰਦਹਾਲੀ ਅਤੇ ਬਰਬਾਦੀ ਦਾ ਸਮੁੰਦਰ ਖੌਲ ਰਿਹਾ ਹੈ। ਆਮ ਲੋਕਾਂ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਦੀ ਕੀਮਤ 'ਤੇ ਵੱਡੀ ਸਰਮਾਏਦਾਰੀ ਅਤੇ ਵੱਡੇ ਕਾਰੋਬਾਰਾਂ ਨੂੰ ਬੇਸ਼ੁਮਾਰ ਰਿਆਇਤਾਂ ਅਤੇ ਸਹੂਲਤਾਂ ਦੀ ਨੀਤੀ ਨੇ ਇਨ੍ਹਾਂ ਕਾਰੋਬਾਰਾਂ ਨੂੰ ਮੰਦਹਾਲੀ 'ਚ ਸੁੱਟ ਦਿੱਤਾ ਹੈ ਜੋ ਮੁੱਖ ਤੌਰ 'ਤੇ ਪਟੇਲ ਚਲਾਉਂਦੇ ਹਨ। ਹੀਰੇ ਦੀ ਸਨਅਤ ਪਿਛਲੇ ਕਈ ਮਹੀਨਿਆਂ ਤੋਂ ਡੂੰਘੇ ਸੰਕਟ ਦੀ ਲਪੇਟ ਵਿਚ ਹੈ। ਦੁਨੀਆਂ ਦੇ 10 ਵਿਚੋਂ 8 ਹੀਰੇ ਸੂਰਤ ਅਤੇ ਗੁਜਰਾਤ ਦੇ ਹੋਰ ਕਸਬਿਆਂ ਵਿਚ ਘੜੇ-ਤਰਾਸ਼ੇ ਜਾਂਦੇ ਹਨ। ਉਦਾਰੀਕਰਨ ਦੀਆਂ ਨੀਤੀਆਂ ਕਾਰਨ ਕੌਮਾਂਤਰੀ ਵੱਡੇ ਕਾਰੋਬਾਰੀਆਂ ਨਾਲ ਮੁਕਾਬਲੇ 'ਚ ਬਹੁਤ ਸਾਰੇ ਯੂਨਿਟ ਬੰਦ ਹੋ ਗਏ ਹਨ ਅਤੇ ਇਨ੍ਹਾਂ ਇਕਾਈਆਂ ਵਿਚ ਕੰਮ ਕਰਦੇ ਕਾਮਿਆਂ ਦੀ ਵੱਡੀ ਤਾਦਾਦ 'ਚ ਛਾਂਟੀ ਕਰ ਦਿੱਤੀ ਗਈ ਹੈ। ਸਰਕਾਰ ਦੀਆਂ ਵੱਡੀ ਸਰਮਾਏਦਾਰੀ ਪੱਖੀ ਨੀਤੀਆਂ ਕਾਰਨ ਖੇਤੀ ਖੇਤਰ ਸੰਕਟ 'ਚ ਹੈ। ਹਰ ਤੀਜਾ ਕਿਸਾਨ ਪਾਟੀਦਾਰ ਪਰਿਵਾਰ ਛੋਟਾ ਤੇ ਦਰਮਿਆਨਾ ਕਿਸਾਨ ਜਾਂ ਬੇਜ਼ਮੀਨਾ ਹੈ। ਉਹ ਤਰੱਕੀ ਦੀ ਜ਼ੋਰਦਾਰ ਤਾਂਘ ਅਤੇ ਮੰਦਹਾਲੀ ਵਾਲੀ ਜ਼ਿੰਦਗੀ ਦੇ ਟਕਰਾਓ ਕਾਰਨ ਡੂੰਘੀ ਬੇਚੈਨੀ ਦਾ ਸ਼ਿਕਾਰ ਹੈ। ਖੇਤੀ ਵਿਚ ਲਾਉਣ ਅਤੇ ਕਰਜ਼ਾ ਲਾਹੁਣ ਲਈ ਉਸ ਕੋਲ ਨਗਦ ਪੂੰਜੀ ਨਹੀਂ। ਖੇਤੀ ਸੰਕਟ ਦੀ ਮਾਰ ਝੱਲ ਰਹੇ ਹਿੱਸਿਆਂ ਨੂੰ ਮੋਦੀ ਦਾ ਵਿਕਾਸ ਮਾਡਲ ਸ਼ਹਿਰਾਂ ਅਤੇ ਸਨਅਤਾਂ ਵਿਚ ਰੁਜ਼ਗਾਰ ਦੇ ਨਹੀਂ ਸਕਦਾ। ਇਸੇ ਲਈ ਉਹ ਸਰਕਾਰੀ ਨੌਕਰੀਆਂ ਵਿਚੋਂ ਰਾਖਵਾਂ ਹਿੱਸਾ ਮੰਗ ਰਹੇ ਹਨ।

ਭਾਰੂ ਪਟੇਲ ਬਰਾਦਰੀ ਦੇ ਸੰਕਟ ਦੇ ਝੰਬੇ ਹਿੱਸਿਆਂ ਨੂੰ ਰਾਖਵੇਂਕਰਨ ਦੀ ਮੰਗ ਬਹੁਤ ਟੁੰਬ ਰਹੀ ਹੈ। ਇਸ ਵਿਚੋਂ ਉਹ ਆਪਣੇ ਖ਼ੁਰ ਰਹੇ ਆਰਥਿਕ ਤੇ ਸਮਾਜੀ ਰੁਤਬੇ ਦੀ ਸੁਰੱਖਿਆ ਅਤੇ ਸਿਖਿਆ ਤੇ ਨੌਕਰੀ ਦੀ ਗਾਰੰਟੀ ਦੇਖਦੇ ਹਨ; ਇਸ ਜਾਤ ਦਾ ਅਮੀਰ ਹਿੱਸਾ ਇਸ ਮੰਗ ਦੀ ਇਸ ਕਰ ਕੇ ਹਮਾਇਤ 'ਚ ਹੈ ਕਿ ਇਸ ਨਾਲ ਉਨ੍ਹਾਂ ਨੂੰ ਆਪਣੀ ਆਰਥਿਕ ਤੇ ਸਮਾਜੀ ਪੁਜੀਸ਼ਨ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਮਿਲੇਗਾ। ਕਮਜ਼ੋਰ ਹਿੱਸੇ ਪੜ੍ਹਾਈ ਅਤੇ ਨੌਕਰੀਆਂ ਦੇ ਖੇਤਰ ਵਿਚ ਜਾਤ ਆਧਾਰਿਤ ਰਾਖਵੇਂਕਰਨ ਨੂੰ ਲੈ ਕੇ ਭਾਰੀ ਬੇਇਨਸਾਫ਼ੀ ਮਹਿਸੂਸ ਕਰਦੇ ਹਨ ਕਿ ਇਨ੍ਹਾਂ ਰਾਖਵੇਂਕਰਨ ਦੀ 'ਸਹੂਲਤ' ਵਾਲੇ ਸਮਾਜੀ ਹਿੱਸਿਆਂ ਨੂੰ ਰਾਖਵੀਆਂ ਸੀਟਾਂ ਹਾਸਲ ਹੋ ਜਾਂਦੀਆਂ ਹਨ, ਪੜ੍ਹਾਈ ਉਪਰ ਉਨ੍ਹਾਂ ਦਾ ਬਹੁਤ ਨਿਗੂਣਾ ਖ਼ਰਚਾ ਆਉਂਦਾ ਹੈ ਅਤੇ ਉਨ੍ਹਾਂ ਲਈ ਨੌਕਰੀਆਂ ਦਾ ਰਾਖਵਾਂ ਕੋਟਾ ਹੈ। ਉਹ ਉਨ੍ਹਾਂ ਦੀ ਆਰਥਿਕ ਸਾਧਨਾਂ ਤੋਂ ਵਿਹੂਣੀ ਅਤੇ ਸਮਾਜੀ ਤੌਰ 'ਤੇ ਦਬੀ ਹਾਲਤ ਨੂੰ ਨਹੀਂ ਦੇਖਦੇ। ਚੇਤਨਾ ਦੀ ਘਾਟ ਕਾਰਨ ਉਹ ਆਪਣੀ ਹੀ ਜਾਤ ਦੇ ਉਸ ਅਮੀਰ ਤੇ ਤਾਕਤਵਰ ਹਿੱਸੇ ਨਾਲ ਆਪਣੇ ਹਿੱਤਾਂ ਦਾ ਟਕਰਾਅ ਨਹੀਂ ਦੇਖਦੇ ਜੋ ਸੱਤਾ ਅਤੇ ਆਰਥਿਕਤਾ ਦੇ ਹਰ ਖੇਤਰ ਵਿਚ ਭਾਰੂ ਹੈ ਅਤੇ ਜਿਸ ਨੇ ਸਿਖਿਆ ਦੇ ਵਪਾਰੀਕਰਨ ਦੀ ਨੀਤੀ ਤਹਿਤ ਇਥੇ ਪੂੰਜੀ ਨਿਵੇਸ਼ ਕਰ ਕੇ ਸਿਖਿਆ ਸੰਸਥਾਵਾਂ ਉਪਰ ਜ਼ਬਰਦਸਤ ਕੰਟਰੋਲ ਬਣਾ ਲਿਆ ਹੈ। ਇਸ ਦੀ ਬਜਾਏ ਉਹ ਸਮਾਜੀ ਤੌਰ 'ਤੇ ਦੱਬੇ-ਕੁਚਲਿਆਂ ਦੀ ਸੀਮਤ ਸੁਰੱਖਿਆ ਖੋਹਣਾ ਚਾਹੁੰਦੇ ਹਨ ਜਿਨ੍ਹਾਂ ਨੂੰ ਸਦੀਆਂ ਤੋਂ ਵਾਂਝੇ ਤੇ ਦਬਾ ਕੇ ਰੱਖਿਆ ਗਿਆ ਹੈ। ਜਿਨ੍ਹਾਂ ਨੂੰ ਉਪਰ ਉਠਣ ਲਈ ਜਾਤ ਆਧਾਰਿਤ ਰਾਖਵੇਂਕਰਨ, ਵਾਜਬ ਸਮਾਜਕ ਲੋੜ ਵਿਚੋਂ ਦਿੱਤਾ ਗਿਆ।

ਇਹੀ ਮੁੱਦਾ ਉਠਾ ਕੇ ਗੁੱਜਰ ਅਤੇ ਜਾਟ ਲਗਾਤਾਰ ਅੰਦੋਲਨ ਦੇ ਰਾਹ ਪਏ ਹੋਏ ਹਨ। ਪੰਜਾਬ ਦੇ ਜੱਟਾਂ ਵਿਚ ਜਾਤ ਅਧਿਰਤ ਰਾਖਵੇਂਕਰਨ ਖ਼ਿਲਾਫ਼ ਇਸੇ ਤਰ੍ਹਾਂ ਦੀ ਬੇਚੈਨੀ ਖੌਲ ਰਹੀ ਹੈ। ਸਮਾਜੀ ਤੌਰ 'ਤੇ ਭਾਰੂ ਇਹ ਜਾਤਾਂ ਆਪਣੇ ਸੰਕਟ ਦਾ ਕਾਰਨ ਹੁਕਮਰਾਨ ਜਮਾਤ ਦੀਆਂ ਵੱਡੀ ਸਰਮਾਏਦਾਰੀ/ਵੱਡੇ ਕਾਰੋਬਾਰਾਂ ਪੱਖੀ ਨੀਤੀਆਂ ਵਿਚ ਨਹੀਂ ਦੇਖਦੀਆਂ, ਨਾ ਹੀ ਉਹ ਦਲਿਤ ਸਮਾਜ ਦੇ ਜ਼ਿਆਦਾਤਰ ਦੱਬੇ-ਕੁਚਲੇ, ਪੂਰੀ ਤਰ੍ਹਾਂ ਜਾਇਦਾਦ ਤੇ ਸਾਧਨਹੀਣ ਹਿੱਸਿਆਂ ਦੀ ਅਣਮਨੁੱਖੀ ਹਾਲਤ ਨੂੰ ਮਹਿਸੂਸ ਕਰਨ ਲਈ ਤਿਆਰ ਹਨ। ਸਿਆਸਤਦਾਨ ਅਤੇ ਇਨ੍ਹਾਂ ਜਾਤਾਂ ਵਿਚਲੇ ਸਵਾਰਥੀ ਤੱਤ ਨਹੀਂ ਚਾਹੁੰਦੇ ਕਿ ਉਹ ਅਸਲੀਅਤ ਨੂੰ ਸਮਝ ਸਕਣ। ਗ਼ਲਤ ਸੋਚ ਦੇ ਪ੍ਰਭਾਵ ਹੇਠ ਉਹ ਜਾਤ ਆਧਾਰਿਤ ਰਾਖਵੇਂਕਰਨ ਜ਼ਰੀਏ ਉਪਰ ਉਠੇ ਇਕ ਨਿੱਕੇ ਜਿਹੇ ਦਲਿਤ ਅਤੇ ਓ.ਬੀ.ਸੀ. ਹਿੱਸੇ ਨੂੰ ਹੀ ਆਪਣਾ ਮੁੱਖ ਦੁਸ਼ਮਣ ਸਮਝੀ ਬੈਠੇ ਹਨ। ਉਹ ਆਰਥਿਕ ਨਾਬਰਾਬਰੀ ਅਤੇ ਸਮਾਜੀ ਦਾਬੇ ਦੇ ਉਕਾ ਹੀ ਵੱਖੋ-ਵੱਖਰੇ ਮੁੱਦਿਆਂ ਨੂੰ ਰਲਗੱਡ ਕਰਦੇ ਹਨ। ਉਹ ਇਹ ਸਮਝਣ ਲਈ ਵੀ ਤਿਆਰ ਨਹੀਂ ਕਿ ਪੜ੍ਹਾਈ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਉਸ ਹਾਲਤ ਵਿਚ ਹੀ ਕਾਰ-ਆਮਦ ਸੀ ਜਦੋਂ ਸਿਖਿਆ ਦਾ ਵਪਾਰੀਕਰਨ ਨਹੀਂ ਸੀ ਹੋਇਆ। ਜਦੋਂ ਸਿਖਿਆ ਸੰਸਥਾਵਾਂ ਸਰਮਾਏਦਾਰਾਂ ਦੀਆਂ ਦੁਕਾਨਾਂ ਨਹੀਂ ਸਨ ਅਤੇ ਸਰਕਾਰੀ ਮਹਿਕਮਿਆਂ ਵਿਚ ਬਾਕਾਇਦਾ ਭਰਤੀ ਕੀਤੀ ਜਾਂਦੀ ਸੀ। ਹੁਣ ਜਦੋਂ ਸਿਖਿਆ ਅਤੇ ਲਗਭਗ ਸਾਰੇ ਸਰਕਾਰੀ ਮਹਿਕਮੇ ਸਿੱਧੇ ਤੌਰ 'ਤੇ ਜਾਂ ਠੇਕੇਦਾਰੀਕਰਨ ਰਾਹੀਂ ਮੁਨਾਫ਼ਾਖੋਰ ਸਰਮਾਏਦਾਰਾਂ ਦੇ ਹੱਥਾਂ ਵਿਚ ਜਾ ਚੁੱਕੇ ਹਨ, ਉਥੇ ਦਲਿਤ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਸਿਖਿਆ ਅਤੇ ਨੌਕਰੀਆਂ ਦੇ ਮੌਕੇ ਵੀ ਉਸੇ ਤਨਾਸਬ 'ਚ ਬਹੁਤ ਜ਼ਿਆਦਾ ਘਟ ਗਏ ਹਨ ਅਤੇ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ।

ਕੁਲ ਮਿਲਾ ਕੇ ਇਹ ਅੰਦੋਲਨ, ਇਕ ਗ਼ਲਤ ਅਤੇ ਭੁਲੇਖਾਪਾਊ ਦਲੀਲ ਦੇ ਆਧਾਰ 'ਤੇ ਲੜਿਆ ਜਾ ਰਿਹਾ ਹੈ ਜਿਸ ਦੀ ਸੁਰ ਆਪਣੇ ਲਈ ਵਾਜਬ ਇਨਸਾਫ਼ ਲੈਣ ਦੀ ਬਜਾਏ ਆਪਣੇ ਤੋਂ ਹੇਠਲਿਆਂ ਅਤੇ ਨਿਤਾਣਿਆਂ ਦਾ ਹੱਕ ਖੋਹ ਕੇ ਆਪਣੀ ਹੈਸੀਅਤ ਬਚਾਉਣ ਦੀ ਹੈ। ਇਹ ਸਮਾਜ ਨੂੰ ਸਮਾਜੀ ਬਰਾਬਰੀ ਤੇ ਇਨਸਾਫ਼ ਦੀ ਬਜਾਏ ਹੋਰ ਵੀ ਘੋਰ ਬੇਇਨਸਾਫ਼ੀ ਤੇ ਨਾਬਰਾਬਰੀ ਅਤੇ ਜਾਤਪਾਤੀ ਟਕਰਾਵਾਂ ਦੇ ਅੰਨ੍ਹੇ ਖੂਹ ਵਿਚ ਧੱਕਣ ਦਾ ਰਾਹ ਹੈ ਅਤੇ ਇਹ ਕਿਸੇ ਵੀ ਸੂਰਤ ਵਿਚ ਪਾਟੀਦਾਰਾਂ ਦੇ ਸੰਕਟ ਨੂੰ ਹੱਲ ਨਹੀਂ ਕਰ ਸਕੇਗਾ।

# ਮੋਦੀ ਦੇ ਕ੍ਰਿਸ਼ਮੇ ਨੂੰ ਵੱਡੀਆਂ ਵੰਗਾਰਾਂ

ਅੰਤਾਂ ਦੇ ਚੁਸਤ-ਚਲਾਕ ਨਰੇਂਦਰ ਮੋਦੀ ਭਾਵੇਂ ਸਵੀਕਾਰ ਨਾ ਕਰਨ, ਪਰ ਉਹ ਸਭ ਤੋਂ ਪਹਿਲੇ ਸ਼ਖ਼ਸ ਹੋਣਗੇ ਜਿਨ੍ਹਾਂ ਨੂੰ ਚਾਨਣ ਹੋ ਗਿਆ ਹੋਵੇਗਾ ਕਿ 25 ਅਗਸਤ 2015 ਉਹ ਦਿਨ ਹੈ ਜਿਸ ਦਿਨ ਗੁਜਰਾਤ ਨੇ ਆਖ਼ਰਕਾਰ ਉਨ੍ਹਾਂ ਨੂੰ ਬੇਦਾਵਾ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਭਵਿੱਖ ਦੇ ਇਤਿਹਾਸਕਾਰ ਤਾਂ 25 ਅਗਸਤ ਨੂੰ ਉਸ ਦਿਨ ਵਜੋਂ ਵੀ ਦਰਜ ਕਰਨਗੇ ਜਦੋਂ ਮੋਦੀ ਦੇ ਸਿਆਸੀ ਨਿਘਾਰ ਦਾ ਸਿਲਸਿਲਾ ਆਰੰਭ ਹੋ ਗਿਆ। ਕੀ ਇਹ ਕੋਈ ਅਤਿਕਥਨੀ ਹੈ?

ਫਿਰ ਜ਼ਰਾ ਇਸ ਬਾਰੇ ਵਿਚਾਰ ਕਰੋ: ਮਾਰਚ 2002 ਤੋਂ ਲੈ ਕੇ 24 ਅਗਸਤ 2015 ਤੱਕ

**ਹਰੀਸ਼ ਖਰੇ**

ਮੋਦੀ ਤੋਂ ਬਗ਼ੈਰ ਕੋਈ ਵੀ ਗੁਜਰਾਤ ਦੇ ਕਿਸੇ ਹਿੱਸੇ ਵਿਚ 5 ਲੱਖ ਲੋਕਾਂ ਦੀ ਭੀੜ ਨਹੀਂ ਸੀ ਜੁਟਾ ਸਕਿਆ। ਇਸ ਤੋਂ ਪਹਿਲਾਂ ਇੰਨੇ ਵੱਡੇ ਪੱਧਰ ਉਤੇ ਜਿਹੜੀ ਲਾਮਬੰਦੀ ਹੋਈ ਸੀ, ਉਹ ਮੱਧ 1970ਵਿਆਂ ਵਿਚ ਨਵਨਿਰਮਾਣ ਅੰਦੋਲਨ ਵਾਲੇ ਦਿਨਾਂ ਦੌਰਾਨ ਹੋਈ ਸੀ। ਹੁਣ ਗੁਜਰਾਤ ਉਤੇ ਮੋਦੀ ਦੀ ਪੂਰੀ ਨਿਗਰਾਨੀ ਅਤੇ ਹਰ ਪ੍ਰਬੰਧ ਦੇ ਬਾਵਜੂਦ 25 ਅਗਸਤ ਨੂੰ ਅਹਿਮਦਾਬਾਦ ਦੇ ਐਨ ਵਿਚਕਾਰ ਠਾਠਾਂ ਮਾਰਦਾ ਇਕੱਠ ਹੋਇਆ। 2002 ਤੋਂ ਲੈ ਕੇ ਹੁਣ ਤਕ ਸਿਵਲ ਪ੍ਰਸ਼ਾਸਨ ਦੀ ਮੱਦਦ ਲਈ ਕਦੀ ਫ਼ੌਜ ਨਹੀਂ ਸੀ ਸੱਦੀ ਗਈ। ਹੁਣ ਤੱਕ ਇਹੀ ਜਚਾਇਆ ਗਿਆ ਸੀ ਕਿ ਕਰਫ਼ਿਊ, ਪੁਲਿਸ ਫਾਇਰਿੰਗ, ਮੌਤਾਂ ਵਰਗੀਆਂ ਸੁਰਖੀਆਂ ਹੁਣ ਬੀਤੇ ਦੀ ਬਾਤ ਬਣ ਗਈਆਂ ਹਨ। ਅਮਰੀਕਾ ਦੇ ਮੈਡੀਸਨ ਸਕੁਏਅਰ ਗਾਰਡਨ ਵਿਚ ਜਿਸ ਰੌਕਸਟਾਰ (ਮੋਦੀ) ਨੇ ਗੁਜਰਾਤੀਆਂ ਨੂੰ ਮੰਤਰ-ਮੁਗਧ ਕੀਤਾ, ਉਸ ਨੂੰ 25 ਅਗਸਤ ਨੂੰ ਆਪਣੇ ਸੂਬੇ ਵਿਚ ਹੀ ਵੰਗਾਰਾਂ ਪੈ ਗਈਆਂ ਤੇ ਵੰਗਾਰ ਪਾਉਣ ਵਾਲਾ ਬੰਦਾ ਬਿਲਕੁਲ ਅਣਜਾਣ ਜਿਹਾ ਮੁੰਡਾ ਸੀ ਹਾਰਦਿਕ ਪਟੇਲ।

ਇਹ ਵੀ ਹਾਲਾਤ ਦਾ ਵਿਅੰਗ ਹੀ ਹੈ ਕਿ ਕੁਝ ਦਿਨ ਪਹਿਲਾਂ ਆਜ਼ਾਦੀ ਦਿਵਸ ਮੌਕੇ ਮੋਦੀ ਲਾਲ ਕਿਲ੍ਹੇ ਤੋਂ ਭਾਸ਼ਣ ਦੌਰਾਨ ਜਾਤਵਾਦ ਅਤੇ ਬੁਨਿਆਦਪ੍ਰਸਤੀ ਦੇ ਖ਼ਤਰਿਆਂ ਤੋਂ ਖ਼ਬਰਦਾਰ ਕਰ ਰਹੇ ਸਨ। ਫਿਰ ਉਹ ਗਯਾ (ਬਿਹਾਰ) ਵਿਚ ਲੋਕਾਂ ਨੂੰ ਨਿਹਾਲ ਕਰ ਰਹੇ ਸਨ ਅਤੇ ਇਸ 'ਬਿਮਾਰੂ' ਸੂਬੇ ਲਈ ਵਿਸ਼ੇਸ਼ ਪੈਕੇਜ ਦਾ ਐਲਾਨ ਕਰ ਰਹੇ ਸਨ। ਨਾਲ ਹੀ ਵਿਕਾਸ ਵਾਲੀ ਆਪਣੀ ਸਿਆਸਤ ਦੇ ਗੀਤ ਗਾਏ ਜਾ ਰਹੇ ਸਨ ਅਤੇ ਨਿਤੀਸ਼ ਕੁਮਾਰ ਤੇ ਲਾਲੂ ਪ੍ਰਸਾਦ ਯਾਦਵ ਵਰਗੇ ਜਾਤ ਆਧਾਰਿਤ ਸਿਆਸਤ ਦੇ ਪ੍ਰਚਾਰਕਾਂ ਬਾਰੇ ਪ੍ਰਵਚਨ ਕਰ ਰਹੇ ਸਨ। ਤੇ ਹੁਣ ਉਨ੍ਹਾਂ ਦੇ ਜੱਦੀ ਸੂਬੇ ਵਿਚ ਹੀ ਜਾਤੀਗਤ ਗਿਣਤੀਆਂ-ਮਿਣਤੀਆਂ ਅਤੇ ਮੰਗਾਂ ਦਾ ਵੰਝ ਗੱਡਿਆ ਗਿਆ ਹੈ। ਪਟੇਲਾਂ ਦਾ ਇਹ ਵੰਝ ਗੱਡੇ ਜਾਣ ਦਾ ਆਪਣਾ ਪ੍ਰਸੰਗ ਹੈ। ਤੇ ਇਹ ਪ੍ਰਸੰਗ ਜਾਨਣ ਲਈ ਰਤਾ ਕੁ ਪਿਛਲਝਾਤ ਮਾਰਨੀ ਪਵੇਗੀ।

ਇਹ ਅਹਿਮਦਾਬਾਦ ਦੇ ਐਨ ਵਿਚਕਾਰ ਵਸੇ ਖਾੜੀਆਂ ਦੇ ਪਟੇਲ ਹੀ ਸਨ ਜਿਨ੍ਹਾਂ 1981 ਵਿਚ ਨਵੇਂ ਰਾਖਵਾਂਕਰਨ ਪ੍ਰਬੰਧਾਂ ਖ਼ਿਲਾਫ਼ ਹਿੰਸਕ ਬੋਲਾ ਬੁਲੰਦ ਕੀਤਾ ਸੀ। ਇਸ ਅੰਦੋਲਨ ਦਾ ਨਿਸ਼ਾਨਾ ਮਾਧਵਸਿੰਹੁ ਸੋਲੰਕੀ ਦੀ ਅਗਵਾਈ ਵਿਚ ਬਣੀ ਨਵੀਂ ਸਰਕਾਰ ਸੀ। ਕਾਂਗਰਸ 'ਖਾਮ' ਭਾਵ ਕਸ਼ੱਤਰੀ, ਹਰੀਜਨ, ਆਦਿਵਾਸੀ ਤੇ ਮੁਸਲਮਾਨ ਦੇ ਗੱਠਜੋੜ ਵਾਲੀ ਰਣਨੀਤੀ ਅਪਨਾ ਕੇ ਪੂਰੇ ਦਮ-ਖ਼ਮ ਨਾਲ ਮੁੜ ਸੱਤਾ ਵਿਚ ਆਈ ਸੀ। 'ਖਾਮ' ਵਾਲੀ ਤਾਲ ਉਤੇ ਚੋਣ ਨਗਾਰੇ ਦਾ ਸੁਰ ਐਨ ਚੰਗੀ ਤਰ੍ਹਾਂ ਮਿਲ ਗਿਆ ਸੀ ਅਤੇ ਗੁਜਰਾਤ ਦੀ ਸਿਆਸਤ ਦਾ ਸਮੁੱਚਾ ਦ੍ਰਿਸ਼ ਮੁੱਢੋਂ-ਸੁੱਢੋਂ ਮੁੜ ਨਵੀਂ ਤਰਤੀਬ ਵਿਚ ਆ ਗਿਆ ਸੀ। ਗੁਜਰਾਤ ਦੀ ਸਿਆਸਤ ਵਿਚ ਕਈ ਦਹਾਕਿਆਂ ਤੋਂ ਛਾਏ ਹੋਏ ਪਟੇਲ ਲਾਂਭੇ ਹੋ ਗਏ ਸਨ। 1985 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਇੱਕ ਵਾਰ ਫਿਰ ਆਪਣੀ ਜਿੱਤ ਦੁਹਰਾਈ ਅਤੇ ਸਿਆਸੀ ਪਿੜ ਵਿਚ ਪੈਂਠ ਜਮਾ ਲਈ। ਪਟੇਲਾਂ ਨੂੰ ਇਕ ਵਾਰ ਫਿਰ 'ਰਾਖਵਾਂਕਰਨ' ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦਾ ਬਹਾਨਾ ਮਿਲ ਗਿਆ। ਉਚ ਜਾਤੀਆਂ, ਖ਼ਾਸ ਕਰ ਕੇ ਪਾਟੀਦਾਰਾਂ (ਪਟੇਲਾਂ) ਦਾ ਰੋਹ ਤੇ ਰੋਸਾ ਨਵੇਂ ਹਿੰਦੂਤਵ ਪ੍ਰੋਜੈਕਟ ਦੇ ਐਨ ਫਿੱਟ ਬੈਠ ਗਿਆ। ਇਸ ਤੋਂ ਬਾਅਦ ਹਿੰਦੂਤਵਵਾਦੀ ਤਾਕਤਾਂ ਜਾਤ-ਕੇਂਦਰਿਤ 'ਖਾਮ' ਅਤੇ ਇਸ ਦੀ ਸਮਾਜਕ ਸਰੋਕਾਰਾਂ ਵਾਲੀ ਸਿਆਸਤ ਨੂੰ ਪਛਾੜਨ ਲਈ ਜ਼ੋਰ-ਸ਼ੋਰ ਨਾਲ ਸਾਲਾਂ-ਬੱਧੀ ਲੱਗੀਆਂ ਰਹੀਆਂ।

ਹੁਣ ਇਹੀ ਪਟੇਲ ਰਾਖਵਾਂਕਰਨ ਮੰਗ ਰਹੇ ਹਨ। ਗੁਜਰਾਤ 1981 ਵਾਲੇ ਦਿਨਾਂ ਵੱਲ ਪਰਤ ਗਿਆ ਹੈ। ਮੋਦੀ ਵਾਲੀ ਧਿਰ ਵਿਚ ਕੇਂਦਰ ਬਿੰਦੂ ਪਟੇਲ ਹੀ ਸਨ/ਹਨ। ਉਹ 2002 ਤੋਂ ਬਾਅਦ ਵਾਲੇ ਮੋਦੀ ਅਤੇ ਉਸ ਦੀ ਸਿਆਸਤ ਦੇ ਬੜੇ ਠੋਕ-ਵਜਾ ਕੇ ਸਮਰਥਕ ਰਹੇ ਹਨ। ਹੁਣ 2015 ਵਿਚ ਭਾਜਪਾ ਦੇ ਇਨ੍ਹਾਂ ਹੀ ਗੜ੍ਹਾਂ ਵਿਚੋਂ ਹਿੰਸਾ ਦੀਆਂ ਰਿਪੋਰਟਾਂ ਆਈਆਂ ਹਨ। ਪਟੇਲ ਵਿਸਫੋਟ ਇਹ ਸੈਨਤ ਕਰ ਰਿਹਾ ਹੈ ਕਿ ਗੁਜਰਾਤ ਵਿਚ ਜਿਨ੍ਹਾਂ ਬਾਹਰੀ ਹਾਲਾਤ ਕਾਰਨ ਮੋਦੀ ਰੂਪੀ ਕ੍ਰਿਸ਼ਮਾ ਹੋਇਆ ਸੀ, ਉਹ 16 ਮਈ 2014 ਨੂੰ ਹੀ ਪੂਰਾ ਹੋ ਗਿਆ ਸੀ। 2002 ਤੋਂ ਬਾਅਦ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਗੁਜਰਾਤੀ 'ਅਸਮਿਤਾ' ਦੀ ਰਾਖੀ ਲਈ ਲੜੀ ਜਾ ਰਹੀ ਮਹਾਂ ਲੜਾਈ ਵਿਚ ਗੁਜਰਾਤੀਆਂ ਨੂੰ ਨਾਲ ਜੋੜਨ, ਉਤਸ਼ਾਹ ਭਰਨ ਤੇ ਇਨ੍ਹਾਂ ਨੂੰ ਹੁਲਾਰਾ ਦੇਣ ਵਿਚ ਕਾਮਯਾਬ ਰਹੇ। ਪਾਟੀਦਾਰਾਂ ਨੇ ਨਵੇਂ 'ਹਿੰਦੂ ਹਿਰਦੇ ਸਮਰਾਟ' ਨੂੰ ਖ਼ੂਬ ਹੁੰਗਾਰਾ ਭਰਿਆ।

ਦਿੱਲੀ ਤੱਕ ਮਹਾਂ ਮਾਰਚ ਜੇਤੂ ਸੁਰ ਨਾਲ ਸਮਾਪਤ ਹੋਇਆ। ਚਾਣਚੱਕ, ਜਿਹੜੇ ਬਾਹਰੀ ਹਾਲਾਤ ਨੇ ਮੋਦੀ ਕ੍ਰਿਸ਼ਮੇ ਦਾ ਗੁੱਡਾ ਬੰਨ੍ਹਿਆ ਸੀ, ਕਾਫ਼ੂਰ ਹੋ ਗਿਆ। ਇਹੀ ਨਹੀਂ, ਕੇਂਦਰਵਾਦ-ਵਿਰੋਧ ਜਿਹੜਾ ਗੁਜਰਾਤ ਵਿਚ ਮੋਦੀ ਕ੍ਰਿਸ਼ਮੇ ਦਾ ਮੁੱਖ ਨਾਅਰਾ ਸੀ, 24 ਮਈ 2014 ਨੂੰ ਤੁੰਬੇ ਤੁੰਬੇ ਹੋ ਗਿਆ। ਉਸ ਦਿਨ ਮੋਦੀ ਨੇ ਰਾਸ਼ਟਰਪਤੀ ਭਵਨ ਦੇ ਵਿਹੜੇ ਵਿਚ ਹਲਫ਼ ਲਿਆ ਸੀ। ਮੋਦੀ ਪ੍ਰੋਜੈਕਟ ਦੀ ਇਸ ਫ਼ਿਰਕੂ ਪਹੁੰਚ ਦੀ ਪੁਸ਼ਟੀ ਤੋਂ ਇਲਾਵਾ ਇਹ ਪਟੀਦਾਰ ਵਿਸਫੋਟ ਉਨ੍ਹਾਂ ਸਭ ਨੁਕਤਿਆਂ 'ਤੇ ਨਜ਼ਰਸਾਨੀ ਦੀ ਮੰਗ ਕਰਦਾ ਹੈ ਜਿਨ੍ਹਾਂ ਨਾਲ ਵਿਕਾਸ ਦੇ ਗੁਜਰਾਤ ਮਾਡਲ ਦਾ ਢੋਲ ਵਜਾਇਆ ਗਿਆ। ਅਖੌਤੀ ਗੁਜਰਾਤ ਮਾਡਲ ਦੇ ਹਲਕੇਪਣ ਦਾ ਪਰਦਾ ਹੁਣ ਉਠ ਗਿਆ ਹੈ। ਮਸਲਨ, ਕਿਸੇ ਦੀ ਕੀ ਜਮਾਲ ਕਿ ਇਹ ਪੁੱਛ ਵੀ ਲਵੇ ਕਿ ਸਾਨੰਦ ਵਿਚ ਲਾਏ ਚਰਚਿਤ ਨੈਨੋ ਪ੍ਰੋਜੈਕਟ ਵਿਚ ਕਿੰਨੇ ਕੁ ਸਥਾਨਕ ਗੁਜਰਾਤੀਆਂ ਨੂੰ ਰੁਜ਼ਗਾਰ ਮਿਲਿਆ। ਗੁਜਰਾਤ ਅਤੇ ਟਾਟਾ ਘਰਾਣੇ ਵਿਚਕਾਰ ਕੀ ਸਮਝੌਤਾ ਹੋਇਆ ਹੈ, ਕਿਸੇ ਨੂੰ ਵੀ ਕੁਝ ਪਤਾ ਨਹੀਂ। ਉਂਜ, ਜੇ ਗੁਜਰਾਤ ਦਾ ਵਿਕਾਸ ਮਾਡਲ ਇੰਨਾ ਹੀ ਸਫ਼ਲ, ਇੰਨਾ ਹੀ ਕਾਇਆ ਕਲਪ ਕਰਨ ਵਾਲਾ ਤੇ ਇੰਨਾ ਹੀ ਕ੍ਰਾਂਤੀਕਾਰੀ ਸੀ, ਤਾਂ 22 ਵਰ੍ਹਿਆਂ ਦਾ ਕੋਈ ਮੁੰਡਾ ਜਾਤ-ਕੇਂਦਰਿਤ ਲਾਮਬੰਦੀ ਦੀ ਚੂਲ ਕਿਵੇਂ ਬਣ ਗਿਆ? ਅਜਿਹੇ ਆਲਮ ਵਿਚ ਕੀ ਇਹ ਸੋਚਣਾ ਜਾਇਜ਼ ਹੈ ਕਿ ਹੁਣ ਬਿਹਾਰ ਵਿਚ 'ਵਿਕਾਸ' ਵਾਲਾ ਆਡੰਬਰ, ਜਾਤ-ਪਾਤ ਉਤੇ ਹਾਵੀ ਹੋ ਜਾਵੇਗਾ, ਕੀ ਅਜਿਹਾ ਕੁਝ ਸੰਭਵ ਹੋ ਸਕੇਗਾ?

ਲਿਖਤੁਮ

# ਕੇਸਗੜ੍ਹ ਸਾਹਿਬ ਦੀਆਂ ਕੰਧਾਂ ਕਮਜ਼ੋਰ ਜਾਂ ਸਾਡਾ ਕਿਰਦਾਰ?



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਖ਼ਾਲਸੇ ਨੂੰ ਅੰਮ੍ਰਿਤ, ਅਨੰਦ ਅਤੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਉਣ ਜਿਹੀਆਂ ਦਾਤਾਂ ਬਖ਼ਸ਼ਣ ਵਾਲੀ ਸ੍ਰੀ ਅਨੰਦਪੁਰ ਸਾਹਿਬ ਦੀ ਭਾਗਾਂ ਭਰੀ ਧਰਤੀ 'ਤੇ ਸੁਭਾਇਮਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਚਿੰਤਾਜਨਕ ਖ਼ਬਰਾਂ ਆਈਆਂ ਨੇ। ਇਤਿਹਾਸਕ ਗੁਰਧਾਮਾਂ ਦੀ ਸੇਵਾ-ਸੰਭਾਲ ਤੇ ਪ੍ਰਬੰਧ ਕਰ ਰਹੀ ਸੰਸਥਾ ਦੇ ਅਹੁਦੇਦਾਰਾਂ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਦੀਆਂ ਕੰਧਾਂ ਕਾਫ਼ੀ ਕਮਜ਼ੋਰ ਹੋ ਗਈਆਂ ਹਨ। ਇਮਾਰਤਸਾਜ਼ੀ ਦੇ ਤਕਨੀਕੀ ਮਾਹਿਰਾਂ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਗਈ ਹੈ ਕਿ ਜੇ ਇਨ੍ਹਾਂ ਕੰਧਾਂ ਦੀ ਫੌਰੀ ਮੁਰੰਮਤ ਨਾ ਕਰਵਾਈ ਗਈ ਤਾਂ ਭਵਿੱਖ ਵਿਚ ਕਾਫ਼ੀ ਨੁਕਸਾਨ ਉਠਾਉਣਾ ਪੈ ਸਕਦਾ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਕਰੋੜਾਂ ਰੁਪਏ ਦੇ ਫੰਡ ਜਾਰੀ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਇਹ ਸਾਰਾ ਕਾਰਜ ਕਾਰ ਸੇਵਾ ਰਾਹੀਂ ਨੇਪਰੇ ਚਾੜ੍ਹਨ ਦਾ ਜ਼ਿੰਮਾ ਇੰਗਲੈਂਡ ਦੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਨੂੰ ਸੌਂਪਣ ਦਾ ਐਲਾਨ ਕੀਤਾ ਗਿਆ ਹੈ।

ਇਸ ਖ਼ਬਰ ਨੂੰ ਚਿੰਤਾਜਨਕ ਕਹਿਣ ਦਾ ਕਾਰਨ ਇਹ ਹੈ ਕਿ ਗੁਰੂ ਕਾਲ ਤੋਂ ਬਣੇ ਅਸਥਾਨਾਂ ਦੀਆਂ ਕੰਧਾਂ ਕਮਜ਼ੋਰ ਹੋਣ ਦੀ ਸ਼ਾਇਦ ਇਹ ਪਹਿਲੀ ਖ਼ਬਰ ਹੋਵੇ। ਆਮ ਤੌਰ 'ਤੇ ਸੰਗਤ ਦੀ ਗਿਣਤੀ ਵਧਣ ਕਰ ਕੇ ਗੁਰਦੁਆਰਿਆਂ ਦੀਆਂ ਛੋਟੀਆਂ ਪਈਆਂ ਇਮਾਰਤਾਂ ਦੀ ਥਾਂ ਵੱਡੀਆਂ ਇਮਾਰਤਾਂ ਤਾਂ ਬਣਦੀਆਂ ਵੇਖੀਆਂ ਹਨ, ਪਰ ਕੇਸਗੜ੍ਹ ਸਾਹਿਬ ਦੀਆਂ ਕੰਧਾਂ ਦੀ ਕਮਜ਼ੋਰੀ? ਇਹ ਗੱਲ ਹਜ਼ਮ ਕਰਨੀ ਔਖੀ ਜਾਪਦੀ ਹੈ।

ਇਨ੍ਹਾਂ ਸਤਰਾਂ ਦੇ ਲੇਖਕ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦਾ ਸਾਬਕਾ ਮੈਂਬਰ ਹੋਣ ਨਾਤੇ ਇਸ ਵਿਸ਼ੇ ਬਾਬਤ ਸ਼੍ਰੋਮਣੀ ਕਮੇਟੀ ਦੇ ਸਾਬਕਾ ਅਤੇ ਕੁਝ ਮੌਜੂਦਾ ਉਚ ਅਧਿਕਾਰੀਆਂ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਦੇ ਪੀੜ੍ਹੀਆਂ ਤੋਂ ਬਾਸ਼ਿੰਦੇ ਕਈ ਮੋਹਤਬਰ ਸੱਜਣਾਂ ਨਾਲ ਫੋਨ 'ਤੇ ਗੱਲਬਾਤ ਕੀਤੀ। ਕਿਸੇ ਇਕ ਵੀ ਬੰਦੇ ਨੇ ਵੀ ਸ਼੍ਰੋਮਣੀ ਕਮੇਟੀ ਦੇ ਫੈਸਲੇ ਨੂੰ ਉਚਿਤ ਨਹੀਂ ਠਹਿਰਾਇਆ। ਕਿਸੇ ਕਿਹਾ ਕਿ ਇਹ ਸਾਰਾ ਸਟੰਟ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋਏ ਸਿਆਸੀ ਟੱਬਰ ਦੀ ਕਿਸੇ ਨਜ਼ਦੀਕੀ ਕੰਸਟਰੱਕਸ਼ਨ ਫਰਮ ਨੂੰ ਲਾਭ ਪਹੁੰਚਾਉਣ ਲਈ ਹੀ ਕੀਤਾ ਜਾ ਰਿਹਾ ਹੈ। ਮਾਇਆ ਨਾਲ ਹੱਥ ਰੰਗਣ ਦੇ ਅਜਿਹੇ ਹੀ ਦੋਸ਼ ਕਈ ਬੰਦੇ ਹੋਰ ਅਹੁਦੇਦਾਰਾਂ ਉਤੇ ਵੀ ਲਗਾ ਰਹੇ ਹਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਸਤਿਕਾਰਤ ਅਹੁਦੇ 'ਤੇ ਲੰਮਾ ਅਰਸਾ ਸੇਵਾ ਕਰਦੇ ਰਹੇ ਇਕ ਪੜ੍ਹੇ-ਲਿਖੇ ਸੱਜਣ ਦਾ ਕਹਿਣਾ ਸੀ ਕਿ ਜਦੋਂ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਹੁੰਦੀ ਹੈ ਤਾਂ ਇਮਾਰਤਸਾਜ਼ੀ ਦੇ ਮਾਹਿਰਾਂ ਤੋਂ ਸਰੋਵਰ ਵਿਚਕਾਰ ਖੜ੍ਹੀ ਇਮਾਰਤ ਦੇ ਜਲ ਵਿਚ ਰਹਿਣ ਵਾਲੇ ਹਿੱਸੇ ਦਾ ਨਿਰੀਖਣ ਕਰਾਇਆ ਜਾਂਦਾ ਹੈ। ਮਾਹਿਰ ਇਹੀ ਰਿਪੋਰਟ ਦਿੰਦੇ ਹਨ ਕਿ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ। ਸਦੀਆਂ ਤੱਕ ਇਹ ਆਪਣੇ ਇਸੇ ਰੂਪ ਵਿਚ ਕਾਇਮ ਰਹੇਗੀ। ਹਿੱਕ ਠੋਕਵੇਂ ਦਾਅਵੇ ਨਾਲ ਇਸ ਸਿੰਘ ਨੇ ਕੇਸਗੜ੍ਹ ਸਾਹਿਬ ਦੀਆਂ ਕੰਧਾਂ ਦੀ ਪਕਿਆਈ ਦੀ ਤੁਲਨਾ ਦਰਬਾਰ ਸਾਹਿਬ ਨਾਲ ਕਰਦਿਆਂ ਸ਼੍ਰੋਮਣੀ ਕਮੇਟੀ ਦੀ 'ਕਚਿਆਈ' ਸਿਰ ਭਾਂਡਾ ਭੰਨਿਆ।

ਸ੍ਰੀ ਅਨੰਦਪੁਰ ਸਾਹਿਬ ਦੇ ਇਕ ਕਾਲਜ ਵਿਚ ਲੈਕਚਰਾਰ ਰਹੇ ਇਕ ਸ਼ਖ਼ਸ ਨੇ ਕੰਧਾਂ ਦੀ ਕਮਜ਼ੋਰੀ ਦੀ ਥਾਂ ਉਥੋਂ ਦੀਆਂ ਨੰਗੀਆਂ ਚਿੱਟੀਆਂ ਸਿਧਾਂਤਕ ਕਮਜ਼ੋਰੀਆਂ ਦਾ ਵੇਰਵਾ ਦੱਸ ਕੇ ਮੇਰੇ ਵੀ ਕਪਾਟ ਖੋਲ੍ਹ ਦਿੱਤੇ,

"...ਤੀਹ-ਚਾਲੀ ਮਜ਼ਬੂਤ ਕਮਰਿਆਂ ਉਪਰ ਬਣੀ ਤਖ਼ਤ ਸਾਹਿਬ ਦੀ ਇਮਾਰਤ ਦੀਆਂ ਬੁਨਿਆਦੀ ਕੰਧਾਂ ਦੀ ਕਮਜ਼ੋਰੀ ਤਾਂ ਸ਼੍ਰੋਮਣੀ ਕਮੇਟੀ ਨੂੰ ਬਹੁਤ ਅਸਾਨ ਨਜ਼ਰ ਆ ਗਈ, ਪਰ ਖਾਲਸਾ ਪੰਥ ਦੇ ਪ੍ਰਗਟ ਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੌਜੂਦਾ ਪ੍ਰਬੰਧ ਦੀਆਂ ਸਿਧਾਂਤਕ ਕਮਜ਼ੋਰੀਆਂ ਦੂਰ ਕਰਨ ਲਈ ਇਨ੍ਹਾਂ ਧਾਰਮਿਕ ਆਗੂਆਂ ਨੂੰ ਕੋਈ 'ਵਿਸ਼ਾ ਮਾਹਿਰ' ਨਹੀਂ ਲੱਭਦਾ?"

ਉਨ੍ਹਾਂ ਦਾ ਕਹਿਣਾ ਸੀ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਸਾਜਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਬਿੰਦੀ-ਪੁੱਤਰਾਂ (ਚਾਰੇ ਸਾਹਿਬਜ਼ਾਦਿਆਂ) ਨਾਲੋਂ ਨਾਦੀ-ਪੁੱਤਰਾਂ (ਪੰਥ ਖਾਲਸਾ) ਨਾਲ ਮੋਹ ਨੂੰ ਪਹਿਲ ਦਿੱਤੀ। ਬਕੌਲ ਵਿਧਾਤਾ ਸਿੰਘ 'ਤੀਰ', ਗੁਰੂ ਜੀ ਨੇ ਚਮਕੌਰ 'ਚੋਂ ਤਾੜੀ ਮਾਰ ਕੇ ਜਾਣ ਵੇਲੇ ਆਪਣੇ ਵੱਡੇ ਪੁੱਤਰਾਂ ਦੀਆਂ ਬੇ-ਕਫ਼ਨ ਲਾਸ਼ਾਂ ਕੋਲ ਰੁਕੇ ਭਾਈ ਦਇਆ ਸਿੰਘ ਨੂੰ ਲਲਕਾਰ ਕੇ ਕਿਹਾ ਸੀ,

ਮੈਨੂੰ ਰੱਤੀ ਪ੍ਰਵਾਹ ਨਹੀਂ ਜੱਗ ਸਾਰਾ,
ਭਾਵੇਂ ਲੱਖ ਵਾਰੀ ਰਣ ਦਾ ਚੋਰ ਸਮਝੇ।
ਪਰ ਮੈਂ ਇਹ ਨਾ ਸੁਣਾਂ ਗੋਬਿੰਦ ਸਿੰਘ ਨੇ,
'ਸਿੱਖ ਹੋਰ' ਸਮਝੇ ਤੇ 'ਪੁੱਤ ਹੋਰ' ਸਮਝੇ।

ਪੁੱਤਰਾਂ ਨਾਲੋਂ ਆਪਣੇ ਸਿੱਖਾਂ ਪ੍ਰਤੀ ਵੱਧ ਤਿਹ-ਮੋਹ ਰੱਖਣ ਵਾਲੇ ਦਸਮੇਸ਼ ਪਿਤਾ ਦੀ ਇਸ ਬਖਸ਼ਿਸ਼ 'ਤੇ ਅਟੱਲ ਪਹਿਰਾ ਦਿੰਦਿਆਂ ਸਾਡੇ ਵਡਾਰੂਆਂ ਨੇ 'ਅਰਦਾਸ' ਵਿਚ ਪਹਿਲ 'ਪੰਜਾਂ ਪਿਆਰਿਆਂ' ਨੂੰ ਦਿੱਤੀ, ਚਾਰ ਸਾਹਿਬਜ਼ਾਦਿਆਂ ਦਾ ਸਥਾਨ ਬਾਅਦ ਵਿਚ ਰੱਖਿਆ।



ਤਖਤ ਸ੍ਰੀ ਕੇਸਗੜ੍ਹ ਸਾਹਿਬ

ਹੁਣ ਇਸ ਤਖ਼ਤ ਦੇ ਮੌਜੂਦਾ ਜਥੇਦਾਰ ਦਾ ਪੁੱਤਰ-ਮੋਹ ਸੁਣ ਲਓ! ਇਥੇ ਸਿੰਘ ਸਾਹਿਬ ਨਿਯੁਕਤ ਹੋਣ ਤੋਂ ਪਹਿਲਾਂ ਇਹ ਸ੍ਰੀ ਮਾਨ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗ੍ਰੰਥੀ ਸਿੰਘ ਸਨ। ਜਿਉਂ ਹੀ ਇਨ੍ਹਾਂ ਨੂੰ ਕੇਸਗੜ੍ਹ ਸਾਹਿਬ ਦਾ ਜਥੇਦਾਰ ਬਣਾਇਆ ਗਿਆ, ਇਨ੍ਹਾਂ ਨੇ ਖਾਲੀ ਹੋਏ ਅਹੁਦੇ 'ਤੇ ਆਪਣੇ ਪੁੱਤਰ ਨੂੰ ਸ੍ਰੀ ਦਰਬਾਰ ਸਾਹਿਬ ਦਾ ਗ੍ਰੰਥੀ ਨਿਯੁਕਤ ਕਰਵਾ ਦਿੱਤਾ, ਹਾਲਾਂਕਿ ਉਹ ਉਥੋਂ ਦੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਸੀ ਕਰਦਾ। ਸ਼੍ਰੋਮਣੀ ਕਮੇਟੀ ਦੇ ਕਾਇਦੇ-ਕਾਨੂੰਨ ਤੇ ਦਰਬਾਰ ਸਾਹਿਬ ਦੀ ਮਰਿਆਦਾ ਮੁਤਾਬਕ ਚਾਲੀ ਸਾਲ ਦੀ ਉਮਰ ਤੋਂ ਘੱਟ ਦਾ ਕੋਈ ਬੰਦਾ, ਉਥੇ ਗ੍ਰੰਥੀ ਨਹੀਂ ਲੱਗ ਸਕਦਾ, ਪਰ ਸਿੰਘ ਸਾਹਿਬਾਨ ਦੇ 'ਪੁੱਤਰ ਸਾਹਿਬਾਨ' ਲਈ ਕਾਇਦੇ ਜਾਂ ਰਵਾਇਤਾਂ ਦਾ ਕੋਈ ਮਾਅਨਾ ਨਹੀਂ। ਇਹ ਵੱਖਰੀ ਗੱਲ ਹੈ ਕਿ ਇਹ ਗ੍ਰੰਥੀ ਦਰਬਾਰ ਸਾਹਿਬ ਵਿਖੇ ਇਕ-ਦੋ ਵਾਰ ਰਹਿਰਾਸ ਦਾ ਪਾਠ ਕਰਨਾ ਭੁੱਲ ਗਏ। ਟੀ.ਵੀ. ਰਾਹੀਂ ਦਰਬਾਰ ਸਾਹਿਬ ਨਾਲ ਜੁੜੇ ਲੱਖਾਂ ਸ਼ਰਧਾਲੂਆਂ ਦੇ ਮਨਾਂ ਨੂੰ ਜੇ ਉੱਕਦੇ ਭੁੱਲਦੇ ਗ੍ਰੰਥੀ ਨੂੰ ਦੇਖ ਕੇ ਠੇਸ ਲੱਗਦੀ ਹੈ ਤਾਂ ਲੱਗੀ ਜਾਵੇ! ਅਜਿਹੀਆਂ 'ਠੇਸਾਂ-ਠੂਸਾਂ' ਬਾਰੇ ਵਿਚਾਰ ਕਰਨ ਨਾਲੋਂ ਸਿੰਘ ਸਾਹਿਬ ਦਾ ਪੁੱਤ 'ਅਡਜਸਟ' ਕਰਨਾ ਵੱਧ ਜ਼ਰੂਰੀ ਹੈ।

ਹੁਣ ਵਾਰੀ ਆ ਗਈ ਇਸੇ ਸਿੰਘ ਸਾਹਿਬ ਦੇ ਦੂਜੇ ਲੜਕੇ ਦੀ। ਉਹਦੇ ਕੋਲ ਵੀ ਤਾਂ ਤਖ਼ਤ ਦੇ ਜਥੇਦਾਰ ਦਾ ਪੁੱਤਰ ਹੋਣ ਦੀ ਯੋਗਤਾ ਬਣ ਹੀ ਗਈ ਸੀ। ਜਥੇਦਾਰ ਨੂੰ ਲੋੜ ਪੈ ਗਈ ਪੀ.ਏ. ਰੱਖਣ ਦੀ। ਇਹ ਕਿਵੇਂ ਹੋ ਸਕਦਾ ਸੀ ਕਿ ਕਿਸੇ ਹੋਰ ਸਿੱਖ ਦਾ ਪੁੱਤਰ, ਉਸ ਦੇ ਪਿਤਾ-ਸ੍ਰੀ ਦਾ ਪੀ.ਏ. ਲੱਗ ਜਾਂਦਾ? ਸੋ, ਜਥੇਦਾਰ ਨੇ ਪੀ.ਏ. ਦੀ ਅਸਾਮੀ ਲਈ ਯੋਗਤਾ ਪੂਰੀ ਰੱਖਣ ਵਾਲੇ 'ਜੀਵਤ ਕਈ ਹਜ਼ਾਰ' ਵਿਚੋਂ ਆਪਣਾ ਪੁੱਤ ਚੁਣ ਲਿਆ।

ਇਥੇ ਗੱਲ ਪਹੁੰਚੀ ਤਾਂ ਮੈਂ ਪ੍ਰੋਫੈਸਰ ਨੂੰ ਟੋਕਿਆ, "ਜਥੇਦਾਰ ਵੱਲੋਂ ਆਪਣਾ ਮੁੰਡਾ ਪੀ.ਏ. ਰੱਖਣ ਵਾਲੀ ਗੱਲ ਤਾਂ ਕੋਈ ਜੱਗੋਂ ਤੇਰ੍ਹਵੀਂ ਨਹੀਂ। ਜੇ ਅਕਾਲ ਤਖ਼ਤ ਦੇ ਜਥੇਦਾਰ ਸਰਬ ਉਚ ਪਦਵੀ 'ਤੇ ਹੁੰਦੇ ਹੋਏ, ਆਪਣੇ ਸਾਲੇ ਅਤੇ ਕੋਈ ਆਪਣੇ ਪੁੱਤ ਨੂੰ 'ਸਹਾਇਕ' ਬਣਾਉਂਦੇ ਰਹੇ ਹਨ, ਫਿਰ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਰਤਮਾਨ ਜਥੇਦਾਰ ਦੀ ਰੀਸ ਕਰਦਿਆਂ ਕੇਸਗੜ੍ਹ ਸਾਹਿਬ ਵਾਲੇ ਜਥੇਦਾਰ ਨੇ ਵੀ ਆਪਣੇ ਲੜਕੇ ਦੇ ਰੁਜ਼ਗਾਰ ਦਾ ਪ੍ਰਬੰਧ ਕਰ ਲਿਆ ਤਾਂ ਕੀ ਪਹਾੜ ਢਹਿ ਪਿਆ?

ਪ੍ਰੋਫੈਸਰ ਸਾਹਿਬ ਦੀਆਂ ਗੱਲਾਂ ਦੀ ਤਸਦੀਕ ਕਰਨ ਹਿੱਤ ਮੈਂ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਵਿਚ ਮੁਲਾਜ਼ਮਤ ਕਰ ਰਹੇ ਇਕ ਹੋਰ ਜਾਣੂ ਨਾਲ ਰਾਬਤਾ ਬਣਾਇਆ। ਉਪਰ ਲਿਖੀ ਗਈ ਇਕ ਇਕ ਗੱਲ 'ਤੇ ਸਹੀ ਹੋਣ ਦਾ ਠੱਪਾ ਲਾਉਂਦਿਆਂ ਉਸ ਨੇ ਆਪਣਾ ਨਾਮ ਨਾ ਜ਼ਾਹਿਰ ਕੀਤੇ ਜਾਣ ਦੀ ਸ਼ਰਤ 'ਤੇ ਕੇਸਗੜ੍ਹ ਸਾਹਿਬ ਦੀਆਂ ਕੰਧਾਂ ਦੀ ਕਮਜ਼ੋਰੀ ਨੂੰ ਸਿਰੇ ਤੋਂ ਨਕਾਰਦਿਆਂ, ਇਕ ਹੋਰ ਸਿਧਾਂਤਕ ਕਮਜ਼ੋਰੀ ਜਾਂ ਅਵੱਗਿਆ ਦੀ ਦੱਸ ਪਾਈ।

ਉਸ ਦਾ ਕਹਿਣਾ ਸੀ ਕਿ ਜਿਸ ਅਸਥਾਨ 'ਤੇ ਦਸਮੇਸ਼ ਪਿਤਾ ਨੇ ਜਾਤਿ-ਗੋਤ ਮਿਟਾ ਕੇ ਖਾਲਸਾ ਪੰਥ ਸਾਜਿਆ, ਪੰਜਾਂ ਪਿਆਰਿਆਂ ਵਿਚੋਂ ਇਕ ਭਾਈ ਧਰਮ ਸਿੰਘ ਨੂੰ 'ਜੱਟਪੁਣਾ' ਤਿਆਗਣ ਦੀ ਹਦਾਇਤ ਕਰਦਿਆਂ ਮੋਹ ਨਾਲ ਆਖਿਆ ਸੀ ਕਿ 'ਤੂੰ ਵੀ ਨਹੀਉਂ ਜੱਟ, ਮੈਂ ਵੀ ਸੋਢੀ ਨਹੀਉਂ ਰਹਿ ਗਿਆ', ਪਰ ਅੱਜ ਉਸੇ ਅਨੰਦਪੁਰ ਸਾਹਿਬ ਦੇ ਗੁਰਧਾਮਾਂ ਦਾ ਮੈਨੇਜਰ ਖੁਦ ਨੂੰ 'ਗਰੇਵਾਲ ਸਾਹਿਬ' ਅਖਵਾਉਂਦਾ ਹੈ।

"ਭਾਈ ਸਾਹਿਬ, ਜੇ ਸਾਰੇ ਗੁਰਦੁਆਰਿਆਂ ਦਾ ਪ੍ਰਧਾਨ ਗੋਤ ਨੂੰ ਗਲ ਨਾਲ ਲਾ ਕੇ 'ਮੱਕੜ ਸਾਹਿਬ' ਅਖਵਾਉਂਦਾ ਹੈ ਤਾਂ ਅਨੰਦਪੁਰ ਸਾਹਿਬ ਦੇ ਗੁਰਦੁਆਰੇ ਦਾ ਮੈਨੇਜਰ 'ਗਰੇਵਾਲ ਸਾਹਿਬ' ਨਹੀਂ ਹੋ ਸਕਦਾ?"

ਮੇਰੇ ਇਸ ਸਵਾਲ ਨੂੰ ਅਣਸੁਣਿਆ ਜਿਹਾ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਵਾਲੇ ਮੁਲਾਜ਼ਮ ਨੇ ਅਖੀਰ ਵਿਚ ਤੋੜਾ ਝਾੜਿਆ,

"ਦੇਖੋ ਜੀ, ਕੇਸਗੜ੍ਹ ਸਾਹਿਬ ਦੀਆਂ ਕੰਧਾਂ ਵਿਚ ਕੋਈ ਕਮਜ਼ੋਰੀ ਨਹੀਂ ਆਈ। ਕਮਜ਼ੋਰੀ ਤਾਂ ਸਾਡੇ ਕਿਰਦਾਰ ਵਿਚ ਆਈ ਹੈ। ਸਿਤਮ ਦੀ ਗੱਲ ਹੈ ਕਿ ਕੰਧਾਂ ਦੀ ਕਮਜ਼ੋਰੀ ਲੱਭਣ ਭੱਜ ਪਏ, ਪਰ ਆਹ ਜੋ ਸਭ ਦੇ ਸਾਹਮਣੇ ਸਿੱਖ ਫ਼ਲਸਫ਼ੇ ਦੀ ਜੱਗ-ਹਸਾਈ ਹੋ ਰਹੀ ਹੈ, ਉਹਦੇ ਵੱਲ ਦੇਖ ਕੇ ਘੇਸਲ ਵੱਟ ਲੈਂਦੇ ਨੇ ਸਾਰੇ। ਉਪਰ ਤੋਂ ਲੈ ਕੇ ਹੇਠਾਂ ਤੱਕ, ਸਭ ਨੇ ਕੰਨਾਂ ਵਿਚ ਪਾ ਲਿਐ ਕੌੜਾ ਤੇਲ, ਤੇ ਅੱਖਾਂ ਵਿਚ ਸਲਾਈਆਂ ਫੇਰ ਲਈਆਂ ਨੀਲੇ ਥੋਥੇ ਦੀਆਂ। ਧਰਮ ਪਿਆਰਾ ਨਹੀਂ, ਬੱਸ ਲਿਫ਼ਾਫ਼ੇ ਪਿਆਰੇ ਹੋ ਗਏ।"

## ਮਰਸੀਆ

ਧਰਤੀ ਕੰਬੀ, ਅੰਬਰ ਰੋਇਆ,
ਘਰ ਘਰ ਮੱਚੀ ਦੋਹੀ।
ਧੀ ਧਿਆਣੀ, ਚਿੜੀ ਨਿਮਾਣੀ,
ਬੁੱਚੜਾਂ ਫੜ ਕੇ ਕੋਹੀ।
ਜੁਗੋਂ ਤੇਰ੍ਹਵੀਂ ਹੋਈ ਵੇ ਲੋਕਾ,
ਜੁਗੋਂ ਤੇਰ੍ਹਵੀਂ ਹੋਈ।
ਬੇ-ਵੱਸ ਬਾਬਲ ਧਾਹਾਂ ਮਾਰੇ,
ਮਾਂ ਪਈ ਕੁਰਲਾਵੇ।
ਦੱਸ ਵੇ ਡਾਢਿਆ ਰੱਬਾ ਧੀਆਂ,
ਕਿੱਥੇ ਕੋਈ ਲੁਕਾਵੇ।
ਮਾਂ ਦੇ ਸੀਨੇ ਭਾਂਬੜ ਮੱਚਣ,
ਸੂਲਾਂ ਜਿੰਦ ਪਰੋਈ, ਵੇ ਲੋਕਾ
ਸੂਲਾਂ ਜਿੰਦ ਪਰੋਈ।

ਰੀਝਾਂ-ਸੱਧਰਾਂ, ਚਾਅ ਕੁਆਰੇ,
ਸੁਫਨੇ ਮੋਏ ਅਧਵਾਟੇ।
ਵੇ, ਰੇਜ਼ਾ ਰੇਜ਼ਾ ਹੋ ਗਏ ਸਾਰੇ,
ਵਾਂਗਣ ਕੱਚੇ ਧਾਗੇ।
ਬੁੱਚੜਾਂ ਅੱਗੇ ਮਸੂਮ ਕਲੀ ਦੀ,
ਪੇਸ਼ ਨਾ ਗਈ ਕੋਈ, ਵੇ ਲੋਕਾ
ਪੇਸ਼ ਨਾ ਗਈ ਕੋਈ।
ਬੰਦ ਬੂਹੇ, ਬਾਰੀਆਂ ਪਿੱਛੇ ਵੀ,
ਜਿੰਦ ਨਿਮਾਣੀ ਕੰਬੇ।
ਸ਼ਰਮ, ਹਯਾ, ਧਰਮ, ਅਕੀਦੇ,
ਹੋ ਗਏ ਫੰਬੇ ਫੰਬੇ।
ਮੂੰਹ ਛੁਪਾ ਕੇ ਟੁਰ'ਗੇ ਸਾਰੇ,
ਕਰਦੇ ਧ੍ਰੋਹੀ ਧ੍ਰੋਹੀ, ਵੇ ਲੋਕਾ
ਕਰਦੇ ਧ੍ਰੋਹੀ ਧ੍ਰੋਹੀ।

ਇਜ਼ਤ ਆਬਰੂ ਪੈ ਗਈ ਖਾਰੀ,
ਲੁੱਟੀ ਗਈ ਚੌਰਾਹੇ।
ਵਲੂੰਧਰੀ ਗਈ ਮਨੁਖਤਾ ਸਾਰੀ,
ਕਰਦੀ ਹਾਏ ਹਾਏ।
ਦਾਦ ਨਹੀਂ ਫਰਿਆਦ ਨਹੀਂ,
ਜਿੰਦਗੀ ਦੁੱਭਰ ਹੋਈ, ਵੇ ਲੋਕਾ
ਜਿੰਦਗੀ ਦੁੱਭਰ ਹੋਈ।

ਰਾਜੇ ਵੱਟ ਲਈ ਕੰਨਾ-ਘੇਸਲ,
ਵਾੜ ਖੇਤ ਨੂੰ ਖਾਵੇ।
ਰਾਮ ਰਾਜ, ਲੋਕ ਰਾਜ ਵਾਲੇ,
ਖੋਖਲੇ ਸਾਰੇ ਦਾਅਵੇ।
ਲਾ-ਕਨੂੰਨੀ, ਬੇ-ਇਨਸਾਫੀ,
ਜਨਤਾ ਦੀ ਨੀਂਦ ਖੋਹੀ, ਵੇ ਲੋਕਾ
ਜਤਾ ਦੀ ਨੀਂਦਰ ਖੋਹੀ।

ਜ਼ਬਰ, ਜ਼ੁਲਮ ਤੇ ਸੀਨਾ-ਜ਼ੋਰੀ,
ਬਣਿਆ ਨਿੱਤ ਦਾ ਖਾਸਾ।
ਤ੍ਰਾਹ ਤ੍ਰਾਹ ਪਈ ਕਰੇ ਲੋਕਾਈ,
ਦੇਵੇ ਕੌਣ ਦਿਲਾਸਾ।
ਪੈਸੇ ਨਾਲੋਂ ਜਿੰਦਗੀ, ਵੇ ਲੋਕਾ
ਜਿੰਦਗੀ ਸਸਤੀ ਹੋਈ।
ਲਾਜ਼ ਧੀਆਂ ਦੀ ਚਿੱਟੀ ਚਾਦਰ,
ਲੱਗਾ ਦਾਗ਼ ਨਾ ਲੱਥੇ।
ਵੇ ਬਦਜ਼ਨਾਂ ਦੀ, ਬਦਜ਼ਨੀ ਨੂੰ,
ਰੋਕੀਏ ਹੋ ਕੇ ਕੱਠੇ।
ਫੇਰ ਨਾ ਕਰੇ ਹਿੰਮਤ ਕੋਈ,
ਕਰਨ ਦੀ ਬਦਖੋਈ, ਵੇ ਲੋਕਾ
ਕਰਨ ਦੀ ਬਦਖੋਈ।
ਜੁਗੋਂ ਤੇਰ੍ਹਵੀਂ ਹੋਈ, ਵੇ ਲੋਕਾ
ਜੁਗੋਂ ਤੇਰ੍ਹਵੀਂ ਹੋਈ।

*-ਚੰਨ*
*ਫੋਨ: 908-788-8427*

## ਦੁਖ ਭੰਜਨੁ ਤੇਰਾ ਨਾਮੁ ਜੀ

ਗੁਰਬਾਣੀ ਗਿਆਨ

**ਗਉੜੀ ਮਹਲਾ ੫ ਮਾਂਝ॥**
ਦੁਖ ਭੰਜਨੁ ਤੇਰਾ ਨਾਮੁ ਜੀ
ਦੁਖ ਭੰਜਨੁ ਤੇਰਾ ਨਾਮੁ॥
ਆਠ ਪਹਰ ਆਰਾਧੀਐ
ਪੂਰਨ ਸਤਿਗੁਰ ਗਿਆਨੁ॥੧॥ਰਹਾਉ॥
ਜਿਤੁ ਘਟਿ ਵਸੈ ਪਾਰਬ੍ਰਹਮੁ
ਸੋਈ ਸੁਹਾਵਾ ਥਾਉ॥
ਜਮ ਕੰਕਰੁ ਨੇੜਿ ਨ ਆਵਈ
ਰਸਨਾ ਹਰਿ ਗੁਣ ਗਾਉ॥੧॥
ਸੇਵਾ ਸੁਰਤਿ ਨ ਜਾਣੀਆ
ਨਾ ਜਾਪੈ ਆਰਾਧਿ॥
ਓਟ ਤੇਰੀ ਜਗਜੀਵਨਾ
ਮੇਰੇ ਠਾਕੁਰ ਅਗਮ ਅਗਾਧਿ॥੨॥
ਭਏ ਕ੍ਰਿਪਾਲ ਗੁਸਾਈਆ
ਨਠੇ ਸੋਗ ਸੰਤਾਪ॥
ਤਤੀ ਵਾਉ ਨ ਲਗਈ
ਸਤਿਗੁਰਿ ਰਖੇ ਆਪਿ॥੩॥
ਗੁਰੁ ਨਾਰਾਇਣੁ ਦਯੁ ਗੁਰੁ
ਗੁਰੁ ਸਚਾ ਸਿਰਜਣਹਾਰੁ॥
ਗੁਰਿ ਤੁਠੈ ਸਭ ਕਿਛੁ ਪਾਇਆ
ਜਨ ਨਾਨਕ ਸਦ ਬਲਿਹਾਰ॥੪॥

ਜਗਤ ਦੇ ਤਾਰਨਹਾਰ ਸਤਿਗੁਰੂ ਇਸ ਪਾਵਨ ਸ਼ਬਦ ਵਿਚ ਪ੍ਰਭੂ ਦੇ ਨਾਮ ਦੀ ਸਿਫ਼ਤ ਸਾਲਾਹ ਕਰਦੇ ਆਖਦੇ ਹਨ- ਦੁਖ ਭੰਜਨੁ ਤੇਰਾ ਨਾਮੁ ਜੀ, ਹੇ ਮੇਰੇ ਮਿਹਰਵਾਨ ਪ੍ਰਭੂ ਜੀਉ! ਤੇਰਾ ਸੋਹਣਾ ਨਾਮ ਦੁੱਖਾਂ ਦਾ ਨਾਸ ਕਰਨ ਵਾਲਾ ਹੈ; ਆਠ ਪਹਰ ਆਰਾਧੀਐ, ਹੇ ਭਾਈ! ਇਸ ਨਾਮ ਦਾ ਅੱਠੇ ਪਹਿਰ ਹੀ ਸਿਮਰਨ ਕਰਨਾ ਚਾਹੀਦਾ ਹੈ; ਪੂਰਨ ਸਤਿਗੁਰ ਗਿਆਨੁ, ਪੂਰੇ ਸਤਿਗੁਰ ਦਾ ਇਹੋ ਉਪਦੇਸ਼ ਹੈ ਜੋ ਉਸ ਪ੍ਰਭੂ ਦੇ ਨਾਲ ਜੀਵ ਨੂੰ ਮਿਲਾ ਸਕਦਾ ਹੈ।

ਜਿਤੁ ਘਟਿ ਵਸੈ ਪਾਰਬ੍ਰਹਮੁ
ਸੋਈ ਸੁਹਾਵਾ ਥਾਉ॥
ਜਮ ਕੰਕਰੁ ਨੇੜਿ ਨ ਆਵਈ
ਰਸਨਾ ਹਰਿ ਗੁਣ ਗਾਉ॥੧॥

ਗੁਰਦੇਵ ਆਖਦੇ ਹਨ, ਜਿਸ ਹਿਰਦੇ ਰੂਪੀ ਘਰ ਵਿਚ ਉਹ ਪਰਮਾਤਮਾ ਆ ਕੇ ਵਸ ਜਾਂਦਾ ਹੈ, ਉਹ ਹਿਰਦੇ ਰੂਪੀ ਥਾਂ ਡਾਢਾ ਪਿਆਰਾ ਤੇ ਸੋਹਣਾ ਬਣ ਜਾਂਦਾ ਹੈ; ਜਿਹੜਾ ਵੱਡੇ ਭਾਗਾਂ ਵਾਲਾ ਜੀਵ ਆਪਣੀ ਰਸਨਾ ਦੇ ਨਾਲ ਅੱਠੇ ਪਹਿਰ ਹੀ ਉਸ ਜਗਤ ਦੇ ਮਾਲਕ ਹਰੀ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਾ ਹੈ, ਫਿਰ ਜਮਰਾਜ ਵੀ ਪ੍ਰਭੂ ਪਿਆਰੇ ਦੇ ਨੇੜੇ ਨਹੀਂ ਆ ਸਕਦਾ।

ਸੇਵਾ ਸੁਰਤਿ ਨ ਜਾਣੀਆ
ਨਾ ਜਾਪੈ ਆਰਾਧਿ॥
ਓਟ ਤੇਰੀ ਜਗਜੀਵਨਾ
ਮੇਰੇ ਠਾਕੁਰ ਅਗਮ ਅਗਾਧਿ॥੨॥

ਉਸ ਪ੍ਰਭੂ ਦੀਆਂ ਸਿਫ਼ਤ-ਸਾਲਾਹਾਂ ਦਾ ਵਰਣਨ ਕਰਦਿਆਂ ਗੁਰਦੇਵ ਆਖਦੇ ਹਨ- ਹੇ ਇਸ ਜਗਤ ਦੇ ਸਹਾਰੇ, ਹੇ ਮੇਰੇ ਪਾਲਣਹਾਰ ਪ੍ਰਭੂ! ਜਿਸ ਤਕ ਕਿਸੇ ਦੀ ਪਹੁੰਚ ਨਾ ਹੋਵੇ, ਹੇ ਅਪਹੁੰਚ ਪ੍ਰਭੂ! ਜਿਸ ਦੀ ਕੋਈ ਥਾਹ ਨਾ ਪਾ ਸਕੇ, ਹੇ ਮੇਰੇ ਅਥਾਹ ਪ੍ਰਭੂ ਜੀਉ! ਸੇਵਾ ਸੁਰਤਿ ਨ ਜਾਣੀਆ, ਹੇ ਪ੍ਰਭੂ! ਮੈਂ ਤੇਰੀ ਸੇਵਾ ਤੇ ਭਗਤੀ ਦੀ ਸੂਝ ਦੀ ਕਦੀ ਕਦਰ ਨਹੀਂ ਪਾਈ; ਤੇ ਨਾ ਹੀ ਮੈਨੂੰ ਤੇਰੇ ਨਾਮ ਦੀ ਅਰਾਧਨਾ ਕਰਨ ਦੀ ਕਦੀ ਸੋਝੀ ਹੀ ਆਈ; ਪਰ ਹੇ ਪ੍ਰਭੂ! ਹੁਣ ਮੈਂ ਤੇਰਾ ਆਸਰਾ ਲੈ ਲਿਆ ਹੈ।

ਭਏ ਕ੍ਰਿਪਾਲ ਗੁਸਾਈਆ
ਨਠੇ ਸੋਗ ਸੰਤਾਪ॥
ਤਤੀ ਵਾਉ ਨ ਲਗਈ
ਸਤਿਗੁਰਿ ਰਖੇ ਆਪਿ॥੩॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਇਸ ਸਾਰੀ ਸ੍ਰਿਸ਼ਟੀ ਦਾ ਮਾਲਕ ਉਹ ਮਿਹਰਵਾਨ ਪ੍ਰਭੂ ਜਿਸ ਜੀਵ ਉਤੇ ਆਪਣੀ ਮਿਹਰ ਦੀ ਨਜ਼ਰ ਕਰ ਦਿੰਦਾ ਹੈ, ਤਾਂ ਫਿਰ ਉਸ ਜੀਵ ਦੇ ਸਾਰੇ ਫਿਕਰ ਤੇ ਦੁੱਖ-ਕਲੇਸ਼ ਦੂਰ ਨੱਸ ਜਾਂਦੇ ਹਨ। ਹੇ ਭਾਈ! ਜਿਸ ਵਡਭਾਗੇ ਜੀਵ ਦੀ ਸਤਿਗੁਰੂ ਆਪ ਰਖਵਾਲੀ ਕਰਦਾ ਹੈ, ਸੋਗ ਸੰਤਾਪ ਤਾਂ ਕੀ, ਉਹ ਉਸ ਜੀਵ ਨੂੰ ਕਦੀ ਤੱਤੀ ਹਵਾ ਵੀ ਨਹੀਂ ਲੱਗ ਸਕਦੀ।

ਗੁਰੁ ਨਾਰਾਇਣੁ ਦਯੁ ਗੁਰੁ
ਗੁਰੁ ਸਚਾ ਸਿਰਜਣਹਾਰੁ॥
ਗੁਰਿ ਤੁਠੈ ਸਭ ਕਿਛੁ ਪਾਇਆ
ਜਨ ਨਾਨਕ ਸਦ ਬਲਿਹਾਰ॥੪॥

ਹੇ ਭਾਈ! ਗੁਰੂ ਉਸ ਨਰਾਇਣ ਦਾ ਹੀ ਰੂਪ ਹੈ, ਗੁਰੂ ਸਭ ਜੀਵਾਂ ਉਤੇ ਦਇਆ ਕਰਨ ਵਾਲੇ ਦਇਆ ਦੇ ਸਾਗਰ ਪ੍ਰਭੂ ਦਾ ਹੀ ਸਰੂਪ ਹੈ; ਗੁਰੂ ਉਸ ਸੱਚੇ ਤੇ ਸਿਰਜਣਹਾਰ ਪਰਮਾਤਮਾ ਦਾ ਸਰੂਪ ਹੈ ਜੋ ਸਦਾ ਹੀ ਅਟੱਲ ਰਹਿਣ ਵਾਲਾ ਹੈ। ਹੇ ਭਾਈ! ਜੇ ਗੁਰੂ ਪ੍ਰਸੰਨ ਹੋ ਜਾਵੇ ਤਾਂ ਸਭ ਕੁਝ ਮਿਲ ਜਾਂਦਾ ਹੈ; ਇਹ ਦਾਸ ਨਾਨਕ ਗੁਰੂ ਤੋਂ ਸਦਾ ਬਲਿਹਾਰ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਅੰਬਰਾਂ ਦੇ ਸੀਨੇ ਵਿਚ ਛੇਕ ਪਾਉਣ ਵਾਲਾ: ਅਸ਼ੋਕ ਟਾਂਗਰੀ

***ਪੁਸਤਕਾਂ ਪੜ੍ਹਨਾ ਜਾਂ ਨਾਟਕ ਵੇਖਣੇ ਪੰਜਾਬੀਆਂ ਦੇ ਹਿੱਸੇ ਨਹੀਂ ਆਇਆ। ਅਮਰੀਕਾ ਵਿਚ ਤਾਂ ਗੱਲ ਹੀ ਹੋਰ ਹੈ ਜਿਥੇ ਆਪਣੇ ਨਿੱਤ ਦੇ ਧੰਦਿਆਂ 'ਚੋਂ ਇਨ੍ਹਾਂ 'ਫਜ਼ੂਲ ਦੇ ਕੰਮਾਂ' ਲਈ ਸਮਾਂ ਹੀ ਨਹੀਂ ਲੱਗਦਾ। ਫਿਰ ਵੀ ਜੇ ਕਦੀ ਕੋਈ ਹਿੰਮਤੀ ਨਾਟਕ ਖੇਡਣ-ਖਿਡਾਉਣ ਦੀ ਗੱਲ ਕਰੇ ਤਾਂ ਇਹ ਅੱਲੋਕਾਰ ਹੀ ਆਖਿਆ ਜਾਵੇਗਾ ਪਰ ਇਹ ਅੱਲੋਕਾਰ ਅਸ਼ੋਕ ਟਾਂਗਰੀ ਨੇ ਕਰ ਵਿਖਾਇਆ ਹੈ ਜਿਸ ਨੇ ਨਾ ਸਿਰਫ ਨਾਟਕ ਖੇਡੇ ਤੇ ਖਿਡਾਏ ਹਨ ਸਗੋਂ ਲੋਕਾਂ ਨੂੰ ਨਾਟਕ ਦੇਖਣ ਦੀ ਚੇਟਕ ਵੀ ਲਾਈ ਹੈ। ਇਸ ਤੋਂ ਵੀ ਅੱਗੇ ਜਾ ਕੇ ਉਸ ਨੇ ਇਕ ਅਦਾਕਾਰ, ਨਿਰਦੇਸ਼ਕ ਤੇ ਨਿਰਮਾਤਾ ਵਜੋਂ ਫਿਲਮਾਂ ਵੀ ਬਣਾਈਆਂ ਹਨ। ਇਸ ਲੇਖ ਵਿਚ ਸਾਡੇ ਸਹਿਯੋਗੀ ਜਸਵੰਤ ਸਿੰਘ ਸ਼ਾਦ ਨੇ ਅਸ਼ੋਕ ਟਾਂਗਰੀ ਦੇ ਸਿਰੜ ਤੇ ਸਿਦਕ ਦਾ ਵਿਖਿਆਨ ਕੀਤਾ ਹੈ। -ਸੰਪਾਦਕ***

'ਮੇਲਾ' ਵਰਗੀ ਕਾਮਯਾਬ ਫਿਲਮ ਦੇ ਨਿਰਮਾਣ ਨਾਲ ਨਾਮਣਾ ਖੱਟ ਚੁੱਕਾ ਨਿਰਮਾਤਾ, ਅਦਾਕਾਰ ਤੇ ਨਿਰਦੇਸ਼ਕ ਅਸ਼ੋਕ ਟਾਂਗਰੀ ਅੱਜ ਕਲ ਫਿਰ ਚਰਚਾ ਵਿਚ ਹੈ। ਸੈਨ ਹੋਜ਼ੇ ਵਿਚ ਲੰਘੇ ਅਗਸਤ ਮਹੀਨੇ ਹੋਏ 21ਵੇਂ ਕੌਮਾਂਤਰੀ ਫਿਲਮ ਮੇਲੇ 'ਫੈਸਟੀਵਲ ਆਫ਼ ਗਲੋਬ' ਵਿਚ ਉਸ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਧੀਆਂ ਮਰਜਾਣੀਆਂ' ਨੂੰ ਉਤਮ ਫਿਲਮ ਦਾ ਐਵਾਰਡ ਹਾਸਲ ਹੋਇਆ ਹੈ।

ਰੇਅ ਵਾਲੀਆ ਵਲੋਂ ਬਣਾਈ ਗਈ ਇਸ ਫਿਲਮ ਲਈ ਮੁਕਾਬਲਾ ਜਿੱਤਣਾ ਇਨਾ ਸੌਖਾ ਨਹੀਂ ਸੀ। 70 ਭਾਸ਼ਾਵਾਂ ਵਿਚ ਬਣੀਆਂ 200 ਤੋਂ ਵੱਧ ਫਿਲਮਾਂ ਨੇ ਇਸ ਮੇਲੇ ਵਿਚ ਹਿੱਸਾ ਲਿਆ ਪਰ 'ਬੈਸਟ ਫਿਲਮ' ਦਾ ਐਵਾਰਡ ਪਿਆ 'ਧੀਆਂ ਮਰਜਾਣੀਆਂ' ਦੀ ਝੋਲੀ ਵਿਚ। ਬੇਸ਼ੱਕ ਇਸ ਦਾ



**ਜਸਵੰਤ ਸਿੰਘ ਸ਼ਾਦ**
**ਫੋਨ: 209-992-7185**

ਸਿਹਰਾ ਸਾਰੀ ਟੀਮ ਨੂੰ ਜਾਂਦਾ ਹੈ ਪਰ ਫਿਲਮ ਦਾ ਨਿਰਦੇਸ਼ਨ ਇਸ ਦੀ ਕਾਮਯਾਬੀ ਵਿਚ ਅਹਿਮ ਰੋਲ ਅਦਾ ਕਰਦਾ ਹੈ। ਦਰਅਸਲ ਇਹ ਕਹਾਣੀ ਫਿਲਮ ਬਣਨ ਤੋਂ ਪਹਿਲਾਂ ਨਾਟਕ ਸੀ। ਅਜਮੇਰ ਔਲਖ ਦੇ ਲਿਖੇ ਨਾਟਕ 'ਨਿਓਂ ਜੜ੍ਹ' ਉਤੇ ਆਧਾਰਿਤ ਇਸ ਫਿਲਮ ਦੇ ਡਾਇਲਾਗ ਉਘੇ ਰੰਗ ਕਰਮੀ ਤੇ ਨਿਰਦੇਸ਼ਕ ਦਵਿੰਦਰ ਦਮਨ ਨੇ ਲਿਖੇ ਹਨ। ਇਸੇ ਕਹਾਣੀ 'ਤੇ ਆਧਾਰਿਤ ਨਾਟਕ 'ਧੀਆਂ ਮਰਜਾਣੀਆਂ' ਅਸ਼ੋਕ ਟਾਂਗਰੀ ਦੇ ਨਿਰਦੇਸ਼ਨ ਹੇਠ ਕੈਨੇਡਾ ਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਇਸੇ ਹੀ ਫਿਲਮੀ ਟੀਮ ਵਲੋਂ ਦਰਜਨਾਂ ਵਾਰ ਖੇਡਿਆ ਜਾ ਚੁਕਾ ਹੈ।

ਲੰਮੇ ਅਭਿਆਸ ਰਾਹੀਂ ਪਾਤਰਾਂ ਨਾਲ ਇੱਕਮਿੱਕ ਹੋਏ ਕਲਾਕਾਰਾਂ ਨੇ ਸਟੇਜ ਵਾਂਗ ਹੀ ਪਾਤਰਾਂ ਨੂੰ ਫਿਲਮੀ ਪਰਦੇ 'ਤੇ ਵੀ ਸਜੀਵ ਕਰ ਵਿਖਾਇਆ ਹੈ। ਸ਼ਾਇਦ ਇਹ ਪਹਿਲੀ ਪੰਜਾਬੀ ਫਿਲਮ ਹੈ ਜੋ ਪੂਰੀ ਦੀ ਪੂਰੀ ਹਾਲੀਵੁੱਡ ਵਿਚ ਬਣੀ ਹੈ। 'ਕਿਸਮਤਵਾਦੀ ਰਹਿ ਜਾਂਦੇ ਨੇ, ਹਿੰਮਤਾਂ ਵਾਲੇ ਲੈ ਜਾਂਦੇ ਨੇ', ਇਹ ਗੱਲ ਅਸ਼ੋਕ ਟਾਂਗਰੀ 'ਤੇ ਪੂਰੀ ਤਰ੍ਹਾਂ ਢੁੱਕਦੀ ਐ। ਸਾਰੀ ਉਮਰ ਰੰਗ ਮੰਚ ਨਾਲ ਜੁੜਿਆ ਰਿਹਾ ਅਸ਼ੋਕ ਟਾਂਗਰੀ ਅੱਜ ਵੀ ਉਨਾ ਹੀ ਤਰੋ ਤਾਜ਼ਾ ਹੈ ਜਿੰਨਾ ਅੱਜ ਤੋਂ ਤੀਹ ਪੈਂਤੀ ਸਾਲ ਪਹਿਲਾਂ ਸੀ। ਉਦੋਂ, ਜਦੋਂ ਉਹ ਸਰਦਾਰ ਸੋਹੀ, ਨੀਨਾ ਟਿਵਾਣਾ, ਗਿਰਜਾ ਸ਼ੰਕਰ ਤੇ ਨਿਰਮਲ ਰਿਸ਼ੀ ਵਰਗੇ ਕਲਾਕਾਰਾਂ ਨਾਲ ਪੰਜਾਬੀ ਰੰਗ ਮੰਚ ਦੇ ਪਿਤਾਮਾ ਕਹੇ ਜਾਂਦੇ ਧਨੰਤਰ ਐਕਟਰ ਤੇ ਡਾਇਰੈਕਟਰ ਹਰਪਾਲ ਟਿਵਾਣਾ ਦੇ ਨਿਰਦੇਸ਼ਨ 'ਚ ਨਾਟਕ ਖੇਡਦਾ ਹੁੰਦਾ ਸੀ। ਪੰਜਾਬ ਕਲਾ ਮੰਚ ਦੇ ਹਰਪਾਲ ਟਿਵਾਣਾ ਨੇ ਪੰਜ ਸਾਲ ਉਹਨੂੰ ਮਿਹਨਤ ਦੀ ਭੱਠੀ 'ਚ ਪਾ ਕੇ ਕੁੰਦਨ ਬਣਾ ਦਿੱਤਾ।

ਫਿਲਮ 'ਲੌਂਗ ਦਾ ਲਿਸ਼ਕਾਰਾ' ਵਿਚਲਾ ਹਾਕਮ ਡਾਕੀਏ ਵਾਲਾ ਰੋਲ ਸਭ ਨੂੰ ਯਾਦ ਐ। 'ਲੌਂਗ ਦਾ ਲਿਸ਼ਕਾਰਾ', 'ਮੇਲਾ' ਤੇ 'ਬਾਗੀ' ਫਿਲਮਾਂ 'ਚ ਟਾਂਗਰੀ ਨੇ ਓਮ ਪੁਰੀ, ਗਿਰਜਾ ਸ਼ੰਕਰ ਤੇ ਰਾਜ ਬੱਬਰ ਵਰਗੇ ਕਲਾਕਾਰਾਂ ਨਾਲ ਕੰਮ ਕੀਤਾ ਅਤੇ 'ਮੇਲਾ' ਵਰਗੀ ਕਾਮਯਾਬ ਫਿਲਮ ਬਣਾਈ।

ਕਈ ਟੈਲੀ ਫਿਲਮਾਂ ਤੇ ਸੈਂਕੜੇ ਸਟੇਜ ਸ਼ੋਅ ਕਰ ਚੁੱਕਾ ਅਸ਼ੋਕ ਟਾਂਗਰੀ ਸਟੇਜੀ ਐਕਟਰ ਹੀ ਨਹੀਂ, ਕਮਾਲ ਦਾ ਨਿਰਦੇਸ਼ਕ ਵੀ ਹੈ। ਸਾਰੀ ਉਮਰ ਉਹਨੇ ਮਸਤ ਮਲੰਗੀ ਵਿਚ ਕੱਟੀ ਐ, ਤੇ ਖੱਟੀ ਹੈ ਸਿਰਫ ਸ਼ੋਹਰਤ ਤੇ ਲੋਕਾਂ ਦਾ ਪਿਆਰ, ਇੱਜ਼ਤ ਤੇ ਮਾਣ। ਅਮਰੀਕਾ ਦੀ ਧਰਤੀ ਤੇ ਪੰਜਾਬੀ ਨਾਟਕਾਂ ਦੀ ਨੀਂਹ ਰੱਖਣ ਵਾਲਾ ਵੀ ਉਹੀ ਐ ਤੇ ਉਚੇ ਮੀਨਾਰ ਖੜੇ ਕਰਨ ਵਾਲਾ ਵੀ।

ਟਾਂਗਰੀ ਦਾ ਨਾਟਕ ਹੋਵੇ ਤੇ ਲੋਕਾਂ ਨੂੰ ਉਡੀਕ ਨਾ ਹੋਵੇ, ਕਦੇ ਨਹੀਂ ਹੋਇਆ। ਨਾਟਕ ਤੇ ਟਾਂਗਰੀ ਨੂੰ ਵੱਖ ਵੱਖ ਕਰਕੇ ਵੇਖਿਆ ਈ ਨਹੀਂ ਜਾ ਸਕਦਾ। ਜੀਣ ਲਈ ਉਹਨੂੰ ਦੋ ਈ ਚੀਜ਼ਾਂ ਚਾਹੀਦੀਆਂ ਨੇ ਰੋਟੀ ਤੇ ਨਾਟਕ। ਰੋਟੀ ਵਾਲਾ ਕੰਮ ਉਹਦੇ ਵੱਸ 'ਚ ਨਹੀਂ, ਨਹੀਂ ਤੇ ਉਹ ਨਾਟਕ 'ਤੇ ਈ ਜਿਉਂਦਾ ਰਹਿ ਸਕਦਾ ਹੈ। ਜ਼ਿੰਦਗੀ ਦੇ ਵਹਿਣਾਂ ਨੇ ਜਦੋਂ ਉਹਨੂੰ ਅਮਰੀਕਾ ਦੀ ਧਰਤੀ 'ਤੇ ਲਿਆ ਸੁੱਟਿਆ ਤਾਂ ਨਾਟਕ ਵਿਹੂਣੀ ਜ਼ਿੰਦਗੀ 'ਚ ਉਹਦਾ ਦਮ ਘੁੱਟਦਾ। ਹੌਲੀ ਹੌਲੀ ਕੁਝ ਸੱਜਣਾਂ ਦੇ ਸਾਥ ਨਾਲ ਉਹ ਨਾਟਕ ਵੱਲ ਵਧਿਆ ਤੇ ਮੁੜ ਪੈਰਾਂ 'ਤੇ ਆ ਗਿਆ। ਅਮਰੀਕਾ ਦੀ ਦੌੜ ਭੱਜ ਵਾਲੀ ਜ਼ਿੰਦਗੀ ਜੀਅ ਰਹੀ ਭੀੜ ਵਿਚੋਂ ਉਹਨੇ ਕੁਝ ਚਿਹਰਿਆਂ ਪਿੱਛੇ ਲੁਕੇ ਕਲਾਕਾਰਾਂ ਨੂੰ ਪਛਾਣਿਆ ਤੇ ਪਾਤਰਾਂ ਦੇ ਰੂਪ 'ਚ ਐਸਾ ਘੜਿਆ ਕਿ ਲੋਕ ਅਸ਼ ਅਸ਼ ਕਰ ਉਠੇ।

ਵਿੰਗੇ ਟੇਢੇ ਪੱਥਰਾਂ ਨੂੰ ਤਰਾਸ਼ ਕੇ ਖ਼ੂਬਸੂਰਤ ਮੂਰਤੀਆਂ ਘੜਨ ਦਾ ਵਲ ਉਹਨੂੰ ਖੂਬ ਆਉਂਦੈ। ਜਿਹਨੂੰ ਤੁਰਨਾ ਨਹੀਂ ਆਉਂਦਾ, ਉਸ ਨੂੰ ਉਹ ਦੌੜਨ ਲਾ ਦਿੰਦੈ ਤੇ ਜਿਸ ਨੂੰ ਪੈਰ ਟਿਕਾਉਣਾ ਨਹੀਂ ਆਉਂਦਾ, ਉਹਨੂੰ ਉਹ ਨੱਚਣ ਲਾ ਦਿੰਦੈ। ਪਿਛਲੇ ਅੱਠਾਂ ਸਾਲਾਂ 'ਚ ਅੱਧੀ ਦਰਜਨ ਤੋਂ ਵੱਧ ਨਾਟਕਾਂ ਦਾ ਨਿਰਦੇਸ਼ਨ ਕਰ ਚੁੱਕਾ ਹੈ ਪਰ 'ਧੀਆਂ ਮਰਜਾਣੀਆਂ' ਉਹਦੀ ਸ਼ਾਹਕਾਰ ਪ੍ਰਾਪਤੀ ਹੈ। 'ਬੋਲ



*ਅਸ਼ੋਕ ਟਾਂਗਰੀ*

ਸ਼ਰੀਕਾਂ ਦੇ' ਅਤੇ ਭਗਤ ਸਿੰਘ ਬਾਰੇ ਨਾਟਕ 'ਛਿਪਣ ਤੋਂ ਪਹਿਲਾਂ' ਨੂੰ ਵੀ ਦਰਸ਼ਕਾਂ ਨੇ ਬਹੁਤ ਸਲਾਹਿਆ ਹੈ। ਐਕਟਿੰਗ ਸਿੱਖਣ ਲਈ ਭਾਵੇਂ ਉਹਨੂੰ ਕੋਈ ਅੱਧੀ ਰਾਤ ਨੂੰ ਜਗਾ ਲਵੇ। ਇੱਕੋ ਸਮੇਂ ਦਸ ਦਸ ਕਲਾਕਾਰਾਂ ਨੂੰ ਵੱਖ ਵੱਖ ਪਾਤਰਾਂ ਦੇ ਕਿਰਦਾਰ ਸਮਝਾਉਂਦਾ ਉਹ ਕੋਈ ਛਲੇਡਾ ਜਾਪਦੈ। ਇੱਕ ਪਲ ਉਹ ਦਸ ਸਾਲ ਦੀ ਬੱਚੀ ਨੂੰ ਆਪਣੀ ਮਾਂ ਨਾਲ ਸੁਪਨੇ ਵਿਚ ਗੱਲ ਕਰਨੀ ਸਿਖਾਉਂਦੈ ਤੇ ਅਗਲੇ ਹੀ ਪਲ ਇੱਕ ਮਾੜੀ ਔਲਾਦ ਹੱਥੋਂ ਬੇਬੱਸ ਪਿਓ ਦੀ ਬੇਬਸੀ ਜ਼ਾਹਿਰ ਕਰਕੇ ਸਾਹਮਣੇ ਬੈਠੇ ਬੰਦਿਆਂ ਨੂੰ ਰੋਣ ਲਾ ਦਿੰਦੈ। ਇੱਕੋ ਵੇਲੇ ਕੁਪੱਤੀ ਸੱਸ, ਦੁਖੀ ਨੂੰਹ ਅਤੇ ਵਿਗੜੇ ਪੁੱਤ ਦੇ ਪਾਤਰ ਰੂਪਮਾਨ ਕਰਦਿਆਂ ਉਸ ਨੂੰ ਮੈਂ ਕਈ ਵਾਰ ਦੇਖਿਆ ਹੈ। ਇਧਰੋਂ ਉਧਰ ਤੇ ਉਧਰੋਂ ਇਧਰ ਘੰਟਿਆਂ ਬੱਧੀ ਭੱਜਾ ਫਿਰਦਾ ਉਹ ਨਾ ਤਾਂ ਅੱਕਦਾ ਹੈ ਤੇ ਨਾ ਹੀ ਥੱਕਦਾ।

ਨਾਟਕ ਦੇ ਦਸ, ਬਾਰਾਂ ਜਾਂ ਪੰਦਰਾਂ ਕਲਾਕਾਰ ਆਪੋ ਆਪਣੇ ਰੋਲ ਦਾ ਸਮੇਂ ਅਨੁਸਾਰ ਅਭਿਆਸ ਕਰਨ ਲਈ ਆਉਂਦੇ ਤੇ ਚਲੇ ਜਾਂਦੇ ਹਨ ਪਰ ਜੀਨ ਦੀ ਪੈਂਟ ਤੇ ਅੱਡੀ ਵਾਲੇ ਬੂਟ ਪਾਈ ਟਾਂਗਰੀ ਮੰਚ 'ਤੇ ਸਾਰਾ ਸਾਰਾ ਦਿਨ ਬੂਟਾਂ ਦੀ ਠੱਕ ਠੱਕ ਲਾਈ ਰਖਦਾ ਹੈ। ਸਭ ਤੋਂ ਪਹਿਲਾਂ ਉਹ ਨਵੇਂ ਬੰਦੇ ਨੂੰ ਸਟੇਜ 'ਤੇ ਤੁਰਨਾ ਸਿਖਾਉਂਦਾ ਹੈ. 'ਇੰਦਾਂ ਨਹੀਂ, ਇੰਦਾਂ...(ਤੁਰਕੇ ਦਿਖਾਉਂਦਾ ਹੈ) ਸਿਰ ਸਿਧਾ ਕਰਕੇ...ਛਾਤੀ ਤਾਣ ਕੇ ਇੱਕ ਰਿਦਮ 'ਚ ਤੁਰੀਦਾ ਹੈ' ਉਹ ਦੱਸਦਾ ਹੈ। ਫਿਰ ਦੂਜੇ ਸਾਥੀ ਕਲਾਕਾਰ ਕੋਲ ਜਾਣ ਲਈ ਟੇਢੀ ਚਾਲ ਸਿਖਾਉਂਦਾ ਹੈ ਤੇ ਫਿਰ...ਸਮਝੋ ਅਗਲਾ ਚੜ੍ਹ ਗਿਆ ਪਟੇ 'ਤੇ। ਆਪਣੇ ਕਲਾਕਾਰ ਦੀ ਤਾਰੀਫ਼ ਕੰਜੂਸੀ ਨਾਲ ਕਰਨਾ ਉਹਦੀ ਆਦਤ ਹੈ। ਜਾਂ ਇਓਂ ਕਹਿ ਲਓ ਕਿ ਕਲਾਕਾਰ ਨੂੰ ਬਿਨਾ ਵਜ੍ਹਾ ਸੱਤਵੇਂ ਅਸਮਾਨ 'ਤੇ ਚੜ੍ਹਾਉਣਾ ਉਹਦਾ ਸੁਭਾਅ ਨਹੀਂ। ਕਲਾਕਾਰ ਉਹਦੇ ਮੂਹੋਂ ਆਪਣੀ ਤਾਰੀਫ਼ ਸੁਣਨ ਨੂੰ ਤਰਸਦੇ ਰਹਿੰਦੇ ਨੇ। ਅਭਿਆਸ ਵੇਲੇ ਮੰਚ ਉਤੇ ਕਿਸੇ ਕਲਾਕਾਰ ਦੀ ਲਾਹ ਪਾਹ ਉਹਨੇ ਕਦੇ ਨਹੀਂ ਕੀਤੀ। ਪਰ ਉਹਦੀ ਮੌਜੂਦਗੀ ਸਭ ਨੂੰ ਚੌਕੰਨੇ ਕਰੀ ਰਖਦੀ ਐ। ਕਰੈਡਿਟ ਲੈਣ ਤੇ ਇਨਾਮਾਂ-ਸ਼ਨਾਮਾਂ ਵਾਲੀ ਸਿਆਸਤ ਉਹਦੀ ਸਮਝ ਤੋਂ ਪਰ੍ਹੇ ਹੈ।

ਪੰਜਾਬੀ ਨਾਟਕਾਂ ਤੋਂ ਇਲਾਵਾ ਹਾਲੀਵੁੱਡ ਫਿਲਮਾਂ 'ਚ ਸਹਿਯੋਗੀ ਭੂਮਿਕਾਵਾਂ ਵਿਚ ਵੀ ਉਹ ਅਕਸਰ ਆਪਣੀ ਹਾਜਰੀ ਲਵਾਉਂਦਾ ਰਹਿੰਦਾ ਹੈ। ਹਾਲੀਵੁੱਡ ਦੀਆਂ 'ਫਾਰ ਹੇਅਰ ਓਰ ਟੂ ਗੋ', ਮੈਪਲ ਹਾਰਟ, ਐਲ ਏ ਟੂ ਲਾਸ ਵੇਗਸ, ਮੇਰਾ ਵਤਨ ਜਿਹੀਆਂ ਫਿਲਮਾਂ ਵਿਚ ਉਹ ਕੰਮ ਕਰ ਚੁੱਕਾ ਹੈ। 2014 ਵਿਚ ਇੰਟਰਨੈਸ਼ਨਲ ਫਿਲਮ ਮੇਲੇ 'ਫੈਸਟੀਵਲ ਆਫ਼ ਗਲੋਬ' ਵਾਲਿਆਂ ਨੇ ਉਹਨੂੰ ਸਿਲੀਕੋਨ ਵੈਲੀ ਦੇ ਬੈਸਟ ਐਕਟਰ, ਡਾਇਰੈਕਟਰ ਦਾ ਅਵਾਰਡ ਦਿੱਤਾ ਸੀ। ਹੁਣ ਇਸੇ ਹੀ ਸੰਸਥਾ ਵਲੋਂ ਆਪਣੀ ਫਿਲਮ 'ਧੀਆਂ ਮਰਜਾਣੀਆਂ' ਨੂੰ ਮਿਲੇ ਬੈਸਟ ਫਿਲਮ ਦੇ ਅਵਾਰਡ ਨਾਲ ਉਹ ਬਾਗੋ ਬਾਗ ਹੈ, ਤੇ ਆਪਣੀ ਨਵੀਂ ਫਿਲਮ ਦੇ ਪ੍ਰਾਜੈਕਟ ਵਿਚ ਲੀਨ ਹੈ।



*ਫਿਲਮ ਧੀਆਂ ਮਰਜਾਣੀਆਂ ਦਾ ਇਕ ਦ੍ਰਿਸ਼*

# ਰੱਖੜ ਪੁੰਨਿਆ ਨੂੰ 'ਗੁਰੂ ਲਾਧੋ ਰੇ ਦਿਵਸ' ਵਜੋਂ ਮਨਾਉਣ ਲਈ ਮਤਾ ਪੇਸ਼

**ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਮਨਾਏ ਗਏ ਗੁਰੂ ਲਾਧੋ ਰੇ ਦਿਵਸ ਮੌਕੇ ਸੰਗਤ ਦੀ ਭਰਵੀਂ ਹਾਜ਼ਰੀ ਵਿਚ ਇਹ ਮਤਾ ਪੜ੍ਹਿਆ ਗਿਆ ਕਿ ਬਾਬਾ ਬਕਾਲਾ ਵਿਖੇ ਮਨਾਏ ਜਾਂਦੇ ਰੱਖੜ ਪੁੰਨਿਆ ਦੇ ਮੇਲੇ ਨੂੰ 'ਗੁਰੂ ਲਾਧੋ ਰੇ ਦਿਵਸ' ਵਜੋਂ ਮਨਾਇਆ ਜਾਵੇ। ਵੱਡੀ ਗਿਣਤੀ ਵਿਚ ਹਾਜ਼ਰ ਸੰਗਤ ਨੇ ਇਸ ਮਤੇ ਦੇ ਹੱਕ ਵਿਚ ਜੈਕਾਰੇ ਛੱਡੇ।

ਇਹ ਮਤਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਿੰਮਤ ਸਿੰਘ ਸਰਪੰਚ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਸੰਬੋਧਨ ਹੁੰਦਿਆਂ ਪੜ੍ਹਿਆ। ਉਨ੍ਹਾਂ ਮਤਾ ਪੜ੍ਹਦਿਆਂ ਕਿਹਾ ਕਿ ਗੁਰੂ ਲਾਧੋ ਰੇ ਦਿਵਸ ਮਨਾਏ ਜਾਣ ਨਾਲ ਗੁਰੂ ਘਰ ਦੇ ਮਹਾਨ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਸੇਵਾ ਨੂੰ ਵੀ ਮਾਨਤਾ ਮਿਲਦੀ ਹੈ ਅਤੇ ਸਿੱਖ ਤੇ ਗੁਰੂ ਘਰ ਦੀ ਪਰੰਪਰਾ ਵੀ ਸਨਮਾਨਿਤ ਹੁੰਦੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਜਦੋਂ ਰੱਖੜ ਪੁੰਨਿਆ ਦੇ ਇਸ ਮੇਲੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ ਤਾਂ ਫਿਰ ਇਸ ਮੇਲੇ ਨੂੰ 'ਗੁਰੂ ਲਾਧੋ ਰੇ ਦਿਵਸ' ਵਜੋਂ ਕਿਉਂ ਮਾਨਤਾ ਨਹੀਂ ਦਿੱਤੀ ਗਈ?

ਸਿੱਖ ਪ੍ਰਚਾਰਕ ਸੁਖਪ੍ਰੀਤ ਸਿੰਘ ਉਦੋਕੇ ਨੇ ਮਤੇ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਇਹ ਫੈਸਲਾ











ਹੁਣ ਸਿੱਖ ਪੰਥ ਨੇ ਕਰਨਾ ਹੈ ਕਿ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਇਸ ਮਹਾਨ ਪ੍ਰਗਟ ਦਿਵਸ ਨੂੰ ਰੱਖੜੀ ਦੇ ਧਾਗਿਆਂ ਨਾਲ ਮਾਨਤਾ ਦੇਣੀ ਹੈ ਜਾਂ ਉਨ੍ਹਾਂ ਦੇ ਗੁਰੂ ਦੇ ਸੇਵਕ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਸੇਵਾ ਨੂੰ ਮਾਨਤਾ ਦੇਣੀ ਹੈ।

ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਦਿੱਲੀ ਤੋਂ ਆਏ ਵਿਸ਼ੇਸ਼ ਪ੍ਰਤੀਨਿਧ ਚਮਨ ਸਿੰਘ ਨੇ ਇਸ ਗੱਲ ਦੀ ਪ੍ਰੋੜਤਾ ਕਰਦਿਆਂ ਐਲਾਨ ਕੀਤਾ ਕਿ ਦਿੱਲੀ ਗੁਰਦੁਆਰਾ ਕਮੇਟੀ ਅਗਲੇ ਸਾਲ ਤੋਂ ਇਸ ਦਿਨ ਨੂੰ 'ਗੁਰੂ ਲਾਧੋ ਰੇ ਦਿਵਸ' ਵਜੋਂ ਮਨਾਏਗੀ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਵਿਸ਼ੇਸ਼ ਪ੍ਰਤੀਨਿਧ ਰਘਬੀਰ ਸਿੰਘ ਸੁਭਾਨਪੁਰ, ਮਾਸਟਰ ਮਹਿੰਦਰ ਸਿੰਘ, ਜਨਰਲ ਸਕੱਤਰ ਕੁਲਦੀਪ ਸਿੰਘ ਖਾਲਸਾ, ਪ੍ਰੀਤਮ ਸਿੰਘ ਗਿਲਜ਼ੀਆਂ, ਗੁਰਮੇਜ ਸਿੰਘ ਸਮੇਤ ਹੋਰਨਾਂ ਨੇ ਵੀ ਮਤੇ ਦੇ ਹੱਕ ਵਿਚ ਬੋਲਦਿਆਂ ਸ਼੍ਰੋਮਣੀ ਕਮੇਟੀ ਨੂੰ ਇਹ ਮਤਾ ਪਾਸ ਕਰਨ ਦੀ ਅਪੀਲ ਕੀਤੀ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਚੇਅਰਮੈਨ ਸੋਹਣ ਸਿੰਘ ਖੱਟੜਾ ਅਤੇ ਹਰਬੰਸ ਸਿੰਘ ਢਿੱਲੋਂ ਨੇ ਵੀ ਮਤੇ ਦੀ ਪ੍ਰੋੜਤਾ ਕੀਤੀ। ਗੁਰੂ ਰਵਿਦਾਸ ਸਭਾ, ਨਿਊ ਯਾਰਕ ਤੇ ਸੰਤ ਪ੍ਰੇਮ ਸਿੰਘ ਮਰਾਲੇ ਵਾਲਿਆਂ ਨੂੰ ਸਮਰਪਿਤ ਦੋਵਾਂ ਸੁਸਾਇਟੀਆਂ ਨੇ ਵੀ ਮਤੇ ਦੇ ਹੱਕ ਵਿਚ ਹਾਮੀ ਭਰੀ ਹੈ।

## ਸੋਨੀਆ ਗਾਂਧੀ ਵਿਰੁਧ ਦਰਜ ਕੇਸ ਖ਼ਾਰਜ

**ਨਿਊ ਯਾਰਕ:** ਸਿੱਖ ਕਤਲੇਆਮ ਦੇ ਮਾਮਲੇ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਿਰੁਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਨੂੰ ਰੱਦ ਕਰਨ ਦੇ ਜ਼ਿਲ੍ਹਾ ਜੱਜ ਦੇ ਫੈਸਲੇ ਉਤੇ ਉਪਰਲੀ ਅਦਾਲਤ ਨੇ ਵੀ ਮੋਹਰ ਲਾ ਦਿੱਤੀ ਹੈ।

'ਸੈਕੰਡ ਸਰਕਟ ਲਈ ਕੋਰਟ ਆਫ ਅਪੀਲਜ਼' ਦੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵੱਲੋਂ ਸੋਨੀਆ ਗਾਂਧੀ ਵਿਰੁਧ ਦਿੱਤੀਆਂ ਦਲੀਲਾਂ ਵਿਚ ਅਜਿਹਾ ਕੋਈ ਆਧਾਰ ਨਹੀਂ ਬਣਦਾ ਕਿ ਇਸ ਕੇਸ ਨੂੰ ਸੁਣਿਆ ਜਾਵੇ। ਜੋਸ ਕੈਬਰੇਨਜ਼, ਰੇਨਾ ਰਾਗੀ ਤੇ ਰਿਚਰਡ ਵੈਸਲੇ ਦੇ ਬੈਂਚ ਨੇ ਜ਼ਿਲ੍ਹਾ ਅਦਾਲਤ ਦੇ ਨੌਂ ਜੂਨ 2014 ਦੇ ਫੈਸਲੇ ਨੂੰ ਬਰਕਰਾਰ ਰੱਖਿਆ ਜਿਸ ਵਿਚ ਇਸ ਕੇਸ ਨੂੰ ਖਾਰਜ ਕੀਤਾ ਗਿਆ ਸੀ।

# Sher-E-Punjab Sports & Cultural Society

## ਸ਼ੇਰੇ ਪੰਜਾਬ ਪੰਜਵਾਂ ਖੇਡ ਤੇ ਸਭਿਆਚਾਰਕ ਮੇਲਾ

## 12 ਸਤੰਬਰ 2015, ਸਨਿਚਰਵਾਰ

(ਸਵੇਰੇ 8 ਵਜੇ ਤੋਂ ਦਿਨ ਛਿਪਣ ਤੱਕ)

**GE Park : 12110 Princeton Pike, Cincinnati, OH 45246**

**Free Food-Free Parking**

**ਸਭਨਾਂ ਨੂੰ ਖੁੱਲ੍ਹਾ ਸੱਦਾ**

### Prizes

**Kabaddi Prize:**
1st Prize: $11,000
2nd Prize: $10,000
3rd Prize: $ 9,000

**Volleyball**
(Teams: USA & Canada)
1st Prize: $3100
2nd Prize: $2100

**Ladies Volleyball**
1st Prize: $500
2nd Prize: $300

**Soccer:**
1st Prize: $1100
2nd Prize: $700

**Basketball:**
1st Prize: $500
2nd Prize: $300

**Kids Races**
**(Cash Awards)**
1st prize $50, 2nd prize $25

**Kids/Ladies Event**
**Time: 12pm-2pm**






Kabaddi Open, World Cup Teams
From India, Canada and USA

**Sports:** Athletics Games for Men, Women & Kids

(Races, Three Leg Race, Jump Rope, Shot Put, Tug of War, and Other Activities).
Kids activities Bounce House and Fun activities.

**For Athletics Contact:** Sohan S Bilku, Avtar S. Springfield, Harvinder Tanque, Bhupinder Mavi, Jaswinder Batth, Balwinder Fantu.

**Kabaddi Teams**

**Team India:** Sukhvir Srawan, Sewak Srawan, Vicky Ghanour, Ravi Allowal Terian, Ranjit Sahauli, Jesus Chavez, Kamal Mohi, Baljit Billi Bhullar.

**Team Canada:** Sethi Harkhowal, Laddi Parasrampuria, Jtinder Bains, Happy Rurki, Sita Surkhpuria, Kippa Surkhpuria, Jagga Randawa, Satnaam Satu.

**Team USA:** Rubby Harkhowal, Jairo Chavez, Pamma Jhander, Bhupinder Singh Bhura, Mani Sandhu, Jassa Sidhwan Dona, Arshi Pritam California.

**Special Event: Wrestling**



Pehlwan Randhir Singh Dhira (Punjab Kesri)



ਕਬੱਡੀ ਦਾ ਪਹਿਲਾ ਇਨਾਮ ਫਾਈਵ ਰਿਵਰ ਐਂਟਰਟੇਨਮੈਂਟ (ਇੰਡੀਆਨਾ) ਵਲੋਂ ਸਵਰਗੀ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ ਦਿੱਤਾ ਜਾਵੇਗਾ

**ਕੁਮੈਂਟੇਟਰ**



ਇਕਬਾਲ ਗਾਲਿਬ



ਪ੍ਰਿੰ. ਸਰਵਣ ਸਿੰਘ



ਸੁਖਚੈਨ ਬਰਾੜ

### Society Members

Harvinder S. Walia *(President)* 917-862-5000
Jaswant S. Jassi *(Vice President)* 513-235-4828
Surinder S. Cheema *(Secretary)* 513 324-9043
Surjeet S. Mavi *(Treasurer)* 513-616-4530
Parminder S. Takhar 937-469-0202
Charanjit S. Brar 317-903-7400
Bobby Sidhu (937) 919-4799
Gurminder S. Sandhu 513-550-6134
Kumar Pawandeep 937-838-3767
Balbir S. Bath 513-292-2517
Jasdev S. Gill 419-604-9275
Sushil Aggarwal 937-673-8004

www.sherepunjabcincy.com Email :sherepunjabsociety@gmail.com

# Cincinnati, Dayton, Lima, Columbus (OH)

## ਮੁੱਖ ਮਹਿਮਾਨ



ਬਲਦੇਵ ਸਿੰਘ ਸੱਲ੍ਹਾਂ
ਸੀਨੀਅਰ ਮੀਤ ਪ੍ਰਧਾਨ, ਅਕਾਲੀ ਦਲ, ਅਮਰੀਕਾ

## ਪਲਾਟੀਨਮ ਸਪਾਂਸਰ



ਹਰਵਿੰਦਰ ਸਿੰਘ ਵਾਲੀਆ (ਪ੍ਰਧਾਨ) | ਅਮਰੀਕ ਸਿੰਘ ਟਿਵਾਣਾ (ਚੇਅਰਮੈਨ) | ਅਮਰਜੀਤ ਅਗਰਵਾਲ | ਅਮਰਜੀਤ ਸਿੰਘ ਤੱਖਰ | ਹਰਿੰਦਰ ਸਿੰਘ ਕੰਗ

## ਡਾਇਮੰਡ ਸਪਾਂਸਰ



ਸੁਰਜੀਤ ਮਾਵੀ | ਜਸਵੰਤ ਜੱਸੀ | ਸੁਰਿੰਦਰ ਚੀਮਾ | ਪਰਮਿੰਦਰ ਤੱਖਰ | ਚਰਨਜੀਤ ਬਰਾੜ | ਗੁਰਮਿੰਦਰ ਸਿੰਘ ਸੰਧੂ | ਜਸਦੇਵ ਗਿੱਲ | ਬੌਬੀ ਸਿੱਧੂ | ਬਹਾਦਰ ਸਿੰਘ ਕਲੇਰ | ਵਿਨੀਤ ਗੁਪਤਾ | ਜੱਸ (ਅੰਬਰ ਇੰਡੀਆ) | ਮਨੀ ਰਾਮ | ਪੁਸ਼ਪਿੰਦਰ ਭੱਟੀ

## ਗੋਲਡ ਸਪਾਂਸਰ



ਬਲਬੀਰ ਬਾਠ | ਸੁਸ਼ੀਲ ਅਗਰਵਾਲ | ਕੁਮਾਰ ਪਵਨਦੀਪ | ਪਲਵਿੰਦਰ ਢਿੱਲੋਂ | ਹੈਪੀ ਮਤੋਤ | ਦਵਿੰਦਰ ਮੁੰਡੀ | ਗੁਰਪ੍ਰੀਤ ਗਿੱਲ | ਲਖਵੀਰ ਬਾਸੀ | ਅਵਤਾਰ ਸਿੰਘ | ਅਗਿਆਪਾਲ ਬਾਠ | ਹਰਚੰਦ ਸਿੰਘ ਫੰਟੂ | ਰਾਜੇਸ਼ ਰਾਵਲ | ਗੁਰਚਰਨ ਕੰਗ | ਦਵਿੰਦਰ ਕਾਹਲੋਂ | ਓਂਕਾਰ ਸਿੰਘ | ਪਰਮਜੀਤ ਗਰਚਾ | ਬੌਬੀ (ਨਿਊ ਕ੍ਰਿਸ਼ਨਾ) | ਇੰਦਰਜੀਤ ਬੇਗੋਵਾਲ



ਅਵਤਾਰ ਸੱਲ੍ਹਾਂ | ਨਰਿੰਦਰਪਾਲ ਤਾਤਲਾ | ਪ੍ਰੇਮ ਸਿੰਘ | ਜੇ ਐਸ ਚੀਮਾ | ਸੁਖਦੇਵ ਸਮਰਾ | ਸਰਵਣ ਟਿਵਾਣਾ | ਜਿੰਮੀ ਬਰਾੜ | ਸੁਖਮਿੰਦਰ ਪੰਧੇਰ | ਮੱਖਣ ਬਦੇਸ਼ਾ | ਪ੍ਰਿਥਪਾਲ ਘੋਤੜਾ | ਦਰਸ਼ਨ ਦਰੜ | ਪਾਲ ਖਲੀਲ | ਹਰਜਿੰਦਰ ਖਹਿਰਾ | ਵਰਿੰਦਰ ਸਾਹੀ | ਹੈਪੀ ਹੀਰ | ਜੀਤੂ ਪਟੇਲ | ਦੀਪਕ ਤਿਵਾੜੀ ਕੈਨਟੱਕੀ | ਬਿੱਟੂ ਬਰਾੜ | ਅਮਨਦੀਪ ਸਿੰਘ | ਗੁਰਮੇਲ ਸਿੰਘ

## ਸਿਲਵਰ ਸਪਾਂਸਰ



ਮਲਕੀਤ ਸੱਲ੍ਹਾਂ | ਬਹਾਦਰ ਸਿੰਘ ਮੁੰਡੀ | ਲਖਵੀਰ ਸਿੰਘ | ਬਲਬੀਰ ਗਿੱਲ | ਗੁਰਪ੍ਰੀਤ ਬਾਠ | ਜਤਿੰਦਰ ਕੁਮਾਰ | ਨਿਸ਼ਾਨ ਸਿੰਘ | ਮਨਦੀਪ ਬਦੇਸ਼ਾ | ਹਰਜੀਤ ਭੁੱਲਰ | ਤਰਨ ਭੰਗੂ | ਪਿਆਰਾ ਸਿੰਘ ਭੱਟੀ | ਸੋਨੂੰ ਸਰਹਿੰਦ | ਨਰਿੰਦਰ ਥਿੰਦ

HACKNEY
Since 1891

## ਗੈਸਟ ਆਫ ਆਨਰ



ਤਾਰਾ ਸਿੰਘ ਸੱਲ੍ਹਾਂ | ਗੁਰਮੀਤ ਸੱਲ੍ਹਾਂ | ਸਰਬਜੀਤ ਸੱਲ੍ਹਾਂ | ਪਲਵਿੰਦਰ ਗਿੱਲ | ਸੁਖਵਿੰਦਰ ਸਿੰਘ | ਪੱਪਲ ਘੋਤੜਾ | ਜਗੀਰ ਸਿੰਘ | ਸੰਤੋਖ ਮੱਲ੍ਹੀ | ਰਾਣਾ ਬਾਰੀ | ਸੁਰਿੰਦਰ ਸਿੰਘ | ਰਣਜੀਤ ਆਹਲੂਵਾਲੀਆ | ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਕੁਲਦੀਪ ਲੰਗ | ਅਮਰਜੀਤ ਢੀਂਡਸਾ | ਦੀਦਾਰ ਧਨੋਆ | ਗੁਰਵਿੰਦਰ ਬੱਬੂ | ਬਲਬੀਰ ਦਰਾਨ | ਗੁਰਮੀਤ ਬਾਠ | ਮਨਦੀਪ ਸਿੰਘ ਭੂਰਾ | ਨਿਧਾਨ ਸਿੰਘ | Christopher Finney

Sponsors: Harvinder Walia, Amrik Tiwana, Amarjit Takhar, Amarjit Aggarwal, Harinder Kang, Baldev Salha, HT Hackney Co., Mc Connells, Goyal Enterprise, Jaswant Jassi, Surjeet Mavi, Surinder Cheema, Charanjit Brar, Jasdev Gill, Vaneet Gupta, Jass (Ambar India, Baba India, Guru India), Bobby Sidhu, Bahadur Kaler, Pritampaul Singh, Rajesh Rawal, Parminder Takhar, Pappal Ghotra, Gurminder Sandhu, Balbir Bath, Sushil Aggarwal, Kumar Pawandeep, Satwant Deol, Rupinder Bath (Bath Petroeum), Sohan S Bilku, Jimmy Brar, Makhan Badesha, Prem Singh, Gurmail Singh, Taran Bhangu, Lakhvir Bassi (Bassi LLC), Harjit Bhullar, Jitu Patel, Devinder Mundi, Palwinder Dhillon, Bittu Brar, Gurcharan Kang, Jagtar Fantu, Gurpreet Gill, Happy Matot, Moreb Wholesales, Avtar Springfield, Sonu Cheema (JS Petroleum Inc.), Narinderpal Tatla (Bunty), Parmjit Garacha, Onkar Singh, Jatinder Singh (Happy), Pushpinder Bhatti, Happy Heer, Paul Khalil, Billu Padher, Dashan Darar, Janta Transpotion, Harvinder Kang (Binda), Inderjit Singh KY, Mandeep Badesha, Sunrise Oil (Amandeep S Badesha), Habib Shah, Gurpreet Bath (Joly), Bobby (New Krishna), Sunshine Transportation (Tirath Sandher), Punjab Ventures Inc., Raja India, Kanak India (Gurpreet Atwal), Bombay Brazier Restaurant, Jasbir Singh Ahluwalia, Dr. Baljinder Singh, Tony Singh KY (Innovative Energies Inc.), Vicks Trans Inc. (Vicky), Ranjit Atwal (RA Trucking), Dalbir Gill, Kirpal S Gill (Gill Brothers), Sohan Singh, Dr. Ravinder Mann, Brij Mohan, Avtar Singh (BP), Gurmeet Bhatti, Gill Mart, Parbhpreet Tiwana, Khan Signs, Narinder Thind, Amarjit Singh, Gurpreet Cheema, Satya Wholesale LLC, Sat Parkash Chahal, Kuljit Tuli; Restaurants: Amber India (Jas), Baba India, Kanak India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Deep India, Bombay Blazer, Taj Mahal, Aangan Sweets. Swad India Restaurant, Indian Spice Train; Grocers: Bombay Grocers, Patel Brothers, Niva Grocers; Dharminder Bedi (Bedi & Associates, LLC), Sue Fancy Cuts.

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

Media Sponsor
ਪੰਜਾਬ ਟਾਈਮਜ਼
Radio Chann Pardesi

# ਬੇਸੁਰਿਆਂ ਨੂੰ ਸਵਾਲ

## ਨੌਜਵਾਨ ਬੁੱਤ-ਤਰਾਸ਼ ਤਰਸੇਮ ਸਿੱਧੂ ਨੇ ਤਰਾਸ਼ੀ ਪੰਜਾਬੀ ਗਾਇਨ ਬਾਰੇ ਲਘੂ ਫਿਲਮ 'ਬ੍ਰੈਂਡ ਨਿਊ ਸੌਂਗ'




ਕਲਾ ਪਰਿਕਰਮਾ

ਨੌਜਵਾਨ ਬੁੱਤ-ਤਰਾਸ਼ ਤਰਸੇਮ ਸਿੰਘ ਸਿੱਧੂ ਹੁਣ ਵੱਖਰੇ ਰੰਗ ਵਿਚ ਪੇਸ਼ ਹੋਇਆ ਹੈ। ਉਸ ਨੇ 13 ਮਿੰਟ ਦੀ ਲਘੂ ਫਿਲਮ 'ਬ੍ਰੈਂਡ ਨਿਊ ਸੌਂਗ' ਬਣਾਈ ਹੈ। ਇਸ ਫਿਲਮ ਵਿਚ ਉਸ ਨੇ ਅੱਜ ਦੀ ਲੀਹੋਂ ਲੱਥੀ ਪੰਜਾਬੀ ਗਾਇਕੀ ਉਤੇ ਬੜੀ ਤਲਖ ਅਤੇ ਤਿੱਖੀ ਟਿੱਪਣੀ ਕੀਤੀ ਹੈ। ਇਹ ਫਿਲਮ ਹਾਲ ਹੀ ਵਿਚ ਹੋਏ ਚੰਡੀਗੜ੍ਹ ਫਿਲਮ ਮੇਲੇ ਵਿਚ ਵੀ ਦਿਖਾਈ ਗਈ ਹੈ ਜਿਥੇ ਇਸ ਫਿਲਮ ਅਤੇ ਇਸ ਦੇ ਖਿਆਲ ਦੀ ਖੂਬ ਪ੍ਰਸ਼ੰਸਾ ਹੋਈ। ਇਹ ਫਿਲਮ ਹੁਣ ਯੂ-ਟਿਊਬ ਉਤੇ ਦੇਖੀ ਜਾ ਸਕਦੀ ਹੈ।

'ਬ੍ਰੈਂਡ ਨਿਊ ਸੌਂਗ' ਫਿਲਮ ਵਿਚ ਤਰਸੇਮ ਸਿੰਘ ਸਿੱਧੂ ਨੇ ਬੇਸਿਰ-ਪੈਰ ਪੰਜਾਬੀ ਗੀਤਾਂ ਅਤੇ ਬੇਸੁਰੇ ਸੰਗੀਤ ਦਾ ਨੌਜਵਾਨਾਂ 'ਤੇ ਪੈ ਰਹੇ

**ਅੰਜਲੀ**

ਅਸਰ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਤਰਸੇਮ ਦਾ ਕਹਿਣਾ ਹੈ ਕਿ ਅੱਜ ਕੱਲ੍ਹ ਬਹੁਤੇ ਪੰਜਾਬੀ ਗੀਤ ਇੰਨੇ ਹਲਕੇ ਲਿਖੇ ਜਾ ਰਹੇ ਹਨ ਕਿ ਸੁਣ ਕੇ ਰੋਣ ਨਿਕਲਦਾ ਹੈ। ਇਸ ਤੋਂ ਬਾਅਦ ਇਨ੍ਹਾਂ ਦੀਆਂ ਜੋ ਵੀ.ਡੀ.ਓਜ਼ ਤਿਆਰ ਕੀਤੀਆਂ ਜਾਂਦੀਆਂ ਹਨ, ਉਸ ਨਾਲ ਰਹਿੰਦੀ-ਖੂੰਹਦੀ ਕਸਰ ਵੀ ਨਿਕਲ ਜਾਂਦੀ ਹੈ। ਇਹ ਹਲਕਾਪਣ ਨੌਜਵਾਨਾਂ ਦੀਆਂ ਸੁਹਜ ਰੁਚੀਆਂ ਉਤੇ ਬੜੀ ਤਿੱਖੀ ਮਾਰ ਕਰ ਰਿਹਾ ਹੈ।

ਦਿਲ-ਓ-ਦਿਮਾਗ ਉਤੇ ਤੁਰੰਤ ਤੇ ਚੋਖਾ ਅਸਰ ਕਰਨ ਵਾਲੀ ਇਸ ਫਿਲਮ ਦੀ ਕਹਾਣੀ ਇਕ ਗਾਇਕ ਦੁਆਲੇ ਬੁਣੀ ਗਈ ਹੈ ਜਿਹੜਾ ਆਪਣਾ ਨਵਾਂ ਪੰਜਾਬੀ ਗੀਤ ਲਾਂਚ ਕਰਨਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਨਵੇਂ ਸੋਲੋ ਟਰੈਕ ਬਾਰੇ ਉਸ ਦੇ ਮਿੱਤਰ ਉਸ ਨੂੰ ਸਲਾਹ ਦੇਣ। ਉਹ ਆਪਣੇ ਦੋਸਤਾਂ ਤੋਂ ਇਸ ਗੀਤ ਬਾਰੇ ਸੁਝਾਅ ਮੰਗਦਾ ਹੈ। ਦੋਸਤ ਸਲਾਹ ਦਿੰਦੇ ਹਨ ਕਿ ਗੀਤ ਅੰਦਰ ਕੀ ਕੀ ਹੋਣਾ ਚਾਹੀਦਾ ਹੈ- ਅਖੇ, ਭੜਕੀਲਾ ਰੈਪ ਜ਼ਰੂਰ ਹੋਣਾ ਚਾਹੀਦਾ ਹੈ


ਬੁੱਤ-ਤਰਾਸ਼ ਤਰਸੇਮ ਸਿੰਘ ਸਿੱਧੂ।

ਜਿਸ ਵਿਚ ਸ਼ਰਾਬ, ਲੜਕੀ ਤੇ ਅਜਿਹੀਆਂ ਹੀ ਹੋਰ ਚੀਜ਼ਾਂ ਲਈਆਂ ਜਾਣ ਜੋ ਅੱਜ ਕੱਲ੍ਹ ਪੰਜਾਬੀ ਗੀਤਾਂ ਵਿਚ ਬੜੀਆਂ ਚਲਦੀਆਂ ਹਨ। ਇਕ ਦੋਸਤ ਸਵਾਲ ਕਰਦਾ ਹੈ ਕਿ ਅਜਿਹਾ ਕਰਨ ਨਾਲ ਆਖਰਕਾਰ ਮਿਲੇਗਾ ਕੀ, ਪਰ ਸਾਰੇ ਦੋਸਤ ਇਸ ਬੰਦੇ ਦੀ ਗੱਲ ਸੁਣਦੇ ਨਹੀਂ। ਇਸ ਤੋਂ ਬਾਅਦ ਕੁਝ ਗੱਲਾਂ-ਬਾਤਾਂ ਪਿਛੋਂ ਸਾਰੇ ਜਣੇ ਕੈਫ਼ੇ ਅੰਦਰ ਕੌਫ਼ੀ ਪੀਣ ਚਲੇ ਜਾਂਦੇ ਹਨ। ਉਥੇ ਉਹ ਪੰਜਾਬੀ ਗੀਤ ਲਾਉਣ ਲਈ ਕਹਿੰਦੇ ਹਨ ਪਰ ਕੈਫ਼ੇ ਦਾ ਮੈਨੇਜਰ ਪੰਜਾਬੀ ਗੀਤ ਚਲਾਉਣ ਤੋਂ ਮਨਾ ਕਰ ਦਿੰਦਾ ਹੈ। ਇਥੇ ਹੀ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਅੱਜ ਕੱਲ੍ਹ ਦੇ ਪੰਜਾਬੀ ਗਾਇਨ ਦੀ ਆਖਰਕਾਰ ਕੀ ਔਕਾਤ ਹੈ ਇਸ ਨੇ ਕੀ ਗੁੱਲ ਖਿਲਾਏ ਹਨ!



ਤਰਸੇਮ ਸਿੰਘ ਸਿੱਧੂ ਦੀ ਲਘੂ ਫਿਲਮ 'ਬ੍ਰੈਂਡ ਨਿਊ ਸੌਂਗ' ਦਾ ਟਾਈਟਲ।


ਤਰਸੇਮ ਸਿੰਘ ਸਿੱਧੂ ਵੱਲੋਂ ਤਿਆਰ ਲੱਕੜ ਦਾ ਬੁੱਤ 'ਫੈਮਿਲੀ'।

### ਅਸਲ ਘਟਨਾ 'ਤੇ ਆਧਾਰਿਤ ਹੈ ਫਿਲਮ

*ਪੰਜਾਬੀ ਗਾਇਨ ਬਾਰੇ ਬਹੁਤ ਭਾਵਪੂਰਤ ਟਿੱਪਣੀ ਕਰਦੀ ਨੌਜਵਾਨ ਬੁੱਤ-ਤਰਾਸ਼ ਤਰਸੇਮ ਸਿੰਘ ਸਿੱਧੂ ਦੀ ਫਿਲਮ 'ਬ੍ਰੈਂਡ ਨਿਊ ਸੌਂਗ' ਅਸਲ ਘਟਨਾ 'ਤੇ ਆਧਾਰਿਤ ਹੈ। ਦਰਅਸਲ ਇਕ ਦਿਨ ਉਹ ਕਿਸੇ ਕੈਫ਼ੇ ਅੰਦਰ ਗਏ ਜਿਥੇ ਸੂਫ਼ੀ ਕਲਾਮ ਅਤੇ ਗਜ਼ਲਾਂ ਚੱਲ ਰਹੀਆਂ ਸਨ। ਉਨ੍ਹਾਂ ਕੈਫ਼ੇ ਦੇ ਮੈਨੇਜਰ ਨੂੰ ਪੰਜਾਬੀ ਗੀਤ ਚਲਾਉਣ ਲਈ ਕਿਹਾ ਤਾਂ ਉਸ ਨੇ ਸਾਫ਼ ਇਨਕਾਰ ਕਰਦਿਆਂ ਕਹਿ ਸੁਣਾਇਆ ਕਿ ਇਥੇ ਪੰਜਾਬੀ ਗੀਤ ਸੁਣਾਏ ਨਹੀਂ ਜਾਂਦੇ। ਇਸ 'ਤੇ ਮੈਨੇਜਰ ਨਾਲ ਕਾਫ਼ੀ ਲੰਮੀ ਤਕਰਾਰ ਹੋਈ, ਪਰ ਮੈਨੇਜਰ ਦਾ ਕਹਿਣਾ ਸੀ ਕਿ ਉਹ ਆਪਣੇ ਕੈਫ਼ੇ ਅੰਦਰ ਹਿੰਸਕ, ਬੇਸੁਰੇ ਅਤੇ ਉਜੱਡ ਕਿਸਮ ਦੇ ਪੰਜਾਬੀ ਗੀਤ ਹਰਗਿਜ਼ ਨਹੀਂ ਚਲਾਏਗਾ। ਇਸ ਤਕਰਾਰ ਦੌਰਾਨ ਹੀ ਤਰਸੇਮ ਅਤੇ ਉਸ ਦੇ ਸਾਥੀਆਂ ਨੂੰ ਲੱਗਿਆ ਕਿ ਮੈਨੇਜਰ ਗਲਤ ਵੀ ਤਾਂ ਨਹੀਂ ਸੀ ਕਹਿ ਰਿਹਾ! ਬੱਸ ਇਥੋਂ ਹੀ ਉਸ ਦੇ ਜ਼ਿਹਨ ਅੰਦਰ 'ਬ੍ਰੈਂਡ ਨਿਊ ਸੌਂਗ' ਦਾ ਨਕਸ਼ਾ ਬਣਨਾ ਸ਼ੁਰੂ ਹੋ ਗਿਆ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਸਤੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-185



*ਦੇ'ਤਾ ਫਸਲ ਬੀਜ ਕੇ ਸੁਹਾਗਾ ਖੇਤ 'ਚ ਰਹਿ ਗਿਆ 'ਕੱਲਾ।*
*ਪਰ ਧੰਦਿਆਂ ਤੋਂ ਕਦੇ ਨਾ ਛੁਟਿਆ ਜੱਟ ਕਮਲੇ ਦਾ ਪੱਲਾ।*
*ਢਿੱਲ੍ਹਾ ਮੱਠਾ ਸੀਰੀ ਆਪਣਾ ਆਇਆ ਨ੍ਹੀਂ ਅੱਜ ਛਿੰਦਾ।*
*ਵਾਹ ਓਏ ਨਿੱਕਿਆ ਪੁਆ ਦੇ ਵੱਟਾਂ ਖਿੱਚ ਬਾਪੂ ਨਾਲ ਜਿੰਦਾ।*

## ਕੈਪਸ਼ਨ ਮੁਕਾਬਲਾ-183



ਨਵੀਂ ਨਵੀਂ ਜਦ ਆਈ ਸਾਂ ਮੈਂ
ਰੰਗਾਂ ਨਾਲ ਸਜਾਈ ਸਾਂ ਮੈਂ।
ਟਰੈਕਟਰ ਪਿੱਛੇ ਪਾਈ ਸਾਂ ਮੈਂ
ਚਾਵਾਂ ਨਾਲ ਭਜਾਈ ਸਾਂ ਮੈਂ।
ਭਜਦੀ ਭਜਦੀ ਹੋ ਗਈ ਰੋਗੀ
ਔਖੇ ਸੌਖੇ ਜੂਨ ਮੈਂ ਭੋਗੀ।
ਚਿੱਬ ਖੜਿੱਬੀ ਹਾਲਤ ਹੋਗੀ
ਰਹਿ ਗਈ ਬੱਸ ਬੋਤੇ ਜੋਗੀ।
**-ਜਗਮੀਤ ਸਿੰਘ ਪੰਧੇਰ**

---

ਹਲ ਵਾਹਿਆ ਤੇ ਖਿੱਚੀਆਂ ਗੱਡੀਆਂ
ਬਣ ਪੁਨੂੰ ਦੀ ਡਾਚੀ ਭੀ ਖੜਿਆ।
ਜੰਗ ਵਿਚ ਬਣਿਆ ਢਾਲ ਫੌਜਾਂ ਦੀ
ਤੋਪਾਂ ਦੇ ਅੱਗੇ ਭੀ ਜਾ ਅੜਿਆ।
ਠੇਲ੍ਹੇ ਕਾਰਵਾਂ ਵਿਚ ਰੇਤੇ-ਟਿੱਬੇ
ਮਾਰੂਥਲ ਭੀ ਰਿਹਾ ਕਰਦਾ ਪਾਰ।
ਪਰ ਸਮੇਂ ਨੇ ਦਿੱਤਾ ਐਸਾ ਗੇੜਾ
ਮੇਰਾ ਦਿੱਤਾ ਬਿਲਕੁਲ ਸਾਰ।
ਟਰੈਕਟਰ ਖੋਹ ਲਏ ਬੈਂਕ ਵਾਲਿਆਂ
ਜ਼ਮੀਨਾਂ ਕੁਰਕੀਆਂ ਸ਼ਾਹੂਕਾਰ।
ਰੋਜ਼ੀ ਰੋਟੀ ਕਿੰਜ ਚਲਾਈਏ
ਸੋਚ ਇੱਕ ਫੁਰਨਾ ਫੁਰਿਆ।
ਜੋੜ ਮੈਨੂੰ ਟਰਾਲੀ ਅੱਗੇ
ਇੱਟਾਂ ਦੇ ਭੱਠੇ ਨੂੰ ਲੈ ਤੁਰਿਆ।
**-ਸੇਵਾ ਸਿੰਘ ਨੂਰਪੁਰੀ**

---

ਸਮਾਂ ਬੜਾ ਬਲਵਾਨ ਹੈ ਮਿੱਤਰੋ
ਬਦਲੇ ਤੌਰ ਤਰੀਕੇ।
ਕੰਮ ਕਰਨ ਦੇ ਢੰਗ ਨਵੇਂ
ਗੱਲਬਾਤ ਦੇ ਨਵੇਂ ਸਲੀਕੇ।
ਬੋਤੇ ਮਗਰ ਟਰਾਲੀ ਪਾ ਕੇ
ਕਰ ਦਿੱਤੀ ਤਸਦੀਕ।
ਨਵੇਂ ਯੁੱਗ ਦੀਆਂ ਨਵੀਂਆਂ ਗੱਲਾਂ
ਲੱਗਣ ਬਿਲਕੁਲ ਠੀਕ।
**-ਰਾਮ ਕੁਮਾਰ ਐਸ਼ ਜਾਜਾ**

---

ਰੇਗਿਸਤਾਨ ਦਾ ਇਲਾਕਾ ਹੋਵੇ
ਟਰਾਲੀ ਨੂੰ ਖਿੱਚ ਰਿਹਾ ਬੋਤਾ ਹੋਵੇ
ਲੱਦ ਦਿਓ ਭਾਰ ਜਿੰਨਾ ਚਾਹੋ
ਹੋਵੇ ਚਿੱਕੜ ਜਾਂ ਟਿੱਬਾ।
ਲੈ ਜਾਊਗਾ ਧੂਹ ਕੇ ਮੜਕ ਨਾਲ
ਕਰ ਢੂੰਡਰ ਅਤੇ ਗਰਦਣ ਉਚੀ।
ਧਰਾਤਲ ਹੈ ਜਿਸ ਦੀ ਇਕ ਸਾਰ
ਚਾਹੁੰਦਾ ਹੈ ਉਹ ਜੂਝਣਾ,
ਰਸਤੇ 'ਚ ਹੋਵੇ ਜਿਥੇ ਦਲ ਦਲਾਂ
ਮਿੱਧ ਮਿੱਧ ਰੋੜੇ-ਰੇਤੇ ਪੈਰਾਂ ਥੱਲੇ
ਚਾਹੁੰਦਾ ਹੈ ਮੰਜ਼ਿਲ ਤੇ ਪਹੁੰਚਣਾ।
**-ਦਰਸ਼ਨ ਪਾਲ ਦੋਸਾਂਝ**

---

ਲਾ ਕੇ ਬੋਤੇ ਵਾਲਿਆਂ ਨਾਲ ਯਾਰੀ
ਪੈਂਦੇ ਰੱਖਣੇ ਉਚੇ ਦਰਵਾਜ਼ੇ-ਬਾਰੀ।
ਹੁੰਦੀ ਇਸ ਦੀ ਦੁਸ਼ਮਣੀ ਭਾਰੀ
ਰੱਖਦਾ ਮਨ ਵਿਚ ਹਰ ਹੁਸ਼ਿਆਰੀ।
ਕਦੇ ਮਾਲਵੇ ਵਿਚ ਚੱਲਦਾ ਸੀ ਸਿੱਕਾ
ਅੱਜ ਵਿਚ ਕਿਤਾਬਾਂ ਵੇਖੇ ਹਰ ਨਿੱਕਾ।
ਰਹਿ'ਜੂ ਡਿਸਕਵਰੀ ਦੀ ਬਣ ਕਹਾਣੀ
ਚੱਲੇ ਜਹਾਜ਼ ਮਿਲੇ ਭਾਵੇਂ ਘੱਟ ਪਾਣੀ।
**-ਸਤਵਿੰਦਰ ਥਾਂਦੀ ਦੌਲਤਪੁਰੀ**

# ਭਾਰਤ-ਪਾਕਿ ਨੇ ਰਿਹਾਇਸ਼ੀ ਇਲਾਕਿਆਂ ਵੱਲ ਕੀਤੇ ਤੋਪਾਂ ਦੇ ਮੂੰਹ

**ਜੰਮੂ:** ਰੂਸ ਦੇ ਸ਼ਹਿਰ ਉਫ਼ਾ ਵਿਚ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਵੱਲੋਂ ਗੱਲਬਾਤ ਬਾਰੇ ਕੀਤੇ ਐਲਾਨ ਸਿਰੇ ਨਾ ਚੜ੍ਹਨ ਪਿੱਛੋਂ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ ਉਤੇ ਇਕ ਵਾਰ ਫਿਰ ਤਣਾਅ ਵਧ ਗਿਆ ਹੈ। ਦੋਵਾਂ ਦੇਸ਼ਾਂ ਵੱਲੋਂ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ। ਭਾਰਤ ਜਦੋਂ 1965 ਜੰਗ ਦੀ ਜਿੱਤ ਦੇ ਜਸ਼ਨ ਮਨਾ ਰਿਹਾ ਸੀ ਤਾਂ ਪਾਕਿਸਤਾਨ ਵੱਲੋਂ ਸਰਹੱਦ ਉਤੇ ਕੀਤੀ ਜ਼ੋਰਦਾਰ ਗੋਲੀਬਾਰੀ ਕਾਰਨ ਤਿੰਨ ਭਾਰਤੀ ਨਾਗਰਿਕ ਹਲਾਕ ਤੇ 17 ਹੋਰ ਫੱਟੜ ਹੋ ਗਏ। ਉਧਰ ਪਾਕਿਸਤਾਨ ਨੇ ਵੀ ਦਾਅਵਾ ਕੀਤਾ ਹੈ ਕਿ ਬੀ.ਐਸ.ਐਫ. ਵੱਲੋਂ ਗੋਲੀਬੰਦੀ ਦੀ ਉਲੰਘਣਾ ਦੌਰਾਨ ਉਸ ਦੇ ਅੱਠ ਨਾਗਰਿਕ ਮਾਰੇ ਗਏ ਤੇ 22 ਔਰਤਾਂ ਸਮੇਤ 47 ਤੋਂ ਵੀ ਵੱਧ ਜ਼ਖ਼ਮੀ ਹੋ ਗਏ। ਪਾਕਿਸਤਾਨੀ ਫ਼ੌਜ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਦੇ ਸੈਨਿਕ ਭਾਰਤੀ ਗੋਲੀਬਾਰੀ ਦਾ ਮੂੰਹ ਤੋੜ ਜਵਾਬ ਦੇ ਰਹੇ ਹਨ।

ਗੋਲਾਬਾਰੀ ਦੇ ਵੇਰਵੇ ਦੱਸਦਿਆਂ ਬੀ.ਐਸ.ਐਫ. ਦੇ ਬੁਲਾਰੇ ਨੇ ਦੱਸਿਆ ਕਿ ਪਾਕਿਸਤਾਨੀ ਰੇਂਜਰਾਂ ਨੇ ਬਿਨਾਂ ਕਿਸੇ ਕਾਰਨ ਗੋਲਾਬਾਰੀ ਕੀਤੀ ਹੈ। ਪਹਿਲਾਂ ਪਹਿਲ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਪਰ ਬਾਅਦ ਵਿਚ ਆਰ.ਐਸ. ਪੁਰਾ ਤੇ ਅਰਨੀਆ ਸੈਕਟਰਾਂ ਵਿਚ ਬੀ.ਐਸ.ਐਫ. ਦੀਆਂ ਚੌਕੀਆਂ ਤੇ ਨਾਗਰਿਕ ਟਿਕਾਣਿਆਂ 'ਤੇ ਮੋਰਟਾਰ ਤੋਪਾਂ ਨਾਲ ਗੋਲਾਬਾਰੀ ਸ਼ੁਰੂ ਕਰ ਦਿੱਤੀ। ਪਾਕਿ ਨੇ ਕਿਸ਼ਨਪੁਰ, ਜੋਰਾ ਫਾਰਮ, ਜੁਗਨੂ ਚੱਕ, ਨਵਾਂ ਪਿੰਡ, ਘਰਨਾ ਸਿਆ, ਅਬਦੁੱਲਾ ਤੇ ਆਰ.ਐਸ.ਪੁਰਾ ਦੇ ਇਲਾਕਿਆਂ ਚੰਦੂ ਚੱਕ ਤੇ ਦੂਸਰੇ ਇਲਾਕੇ ਅਰਨੀਆ ਨੂੰ ਨਿਸ਼ਾਨਾ ਬਣਾਇਆ। ਪਾਕਿਸਤਾਨੀ ਸੈਨਿਕਾਂ ਨੇ ਗੋਲੀਬਾਰੀ ਲਈ ਅਤਿ ਆਧੁਨਿਕ ਹਥਿਆਰਾਂ ਦੀ ਵਰਤੋਂ ਕੀਤੀ। ਸਰਹੱਦ ਦੀ ਰਾਖੀ ਕਰ ਰਹੇ ਬੀ.ਐਸ.ਐਫ. ਦੇ ਸੁਰੱਖਿਆ ਮੁਲਾਜ਼ਮਾਂ ਨੇ ਵੀ ਜਵਾਬੀ ਕਾਰਵਾਈ ਕੀਤੀ, ਸਿੱਟੇ ਵਜੋਂ ਭਾਰੀ ਗੋਲੀ ਵਟਾਂਦਰਾ ਸ਼ੁਰੂ ਹੋ ਗਿਆ। ਅਧਿਕਾਰੀ ਨੇ ਦੱਸਿਆ ਕਿ ਅਗਲੇਰੇ ਇਲਾਕਿਆਂ ਵਿਚ ਤਾਇਨਾਤ ਜਵਾਨ ਮੂੰਹ ਤੋੜ ਜਵਾਬ ਦੇ ਰਹੇ ਹਨ ਤੇ ਕੰਟਰੋਲ ਰੇਖਾ ਦੇ ਨਾਲ ਪਾਕਿਸਤਾਨ ਦੇ ਅਗਲੇਰੇ ਇਲਾਕਿਆਂ 'ਤੇ ਗੋਲੀਬਾਰੀ ਕੀਤੀ ਜਿਸ ਨਾਲ ਉਸ ਦਾ ਵੀ ਨੁਕਸਾਨ ਹੋਇਆ ਹੈ। ਪਾਕਿਸਤਾਨ ਨੇ ਅਗਸਤ ਮਹੀਨੇ 55 ਤੇ ਹੁਣ ਤੱਕ ਇਸ ਸਾਲ ਦੌਰਾਨ 245 ਵਾਰ ਜੰਗਬੰਦੀ ਦੀ ਉਲੰਘਣਾ ਕੀਤੀ ਹੈ।



## ਪਾਕਿਸਤਾਨ ਲਈ ਭਾਰਤ ਵੱਡਾ ਖਤਰਾ ਕਰਾਰ

**ਇਸਲਾਮਾਬਾਦ:** ਪਾਕਿਸਤਾਨੀ ਫ਼ੌਜ ਨੇ ਇਕ ਸੰਸਦੀ ਕਮੇਟੀ ਨੂੰ ਦੱਸਿਆ ਹੈ ਕਿ ਦੇਸ਼ ਨੂੰ ਇਕੋ-ਇਕ ਬਾਹਰੀ ਖ਼ਤਰਾ ਭਾਰਤ ਤੋਂ ਹੈ ਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਗੱਲਬਾਤ ਮੁਲਤਵੀ ਹੋਣ ਦੇ ਮੱਦੇਨਜ਼ਰ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਦੇ ਮਾਮਲੇ ਵਿਚ ਸਥਿਤੀ ਵਿਸਫੋਟਕ ਬਣੀ ਹੋਈ ਹੈ। ਸੈਨਟ ਮੈਂਬਰ ਮੁਸ਼ਾਹਿਦ ਹੁਸੈਨ ਦੀ ਅਗਵਾਈ ਵਾਲੀ ਸੈਨਟ ਰੱਖਿਆ ਕਮੇਟੀ ਨੇ ਬੀਤੇ ਦਿਨੀਂ ਫੌਜ ਦੇ ਰਾਵਲਪਿੰਡੀ ਵਿਚਲੇ ਜੁਆਇੰਟ ਸਟਾਫ ਹੈੱਡਕੁਆਰਟਰ ਦਾ ਦੌਰਾ ਕੀਤਾ ਜਿਥੇ ਜੁਆਇੰਟ ਚੀਫ ਸਟਾਫ ਕਮੇਟੀ ਦੇ ਚੇਅਰਮੈਨ ਜਨਰਲ ਰਾਸ਼ਦ ਮਹਿਮੂਦ ਤੇ ਉਸ ਦੀ ਟੀਮ ਨੇ ਕਮੇਟੀ ਨੂੰ ਹਾਲਾਤ ਤੋਂ ਜਾਣੂ ਕਰਵਾਇਆ। 'ਡਾਨ' ਅਖ਼ਬਾਰ ਦੀ ਇਕ ਰਿਪੋਰਟ ਅਨੁਸਾਰ ਫੌਜੀ ਅਫਸਰਾਂ ਨੇ ਕਮੇਟੀ ਨੂੰ ਦੱਸਿਆ ਕਿ ਵਿਸ਼ਵ ਵਿਚ ਭਾਰਤ ਹਥਿਆਰਾਂ ਦਾ ਸਭ ਤੋਂ ਵੱਡਾ ਦਰਾਮਦਕਾਰ ਹੈ ਤੇ ਉਸ ਨੇ ਪਿਛਲੇ ਇਕ ਦਹਾਕੇ ਦੌਰਾਨ ਆਪਣਾ ਰੱਖਿਆ ਖਰਚ ਦੁੱਗਣੇ ਤੋਂ ਵਧ ਕਰ ਲਿਆ ਹੈ।



## ਭਾਰਤ ਨੂੰ ਭੁਗਤਣੇ ਪੈਣਗੇ ਨਤੀਜੇ: ਆਸਿਫ਼

**ਇਸਲਾਮਾਬਾਦ:** ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਮੁਹੰਮਦ ਆਸਿਫ਼ ਨੇ ਭਾਰਤ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਵੱਲੋਂ ਉਨ੍ਹਾਂ ਦੇ ਦੇਸ਼ ਨਾਲ ਜੰਗ ਲੜਨ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈਣਗੇ ਜਿਸ ਨੂੰ ਮੁਲਕ ਦਹਾਕਿਆਂ ਤੱਕ ਯਾਦ ਰੱਖੇਗਾ। ਸ੍ਰੀ ਆਸਿਫ਼ ਨੇ ਕਿਹਾ ਕਿ ਪਾਕਿਸਤਾਨ ਦੀ ਫ਼ੌਜ ਆਪਣੀ ਮਾਤ ਭੂਮੀ ਦੀ ਹਰ ਕੀਮਤ 'ਤੇ ਰੱਖਿਆ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ ਪਾਕਿਸਤਾਨ ਅੰਦਰ ਜਿਸ ਤਰ੍ਹਾਂ ਦੀ ਦਖ਼ਲਅੰਦਾਜ਼ੀ ਕਰ ਰਿਹਾ ਹੈ, ਉਸ ਦੇ ਸਾਰੇ ਸਬੂਤ ਪਾਕਿਸਤਾਨ ਕੋਲ ਹਨ ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਯੂ.ਐਨ. ਦੀ ਜਨਰਲ ਅਸੈਂਬਲੀ ਮੀਟਿੰਗ ਵਿਚ ਬਾਕਾਇਦਾ ਪੇਸ਼ ਕਰਨਗੇ।



## ਪਾਕਿ ਪਰਮਾਣੂ ਤਾਕਤ ਦਾ ਰੋਹਬ ਨਾ ਝਾੜੇ: ਕੈਰੀ

**ਵਾਸ਼ਿੰਗਟਨ:** ਪਾਕਿਸਤਾਨ ਵੱਲੋਂ ਪਰਮਾਣੂ ਤਾਕਤ ਦਾ ਰੋਹਬ ਝਾੜਨ 'ਤੇ ਅਮਰੀਕਾ ਨੇ ਉਸ ਨੂੰ ਖ਼ਬਰਦਾਰ ਕੀਤਾ ਹੈ। ਵਿਦੇਸ਼ ਵਿਭਾਗ ਦੇ ਤਰਜਮਾਨ ਜੌਹਨ ਕਿਰਬੀ ਨੇ ਕਿਹਾ ਕਿ ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਵਾਰ-ਵਾਰ ਆਖਿਆ ਹੈ ਕਿ ਦੋਵੇਂ ਮੁਲਕ ਮੁੱਦਿਆਂ ਦੇ ਹੱਲ ਲਈ ਮਿਲ ਕੇ ਕੰਮ ਕਰਨ। ਪਾਕਿਸਤਾਨ ਵੱਲੋਂ ਪਰਮਾਣੂ ਤਾਕਤ ਵਾਲਾ ਮੁਲਕ ਹੋਣ ਦੇ ਬਿਆਨ ਬਾਰੇ ਤਰਜਮਾਨ ਨੇ ਕਿਹਾ ਕਿ ਅਮਰੀਕਾ ਦੋਹਾਂ ਮੁਲਕਾਂ ਵਿਚ ਤਣਾਅ ਘਟਾਉਣਾ ਚਾਹੁੰਦਾ ਹੈ। ਪਰਮਾਣੂ ਹਥਿਆਰਾਂ ਦੀ ਸੰਭਾਵਿਤ ਵਰਤੋਂ ਸਬੰਧੀ ਕਿਆਸਾਂ ਨਾਲ ਤਣਾਅ ਘੱਟ ਨਹੀਂ ਰਿਹਾ ਸਗੋਂ ਵੱਧ ਰਿਹਾ ਹੈ। ਅਮਰੀਕਾ ਦੀ ਕੌਮੀ ਸੁਰੱਖਿਆ ਸਲਾਹਕਾਰ ਸੂਜ਼ੈਨ ਰਾਈਸ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਖ਼ਿੱਤੇ ਵਿਚ ਸ਼ਾਂਤੀ ਤੇ ਸਥਿਰਤਾ ਲਈ ਪਹਿਲ ਕਰੇ।



## ਪਾਕਿਸਤਾਨ ਖ਼ਿਲਾਫ ਇਕ ਹੋਰ ਜਿਉਂਦਾ ਸਬੂਤ

**ਜੰਮੂ:** ਊਧਮਪੁਰ ਵਿਚ ਪਾਕਿਸਤਾਨ ਤੋਂ ਆਏ ਅਤਿਵਾਦੀ ਨਾਵੇਦ ਨੂੰ ਫੜਨ ਦੇ ਕੁਝ ਹਫ਼ਤਿਆਂ ਬਾਅਦ ਕਸ਼ਮੀਰ ਵਿਚ ਫ਼ੌਜ ਦੇ ਨਾਲ ਹੋਏ ਮੁਕਾਬਲੇ ਵਿਚ ਇਕ ਹੋਰ ਪਾਕਿਸਤਾਨੀ ਅਤਿਵਾਦੀ ਨੂੰ ਜ਼ਿੰਦਾ ਕਾਬੂ ਕਰ ਲਿਆ ਗਿਆ, ਜਦ ਕਿ ਉਸ ਦੇ ਚਾਰ ਹੋਰ ਸਾਥੀ ਮਾਰੇ ਗਏ। ਸ੍ਰੀਨਗਰ ਪਹੁੰਚੀ ਐਨ.ਆਈ.ਏ. ਦੀ ਟੀਮ ਸਾਹਮਣੇ ਸੱਜਾਦ ਅਹਿਮਦ ਨੇ ਇਹ ਕਬੂਲਿਆ ਹੈ ਕਿ ਉਹ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੁਜ਼ੱਫਰਗੜ੍ਹ ਦਾ ਰਹਿਣ ਵਾਲਾ ਹੈ। ਇਸ ਤੋਂ ਪਹਿਲਾਂ ਨਾਵੇਦ ਨਾਂ ਦਾ ਅਤਿਵਾਦੀ ਜਿਉਂਦਾ ਫੜਿਆ ਗਿਆ ਸੀ ਜਿਸ ਨੇ ਕਬੂਲਿਆ ਸੀ ਕਿ ਉਹ ਪਾਕਿਸਤਾਨ ਤੋਂ ਆਇਆ ਹੈ। ਨਾਵੇਦ ਤੇ ਉਸ ਦੇ ਸਾਥੀ ਨੇ ਪੰਜ ਅਗਸਤ ਨੂੰ ਊਧਮਪੁਰ ਜ਼ਿਲ੍ਹੇ ਵਿਚ ਚੇਨਾਨੀ ਖੇਤਰ ਵਿਚ ਬੀ.ਐਸ.ਐਫ. ਕਾਫ਼ਿਲੇ 'ਤੇ ਹਮਲਾ ਕੀਤਾ ਸੀ। ਉਸ ਦਾ ਇਕ ਸਾਥੀ ਮੁਕਾਬਲੇ ਵਿਚ ਮਾਰਿਆ ਗਿਆ ਸੀ।

## ਅਕਾਲੀ ਕੌਂਸਲਰ ਦੇ ਮੁੰਡੇ ਨੂੰ ਔਰਬਿਟ ਬੱਸ ਵਿਚ ਛੇੜਖਾਨੀ ਪਈ ਮਹਿੰਗੀ

**ਬਠਿੰਡਾ:** ਔਰਬਿਟ ਕੰਪਨੀ ਦੀ ਬੱਸ ਵਿਚ ਇਕ ਅਕਾਲੀ ਕੌਂਸਲਰ ਦੇ ਲੜਕੇ ਵੱਲੋਂ ਬਾਪਰ ਇੰਸਟੀਚਿਊਟ ਦੀ ਇਕ ਵਿਦਿਆਰਥਣ ਨਾਲ ਛੇੜਖਾਨੀ ਕਰਨ ਕਰਕੇ ਹੰਗਾਮਾ ਹੋ ਗਿਆ। ਮਾਮਲਾ ਭਖਦਾ ਵੇਖ ਕੇ ਬੱਸ ਦੇ ਡਰਾਈਵਰ ਨੇ ਰਾਮਪੁਰਾ ਦੇ ਰੇਲਵੇ ਫਾਟਕ 'ਤੇ ਬੱਸ ਰੋਕ ਲਈ, ਜਿਸ ਦੌਰਾਨ ਲੜਕੇ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਨੇ ਉਸ ਨੂੰ ਫੜ ਕੇ ਕਾਫ਼ੀ ਖਿੱਚ ਧੂਹ ਕੀਤੀ। ਇਹ ਬੱਸ ਬਠਿੰਡਾ ਤੋਂ ਨੰਗਲ ਡੈਮ ਵਾਇਆ ਪਟਿਆਲਾ ਜਾ ਰਹੀ ਸੀ। ਪੁਲਿਸ ਨੇ ਲੜਕੀ ਦੇ ਪਿਤਾ ਨੂੰ ਥਾਣੇ ਬੁਲਾ ਲਿਆ ਤੇ ਲੜਕੇ ਨੇ ਲਿਖਤੀ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ।

## ਨਸ਼ਾ ਤਸਕਰੀ: ਭਾਜਪਾ ਦਾ ਇਕ ਹੋਰ ਆਗੂ ਆਇਆ ਅੜਿੱਕੇ

**ਫ਼ਿਰੋਜ਼ਪੁਰ:** ਫ਼ਿਰੋਜ਼ਪੁਰ ਦੇ ਇਕ ਭਾਜਪਾ ਆਗੂ ਜਰਨੈਲ ਸਿੰਘ ਉਰਫ਼ ਜੱਜ ਨਿਮਾਣਾ ਵਾਸੀ ਸੋਢੀ ਨਗਰ ਨੂੰ ਰਾਜਸਥਾਨ ਦੇ ਜ਼ਿਲ੍ਹਾ ਚਿਤੌੜਗੜ੍ਹ ਵਿਚ ਪੈਂਦੇ ਥਾਣਾ ਨਿਮਾਣਾ ਦੀ ਪੁਲਿਸ ਨੇ ਉਸ ਦੇ ਤਿੰਨ ਹੋਰ ਸਾਥੀਆਂ ਸੁਖਵਿੰਦਰ ਸਿੰਘ, ਸਾਧੂ ਰਾਮ ਤੇ ਪਰਗਟ ਸਿੰਘ ਨਾਲ ਨਸ਼ੀਲੇ ਪਦਾਰਥਾਂ ਸਣੇ ਕਾਬੂ ਕੀਤਾ ਹੈ। ਉਨ੍ਹਾਂ ਕੋਲੋਂ ਤਿੰਨ ਕਿੱਲੋ ਅਫ਼ੀਮ ਤੇ 190 ਕਿੱਲੋ ਭੁੱਕੀ ਬਰਾਮਦ ਹੋਈ ਹੈ। ਜੱਜ ਨਿਮਾਣਾ ਨੂੰ ਹਾਲ ਹੀ ਵਿਚ ਭਾਜਪਾ ਦੇ ਸਥਾਨਕ ਜ਼ਿਲ੍ਹਾ ਘੱਟ ਗਿਣਤੀ ਸੈੱਲ ਦਾ ਦਿਹਾਤੀ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਨਜ਼ਦੀਕੀ ਪਿੰਡ ਸੋਢੀ ਨਗਰ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨਾਲ ਉਸ ਦੇ ਧੰਨਵਾਦੀ ਫਲੈਕਸ ਬੋਰਡ ਅਜੇ ਵੀ ਲੱਗੇ ਹੋਏ ਹਨ। ਇਸ ਤੋਂ ਪਹਿਲਾਂ ਵੀ ਭਾਜਪਾ ਦੇ ਸਥਾਨਕ ਚਾਰ ਆਗੂ ਤੇ ਕਮਲ ਸ਼ਰਮਾ ਦੇ ਨਜ਼ਦੀਕੀ ਸਾਥੀ ਨਸ਼ਾ ਸਮੱਗਲਰਾਂ ਦੀ ਮਦਦ ਕਰਨ ਦੇ ਦੋਸ਼ ਵਿਚ ਨਾਮਜ਼ਦ ਹੋ ਚੁੱਕੇ ਹਨ। ਜਾਣਕਾਰੀ ਅਨੁਸਾਰ ਨਿਮਾਣਾ ਪੁਲਿਸ ਨੇ 25 ਅਗਸਤ ਨੂੰ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਇਕ ਬਿਨਾਂ ਨੰਬਰ ਵਾਲੀ ਲਗਜ਼ਰੀ ਗੱਡੀ ਵਿਚੋਂ ਨਸ਼ੀਲੇ ਪਦਾਰਥਾਂ ਦੀ ਖੇਪ ਸਣੇ ਕਾਬੂ ਕੀਤਾ ਸੀ।

# 1965: ਅੱਜ ਵੀ ਬੰਦੀ ਬਣਾਏ ਫੌਜੀਆਂ ਦੇ ਪਰਤਣ ਦੀ ਆਸ

**ਗੁਰਦਾਸਪੁਰ:** ਭਾਰਤ 1965 ਵਿਚ ਹੋਈ ਹਿੰਦ-ਪਾਕਿਸਤਾਨ ਜੰਗ ਦੀ 50ਵੀਂ ਵਰ੍ਹੇਗੰਢ ਮਨਾ ਰਿਹਾ ਹੈ ਪਰ 1965 ਤੇ 1971 ਦੀ ਲੜਾਈ ਵਿਚ ਪਾਕਿਸਤਾਨ ਵੱਲੋਂ ਬੰਦੀ ਬਣਾਏ 54 ਕੈਦੀਆਂ ਦੇ ਪਰਿਵਾਰ ਅੱਜ ਵੀ ਉਨ੍ਹਾਂ ਦੀ ਰਾਹ ਤੱਕ ਰਹੇ ਹਨ। ਭਾਵੇਂ ਇੰਨੇ ਲੰਬੇ ਅਰਸੇ ਬਾਅਦ ਬੰਦੀ ਬਣਾਏ ਕੈਦੀਆਂ ਦੇ ਵਾਪਸ ਪਰਤਣ ਦੀ ਉਮੀਦ ਨਹੀਂ ਪਰ ਇਨ੍ਹਾਂ ਦੇ ਸਕੇ-ਸਬੰਧੀ ਪਾਕਿਸਤਾਨ ਤੋਂ ਕੈਦੀਆਂ ਦੇ ਰਿਹਾਅ ਹੋਣ ਬਾਰੇ ਥੋੜ੍ਹੀ ਜਿਹੀ ਭਿਣਕ ਲੱਗਣ ਉਤੇ ਹੀ ਵਾਹਗਾ ਸਰਹੱਦ ਉਤੇ ਡੇਰੇ ਲਾ ਲੈਂਦੇ ਹਨ।

1965 ਤੇ 1971 ਦੀ ਲੜਾਈ ਦੌਰਾਨ ਬੰਦੀ ਬਣਾਏ ਫ਼ੌਜੀਆਂ ਵਿਚੋਂ ਬਹੁਤਿਆਂ ਦੀ ਲੰਬੇ ਸਮੇਂ ਤੋਂ ਉਗ-ਸੁਗ ਨਹੀਂ ਨਿਕਲੀ। ਪਰਿਵਾਰਕ ਮੈਂਬਰਾਂ ਵੱਲੋਂ ਭਾਰਤ ਸਰਕਾਰ ਦੇ ਨਾਲ-ਨਾਲ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਮਾਮਲਿਆਂ ਬਾਰੇ ਵਿਭਾਗ ਤੱਕ ਪਹੁੰਚ ਕਰਨ ਦੇ ਬਾਵਜੂਦ ਕੁਝ ਪੱਲੇ ਨਹੀਂ ਪੈ ਰਿਹਾ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਰਨਾਲਾ ਨਾਲ ਸਬੰਧਤ ਸਿਪਾਹੀ ਸੁਜਾਨ ਸਿੰਘ ਦੇ ਭਰਾ ਮਹਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਦਾ ਕਹਿਣਾ ਹੈ ਕਿ ਸੁਜਾਨ ਸਿੰਘ 1957 ਵਿਚ ਭਾਰਤੀ ਫੌਜ ਦੀ 14 ਫੀਲਡ ਰੈਜੀਮੈਂਟ ਵਿਚ ਭਰਤੀ ਹੋਇਆ ਸੀ। ਵਿਆਹ ਤੋਂ ਛੇ ਮਹੀਨਿਆਂ ਬਾਅਦ ਹੀ 1965 ਵਿਚ ਲੜਾਈ ਲੱਗਣ ਕਾਰਨ ਉਹ ਸਰਹੱਦ ਉਤੇ ਚਲਾ ਗਿਆ।

ਜੰਗ ਖਤਮ ਹੋਣ ਦੇ ਬਾਵਜੂਦ ਉਨ੍ਹਾਂ ਦਾ ਭਰਾ ਵਾਪਸ ਨਹੀਂ ਆਇਆ, ਉਸ ਦੀ ਪਤਨੀ ਤਾਰੋ ਦੇਵੀ ਉਡੀਕ ਵਿਚ ਸਾਰੀਆਂ ਖੁਸ਼ੀਆਂ ਖੋਣ ਗਵਾ ਬੈਠੀ। ਉਸ ਦੀ ਮਾਂ ਸੰਤੋ ਦੇਵੀ ਪੁੱਤਰ ਦੇ ਵਿਯੋਗ ਵਿਚ ਅਕਾਲ ਚਲਾਣਾ ਕਰ ਗਈ। 1970 ਵਿਚ ਪਾਕਿਸਤਾਨ ਦੀ ਜੇਲ੍ਹ ਵਿਚੋਂ ਪੱਤਰ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਸੁਜਾਨ ਸਿੰਘ ਦੇ ਪਾਕਿਸਤਾਨ ਜੇਲ੍ਹ ਵਿਚ ਬੰਦ ਹੋਣ ਬਾਰੇ ਸੂਚਨਾ ਮਿਲੀ, ਜਿਸ ਤੋਂ ਬਾਅਦ ਛੇ ਜੁਲਾਈ, 1970 ਨੂੰ ਪਾਕਿਸਤਾਨ ਤੋਂ ਰਿਹਾਅ ਹੋ ਕੇ ਆਏ ਅੰਮ੍ਰਿਤਸਰ ਦੇ ਇਕ ਪਿੰਡ ਦੇ ਸਫੀਦ ਮਸੀਹ ਤੇ ਫਕੀਰ ਮਸੀਹ ਨੇ ਵੀ ਦੱਸਿਆ ਕਿ ਸੁਜਾਨ ਸਿੰਘ ਸਿਆਲਕੋਟ ਜੇਲ੍ਹ ਵਿਚ ਬੰਦ ਹੈ।

ਉਨ੍ਹਾਂ ਦਾ ਸਮੁੱਚਾ ਪਰਿਵਾਰ ਸੁਜਾਨ ਸਿੰਘ ਨੂੰ ਰਿਹਾਅ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਚੁੱਕਾ ਹੈ। 1965 ਵਿਚ ਸੁਜਾਨ ਸਿੰਘ ਦੀਆਂ ਭੈਣਾਂ ਨੇ ਉਸ ਦੀ ਯੂਨਿਟ ਵਿਚ ਰੱਖੜੀ ਭੇਜੀ ਸੀ ਪਰ ਵਾਪਸ ਆ ਗਈ। ਇਸ ਮੌਕੇ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਸਰਕਾਰ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਕੈਦੀਆਂ ਦੀ ਰਿਹਾਈ ਲਈ ਪੁਖਤਾ ਉਪਰਾਲੇ ਕਰੇ।

ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵੱਲੋਂ 1965 ਵਿਚ ਇਕ-ਦੂਜੇ ਦੇ ਫੌਜੀਆਂ ਨੂੰ ਬੰਦੀ ਬਣਾਇਆ ਸੀ। ਸਰਕਾਰ ਨੂੰ ਚਾਹੀਦਾ ਹੈ ਕਿ ਜੇਲ੍ਹਾਂ ਵਿਚ ਸੜ ਰਹੇ ਅਜਿਹੇ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ।



# ਹਿੰਦ-ਪਾਕਿ ਦੀਆਂ ਰਣਨੀਤੀਆਂ ਬਾਰੇ ਅਹਿਮ ਖੁਲਾਸੇ

## ਪਾਕਿ ਪਰਮਾਣੂ ਟਿਕਾਣਿਆਂ 'ਤੇ ਹਮਲੇ ਦੀ ਤਿਆਰੀ ਵਿਚ ਸੀ ਇੰਦਰਾ ਗਾਂਧੀ

**ਵਾਸ਼ਿੰਗਟਨ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 1980 ਵਿਚ ਸੱਤਾ ਵਿਚ ਵਾਪਸੀ ਤੋਂ ਬਾਅਦ ਪਾਕਿਸਤਾਨ ਦੇ ਪਰਮਾਣੂ ਟਿਕਾਣਿਆਂ ਉਪਰ ਫ਼ੌਜੀ ਹਮਲਾ ਕਰਨ ਬਾਰੇ ਗੌਰ ਕੀਤੀ ਸੀ ਤਾਂ ਕਿ ਉਸ ਦੇਸ ਨੂੰ ਪਰਮਾਣੂ ਸ਼ਕਤੀ ਹਾਸਲ ਕਰਨ ਤੋਂ ਰੋਕਿਆ ਜਾ ਸਕੇ। ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ ਦੇ ਗੁਪਤ ਦਸਤਾਵੇਜ਼ਾਂ ਵਿਚ ਇਹ ਦਾਅਵਾ ਕੀਤਾ ਗਿਆ ਹੈ। 'ਪਾਕਿਸਤਾਨ ਦੀਆਂ ਪਰਮਾਣੂ ਸਰਗਰਮੀਆਂ ਬਾਰੇ ਭਾਰਤ ਦੀ ਪ੍ਰਤੀਕਿਰਿਆ' ਨਾਮੀ ਇਸ 12 ਸਫ਼ਿਆਂ ਦੇ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਵੱਲੋਂ ਅਜਿਹੀ ਤਜਵੀਜ਼ 'ਤੇ ਉਦੋਂ ਗੌਰ ਕੀਤਾ ਗਿਆ ਸੀ ਜਦੋਂ ਅਮਰੀਕਾ ਪਾਕਿਸਤਾਨ ਨੂੰ ਐਫ-16 ਲੜਾਕੂ ਜਹਾਜ਼ ਦੇਣ ਦੀ ਤਿਆਰੀ ਕਰ ਰਿਹਾ ਸੀ। ਇਹ ਦਸਤਾਵੇਜ਼ ਸੰਪਾਦਤ ਰੂਪ ਵਿਚ ਇਸ ਸਾਲ ਜੂਨ ਮਹੀਨੇ ਸੀ.ਆਈ.ਏ ਦੀ ਵੈੱਬਸਾਈਟ 'ਤੇ ਪਾ ਦਿੱਤਾ ਗਿਆ। 1981 ਵਿਚ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਪਾਕਿ ਵੱਲੋਂ ਪਰਮਾਣੂ ਹਥਿਆਰ ਹਾਸਲ ਕਰਨ ਲਈ ਕੀਤੀ ਜਾ ਰਹੀ ਪੇਸ਼ਕਦਮੀ ਤੋਂ ਫ਼ਿਕਰਮੰਦ ਸੀ ਤੇ ਉਸ ਦਾ ਖਿਆਲ ਸੀ ਕਿ ਇਸਲਾਮਾਬਾਦ ਪਰਮਾਣੂ ਹਥਿਆਰ ਬਣਾਉਣ ਤੋਂ ਮਹਿਜ਼ ਇਕ ਕਦਮ ਦੂਰ ਹੈ। ਅਮਰੀਕਾ ਦਾ ਵੀ ਇਹੋ ਖਿਆਲ ਸੀ।



## ਰਾਇਸ਼ੁਮਾਰੀ ਲਈ ਸਮਰਥਨ ਲੈਣ ਵਿਚ ਨਾਕਾਮ ਰਿਹਾ ਸੀ ਪਾਕਿਸਤਾਨ

**ਵਾਸ਼ਿੰਗਟਨ:** ਪਾਕਿਸਤਾਨ ਨੇ 1965 ਦੀ ਜੰਗ ਸ਼ੁਰੂ ਹੋਣ ਤੋਂ ਬਾਅਦ ਕਸ਼ਮੀਰ ਵਿਚ ਰਾਇਸ਼ੁਮਾਰੀ ਲਈ ਅਮਰੀਕਾ ਤੇ ਸੰਯੁਕਤ ਰਾਸ਼ਟਰ ਤੋਂ ਸਮਰਥਨ ਲੈਣ ਲਈ ਪੂਰੀ ਵਾਹ ਲਗਾਈ ਸੀ ਪਰ ਉਹ ਨਾਕਾਮ ਰਿਹਾ। ਉਸ ਸਮੇਂ ਦੇ ਅਮਰੀਕੀ ਖ਼ੁਫ਼ੀਆ ਦਸਤਾਵੇਜ਼ਾਂ ਦੇ ਜਨਤਕ ਕੀਤੇ ਜਾਣ ਬਾਅਦ ਇਹ ਖੁਲਾਸਾ ਹੋਇਆ ਹੈ। ਇਸ ਮੁਤਾਬਕ ਭਾਰਤੀ ਫੌਜਾਂ ਜਿਸ ਦਿਨ ਪਾਕਿਸਤਾਨ ਵਿਚ ਦਾਖਲ ਹੋਈਆਂ ਉਸੇ ਦਿਨ ਪਾਕਿਸਤਾਨ ਸਥਿਤ ਤਤਕਾਲੀ ਅਮਰੀਕੀ ਰਾਜਦੂਤ ਵਾਲਟਰ ਪੈਟਰਿਕ, ਤਤਕਾਲੀ ਪਾਕਿਸਤਾਨੀ ਰਾਸ਼ਟਰਪਤੀ ਅਯੂਬ ਖਾਨ ਤੇ ਵਿਦੇਸ਼ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਮਿਲੇ ਸਨ ਜੋ ਅਮਰੀਕਾ, ਸੰਯੁਕਤ ਰਾਸ਼ਟਰ ਤੇ ਕੌਮਾਂਤਰੀ ਭਾਈਚਾਰੇ ਤੋਂ ਕਸ਼ਮੀਰ ਵਿਚ ਰਾਇਸ਼ੁਮਾਰੀ ਕਰਵਾਉਣ ਲਈ ਭਰੋਸਾ ਚਾਹੁੰਦੇ ਸਨ। ਗੱਲਬਾਤ ਦੌਰਾਨ ਅਮਰੀਕੀ ਰਾਜਦੂਤ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਇਸ ਜੰਗ ਲਈ ਪਾਕਿਸਤਾਨ ਜ਼ਿੰਮੇਵਾਰ ਹੈ ਕਿਉਂਕਿ ਉਸ ਨੇ ਕਸ਼ਮੀਰ ਵਿਚ ਫੌਜ ਭੇਜੀ ਤੇ ਅਮਰੀਕਾ ਵੱਲੋਂ ਚੀਨ ਖ਼ਿਲਾਫ਼ ਵਰਤਣ ਲਈ ਦਿੱਤੇ ਹਥਿਆਰ ਉਸ ਨੇ ਭਾਰਤ ਖ਼ਿਲਾਫ਼ ਵਰਤੇ। ਇਸ ਲਈ ਪਾਕਿਸਤਾਨ ਆਪਣੇ ਆਪ ਨੂੰ ਪੀੜਤ ਬਣ ਕੇ ਪੇਸ਼ ਨਾ ਕਰੇ। ਇਸ ਦੇ ਬਾਵਜੂਦ ਪਾਕਿਸਤਾਨ ਨੂੰ ਬਿਨ੍ਹਾਂ ਸ਼ਰਤ ਜੰਗ ਰੋਕਣ ਲਈ ਰਾਜ਼ੀ ਕਰਨ ਲਈ ਅਮਰੀਕਾ ਨੂੰ ਖਾਸੀ ਮਿਹਨਤ ਕਰਨੀ ਪਈ। ਭਾਰਤ ਦੇ ਤੱਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨੇ ਅਮਰੀਕਾ ਦੇ ਰਾਸ਼ਟਰਪਤੀ ਲਿੰਡਨ ਜਾਨਸਨ ਨੂੰ ਚਿੱਠੀ ਭੇਜ ਕੇ ਕਿਹਾ ਸੀ ਕਿ ਭਾਰਤ ਸਰਕਾਰ ਬਗੈਰ ਸ਼ਰਤ ਤੋਂ ਹੀ ਜੰਗ ਰੋਕੇਗੀ।



# ਸੱਤਾ ਉਤੇ ਕਬਜ਼ੇ ਦੀ ਲਾਲਸਾ ਦੇ 'ਮਿਸ਼ਨ'

***ਵੱਡਾ ਸੁਆਲ ਇਹ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਕੋਈ ਪਾਰਟੀ ਕੀ ਕਰਨਾ ਚਾਹੁੰਦੀ ਹੈ? ਕੀ ਉਸ ਕੋਲ ਪੰਜਾਬ ਦੇ ਮੁੱਦਿਆਂ ਨੂੰ ਸਮਝਣ ਦੀ ਸੋਝੀ ਹੈ? ਜੇ ਸਮਝਣ ਦੀ ਸੋਝੀ ਹੋਵੇ ਵੀ, ਤਾਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੀ ਪੇਸ਼ ਕੀਤਾ ਜਾ ਰਿਹਾ ਹੈ? ਸਾਰੇ ਮੁਲਕ ਦਾ ਕਿਸਾਨ ਅੱਜ ਤਕ ਪੰਜਾਬ ਦੇ ਕਿਸਾਨ ਵਰਗਾ ਬਣਨਾ ਲੋਚਦਾ ਰਿਹਾ ਹੈ, ਪਰ ਹੁਣ ਪੰਜ ਪਾਣੀਆਂ ਦੀ ਇਹ ਧਰਤੀ, ਪੀਣ ਵਾਲੇ ਸ਼ੁੱਧ ਪਾਣੀ ਨੂੰ ਤਰਸਣ ਲੱਗੀ ਹੈ। ਖੇਤੀ ਆਰਥਿਕਤਾ ਉਤੇ ਨਿਰਭਰ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੇ ਮੱਕੜ ਜਾਲ ਵਿਚ ਬੁਰੀ ਤਰ੍ਹਾਂ ਘਿਰ ਚੁੱਕੇ ਹਨ ਅਤੇ ਖ਼ੁਦਕੁਸ਼ੀਆਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਅੱਜ ਵੀ 66 ਫ਼ੀਸਦ ਲੋਕ ਪਿੰਡਾਂ ਵਿਚ ਰਹਿੰਦੇ ਹਨ, ਪਰ ਪਿੰਡਾਂ ਦੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਤਹਿਸ-ਨਹਿਸ ਹਨ। ਗ਼ਰੀਬੀ ਅਤੇ ਅਮੀਰੀ ਦਾ ਆਰਥਿਕ ਪਾੜਾ ਤਾਂ ਪਹਿਲਾਂ ਹੀ ਜਾਰੀ ਸੀ, ਪਰ ਹੁਣ ਤਾਂ ਦੋਵੇਂ ਤਬਕਿਆਂ ਦੇ ਸਕੂਲ ਅਤੇ ਹਸਪਤਾਲ ਵੀ ਅਲੱਗ ਅਲੱਗ ਹੋ ਗਏ ਹਨ।***

ਇੱਕੀਵੀਂ ਸਦੀ ਨੂੰ ਸੰਚਾਰ ਅਤੇ ਸੂਚਨਾ ਦੀ ਸਦੀ ਕਿਹਾ ਜਾ ਰਿਹਾ ਹੈ। ਆਪੋ-ਆਪਣੇ ਟੀਚੇ ਹਾਸਲ ਕਰਨ ਲਈ ਸੂਚਨਾ ਕਿਸ ਤਰ੍ਹਾਂ ਹਾਸਲ ਕਰਨੀ ਹੈ, ਇਸ ਦੀ ਮੁਹਾਰਤ ਕਾਰਪੋਰੇਟ ਜਗਤ ਤੋਂ ਵੱਧ ਕੋਈ ਨਹੀਂ ਹਾਸਲ ਕਰ ਸਕਿਆ। ਇਸ਼ਤਿਹਾਰਬਾਜ਼ੀ ਦਾ ਸਾਰਾ ਵਰਤਾਰਾ ਇਸੇ ਦਲੀਲ ਉਤੇ ਖੜ੍ਹਾ ਹੈ ਕਿ ਸੂਚਨਾ ਦੇ ਧਾਰਾ ਪ੍ਰਵਾਹ ਵਰਤਾਰੇ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਇਸ ਤਰ੍ਹਾਂ ਜਕੜ ਲਿਆ ਜਾਵੇ ਕਿ ਉਨ੍ਹਾਂ ਨੂੰ ਇਸ ਤੋਂ ਬਿਨਾਂ

**ਹਮੀਰ ਸਿੰਘ**
ਫੋਨ: +91-82888-35707

ਕੋਈ ਸੱਚਾਈ ਨਜ਼ਰ ਆਉਣੀ ਹੀ ਬੰਦ ਹੋ ਜਾਵੇ। ਟੈਲੀਵਿਜ਼ਨ ਦੇ ਮੌਜੂਦਾ ਦੌਰ ਵਿਚ ਇੱਕਤਰਫ਼ਾਪਣ ਦਾ ਬੋਲਬਾਲਾ ਹੈ ਜਿਥੇ ਖ਼ਾਸ ਤਰ੍ਹਾਂ ਦੀ ਸੂਚਨਾ ਪਰੋਸੀ ਜਾਂਦੀ ਹੈ। ਅਵਾਮ ਇਸ ਦਾ ਦਰਸ਼ਕ ਜਾਂ ਸਰੋਤਾ ਹੈ, ਕਿਉਂਕਿ ਉਹ ਇਸ ਸੰਵਾਦ ਵਿਚ ਸਰਗਰਮ ਹਿੱਸੇਦਾਰ ਨਹੀਂ। ਇਹੀ ਵਜ੍ਹਾ ਹੈ ਕਿ ਵੰਨ-ਸੁਵੰਨੇ ਵਾਤਾਵਰਣਕ, ਜਲਵਾਯੂ, ਸਭਿਆਚਾਰ, ਬੋਲੀਆਂ ਅਤੇ ਪਹਿਰਾਵੇ ਹੁਣ ਇੱਕੋ ਜਿਹੀ ਜੀਵਨ ਜਾਚ ਵਿਚ ਤਬਦੀਲ ਹੁੰਦੇ ਨਜ਼ਰ ਆਉਂਦੇ ਹਨ। ਸੁਆਲ ਕਰਨ ਦਾ ਰੁਝਾਨ ਖ਼ਤਮ ਹੋ ਰਿਹਾ ਹੈ। ਸਿਆਸਤ ਉਤੇ ਕਾਰਪੋਰੇਟ ਪੈਸੇ ਦੇ ਵਧ ਰਹੇ ਦਬਦਬੇ ਅਤੇ ਲੋਕ ਸੇਵਾ ਦੀ ਬਜਾਇ ਵਪਾਰਕ ਹਿੱਤਾਂ ਨੂੰ ਪ੍ਰਮੁੱਖਤਾ ਦੇਣ ਵਾਲੇ ਸਿਆਸੀ ਆਗੂਆਂ ਦੀ ਟੇਕ ਹੀ ਹੁਣ ਲੋਕਾਂ ਦੇ ਅਸਲ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਕੇ ਝੂਠ ਨੂੰ ਸੱਚ ਕਰਨ ਉਤੇ ਟਿਕੀ ਹੋਈ ਹੈ। ਦੂਜੀ ਸੰਸਾਰ ਜੰਗ ਸਮੇਂ ਹਿਟਲਰ ਦੇ ਪ੍ਰਾਪੇਗੰਡਾ ਮੰਤਰੀ ਜੋਸਫ਼ ਗੋਇਬਲਜ਼ ਨੂੰ ਪ੍ਰਚਾਰ ਦੀ ਅਹਿਮੀਅਤ ਦਾ ਉਸ ਵਕਤ ਵੀ ਅੰਦਾਜ਼ਾ ਸੀ, ਇਸੇ ਕਰ ਕੇ ਉਸ ਦਾ ਕਹਿਣਾ ਹੈ ਕਿ ਗੱਪ ਮਾਰ ਕੇ ਲਗਾਤਾਰ ਦੁਹਰਾਉਂਦੇ ਰਹਿਣ ਨਾਲ ਲੋਕ ਉਸ ਨੂੰ ਸੱਚ ਮੰਨਣਾ ਸ਼ੁਰੂ ਕਰ ਦਿੰਦੇ ਹਨ। ਇਸ ਰਵਾਇਤ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਨਾਮ ਹੁਣ ਕਾਮਯਾਬ ਸਿਆਸਤ ਬਣ ਗਿਆ ਹੈ।

ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਦੂਰ ਕਰਨ ਦੇ ਵਾਅਦੇ ਕਰ ਕੇ ਚੋਣਾਂ ਜਿੱਤਣ ਅਤੇ ਬਾਅਦ ਵਿਚ ਉਨ੍ਹਾਂ ਉਤੇ ਅਮਲ ਨਾ ਕਰਨ ਦੀ ਪਰੰਪਰਾ ਤਾਂ ਇਸ ਮੁਲਕ ਦੀ ਆਜ਼ਾਦੀ ਜਿੰਨੀ ਹੀ ਪੁਰਾਣੀ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਘੱਟ ਗਿਣਤੀਆਂ, ਦਲਿਤ ਜਾਂ ਹੋਰ ਵੱਖ-ਵੱਖ ਵੰਨਗੀਆਂ ਦੇ ਵਖਰੇਵਿਆਂ ਵਾਲੇ ਵਰਗ ਸ਼ੁਰੂ ਤੋਂ ਹੀ ਕਿਸੇ ਨਾ ਕਿਸੇ ਤਰ੍ਹਾਂ ਦੇ ਅੰਦੋਲਨਾਂ ਰਾਹੀਂ ਆਪਣੇ ਵਖਰੇਵੇਂ ਦਾ ਅਹਿਸਾਸ ਕਰਵਾਉਂਦੇ ਰਹੇ ਹਨ। 'ਜੈ ਜਵਾਨ- ਜੈ ਕਿਸਾਨ' ਦਾ ਨਾਅਰਾ ਹੋਵੇ ਜਾਂ 'ਗਰੀਬੀ ਹਟਾਓ', ਸਭ ਦਾ ਹਸ਼ਰ ਲੋਕ ਹੱਡੀਂ ਹੰਢਾ ਚੁੱਕੇ ਹਨ। ਇੱਕ ਸਮੇਂ ਤਕ ਸੱਤਾ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਹੀ ਸਾਧਨ ਮੰਨੀ ਜਾਂਦੀ ਸੀ। ਹੁਣ ਸੱਤਾ ਨਹੀਂ, ਮੰਜ਼ਿਲ ਮੰਨ ਕੇ ਪ੍ਰਚਾਰ ਮੁਹਿੰਮਾਂ ਛੇੜੀਆਂ ਜਾਂਦੀਆਂ ਹਨ ਅਤੇ ਲੋਕਾਂ ਨੂੰ ਵੀ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਹਰ ਪੰਜ ਸਾਲ ਬਾਅਦ ਪੈਂਦੀਆਂ ਵੋਟਾਂ ਹੀ ਤੁਹਾਡੀ ਤਾਕਤ ਅਤੇ ਮੰਜ਼ਿਲ ਹੈ। ਭਾਜਪਾ ਨੇ ਪਿਛਲੇ ਸਮੇਂ ਦੌਰਾਨ ਇਸ ਖੇਤਰ ਵਿਚ ਆਪਣੀ ਮੁਹਾਰਤ ਦਾ ਖ਼ੂਬ ਪ੍ਰਦਰਸ਼ਨ ਕੀਤਾ ਹੈ। ਨਰੇਂਦਰ ਮੋਦੀ ਨੇ ਅਪਣੇ ਪ੍ਰਚਾਰ ਦੇ ਬਲਬੂਤੇ ਗੁਜਰਾਤ ਮਾਡਲ ਨੂੰ ਬਿਹਤਰੀਨ ਮਾਡਲ ਦੇ ਤੌਰ ਉਤੇ ਪ੍ਰਦਰਸ਼ਿਤ ਕਰਨ ਵਿਚ ਸਫਲਤਾ ਹਾਸਲ ਕੀਤੀ। ਇਹ ਅਲੱਗ ਗੱਲ ਹੈ ਕਿ ਹੁਣ ਪਟੇਲਾਂ ਦੇ ਰਾਖਵੇਂਕਰਨ ਦਾ ਮੁੱਦਾ ਹੋਵੇ ਜਾਂ ਖ਼ਾਸ ਤੌਰ ਉਤੇ ਪੇਂਡੂ ਖੇਤਰ ਦੀਆਂ ਸਮੱਸਿਆਵਾਂ, ਸੱਚਾਈ ਸਾਹਮਣੇ ਆਉਣ ਨਾਲ ਇਹ ਆਦਰਸ਼ ਮਾਡਲ ਹੁਣ ਸੁਆਲਾਂ ਦੇ ਘੇਰੇ ਵਿਚ ਹੈ। ਲੋਕ ਸਭਾ ਚੋਣਾਂ ਵਿਚ ਭਾਜਪਾ ਵੱਲੋਂ ਐਲਾਨੇ ਮਿਸ਼ਨ-282, ਜੰਮੂ ਕਸ਼ਮੀਰ ਦੀਆਂ ਚੋਣਾਂ ਲਈ ਮਿਸ਼ਨ-44 ਅਜਿਹੇ ਪ੍ਰਤੀਤ ਹੁੰਦੇ ਸਨ ਜਿਵੇਂ ਫੌਜਾਂ ਕਿਸੇ ਵੱਡੇ ਅਪਰੇਸ਼ਨਾਂ ਨੂੰ ਵਿਸ਼ੇਸ਼ ਨਾਵਾਂ ਤਹਿਤ ਅੰਜਾਮ ਦਿੰਦੀਆਂ ਹਨ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ 25 ਸਾਲ ਰਾਜ ਕਰਨ ਦੇ ਵਾਰ ਵਾਰ ਕੀਤੇ ਜਾ ਰਹੇ ਐਲਾਨ ਦੇ ਨਾਲ ਹੁਣ ਕੈਪਟਨ ਅਮਰਿੰਦਰ ਸਿੰਘ ਦੀਆਂ ਰੈਲੀਆਂ ਦੌਰਾਨ ਕਾਂਗਰਸ, ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਸਭ ਨੇ ਆਗਾਮੀ ਵਿਧਾਨ ਸਭਾ ਚੋਣਾਂ ਨੂੰ 'ਮਿਸ਼ਨ 17' ਦੇ ਤੌਰ ਉਤੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਲਗਾਤਾਰ ਪ੍ਰਚਾਰ ਕਰ ਕੇ ਲੋਕਾਂ ਨੂੰ ਕਿਸ ਦੀ ਜਿੱਤ ਅਤੇ ਕਿਸ ਦੀ ਹਾਰ ਬਾਰੇ ਹੀ ਪੂਰਾ ਦਿਮਾਗੀ ਅਭਿਆਸ ਕਰਨ ਦੀ ਪ੍ਰਕਿਰਿਆ ਵਿਚ ਪਾ ਦਿੱਤਾ ਹੈ।

ਸਭ ਤੋਂ ਵੱਡਾ ਸੁਆਲ ਇਹ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਕੋਈ ਪਾਰਟੀ



ਕੀ ਕਰਨਾ ਚਾਹੁੰਦੀ ਹੈ? ਕੀ ਉਸ ਕੋਲ ਪੰਜਾਬ ਦੇ ਮੁੱਦਿਆਂ ਨੂੰ ਸਮਝਣ ਦੀ ਸੋਝੀ ਹੈ? ਜੇ ਸਮਝਣ ਦੀ ਸੋਝੀ ਹੋਵੇ ਵੀ, ਤਾਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੀ ਪੇਸ਼ ਕੀਤਾ ਜਾ ਰਿਹਾ ਹੈ? ਸਾਰੇ ਮੁਲਕ ਦਾ ਕਿਸਾਨ ਅੱਜ ਤਕ ਪੰਜਾਬ ਦੇ ਕਿਸਾਨ ਵਰਗਾ ਬਣਨਾ ਲੋਚਦਾ ਰਿਹਾ ਹੈ, ਪਰ ਹੁਣ ਪੰਜ ਪਾਣੀਆਂ ਦੀ ਇਹ ਧਰਤੀ, ਪੀਣ ਵਾਲੇ ਸ਼ੁੱਧ ਪਾਣੀ ਨੂੰ ਤਰਸਣ ਲੱਗੀ ਹੈ। ਖੇਤੀ ਆਰਥਿਕਤਾ ਉਤੇ ਨਿਰਭਰ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੇ ਮੱਕੜ ਜਾਲ ਵਿਚ ਬੁਰੀ ਤਰ੍ਹਾਂ ਘਿਰ ਚੁੱਕੇ ਹਨ ਅਤੇ ਖ਼ੁਦਕੁਸ਼ੀਆਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਅੱਜ ਵੀ 66 ਫ਼ੀਸਦ ਲੋਕ ਪਿੰਡਾਂ ਵਿਚ ਰਹਿੰਦੇ ਹਨ, ਪਰ ਪਿੰਡਾਂ ਦੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਤਹਿਸ-ਨਹਿਸ ਹਨ। ਗ਼ਰੀਬੀ ਅਤੇ ਅਮੀਰੀ ਦਾ ਆਰਥਿਕ ਪਾੜਾ ਤਾਂ ਪਹਿਲਾਂ ਹੀ ਜਾਰੀ ਸੀ, ਪਰ ਹੁਣ ਤਾਂ ਦੋਵੇਂ ਤਬਕਿਆਂ ਦੇ ਸਕੂਲ ਅਤੇ ਹਸਪਤਾਲ ਵੀ ਅਲੱਗ ਅਲੱਗ ਹੋ ਗਏ ਹਨ। ਇੱਕੋ ਜਿਹੇ ਸਕੂਲਾਂ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਅਲਾਹਾਬਾਦ ਹਾਈਕੋਰਟ ਦੇ ਫੈਸਲੇ ਨੇ ਇਸ ਸੱਚਾਈ ਨੂੰ ਇਨਸਾਫ਼ ਦੇ ਨਜ਼ਰੀਏ ਤੋਂ ਲੋਕਾਂ ਦੇ ਸਾਹਮਣੇ ਪੇਸ਼ ਕਰ ਦਿੱਤਾ ਹੈ।

ਰੁਜ਼ਗਾਰ ਵਿਹੂਣੇ ਵਿਕਾਸ ਮਾਡਲ ਕਾਰਨ ਪੜ੍ਹੇ ਲਿਖੇ ਨੌਜਵਾਨ ਰੁਜ਼ਗਾਰ ਦੀ ਤਲਾਸ਼ ਵਿਚ ਵਿਦੇਸ਼ ਜਾਣ ਲਈ ਉਤਾਵਲੇ ਹਨ, ਪਰ ਇਹ ਵੀ ਇੰਨਾ ਆਸਾਨ ਨਹੀਂ ਹੈ। ਵਿਦੇਸ਼ਾਂ ਨੇ ਵੀ ਸ਼ਰਤਾਂ ਸਖ਼ਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਖੇਤੀ ਘਾਟੇਵੰਦਾ ਸੌਦਾ ਹੋਣ ਕਰ ਕੇ ਇਹ ਲੋਕਾਂ ਦੇ ਜ਼ਿਹਨ ਵਿਚੋਂ ਹੀ ਨਿੱਕਲ ਚੁੱਕੀ ਹੈ। ਹਰ ਮਾਂ-ਪਿਉ ਦੇ ਬੱਚੇ ਡਾਕਟਰ, ਇੰਜਨੀਅਰ, ਆਈ.ਏ.ਐਸ. ਜਾਂ ਪੁਲਿਸ ਅਫਸਰ ਬਣਨ ਦਾ ਸੁਪਨਾ ਪਾਲਦੇ ਹਨ, ਪਰ ਕਿਸਾਨ ਕੋਈ ਨਹੀਂ ਬਣਨਾ ਚਾਹੁੰਦਾ। ਮਤਲਬ ਸਾਫ ਹੈ ਕਿ ਹੱਡ ਭੰਨਵੀਂ ਮਿਹਨਤ ਕਰ ਕੇ ਵੀ ਜੇ ਆਖਿਰ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਹੋਵੇ ਤਾਂ ਕੌਣ ਬਣਨਾ ਚਾਹੇਗਾ ਕਿਸਾਨ? ਇੱਕ ਜ਼ਮਾਨੇ ਤਕ ਜਦੋਂ ਸਿਆਸਤ ਕੁਰਬਾਨੀ ਮੰਗਦੀ ਸੀ, ਤਾਂ ਕੁਰਬਾਨੀ ਵਾਲੇ ਆਗੂ ਆਪਣੇ ਘਰਾਂ ਦੇ ਪਸੰਦੀਦਾ ਬੰਦਿਆਂ ਵਿਚੋਂ ਨਹੀਂ ਸਨ ਹੁੰਦੇ, ਤੇ ਬੱਚਿਆਂ ਨੂੰ ਇਸ ਤੋਂ ਵਰਜਿਆ ਜਾਂਦਾ ਸੀ ਕਿ ਉਹ ਇਸ ਪਾਸੇ ਨਾ ਜਾਣ। ਸਿਆਸਤ ਦੇ ਵਪਾਰ ਬਣ ਜਾਣ ਤੋਂ ਬਾਅਦ ਹੁਣ ਆਗੂਆਂ ਦੇ ਪਰਿਵਾਰਾਂ ਤੋਂ ਬਿਨਾਂ ਦੂਜਿਆਂ ਲਈ ਜਗ੍ਹਾ ਹੀ ਖ਼ਤਮ ਹੁੰਦੀ ਜਾ ਰਹੀ ਹੈ। ਬੇਰੁਜ਼ਗਾਰੀ ਦੇ ਭੰਨੇ ਆਮ ਨੌਜਵਾਨ ਨਿਰਾਸ਼ਾ ਦੇ ਆਲਮ ਵਿਚ ਹੋਣ ਕਰ ਕੇ ਨਸ਼ਿਆਂ ਦੀ ਗਹਿਰੀ ਦਲਦਲ ਵਿਚ ਧਸ ਰਹੇ ਹਨ। ਬੇਸ਼ੱਕ ਸੱਤਾਧਾਰੀ ਅਕਾਲੀ ਦਲ ਦੇ ਆਗੂ ਨਸ਼ਿਆਂ ਦੀ ਅਸਲੀਅਤ ਨੂੰ ਬਿਆਨਣ ਦੇ ਪ੍ਰਚਾਰ ਨੂੰ ਪੰਜਾਬ ਦੀ ਬਦਨਾਮੀ ਕਹਿ ਰਹੇ ਹਨ, ਪਰ ਬਿੱਲੀ ਨੂੰ ਦੇਖ ਕੇ ਅੱਖਾਂ ਬੰਦ ਕਰਨ ਨਾਲ ਕਬੂਤਰ ਦੀ ਜਾਨ ਨਹੀਂ ਬਚਦੀ। ਅਕਾਲੀ ਦਲ ਦੇ ਸਰਹੱਦ ਉਤੇ ਦਿੱਤੇ ਧਰਨੇ ਅਤੇ ਪੁਲਿਸ ਵੱਲੋਂ ਹਜ਼ਾਰਾਂ ਨਸ਼ੇੜੀ ਅਤੇ ਪੀੜਤ ਨੌਜਵਾਨਾਂ ਉੱਤੇ ਪਰਚੇ ਦਰਜ ਕਰਨ ਦੀ ਹਕੀਕਤ ਸਮੱਸਿਆ ਦੀ ਗਹਿਰਾਈ ਨੂੰ ਦਰਸਾਉਂਦੀ ਰਹੇਗੀ।

ਧੀਆਂ-ਭੈਣਾਂ ਦੀਆਂ ਬੇਪਤੀਆਂ ਵਿਚ ਹੋ ਰਿਹਾ ਵਾਧਾ, ਪੁਲਿਸ ਵੱਲੋਂ ਗ਼ਲਤ ਪਛਾਣ ਦੇ ਨਾਮ ਉਤੇ ਹੀ ਨੌਜਵਾਨਾਂ ਦੇ ਫੱਟੜ ਅਤੇ ਕਤਲ ਕਰਨ ਦੀਆਂ ਘਟਨਾਵਾਂ ਅਤੇ ਮਗਨਰੇਗਾ ਦੇ ਕੰਮ ਦੇ ਪੈਸੇ ਮੰਗਦੇ ਮਜ਼ਦੂਰ, ਪੁਲਿਸ ਲਾਠੀਆਂ ਦਾ ਸ਼ਿਕਾਰ ਹੋ ਰਹੇ ਪੜ੍ਹੇ ਲਿਖੇ ਮੁੰਡੇ-ਕੁੜੀਆਂ ਅਤੇ ਵਿੱਤੀ ਕੰਗਾਲੀ ਵਾਲੇ ਪੈਦਾ ਹੋ ਰਹੇ ਹਾਲਾਤ ਪੰਜਾਬ ਦੇ ਗਹਿਰੀ ਬਿਮਾਰੀ ਵਾਲੇ ਤਾਣੇ ਬਾਣੇ ਦੇ ਲੱਛਣ ਹਨ। ਮਿਸ਼ਨ-17 ਵਾਲਿਆਂ ਨੂੰ ਇਸ ਸਮੇਂ ਦੇ ਦੌਰਾਨ ਇਨ੍ਹਾਂ ਸੁਆਲਾਂ ਬਾਰੇ ਆਪਣਾ ਨਜ਼ਰੀਆ ਅਤੇ ਇਨ੍ਹਾਂ ਦੇ ਹੱਲ ਦਾ ਪ੍ਰਸਤਾਵ ਪੇਸ਼ ਕਰਨਾ ਚਾਹੀਦਾ ਹੈ। ਨਾਲੇ ਇਹ ਦੱਸ ਵੀ ਜ਼ਰੂਰ ਪਾਉਣੀ ਚਾਹੀਦੀ ਹੈ ਕਿ ਸਭ ਨੂੰ ਇੱਕ ਨਜ਼ਰ ਨਾਲ ਦੇਖਣ ਵਾਲੇ ਸੰਵਿਧਾਨ ਅਤੇ ਕਾਨੂੰਨ ਮੁਤਾਬਿਕ ਕੀ ਪਿੰਡਾਂ ਦੀ 66 ਫ਼ੀਸਦੀ ਆਬਾਦੀ ਅਤੇ 80 ਫ਼ੀਸਦੀ ਤੋਂ ਉੱਪਰ ਸ਼ਹਿਰੀ ਗਰੀਬ ਇਸ ਮਿਸ਼ਨ ਦੀ ਚੁਣਾਵੀ ਖੇਡ ਵਿਚ ਖਿਡਾਰੀ ਦੇ ਤੌਰ ਉੱਤੇ ਹਿੱਸੇਦਾਰ ਬਣ ਸਕਦੀ ਹੈ? ਜੇ ਨਹੀਂ ਤਾਂ ਉਸ ਨੂੰ ਖਿਡਾਉਣ ਲਈ ਕੀ ਉਪਰਾਲਾ ਕੀਤਾ ਜਾਵੇਗਾ? ਵਿਧਾਨ ਸਭਾ ਚੋਣਾਂ ਵਿਚ ਇੱਕ ਉਮੀਦਵਾਰ 40 ਲੱਖ ਰੁਪਏ ਖਰਚ ਕਰ ਸਕਦਾ ਹੈ, ਪਰ ਪਾਰਟੀ ਦੇ ਖਰਚ ਦੀ ਕੋਈ ਸੀਮਾ ਨਹੀਂ ਹੈ ਤਾਂ ਅਜਿਹੀ ਖੁੱਲ੍ਹੀ ਖੇਡ ਵਿਚ ਆਮ ਆਦਮੀ ਕਿਵੇਂ ਫਿੱਟ ਹੋ ਸਕੇਗਾ? ਕੀ ਇਹ ਪਾਰਟੀ ਹਾਈ ਕਮਾਨ ਸਭਿਆਚਾਰ ਜਾਂ ਕੁਝ ਗਿਣੇ ਚੁਣੇ ਪਰਿਵਾਰਾਂ ਨੂੰ ਉਮੀਦਵਾਰ ਚੁਣਨ ਦੇ ਹੱਕ ਦੇਣ ਨਾਲ ਸੰਭਵ ਹੈ? ਵਿਵਸਥਾ ਪਰਿਵਰਤਨ ਤੋਂ ਬਿਨਾਂ ਕੀ ਲੋਕਾਂ ਦੀ ਪੁੱਗਤ ਜਾਂ ਪਿੰਡ ਵਿਚ ਰਹਿਣ ਵਾਲੇ ਕਿਸੇ ਵਿਅਕਤੀ ਅਤੇ ਸ਼ਹਿਰੀ ਗੰਦੀਆਂ ਬਸਤੀਆਂ ਦੇ ਬਾਸ਼ਿੰਦਿਆਂ ਦੀ ਕੋਈ ਭੂਮਿਕਾ ਹੋ ਸਕਦੀ ਹੈ ਜਾਂ ਸਾਰੇ ਇਨ੍ਹਾਂ ਨੂੰ ਪੰਜ ਸਾਲ ਤੋਂ ਬਾਅਦ ਕੇਵਲ ਵੋਟਰ ਬਣਨ ਤਕ ਮਹਿਦੂਦ ਰਹਿਣ ਨਾਲ ਤੇ ਪੈਸੇ, ਨਸ਼ੇ, ਜਾਤ-ਬਰਾਦਰੀ ਅਤੇ ਝੂਠੇ ਪ੍ਰਚਾਰ ਜਾਂ ਹਵਾਈ ਸੁਪਨੇ ਦਿਖਾ ਕੇ ਪਿਛਲੱਗ ਬਣਾਉਣ ਤਕ ਹੀ ਮਾਇਆਜਾਲ ਵਿਚ ਫਸਾਉਣ ਦਾ ਦੋਸਤਾਨਾ ਮੈਚ ਲੜਨ ਦੀ ਤਿਆਰੀ ਕਰ ਰਹੇ ਹਨ। ਇਹ ਦੇਖਣਾ ਦਿਲਚਸਪ ਰਹੇਗਾ ਕਿ ਮਿਸ਼ਨ-17 ਦੇ ਨਾਅਰੇ ਹੇਠ ਕੀ ਸਾਰੀਆਂ ਬੁਨਿਆਦੀ ਸਮੱਸਿਆਵਾਂ ਰੁਲ ਜਾਣਗੀਆਂ ਜਾਂ ਸਮੱਸਿਆਵਾਂ ਨੂੰ ਹੱਡੀਂ ਹੰਢਾਅ ਰਹੇ ਲੋਕ ਤੇ ਇਨ੍ਹਾਂ ਮੁੱਦਿਆਂ ਨੂੰ ਉਠਾ ਰਹੀਆਂ ਜਥੇਬੰਦੀਆਂ, ਪਾਰਟੀਆਂ ਅਤੇ ਗਰੁੱਪ ਇੱਕਜੁਟ ਮੁਹਿੰਮ ਰਾਹੀਂ ਮਿਸ਼ਨ ਦੇ ਐਕਟਰਾਂ ਨੂੰ ਜਵਾਬਦੇਹ ਬਣਨ ਲਈ ਮਜਬੂਰ ਕਰ ਦੇਣਗੇ।

# 47 ਦੀ ਵੰਡ ਬਨਾਮ ਅਤਿਵਾਦ

ਤਕਸੀਮ-ਏ-ਹਿੰਦ 14-15 ਅਗਸਤ 1947 ਇਸ ਖਿੱਤੇ ਵਿਚ ਦਹਿਸ਼ਤਗਰਦੀ ਦੀ ਸਭ ਤੋਂ ਵੱਡੀ ਬੁਨਿਆਦ ਬਣਿਆ। ਕਤਲੋ-ਗਾਰਤਗਿਰੀ ਦਾ ਸਭ ਤੋਂ ਵੱਡਾ ਮੈਦਾਨ ਪੰਜਾਬ ਵਿਚ ਲੱਗਿਆ। ਲੱਖਾਂ ਪੰਜਾਬੀ ਪਰਿਵਾਰਾਂ ਨੂੰ ਆਪਣੇ ਘਰ-ਬਾਰ ਛੱਡ ਕੇ ਲਹਿੰਦੇ ਤੋਂ ਚੜ੍ਹਦੇ ਤੇ ਚੜ੍ਹਦੇ ਤੋਂ ਲਹਿੰਦੇ ਪੰਜਾਬ ਜਾਣਾ ਪਿਆ। ਇਹ ਇਨਸਾਨੀ ਇਤਿਹਾਸ ਦਾ ਸਭ ਤੋਂ ਵੱਡਾ ਆਬਾਦੀ ਤਬਾਦਲਾ ਸੀ। ਸਾਰੇ ਪੰਜਾਬ ਦੇ ਬਹੁ-ਗਿਣਤੀ ਪੰਜਾਬੀਆਂ ਨੂੰ ਅੱਗ, ਨਫ਼ਰਤ ਤੇ ਉਨ੍ਹਾਂ ਦੇ ਆਪਣੇ ਹੀ ਖ਼ੂਨ ਨਾਲ

**ਤਾਹਿਰ ਮਹਿਮੂਦ**

ਇਸ਼ਨਾਨ ਕਰਵਾਇਆ ਗਿਆ। ਇਨਸਾਨੀ ਮੁਹੱਬਤਾਂ-ਦੋਸਤੀਆਂ ਤੇ ਸੈਂਕੜੇ ਸਾਲਾਂ ਦੀਆਂ ਆਪਸੀ ਸਾਂਝਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮਰਦਾਂ-ਔਰਤਾਂ ਤੇ ਮਾਸੂਮ ਬੱਚਿਆਂ ਨੂੰ ਗਾਜਰ-ਮੂਲੀ ਵਾਂਗ ਵੱਢ-ਟੁੱਕ ਕੇ ਪੰਜਾਬ ਦੇ ਮੈਦਾਨਾਂ 'ਚ ਖਿਲਾਰ ਦਿੱਤਾ ਗਿਆ। ਪੰਜਾਬ ਦੇ ਵਗਦੇ ਦਰਿਆ ਖ਼ੂਨੀ ਦਰਿਆਵਾਂ 'ਚ ਬਦਲ ਗਏ। ਜਿਨ੍ਹਾਂ ਖੂਹਾਂ ਵਿਚੋਂ ਲੋਕ ਪਾਣੀ ਕੱਢ ਕੇ ਆਪਣੀ ਪਿਆਸ ਬੁਝਾਉਂਦੇ ਸਨ, ਉਨ੍ਹਾਂ ਖੂਹਾਂ ਨੂੰ ਇਨਸਾਨੀ ਲਾਸ਼ਾਂ ਨਾਲ ਭਰ ਦਿੱਤਾ ਗਿਆ। ਪੰਜਾਬੀਆਂ ਦੇ ਘਰ, ਪਿੰਡ, ਗਲੀਆਂ ਤੇ ਖੇਤਾਂ ਨੂੰ ਪੰਜਾਬੀ ਪਰਿਵਾਰਾਂ ਲਈ ਕਬਰਸਤਾਨ ਤੇ ਸ਼ਮਸ਼ਾਨਘਾਟ ਬਣਾ ਦਿੱਤਾ ਗਿਆ। ਮੌਤ ਦੇ ਖੌਫ਼ ਦੀ ਭਿਆਨਕ ਫਿਜ਼ਾ 'ਚ ਪੰਜਾਬੀ ਆਪਣੇ ਹੀ ਪਿਆਰਿਆਂ ਦੀਆਂ ਲਾਸ਼ਾਂ ਉੱਤੇ ਪੈਰ ਰੱਖ-ਰੱਖ ਅੰਨ੍ਹੇਵਾਹ ਜਿੱਧਰ ਨੂੰ ਮੂੰਹ ਉੱਠਿਆ ਭੱਜਦੇ ਗਏ।

ਪੰਜਾਬੀਆਂ ਨੇ ਹੀ ਪੰਜਾਬੀਆਂ ਦੇ ਵਤਨ ਛੱਡੀ ਜਾਂਦੇ ਕਾਫਲਿਆਂ 'ਤੇ ਹਮਲੇ ਕੀਤੇ ਅਤੇ ਲੁੱਟਿਆ। ਮਾਸੂਮ ਤੇ ਜਵਾਨ ਬੱਚੀਆਂ ਨੂੰ ਲੁੱਟੇ-ਪੁੱਟੇ ਕਾਫਲੇ ਵਾਲਿਆਂ ਕੋਲੋਂ ਖੋਹ ਲਿਆ ਗਿਆ। ਅੰਮਾ ਹਵਾ ਦੀਆਂ ਬੇਟੀਆਂ ਦੀ ਇੱਜ਼ਤ ਲੀਰੋ-ਲੀਰ ਕਰ ਦਿੱਤੀ ਗਈ। ਅੱਲ੍ਹੜ ਮੁਟਿਆਰਾਂ ਤੇ ਜਵਾਨ ਔਰਤਾਂ ਆਪਸ 'ਚ ਇੰਜ ਵੰਡੀਆਂ ਗਈਆਂ, ਜਿਵੇਂ ਮਿਠਾਈ ਵੰਡੀ ਜਾਂਦੀ ਹੈ। ਲੁੱਟ ਦਾ ਮਾਲ ਜੋ ਸੀ! ਇਨ੍ਹਾਂ ਬੱਚੀਆਂ ਤੇ ਔਰਤਾਂ ਦਾ ਜ਼ਬਰਦਸਤੀ ਧਰਮ ਬਦਲ ਦਿੱਤਾ ਗਿਆ। ਜਿਸ ਨੇ ਜਿਹੜੀ ਮੰਗੀ, ਉਹਦੇ ਲੜ ਲਾ ਦਿੱਤੀ। ਇੱਜ਼ਤਾਂ ਨੂੰ ਬਾਜ਼ਾਰ ਦਾ ਮਾਲ ਬਣਾ ਲਿਆ। ਤਾਕਤਵਰਾਂ ਤੇ ਬਦਮਾਸ਼ਾਂ ਦੇ ਹੱਥ ਸਭ ਤੋਂ ਖ਼ੂਬਸੂਰਤ ਔਰਤਾਂ ਤੇ ਕੁੜੀਆਂ ਫੜਾਈਆਂ ਗਈਆਂ। ਜੋ ਔਰਤਾਂ 1, 2 ਜਾਂ 3 ਬੱਚੇ ਛੱਡ ਕੇ ਆਈਆਂ ਸਨ, ਉਨ੍ਹਾਂ ਨੂੰ ਵੀ ਨਵੇਂ ਖਸਮਾਂ ਦੇ ਹਵਾਲੇ ਕਰ ਦਿੱਤਾ ਗਿਆ। ਮਾੜੇ-ਕਮਜ਼ੋਰ ਤੇ ਮ੍ਹਾਤੜ ਮਰਦਾਂ ਦੇ ਹੱਥ ਜਿਹੜੀ ਵੀ ਔਰਤ ਲੱਗੀ, ਉਹ ਲੈ ਗਿਆ। ਕਈ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਅੰਦਰ ਭੇਡ-ਬੱਕਰੀਆਂ ਵਾਂਗ ਖੁੱਲ੍ਹੇ ਵਿਹੜੇ ਵਾਲੀਆਂ ਹਵੇਲੀਆਂ 'ਚ ਔਰਤਾਂ ਤੇ ਮੁਟਿਆਰਾਂ ਨੂੰ ਤਾੜ ਦਿੱਤਾ ਗਿਆ। ਜਖ਼ਮਾਂ ਨਾਲ ਚੂਰ, ਖ਼ੂਨ ਨਾਲ ਭਿੱਜੇ ਕੱਪੜੇ ਤੇ ਗਲ ਪਈਆਂ ਆਪਣੇ ਹੀ ਖ਼ੂਨ ਨਾਲ ਰੰਗੀਆਂ ਲਾਲ ਚੁੰਨੀਆਂ ਵਾਲੀਆਂ ਇਨ੍ਹਾਂ ਬੇਟੀਆਂ-ਭੈਣਾਂ ਦੀ ਆਹ-ਹੋ-ਪੁਕਾਰ ਮਨਾਂ ਨੂੰ ਛਲਣੀ ਤੇ ਦਿਲਾਂ ਨੂੰ ਜ਼ਖ਼ਮੀ ਕਰ ਰਹੀ ਸੀ। ਇਨ੍ਹਾਂ ਨੂੰ ਜ਼ਬਰਦਸਤੀ ਕਾਫ਼ਲਿਆਂ ਵਿਚੋਂ ਖੋਹ ਕੇ ਲਿਆਉਣ ਵਾਲੇ ਬਦਮਾਸ਼, ਗੁੰਡੇ ਤੇ ਦਹਿਸ਼ਤਗਰਦ ਆਪਣੇ ਦੋਸਤਾਂ ਤੇ ਜਾਣਨ ਵਾਲਿਆਂ ਨੂੰ ਬੁਲਾ ਕੇ ਪੰਜਾਬ ਦੀਆਂ ਇਨ੍ਹਾਂ ਧੀਆਂ ਦੀਆਂ ਵੰਡਾਂ ਪਾ ਰਹੇ ਸਨ। ਵੰਡਾਂ ਪਾਉਣ ਵਾਲੇ ਇਹ ਜ਼ਾਲਮ ਇਨਸਾਨੀਅਤ ਦੇ ਕਾਤਲ ਤੇ ਦਹਿਸ਼ਤਗਰਦ ਸਨ। ਕਹਿਣ ਨੂੰ ਚਾਹੇ ਇਹ ਮੁਸਲਮਾਨ, ਸਿੱਖ ਜਾਂ ਹਿੰਦੂ ਸਨ, ਪਰ ਦਹਿਸ਼ਤਗਰਦ ਕੇਵਲ ਦਹਿਸ਼ਤਗਰਦ ਹੁੰਦੇ ਹਨ। ਇਨ੍ਹਾਂ ਦਾ ਕੋਈ ਧਰਮ ਨਹੀਂ ਹੁੰਦਾ।

ਇਨ੍ਹਾਂ ਜਵਾਨ ਨਿਰਦੋਸ਼ ਲੜਕੀਆਂ ਦੇ ਦਿਲ ਜਾਣਦੇ ਹਨ ਜਾਂ ਰੱਬ ਜਾਣਦਾ ਹੈ ਜੋ ਉਨ੍ਹਾਂ 'ਤੇ ਬੀਤ ਰਹੀ ਸੀ। ਇਨ੍ਹਾਂ ਨੇ ਜਿਉਂਦੇ-ਜੀਅ ਨਰਕ 'ਚ ਸੜ ਕੇ ਦੇਖ ਲਿਆ। ਕੁਝ ਸਮਾਂ ਗੁਜ਼ਰਨ ਤੋਂ ਬਾਅਦ ਇਨ੍ਹਾਂ ਹਜ਼ਾਰਾਂ ਬੇਟੀਆਂ-ਭੈਣਾਂ ਵਿਚੋਂ ਕੁਝ ਫ਼ੌਜ, ਰਾਹੀਂ ਫੜ ਕੇ ਆਪਣੇ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ। ਇਨ੍ਹਾਂ ਵਿਚੋਂ ਕਈ ਇਕ ਜਾਂ ਦੋ ਬੱਚਿਆਂ ਦੀਆਂ ਮਾਵਾਂ ਵੀ ਬਣ ਚੁੱਕੀਆਂ ਸਨ, ਪਰ ਵਾਰਸਾਂ ਨੇ ਅਜਿਹੀਆਂ ਧੀਆਂ-ਭੈਣਾਂ ਵਿਚੋਂ ਬਹੁਤੀਆਂ ਨੂੰ ਗ਼ੈਰਤ, ਅਣਖ ਦਾ ਬਹਾਨਾ ਬਣਾ ਕੇ ਕਤਲ ਕਰ ਦਿੱਤਾ ਜਾਂ ਅਪਨਾਉਣ ਤੋਂ ਨਾਂਹ ਕਰ ਦਿੱਤੀ। ਪੰਜਾਬ ਦੀਆਂ ਇਨ੍ਹਾਂ ਧੀਆਂ ਦੇ ਸਭ ਦੁਸ਼ਮਣ ਬਣ ਗਏ।

ਕੇਵਲ ਪੰਜਾਬ ਦੀ ਹੀ ਵੰਡ ਨਹੀਂ ਹੋਈ, ਬਲਕਿ ਪੰਜਾਬੀ ਕੌਮ, ਪੰਜਾਬੀ ਜ਼ਬਾਨ ਤੇ ਪੰਜਾਬੀਅਤ ਬਰਬਾਦ ਹੋ ਗਈ। ਘਰ ਤਕਸੀਮ ਹੋ ਜਾਂਦੇ ਹਨ, ਚੁੱਲ੍ਹੇ ਵੱਖਰੇ ਕਰ ਲਏ ਜਾਂਦੇ ਹਨ, ਵਿਹੜਿਆਂ ਵਿਚ ਕੰਧਾਂ ਪੈ ਜਾਂਦੀਆਂ ਹਨ, ਪਰ ਕਦੀ ਮਿਲਣਾ ਨਹੀਂ। ਇਕ-ਦੂਜੇ ਵੱਲ ਆਉਣਾ-ਜਾਣਾ ਨਹੀਂ, ਮਰ ਜਾਣਾ ਹੈ ਜਾਂ ਮਾਰ ਦੇਣਾ ਹੈ। ਤੂੰ ਮੇਰਾ ਘਰ ਬਰਬਾਦ ਕਰ ਰਿਹਾ ਹੈਂ; ਨਹੀਂ-ਨਹੀਂ, ਤੂੰ ਮੇਰਾ ਘਰ ਸਾੜ ਰਿਹਾ ਹੈਂ। ਤੂੰ ਸਾਡੇ ਵੱਲ ਅਤਿਵਾਦ ਫੈਲਾਅ ਰੱਖਿਆ ਹੈ। ਇੰਜ ਨਹੀਂ, ਬਲਕਿ ਤੂੰ ਸਾਡੇ ਵੱਲ ਦਹਿਸ਼ਤਗਰਦੀ ਵਧਾ ਰਿਹਾ ਹੈਂ। ਇਕ-ਦੂਜੇ 'ਤੇ ਸ਼ੱਕ-ਨਫ਼ਰਤ। ਇਕ-ਦੂਜੇ ਨੂੰ ਨੁਕਸਾਨ ਪਹੁੰਚਾਉਣ, ਬਦਨਾਮ ਕਰਨ ਤੇ ਥੱਲੇ ਲਾਉਣ ਦੀ ਸੋਚ ਤੇ ਨੀਤੀ। ਕੀ ਇਹੋ ਇਨਸਾਨੀ ਕਦਰਾਂ-ਕੀਮਤਾਂ ਹਨ? ਜਾਂ ਇਹ ਇਨਸਾਨੀਅਤ ਹੈ? ਅਤਿਵਾਦ ਦਾ ਸ਼ਿਕਾਰ ਬਣਾ ਦਿੱਤਾ ਗਿਆ ਹੈ ਪਾਕਿਸਤਾਨ ਤੇ ਹਿੰਦੁਸਤਾਨ ਨੂੰ। ਦੱਖਣੀ ਏਸ਼ੀਆ ਦਾ ਸਭ ਤੋਂ ਵੱਡਾ ਮਸਲਾ ਹੀ ਅਤਿਵਾਦ ਹੈ।

ਵਾਹਗਾ ਸਰਹੱਦ 'ਤੇ ਆਤਮਘਾਤੀ ਹਮਲਾ ਹੋਇਆ। ਵਾਹਗਾ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਦੇਖਣ ਲਈ ਆਉਣ ਵਾਲੇ ਪਾਕਿਸਤਾਨੀਆਂ 'ਤੇ ਕਿਆਮਤ ਗੁਜ਼ਰ ਗਈ। ਮਰਦ-ਔਰਤਾਂ ਤੇ ਮਾਸੂਮ ਬੱਚਿਆਂ ਦੇ ਸਰੀਰ ਬੋਟੀਆਂ ਤੇ ਸਵਾਹ ਦੀ ਸ਼ਕਲ 'ਚ ਇਕ ਕਾਲੀ ਹਨ੍ਹੇਰੀ ਦਾ ਰੂਪ ਬਣ ਗਏ। ਸਾਡੇ ਲੋਕਾਂ ਦਾ ਹੋ ਰਿਹਾ ਇਹ ਹਸ਼ਰ-ਨਸ਼ਰ ਤੇ ਇਨਸਾਨੀ ਜ਼ਿੰਦਗੀ 'ਤੇ ਗੁਜ਼ਰੀ ਕਿਆਮਤ ਦਾ ਤਮਾਸ਼ਾ ਵਾਹਗਾ ਬਾਰਡਰ ਦੇ ਗੇਟ ਦੇ ਦੂਜੇ ਪਾਸੇ ਬੈਠੇ ਹਿੰਦੁਸਤਾਨੀ ਭਾਈਚਾਰੇ ਨੇ ਆਪਣੀ ਅੱਖੀਂ ਦੇਖਿਆ। ਕੀ ਇਹ ਖ਼ੂਨੀ ਦਹਿਸ਼ਤਗਰਦ ਪਾਕਿਸਤਾਨ ਤੇ ਪਾਕਿਸਤਾਨੀਆਂ ਦੇ ਯਾਰ ਸਨ? ਦਾਤਾ ਦਰਬਾਰ ਲਾਹੌਰ, ਅਨਾਰਕਲੀ ਲਾਹੌਰ, ਕਿੱਸਾ ਖਾਨੀ ਬਾਜ਼ਾਰ ਪਿਸ਼ਾਵਰ, ਜੀ.ਐਚ.ਕਿਊ., ਰਾਵਲਪਿੰਡੀ, ਨੇਵਲ ਹੈੱਡ-ਕੁਆਰਟਰ, ਕਰਾਚੀ ਨਾਮਰਾ ਨਮਪਲਕਸ ਅਟਕ। ਪਾਕਿਸਤਾਨ ਦੇ ਕਿਹੜੇ-ਕਿਹੜੇ ਅਦਾਰੇ, ਬਾਜ਼ਾਰ, ਮਜ਼ਾਰ, ਮਸਜਿਦਾਂ, ਈਦਗਾਹਾਂ ਗਿਣਵਾਵਾਂ ਜੋ ਇਨ੍ਹਾਂ ਅਤਿਵਾਦੀ ਹੱਥੋਂ ਬਰਬਾਦ ਹੋ ਗਈਆਂ ਹਨ। ਹਜ਼ਾਰਾਂ ਮਰਦ, ਔਰਤਾਂ, ਮਾਸੂਮ ਬੱਚੇ ਘਰਾਂ ਦੇ ਕਮਾਉਣ ਵਾਲੇ ਰਾਖ ਦਾ ਢੇਰ ਬਣ ਗਏ। ਸੈਂਕੜੇ ਹੀ ਘਰ, ਮਸਜਿਦਾਂ ਤੇ ਮਜ਼ਾਰ ਮਿੱਟੀ ਦਾ ਢੇਰ ਬਣ ਗਏ। ਤਬਾਹੀ ਤੇ ਬਰਬਾਦੀ ਦਾ ਇਕ ਨਰਕ ਹੈ, ਜੋ ਇਨ੍ਹਾਂ ਦਹਿਸ਼ਤਗਰਦਾਂ ਨੇ ਪਾਕਿਸਤਾਨ 'ਚ ਬਾਲ ਰੱਖਿਆ ਹੈ। ਕੀ ਇਹ ਦਹਿਸ਼ਤਗਰਦ ਪਾਕਿਸਤਾਨ ਦੇ ਸੱਜਣ ਹਨ? ਇਹ ਸਾਡੇ ਦੁਸ਼ਮਣ ਤੇ ਇਹੋ ਤੁਹਾਡੇ ਦੁਸ਼ਮਣ ਹਨ। ਇਨ੍ਹਾਂ ਦਹਿਸ਼ਤਗਰਦਾਂ ਦਾ ਕੋਈ ਦੀਨ-ਧਰਮ ਨਹੀਂ ਹੈ। ਨਾ ਹੀ ਇਹ ਕਿਸੇ ਇਕ ਮੁਲਕ ਨੂੰ ਆਪਣਾ ਮੁਲਕ ਸਮਝਦੇ ਹਨ। ਇਹ ਇਨਸਾਨਾਂ ਦੇ ਰੂਪ 'ਚ ਸ਼ੈਤਾਨ ਹਨ। ਅਜਿਹੇ ਹੀ ਸ਼ੈਤਾਨ ਲਸ਼ਕਰੇ-ਝੰਗਵੀ ਦੇ ਮੁਖੀ ਮਲਕ ਇਸਹਾਕ, ਉਸ ਦੇ ਦੋ ਬੇਟੇ ਤੇ 13 ਹੋਰ ਨਾਮੀ-ਗਰਾਮੀ ਦਹਿਸ਼ਤਗਰਦਾਂ ਨੂੰ ਮੁਜ਼ੱਫ਼ਰਗੜ੍ਹ ਸ਼ਹਿਰ ਦੇ ਜੰਗਲਾਤ 'ਚ ਇਕ ਪੁਲਿਸ ਮੁਕਾਬਲੇ ਦੌਰਾਨ ਮਾਰ ਦਿੱਤਾ ਗਿਆ। ਤੁਹਾਡਾ ਵੀ ਮਸਲਾ ਇਹੋ ਦਹਿਸ਼ਤਗਰਦ ਬਣੇ ਖੜ੍ਹੇ ਹਨ ਤੇ ਸਾਨੂੰ ਪਾਕਿਸਤਾਨੀਆਂ ਤੇ ਪਾਕਿਸਤਾਨ ਨੂੰ ਵੀ ਇਨ੍ਹਾਂ ਹੀ ਦਹਿਸ਼ਤਗਰਦਾਂ ਬਰਬਾਦ ਕਰ ਕੇ ਰੱਖ ਦਿੱਤਾ ਹੈ। ਅਸੀਂ-ਤੁਸੀਂ ਰਲ ਕੇ ਇਸ ਦਹਿਸ਼ਤਗਰਦੀ ਦੇ ਤੂਫ਼ਾਨ ਦਾ ਰੁਖ਼ ਮੋੜ ਸਕਦੇ ਹਾਂ। ਇਕੱਲਾ ਕੋਈ ਇਕ ਮੁਲਕ ਇਨ੍ਹਾਂ ਖ਼ੂਨੀ ਦਰਿੰਦਿਆਂ ਨਾਲ ਨਹੀਂ ਨਜਿੱਠ ਸਕਦਾ।

ਇਸ ਖਿੱਤਾ-ਏ-ਪਾਕਿ-ਓ-ਹਿੰਦ ਦੀ ਬਦਕਿਸਮਤੀ ਹੈ ਕਿ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਵਿਚਕਾਰ 1947 ਤੋਂ ਲੈ ਕੇ ਅੱਜ ਤੱਕ ਇਤਿਮਾਦ ਤੇ ਭਰੋਸੇ ਦਾ ਰਿਸ਼ਤਾ ਕਾਇਮ ਨਹੀਂ ਹੋ ਸਕਿਆ। ਇਸ ਵਾਸਤੇ ਹੀ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਆਪਸੀ ਝਗੜਿਆਂ ਦਾ ਸਬੱਬ ਬਣੇ ਮਸਲਿਆਂ ਨੂੰ ਹੱਲ ਕਰਨ 'ਚ ਕਾਮਯਾਬ ਨਹੀਂ ਹੋ ਸਕੀਆਂ। ਇਕ-ਦੂਜੇ 'ਤੇ ਸ਼ੱਕ ਦੀ ਨਾਗਨ ਨੇ ਸਾਡੇ ਮਨਾਂ ਨੂੰ ਡੰਗ ਮਾਰ ਕੇ ਜ਼ਹਿਰੀਲਾ ਕਰ ਦਿੱਤਾ ਹੈ। ਅਮਨ ਦੀ ਰਾਹ 'ਚ ਕੰਧ ਬਣ ਗਈ ਹੈ ਇਹ ਨਾਗਨ। ਮਨਾਂ ਨੂੰ ਇਸ ਜ਼ਹਿਰ ਤੋਂ ਸਾਫ਼ ਕਰਨਾ ਜ਼ਰੂਰੀ ਹੈ। ਫਿਰ ਹੀ ਮਨ ਮਿੱਠੀਆਂ ਮੁਹੱਬਤਾਂ ਦਾ ਘਰ ਬਣ ਸਕਦਾ ਹੈ। ਅਜਿਹਾ ਘਰ ਜੋ ਇਤਿਮਾਦ ਤੇ ਭਰੋਸੇ ਦੀਆਂ ਰੌਸ਼ਨੀਆਂ ਨਾਲ ਜਗਮਗ, ਜਗਮਗ ਕਰਦਾ ਨਜ਼ਰ ਆਏ।

**ਯਾਤਰਾ**

# ਚੀਨ ਹੁਣ ਨਾਂ ਦਾ ਹੀ 'ਕਾਮਰੇਡ'

***ਹਾਲ ਹੀ ਵਿਚ ਆਏ ਚੀਨੀ ਮੰਦੇ ਨੇ ਸੰਸਾਰ ਭਰ ਵਿਚ ਉਥਲ-ਪੁਥਲ ਮਚਾਈ ਹੈ। ਧੜਾ-ਧੜ ਕਰਜ਼ਾ ਲੈਣ ਦੀ ਨੀਤੀ ਨੇ ਚੀਨੀ ਆਰਥਿਕਤਾ ਨੂੰ ਇਕ ਵਾਰ ਤਾਂ ਮੂਧੇ ਮੂੰਹ ਲਿਆ ਸੁੱਟਿਆ ਹੈ। ਪਹਿਲਾਂ ਦੱਖਣੀ ਅਮਰੀਕਾ ਅਤੇ ਹੁਣ ਚੀਨ ਨੂੰ ਲੱਗੇ ਇਸ ਵੱਡੇ ਧੱਫੇ ਨੇ ਜ਼ਾਹਿਰ ਕਰ ਦਿੱਤਾ ਹੈ ਕਿ ਪੂੰਜੀਵਾਦੀ ਵਿਕਾਸ ਦਾ ਪੱਛਮੀ ਮਾਡਲ ਅੱਜ ਦੇ ਹਾਲਾਤ ਦੇ ਉਕਾ ਹੀ ਅਨੁਕੂਲ ਨਹੀਂ ਹੈ। ਅਸਲ ਵਿਚ ਪੱਛਮੀ ਵਿਕਾਸ ਦੇ ਮੁਕਾਬਲੇ ਚੀਨ ਵਿਚ ਜਿਹੜਾ ਆਪਣਾ ਮਾਡਲ ਖੜ੍ਹਾ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ, ਉਹ ਮਾਓ ਦੀ ਮੌਤ ਤੋਂ ਬਾਅਦ 1970ਵਿਆਂ ਦੇ ਮੱਧ ਵਿਚ ਲੀਡਰਸ਼ਿਪ ਵਿਚ ਆਈ ਵੱਡੀ ਤਬਦੀਲੀ ਕਾਰਨ ਉਲਟੇ ਰੁਖ਼ ਚੱਲ ਪਿਆ ਸੀ। ਕੱਲ੍ਹ ਤੱਕ ਪ੍ਰਚਾਰ ਇਹੀ ਕੀਤਾ ਗਿਆ ਜਾਂ ਹੋਇਆ ਕਿ ਸੰਸਾਰ ਆਰਥਿਕਤਾ ਵਿਚ ਚੀਨ ਦੀ ਚੜ੍ਹਤ ਲੀਡਰਸ਼ਿਪ ਵਿਚ ਇਸ ਤਬਦੀਲੀ ਕਰ ਕੇ ਹੀ ਸੰਭਵ ਹੋਈ ਹੈ। ਇਸ ਵੱਡੀ ਉਥਲ-ਪੁਥਲ ਤੋਂ ਕੁਝ ਕੁ ਮਹੀਨੇ ਪਹਿਲਾਂ ਪੱਤਰਕਾਰ/ਲੇਖਕ ਸਿੱਧੂ ਦਮਦਮੀ, ਚੀਨ ਵਿਚ ਥੋੜ੍ਹੇ ਸਮੇਂ ਲਈ ਰੁਕੇ ਸਨ। ਇਸ ਸਮੇਂ ਦੌਰਾਨ ਉਨ੍ਹਾਂ ਚੀਨ ਬਾਰੇ ਕੀ ਕੁਝ ਮਹਿਸੂਸ ਕੀਤਾ, ਇਸ ਦਾ ਖੁਲਾਸਾ ਉਨ੍ਹਾਂ ਆਪਣੇ ਇਸ ਲੇਖ ਵਿਚ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ***

ਕੁਝ ਕੁ ਮਹੀਨੇ ਪਹਿਲਾਂ ਕੁਝ ਪਲਾਂ ਲਈ ਥੋੜ੍ਹੀ ਜਿਹੀ ਵਿੱਥ ਤੋਂ ਮੈਨੂੰ ਕਾਮਰੇਡ ਮਾਓ ਜ਼ੇ ਤੁੰਗ ਨੂੰ ਵੇਖਣ ਦਾ ਮੌਕਾ ਮਿਲਿਆ। ਪੀਪਲਜ਼ ਰਿਪਬਲਿਕ ਆਫ ਚਾਈਨਾ ਦੇ ਮੋਢੀ ਦੀ ਦੇਹ ਚੀਨ ਦੀ ਰਾਜਧਾਨੀ ਬੀਜਿੰਗ 'ਚ ਪਿਛਲੇ ਚਾਲੀ ਸਾਲਾਂ ਤੋਂ ਸਾਂਭੀ ਹੋਈ ਹੈ।

ਬੀਜਿੰਗ ਦੀ ਧੁੰਨੀ ਵਿਚ ਸਥਿਤ ਵਿਸ਼ਾਲ ਤਿਨਾਨਮਿਨ ਚੌਗਾਨ ਦੇ ਦੱਖਣੀ ਪਾਸੇ ਉਸਾਰੇ ਗਏ ਮਕਬਰੇ 'ਚ ਰੱਖੀ ਮਾਓ ਦੀ ਦੇਹ ਨੂੰ ਵੇਖਣ ਲਈ ਕੀੜੀ ਦੀ ਚਾਲੇ ਤੁਰ ਰਹੇ ਚੀਨੀਆਂ ਤੇ ਵਿਦੇਸ਼ੀ


**ਸਿੱਧੂ ਦਮਦਮੀ**

ਫੋਨ: (ਅਮਰੀਕਾ) 626-400-3567
Whatsapp:+91-94170-13869


ਸੈਲਾਨੀਆਂ ਦੀ ਲੰਬੀ ਕਤਾਰ ਵਿਚ ਉਸ ਦਿਨ ਮੈਂ ਵੀ ਸ਼ਾਮਲ ਸਾਂ। ਜੇ ਕੋਈ ਯਾਤਰੂ ਹਥੌੜਾ-ਦਾਤੀ ਦੇ ਨਿਸ਼ਾਨ ਵਾਲੇ ਲਾਲ ਦੁਸ਼ਾਲੇ 'ਚ ਹਿੱਕ ਤਕ ਲਪੇਟੀ ਮਾਓ ਦੀ ਦੇਹ ਦੇ ਭਰਵੇਂ ਦਰਸ਼ਨ ਕਰਨ ਲਈ ਦੇਹ ਕੋਲ ਜਾ ਕੇ ਰੁਕਣ ਦੀ ਕੋਸ਼ਿਸ਼ ਕਰਦਾ ਤਾਂ ਮੌਕੇ 'ਤੇ ਤਾਇਨਾਤ ਸਿਪਾਹੀ ਝੱਟ ਹਲਕਾ ਜਿਹਾ ਧੱਕਾ ਮਾਰ ਕੇ ਉਸ ਨੂੰ ਅੱਗੇ ਤੁਰਦੇ ਰਹਿਣ ਲਈ ਮਜਬੂਰ ਕਰ ਦਿੰਦੇ। ਮੇਰੇ ਨਾਲ ਵੀ ਇੰਜ ਹੀ ਹੋਇਆ। ਅਸਲ ਵਿਚ ਮਾਓ ਦੀ ਦੇਹ ਨੂੰ ਨੇੜਿਓਂ ਵੇਖਣ ਲਈ ਸੁਣੀ-ਸੁਣਾਈ ਇਹ ਗੱਲ ਵੀ ਮੈਨੂੰ ਉਤਸੁਕ ਕਰ ਰਹੀ ਸੀ ਕਿ ਜੋ ਸੰਸਾਰ ਨੂੰ ਵਿਖਾਇਆ ਜਾ ਰਿਹਾ ਹੈ, ਉਹ ਮਾਓ ਦੀ ਦੇਹ ਨਹੀਂ, ਸਗੋਂ ਮੰਮੀ ਬਣਾ ਕੇ ਸਾਂਭੀ ਗਈ ਉਸ ਦੀ ਦੇਹ ਵਾਲੇ ਬਕਸੇ ਉਪਰ ਪਾਰਦਰਸ਼ੀ ਤਾਬੂਤ 'ਚ ਟਿਕਾਇਆ ਗਿਆ ਮੋਮ ਦਾ ਬੁੱਤ ਹੈ, ਪਰ ਦਰਸ਼ਕਾਂ ਨੂੰ ਤਾਬੂਤ ਕੋਲੋਂ ਜਿੰਨੀ ਦੂਰੋਂ ਲੰਘਾਇਆ ਜਾ ਰਿਹਾ ਸੀ, ਉਨੀ ਦੂਰੋਂ ਦਰਸ਼ਕ ਲਈ ਇਸ ਗੱਲ ਦਾ ਨਿਰਣਾ ਕਰਨਾ ਮੁਸ਼ਕਿਲ ਸੀ।

ਮੇਰੀ ਇਸ ਬੀਜਿੰਗ ਯਾਤਰਾ ਦਾ ਸਬੱਬ ਅਚਾਨਕ ਉਦੋਂ ਬਣ ਗਿਆ, ਜਦੋਂ ਅਮਰੀਕਾ ਤੋਂ ਭਾਰਤ ਦੀ ਮੇਰੀ ਸਾਲਾਨਾ ਗੇੜੀ ਲਈ ਢੁਕਵੀਂ ਹਵਾਈ ਟਿਕਟ ਖਰੀਦਣ ਲਈ ਮੇਰਾ ਪੁੱਤਰ ਸਤਵਿੰਦਰ ਇੰਟਰਨੈਟ ਫਰੋਲ ਰਿਹਾ ਸੀ। ਏਅਰ ਚਾਈਨਾ ਦੀ ਲਾਸ ਏਂਜਲਸ-ਨਵੀਂ ਦਿੱਲੀ ਜਾਣ ਵਾਲੀ ਫਲਾਈਟ ਰਸਤੇ ਵਿਚ ਬੀਜਿੰਗ ਵਿਖੇ ਲਗਭਗ ਬਾਰਾਂ-ਤੇਰ੍ਹਾਂ ਘੰਟੇ ਰੁਕਦੀ ਸੀ ਤੇ ਅਜਿਹੀ ਫਲਾਈਟ ਰਾਹੀਂ ਯਾਤਰਾ ਕਰਨ ਵਾਲੇ ਮੁਸਾਫਰਾਂ ਨੂੰ ਇਸ ਬਰੇਕ ਦੌਰਾਨ ਬੀਜਿੰਗ ਅਤੇ ਇਸ ਦਾ ਆਲਾ-ਦੁਆਲਾ ਵੇਖਣ ਲਈ ਚੀਨ ਸਰਕਾਰ 17 ਘੰਟੇ ਦਾ ਵੀਜ਼ਾ ਮੌਕੇ 'ਤੇ ਹੀ ਦੇ ਦਿੰਦੀ ਹੈ। ਸੋ ਮੌਕਾ ਸੁੰਘ ਕੇ ਪਿਛਲੇ ਕਈ ਵਰ੍ਹਿਆਂ ਤੋਂ ਨਵੇਂ ਚੀਨ ਨੂੰ ਵੇਖਣ ਦੀ ਦੱਬੀ ਪਈ ਮੇਰੀ ਹਸਰਤ ਉਠ ਖੜ੍ਹੀ ਹੋਈ ਤੇ ਮੇਰੇ ਲਈ ਇਹ ਫਲਾਈਟ ਬੁੱਕ ਹੋ ਗਈ।

ਉਂਜ ਚੀਨ ਦਾ ਦੱਖਣੀ ਸੂਬਾ ਗੰਗਡਾਓ ਜਿਸ ਨੂੰ ਵਿਸ਼ੇਸ਼ ਆਰਥਿਕ ਜ਼ੋਨ ਬਣਾ ਕੇ ਚੀਨ ਦੀ ਕਮਿਊਨਿਸਟ ਸਰਕਾਰ ਨੇ ਸਭ ਤੋਂ ਪਹਿਲਾਂ ਸੀਮਤ ਰੂਪ 'ਚ ਪ੍ਰਾਈਵੇਟ ਵਪਾਰ ਕਰਨ ਤੇ ਪ੍ਰਾਈਵੇਟ ਸੰਪਤੀ ਰੱਖਣ ਦੀ ਇਜਾਜ਼ਤ ਦਿੱਤੀ ਸੀ, ਮੈਂ ਕਈ ਵਰ੍ਹੇ ਪਹਿਲਾਂ ਵੇਖ ਚੁੱਕਾ ਸਾਂ, ਪਰ ਇਸ ਦੌਰਾਨ ਸੰਸਾਰ ਆਰਥਿਕ ਮੰਦਵਾੜੇ ਦੇ ਬਾਵਜੂਦ, ਨਾ ਕੇਵਲ ਚੀਨ ਸੰਸਾਰ ਦੀ ਚੋਟੀ ਦੀ ਆਰਥਿਕ ਤੇ ਫੌਜੀ ਤਾਕਤ ਬਣ ਕੇ ਉਭਰਿਆ, ਸਗੋਂ ਅਮਰੀਕਾ ਸਮੇਤ ਲਗਭਗ ਅੱਧੀ ਦੁਨੀਆਂ ਨੂੰ ਇਸ ਨੇ ਆਪਣਾ ਕਰਜ਼ਈ ਵੀ ਬਣਾ ਲਿਆ ਹੈ। ਮੈਨੂੰ ਇਹ ਜਾਨਣ ਦੀ ਉਤਸੁਕਤਾ ਸੀ ਕਿ ਅਜਿਹਾ ਕਰਦਿਆਂ ਕੀ ਚੀਨ ਹੁਣ ਕੇਵਲ ਨਾਂ ਦਾ ਹੀ 'ਕਾਮਰੇਡ ਮੁਲਕ' ਰਹਿ ਗਿਆ ਹੈ?

ਬੀਜਿੰਗ ਏਅਰਪੋਰਟ ਦੇ ਬਾਹਰ ਪ੍ਰਾਈਵੇਟ ਟੈਕਸੀਆਂ ਦਾ ਤਾਂਤਾ ਲੱਗਿਆ ਹੋਇਆ ਸੀ। ਕੁਝ ਹੋਰਨਾਂ ਮੁਲਕਾਂ ਵਾਂਗ ਗਾਹਕਾਂ ਦੀ ਖਿੱਚ-ਖਿਚਾਈ ਤੇ ਸੌਦੇਬਾਜ਼ੀ ਚੱਲ ਰਹੀ ਸੀ। ਗੁਜ਼ਾਰੇਯੋਗ ਅੰਗਰੇਜ਼ੀ ਬੋਲਣ ਵਾਲੇ ਤੀਹ ਕੁ ਵਰ੍ਹਿਆਂ ਦੇ ਇਕ ਨੌਜਵਾਨ ਟੈਕਸੀ ਚਾਲਕ ਨੂੰ ਮੈਂ ਚੁਣ ਲਿਆ। ਹਵਾਈ ਅੱਡੇ ਤੋਂ ਟੈਕਸੀ ਦੇ ਸੜਕ 'ਤੇ ਪੈਂਦਿਆ ਹੀ ਮੈਂ ਡਰਾਈਵਰ 'ਤੇ ਸੁਆਲ ਦਾਗਣੇ ਸ਼ੁਰੂ ਕਰ ਦਿੱਤੇ। ਉਹ ਕੁਝ ਸੁਆਲਾਂ ਦੇ ਜੁਆਬ ਦਿੰਦਾ, ਕਈਆਂ ਦੇ ਵਿਸਥਾਰ ਵਿਚ ਵੀ, ਪਰ ਕਈਆਂ 'ਤੇ ਚੁੱਪ ਧਾਰ ਜਾਂਦਾ। ਹੁੰਗਾਰਾ ਵੀ ਨਾ ਭਰਦਾ। ਉਸ ਵਲੋਂ ਪੁਣ-ਪੁਣ ਕੇ ਬੋਲੇ ਸ਼ਬਦਾਂ ਤੋਂ ਸਪਸ਼ਟ ਹੁੰਦਾ ਸੀ ਕਿ ਉਸ ਦੇ ਉਮਰ-ਵਰਗ ਦੇ ਚੀਨ 'ਚ ਮਾਓ ਸਿਆਸੀ ਸਿਧਾਂਤ ਨਹੀਂ, ਕੇਵਲ ਸਿਆਸੀ ਰਸਮ ਬਣ ਕੇ ਰਹਿ ਗਿਆ ਸੀ। ਚੀਨੀ ਹੁਣ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹਨ ਤੇ ਜਮਹੂਰੀ ਮੁਲਕਾਂ ਵਾਂਗ, ਇਸ ਦੇ ਨਫੇ-ਨੁਕਸਾਨ ਲਈ ਵੀ ਉਹ ਖੁਦ ਜ਼ਿੰਮੇਵਾਰ ਹਨ। ਉਹ ਪ੍ਰਾਈਵੇਟ ਪੂੰਜੀ ਜਮ੍ਹਾਂ ਕਰ ਸਕਦੇ ਹਨ ਤੇ ਜਾਇਦਾਦ ਬਣਾ ਸਕਦੇ ਹਨ। ਹੁਣ ਪਹਿਲਾਂ ਵਾਂਗ ਕਾਰ ਰੱਖਣਾ ਕੇਵਲ ਉਚ ਸਰਕਾਰੀ ਅਫਸਰਾਂ ਦਾ ਹੀ ਹੱਕ ਨਹੀਂ ਰਿਹਾ, ਆਮ ਸ਼ਹਿਰੀ ਵੀ ਕਾਰਾਂ ਰੱਖਦੇ ਹਨ। ਟੈਕਸੀ ਵਜੋਂ ਚਲ ਰਹੀ ਲਗਜ਼ਰੀ ਕਾਰ ਟੋਇਟਾ ਕੈਮਰੀ ਕਾਰ ਵੀ ਸਰਕਾਰ ਦੀ ਨਹੀਂ ਸਗੋਂ ਚਾਲਕ ਦੀ ਆਪਣੀ ਸੀ, ਪਰ ਦੂਜੇ ਬੱਚੇ ਨਾਲ ਗਰਭਵਤੀ ਔਰਤਾਂ ਨੂੰ ਹਾਲੀ ਵੀ ਗਰਭਪਾਤ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦਾ ਮਸਲਾ ਹਾਲੀ ਵੀ ਉਠਦਾ ਹੈ ਤੇ ਫੜੇ ਜਾਣ 'ਤੇ ਸ਼ਹਿਰੀਆਂ ਨੂੰ ਪੁਲਿਸ ਪਹਿਲਾਂ ਵਾਂਗ ਤਸੀਹੇ ਵੀ ਦਿੰਦੀ ਹੈ।

ਬੰਦ ਦਰਵਾਜ਼ਿਆਂ ਪਿਛੇ ਹੀ ਸਹੀ, ਹੁਣ ਸਰਕਾਰ ਦੀ ਆਲੋਚਨਾ ਹੁੰਦੀ ਹੈ। ਹਾਲੀ ਵੀ ਭਾਵੇਂ ਅਰਥਚਾਰੇ 'ਤੇ ਸਰਕਾਰ ਦਾ ਪੂਰਾ ਕੰਟਰੋਲ ਹੈ, ਪਰ ਇਹ ਹੌਲੀ ਹੌਲੀ ਘਟਦਾ ਜਾ ਰਿਹਾ ਹੈ। ਹਾਲੀ ਵੀ ਭਾਵੇਂ ਪਾਰਟੀ ਸਰਕਾਰ 'ਤੇ ਕਾਬਜ਼ ਹੈ, ਪਰ ਮਾਓ ਕਾਲ ਵਾਂਗ ਇਹ ਇਕ ਦੇ ਹੱਥ ਵਿਚ ਨਹੀਂ ਤੇ ਨਾ ਹੀ ਕੋਈ ਵਰਤਮਾਨ ਲੀਡਰ ਮਾਓ ਵਾਂਗ ਜਨਤਾ ਦੀ ਅਟੱਲ ਸ਼ਰਧਾ ਦਾ ਮਾਲਕ ਹੈ।

ਬੀਜਿੰਗ ਵਿਚ ਘੁੰਮਣ ਤੋਂ ਪਹਿਲਾਂ ਬਹੁਤੇ ਸੈਲਾਨੀਆਂ ਵਾਂਗ ਮੇਰਾ ਇਰਾਦਾ ਵੀ ਚੀਨ ਦੀ ਮਹਾਨ ਕੰਧ ਵੇਖਣ ਦਾ ਸੀ। ਬੀਜਿੰਗ ਵਿਚ ਇਸ ਕੰਧ ਦੇ ਤਿੰਨ ਟੋਟੇ ਪੈਂਦੇ ਹਨ। ਮੁਤੀਆਨਯੂ ਵਾਲਾ ਟੋਟਾ ਹਵਾਈ ਅੱਡੇ ਤੋਂ ਇਕ ਘੰਟੇ ਦੀ ਦੂਰੀ 'ਤੇ ਸੀ ਜੋ ਮੇਰੇ ਟਾਈਮ-ਟੇਬਲ ਵਿਚ ਠੀਕ ਬੈਠਦਾ ਸੀ। ਟੈਕਸੀ 'ਚ ਕੰਧ ਵੱਲ ਜਾਂਦਿਆ ਮੇਰੀਆਂ ਅੱਖਾਂ ਚੀਨੀ ਦਿਹਾਤ ਦਾ ਸੀਨ ਲੱਭ ਰਹੀਆਂ ਸਨ। ਕਾਲਜ ਵੇਲੇ ਪਰਲ ਐਸ. ਬੱਕ ਦੇ ਨਾਵਲਾਂ ਰਾਹੀਂ ਅਤੇ ਫਿਰ ਮਾਓ ਦੇ ਸਮੇਂ ਮੀਡੀਏ ਰਾਹੀਂ ਖੇਤਾਂ 'ਚ ਕੰਮ ਕਰਦੇ ਮਰੀਅਲ ਚੀਨੀ ਕਿਸਾਨਾਂ ਦੇ ਅਕਸ ਮੇਰੇ ਮਨ ਵਿਚ ਹੁਣ ਵੀ ਅੰਕਿਤ ਸਨ, ਪਰ ਮੇਰੀ ਕਲਪਨਾ ਨਾਲ ਮੇਲ ਖਾਂਦਾ ਦਿਹਾਤ ਹੁਣ ਉਥੇ ਨਹੀਂ ਸੀ। ਫਸਲਾਂ ਦੀ ਥਾਂ ਸਟੀਲ ਤੇ ਸੀਮਿੰਟ



*15 ਅਪਰੈਲ 1989 ਨੂੰ ਇਕ ਵਿਦਿਆਰਥੀ ਦੀ ਮੌਤ ਪਿਛੋਂ ਲੋਕ ਤਿਨਾਨਮਿਨ ਚੌਗਾਨ ਵਿਚ ਮੁਜ਼ਾਹਰਾ ਕਰਦੇ ਹੋਏ*

ਦੀਆਂ ਜਿਸ ਕਿਸਮ ਦੀਆਂ ਬਿਲਡਿੰਗਾਂ ਨਜ਼ਰ ਆ ਰਹੀਆਂ ਸਨ, ਉਨ੍ਹਾਂ ਤੋਂ ਇਹ ਦਿਹਾਤ ਦੀ ਥਾਂ ਮਿਲਟਰੀ ਦਾ ਉਦਯੋਗਿਕ ਹਲਕਾ ਜਾਪ ਰਿਹਾ ਸੀ।

ਟੂਰਿਸਟ ਗਾਈਡ ਮੁਤਾਬਕ ਇਤਿਹਾਸਕ ਕੰਧ ਦੇ ਦੂਜੇ ਟੋਟਿਆਂ ਦੇ ਮੁਕਾਬਲੇ ਮੁਤੀਆਨਯੂ ਵਾਲਾ ਟੋਟਾ ਇਸ ਦੇ ਕਦੀਮੀ ਰੂਪ ਵਿਚ ਸਾਂਭਿਆ ਹੋਇਆ ਹੈ। ਆਪਣੀ ਪਰਜਾ ਨੂੰ ਵਿਦੇਸ਼ੀ ਹਮਲਿਆਂ ਤੋਂ ਬਚਾਉਣ ਲਈ ਸਭ ਤੋਂ ਪਹਿਲਾਂ ਇਹ ਕੰਧ ਚੀਨ ਦੇ ਮਹਾਰਾਜੇ ਸ਼ਿਹ ਹੂਆਂਗ ਨੇ 230 ਈਸਵੀ 'ਚ ਬਣਾਉਣੀ ਅਰੰਭ ਕੀਤੀ ਸੀ। ਉਸ ਪਿਛੋਂ ਆਉਣ ਵਾਲੇ ਮਹਾਰਾਜੇ ਇਸ ਨੂੰ ਅਗਾਂਹ ਤੋਂ ਅਗਾਂਹ ਉਸਾਰਦੇ ਚਲੇ ਗਏ।

ਰੌਚਕ ਗੱਲ ਇਹ ਕਿ ਮੁਲਕ ਦੁਆਲੇ ਕੰਧਾਂ ਵਲਣ ਦੀ ਚੀਨ ਦੀ ਸਾਮਰਾਜੀ ਰਵਾਇਤ ਇਕ ਤਰ੍ਹਾਂ ਨਾਲ ਕਮਿਊਨਿਸਟ ਰਾਜ ਵਿਚ ਵੀ ਜਾਰੀ ਰਹੀ। ਇਹ ਦੂਜੀ ਗੱਲ ਹੈ ਕਿ ਮਾਓ ਨੇ ਇੱਟਾਂ-ਸੀਮਿੰਟ ਦੀ ਥਾਂ ਫੌਜੀ ਤੇ ਪ੍ਰਸ਼ਾਸਨਿਕ ਬੰਦਿਸ਼ਾਂ 'ਤੇ ਆਧਾਰਿਤ ਅਜਿਹੀ ਅਦਿੱਖ ਕੰਧ ਉਸਾਰੀ ਸੀ ਜਿਸ ਨੂੰ 'ਲੋਹ-ਪਰਦਾ' ਕਿਹਾ ਗਿਆ। ਇਸ ਦਾ ਮਕਸਦ ਚਕਾਚੌਂਧ ਵਾਲੇ ਪੱਛਮੀ ਸੰਸਾਰ ਦੇ ਸਭਿਆਚਾਰਕ ਹਮਲੇ ਤੇ ਮੰਡੀ ਦੀ ਖਿੱਚ ਤੋਂ ਚੀਨੀ ਜਨਤਾ ਨੂੰ ਬਚਾਅ ਕੇ ਰੱਖਣਾ ਸੀ, ਪਰ ਮਾਓ ਦੇ ਉਲਟ ਉਸ ਦੇ ਉਤਰ-ਅਧਿਕਾਰੀ ਡੇਂਗ ਜ਼ਾਓ ਪਿੰਗ ਨੇ ਇਸ ਲੋਹ-ਪਰਦੇ ਵਿਚੋਂ ਬਾਹਰ ਨੂੰ ਤੇ ਅੰਦਰ ਨੂੰ ਖੁੱਲ੍ਹਣ ਵਾਲੇ ਬੂਹੇ ਕੱਢਣੇ ਸ਼ੁਰੂ ਕਰ ਦਿੱਤੇ। ਚੀਨ ਦੇ 2001 ਵਿਚ 'ਵਰਲਡ ਟਰੇਡ ਆਰਗੇਨਾਈਜੇਸ਼ਨ' ਵਿਚ ਸ਼ਾਮਲ ਹੋਣ ਨਾਲ ਲੋਹ-ਪਰਦੇ ਵਿਚ ਬੂਹੇ ਕੱਢਣ ਦੀ ਪ੍ਰਕਿਰਿਆ ਜ਼ੋਰ ਫੜ ਗਈ। ਇਸ ਦੇ ਨਤੀਜੇ ਵਜੋਂ ਚੀਨ ਵਿਚ ਗੂਗਲ, ਮੈਕਡੋਨਲਡ, ਮਾਈਕਰੋਸਾਫਟ ਜਿਹੀਆਂ ਅਮਰੀਕੀ ਤੇ ਕਈ ਹੋਰ ਬਹੁ-ਮੁਲਕੀ ਕੰਪਨੀਆਂ ਨੂੰ ਵਪਾਰਕ ਦਾਖਲਾ ਮਿਲ ਗਿਆ ਪਰ ਇਸ ਦੇ ਮੁਕਾਬਲੇ ਚੀਨ ਦੇ ਹਰ ਭਾਂਤ ਦੇ ਉਤਪਾਦਨ ਦਾ ਲਗਭਗ ਹਰ ਮੁਲਕ ਦੀ ਘਰੋਗੀ ਮੰਡੀ 'ਚ ਰੇੜ੍ਹੀ ਮਾਰਕਿਟ ਤੋਂ ਲੈ ਕੇ ਸੁਪਰ ਮਾਲਾਂ ਤਕ ਬੋਲਬਾਲਾ ਹੋ ਗਿਆ। ਹਜ਼ਾਰਾਂ ਸ਼ਹਿਰਾਂ ਵਿਚ ਨਿਰੋਲ ਚੀਨੀ ਵਸੋਂ ਵਾਲੇ 'ਚਾਈਨਾ ਟਾਊਨ' ਕਾਇਮ ਹੋ ਗਏ। ਚੀਨੀਆਂ ਦੀ ਵਪਾਰਕ ਬਿਰਤੀ ਵਾਲੀ ਨਵੀਂ ਪੀੜ੍ਹੀ ਦੁਨੀਆਂ ਦੇ ਵਪਾਰ 'ਤੇ ਛਾ ਜਾਣ ਲਈ ਅੰਗਰੇਜ਼ੀ ਵਿਚ ਮੁਹਾਰਤ ਹਾਸਲ ਕਰਨ ਲੱਗੀ ਤੇ ਵਿਸ਼ਵ ਵਪਾਰ 'ਤੇ ਚੀਨ ਦੀ ਪਕੜ ਵੇਖ ਦੂਜੀਆਂ ਭਾਸ਼ਾਵਾਂ ਵਾਲੇ ਵਪਾਰੀ ਚੀਨੀ ਸਿੱਖਣ ਲਈ ਲਟਾਪੀਂਘ ਹੋਣ ਲੱਗੇ। ਇਸ ਪੱਖ ਤੋਂ ਹਾਂਡੀ ਵਿਚੋਂ ਦਾਣਾ ਟੋਹਣ ਵਾਂਗ ਕੈਲੀਫੋਰਨੀਆ ਦੇ ਕੇਵਲ ਇਕ ਸਦੀ ਪੁਰਾਣੇ ਸ਼ਹਿਰ ਆਰਕੇਡੀਆ, ਜਿਥੇ ਮੈਂ ਅੱਜ ਕਲ੍ਹ ਰਹਿੰਦਾ ਹਾਂ, ਦੀ ਗੱਲ ਕੀਤੀ ਜਾ ਸਕਦੀ ਹੈ। ਤਿੰਨ-ਚਾਰ ਦਹਾਕੇ ਪਹਿਲਾਂ ਇਸ ਨਗਰ ਵਿਚ ਗੋਰਿਆਂ ਦੀ ਤੂਤੀ ਬੋਲਦੀ ਸੀ, ਪਰ ਹੁਣ ਇਥੇ ਨਾ ਕੇਵਲ ਚੀਨੇ ਬਹੁ-ਸੰਮਤੀ ਵਿਚ ਹਨ ਸਗੋਂ ਬਹੁਤੀ ਜਾਇਦਾਦ ਅਤੇ ਬਾਜ਼ਾਰ 'ਤੇ ਵੀ ਉਨ੍ਹਾਂ ਦਾ ਹੀ ਕਬਜ਼ਾ ਹੈ।

ਚੀਨ 'ਤੇ ਨਜ਼ਰ ਰੱਖਣ ਵਾਲੇ ਪੱਛਮੀ ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਹੁਣ ਚੀਨ



*ਲੇਖਕ ਸਿੱਧੂ ਦਮਦਮੀ ਤਿਨਾਨਮਿਨ ਚੌਗਾਨ ਦੇ ਸਾਹਮਣੇ*

ਆਪਣੇ ਲੋਹ-ਪਰਦੇ ਵਿਚ ਜੇ ਕਿਸੇ ਮੁਲਕ ਲਈ ਇਕ ਬੂਹਾ ਖੋਲ੍ਹਦਾ ਹੈ ਤਾਂ ਆਪਣੀ ਕੂਟਨੀਤਕ ਤੇ ਆਰਥਿਕ ਧਾਂਕ ਦੇ ਬਲਬੂਤੇ ਇਸ ਦੇ ਬਦਲੇ ਆਪਣੇ ਲਈ ਉਹ ਦਸ ਬੂਹੇ ਖੁੱਲ੍ਹਵਾ ਲੈਂਦਾ ਹੈ। ਮਾਓ ਦਾ ਕਾਮਰੇਡ ਚੀਨ ਜਦੋਂ ਕਿਸੇ ਗੈਰ-ਕਮਿਊਨਿਸਟ ਮੁਲਕ ਨਾਲ ਸਿਆਸੀ ਜਾਂ ਆਰਥਿਕ ਤੌਰ 'ਤੇ ਹੱਥ ਮਿਲਾਉਂਦਾ ਸੀ ਤਾਂ ਜੇਬ ਵਿਚ ਮਾਓ ਦੀ ਸਿਆਸੀ ਵਿਚਾਰਧਾਰਾ ਦੀ ਪੋਥੀ 'ਲਾਲ ਕਿਤਾਬ' ਜ਼ਰੂਰ ਰੱਖਦਾ ਸੀ, ਪਰ ਹੁਣ ਉਸ ਦੀ ਜੇਬ ਵਿਚ ਕੇਵਲ ਮੰਡੀ 'ਤੇ ਕਬਜ਼ਾ ਕਰਨ ਦੀਆਂ ਰਣਨੀਤੀਆਂ ਹੀ ਹੁੰਦੀਆਂ ਹਨ।

ਰੋਨਲਡ ਕੋਸ ਤੇ ਨਿੰਗਵੈਂਗ ਦੀ ਪੁਸਤਕ 'ਚੀਨ ਪੂੰਜੀਵਾਦੀ ਕਿਵੇਂ ਬਣਿਆ?' ਵਿਚਲੀਆਂ ਕੁਝ ਟਿੱਪਣੀਆਂ ਯਾਦ ਆ ਰਹੀਆਂ ਹਨ, "ਚੀਨ ਸਰਕਾਰ ਵਲੋਂ ਸਟੇਟ ਦੇ ਕੰਟਰੋਲ ਵਾਲੇ ਸਰਕਾਰੀ ਸੈਕਟਰ ਦੀ ਭੂਮਿਕਾ ਨੂੰ ਛਾਂਗ ਕੇ ਪ੍ਰਾਈਵੇਟ ਸੈਕਟਰ ਨੂੰ 'ਰਾਖਵੇਂ ਆਰਥਿਕ ਜ਼ੋਨਜ਼' ਦੇ ਰੂਪ ਵਿਚ ਖੋਲ੍ਹਣ ਤੇ ਸ਼ਹਿਰੀਆਂ ਨੂੰ ਪ੍ਰਾਈਵੇਟ ਜਾਇਦਾਦ ਦੇ ਅਧਿਕਾਰ ਮਿਲਣ ਕਰ ਕੇ ਇਕ ਤਕੜੀ ਮੱਧਵਰਗੀ ਜਮਾਤ ਪੈਦਾ ਹੋ ਗਈ ਹੈ ਜਿਸ ਦੇ ਫਲਸਰੂਪ ਹੁਣ ਚੀਨ ਵਿਚ ਬਹੁਤ ਅਮੀਰ ਤੇ ਬਹੁਤ ਗਰੀਬ ਸ਼ਹਿਰੀ ਨਜ਼ਰ ਆਉਣ ਲੱਗੇ ਹਨ। ਇੰਜ ਕਮਿਊਨਿਜ਼ਮ ਦੀਆਂ ਬਰਾਬਰੀ ਤੇ ਵੰਡ ਕੇ ਖਾਣ ਦੀਆਂ ਮੁੱਢਲੀਆਂ ਕਦਰਾਂ ਅਜੋਕੇ ਚੀਨੀ ਸਿਸਟਮ ਵਿਚੋਂ ਮੱਧਮ ਪੈ ਗਈਆਂ ਹਨ। ਇਸੇ ਲਈ ਕਮਿਊਨਿਸਟ ਚੀਨ ਦੀ ਥਾਂ ਚੀਨ ਨੂੰ ਹੁਣ ਸਮਾਜਵਾਦੀ ਮੁਲਕ ਕਹਿਣਾ ਜ਼ਿਆਦਾ ਫੱਬਦਾ ਹੈ।"

ਨਵੇਂ ਸ਼ਿੰਗਾਰੇ ਚੀਨੀ ਅਮੀਰਾਂ ਦੇ ਚੀਨੀ ਕਾਰਾਂ ਦੀ ਥਾਂ ਇੰਪੋਰਟਿਡ ਕਾਰਾਂ ਦੇ ਦੀਵਾਨੇ ਹੋਣ ਨੂੰ ਵੀ ਇਸੇ ਕੋਣ ਤੋਂ ਵੇਖਿਆ ਜਾ ਸਕਦਾ ਹੈ। ਮਹਾਂ-ਕੰਧ ਤੋਂ ਵਾਪਸੀ ਵੇਲੇ ਡਾਊਨ ਟਾਊਨ ਬੀਜਿੰਗ ਨੂੰ ਜਾਂਦੀ ਸੜਕ 'ਤੇ ਜਾ ਰਹੀ ਸਾਡੀ ਟੈਕਸੀ ਦੇ ਮੂਹਰੇ ਤੇ ਬਰਾਬਰ ਚੀਨੀ ਕਾਰਾਂ ਘੱਟ, ਪਰ ਦੁਨੀਆਂ ਦੇ ਹੋਰ ਮੁਲਕਾਂ ਵਿਚ ਬਣੀਆਂ ਅਤਿ ਮਹਿੰਗੀਆਂ ਕਾਰਾਂ ਰੋਲਜ਼ ਰਾਇਸ, ਆਊਡੀ, ਪੋਰਸ਼, ਬੀ.ਐਮ. ਡਬਲਯੂ, ਮਰਸਡੀਜ਼ ਆਦਿ ਜ਼ਿਆਦਾ ਗਿਣਤੀ ਵਿਚ ਦੌੜ ਰਹੀਆਂ ਸਨ। ਉਂਜ ਇਸ ਦਾ ਕਾਰਨ ਸ਼ਾਇਦ ਚੀਨ ਵਲੋਂ ਹਾਲੇ ਤਕ ਕੋਈ ਕੁਆਲਟੀ ਕਾਰ ਨਾ ਬਣਾਏ ਜਾਣਾ ਵੀ ਹੋਵੇ।

ਵਰਣਨਯੋਗ ਹੈ ਕਿ ਦੁਨੀਆਂ ਭਰ ਦੀਆਂ ਖਪਤਕਾਰ ਮੰਡੀਆਂ ਲਈ ਚੀਨ ਲਗਭਗ ਹਰ ਸ਼ੈਅ ਤਿਆਰ ਕਰ ਰਿਹਾ ਹੈ ਪਰ ਕਾਰਾਂ ਨਹੀਂ। ਖੈਰ, ਮੇਰੀਆਂ ਅੱਖਾਂ ਕਮਿਊਨਿਸਟ ਚੀਨ ਦੇ ਲੋਕਾਂ ਦੀ ਲੰਮਾ ਚਿਰ ਪਛਾਣ ਬਣੇ ਰਹੇ ਸਾਈਕਲ ਲੱਭ ਰਹੀਆਂ ਸਨ ਜੋ ਟਾਂਵੀਆਂ ਹੀ ਨਜ਼ਰ ਆਈਆਂ। ਬੀਜਿੰਗ ਦੇ ਡਾਊਨ ਟਾਊਨ ਵਿਚ ਦਾਖਲ ਹੁੰਦਿਆਂ ਹੀ ਲੱਗਿਆ ਜਿਵੇਂ ਅਮਰੀਕੀ ਅਮੀਰੀ ਦੀ ਸ਼ੋਅ-ਵਿੰਡੋ ਮੈਨਹਟਨ ਵਿਚ ਪਹੁੰਚ ਗਿਆ ਹੋਵਾਂ। ਸੰਸਾਰ ਦੀ ਉਤਮ ਅਧੁਨਿਕ ਇਮਾਰਤਸਾਜ਼ੀ ਦੀ ਮਿਸਾਲ ਪੇਸ਼ ਕਰਦੀਆਂ ਗਗਨ-ਚੁੰਬੀ ਇਮਾਰਤਾਂ ਨੇ ਜਿਵੇਂ ਸਾਰਾ ਅਕਾਸ਼ ਮੱਲਿਆ ਹੋਇਆ ਸੀ। ਮਾਹੌਲ ਭਾਵੇਂ ਮੈਨਹਟਨ ਜਿੰਨਾ ਤਾਂ ਨਹੀਂ, ਪਰ ਸਰਮਾਏ ਦੀ ਕਾਫੀ ਚਕਾਚੌਂਧ ਵਾਲਾ ਜ਼ਰੂਰ ਸੀ। ਇਕ ਤਰ੍ਹਾਂ ਨਾਲ ਇਹ ਨਜ਼ਾਰਾ ਪਿਛਲੇ ਕੁਝ ਦਹਾਕਿਆਂ ਦੌਰਾਨ ਚੀਨ ਵਲੋਂ ਹਾਸਲ ਕੀਤੀ ਗਈ ਲੇਟਵੀਂ ਤੇ ਖੜ੍ਹਵੀਂ ਤਰੱਕੀ ਦੀ ਚਿੰਨ੍ਹਾਤਮਕ ਪੇਸ਼ਕਾਰੀ ਜਾਪਦਾ ਸੀ। ਚੀਨੀ ਇਨਕਲਾਬ ਆਉਣ ਨਾਲ ਖਤਮ ਹੋਏ ਚੀਨੀ ਸਾਮਰਾਜ ਦੇ ਰਾਜਿਆਂ-ਮਹਾਰਾਜਿਆਂ ਦੇ ਮਹੱਲ ਤੇ ਮਕਬਰੇ-ਹੁਨਾਲ ਮਹੱਲ, ਮਿੰਗ ਖਾਨਦਾਨ ਦੀਆਂ ਕਬਰਾਂ, ਲਾਮਾ ਮੰਦਰ, ਸਵਰਗ ਦਾ ਮੰਦਰ ਤੇ ਵਰਜਿਤ ਸ਼ਹਿਰ ਆਦਿ ਦਾ ਟੂਰ ਮੈਂ ਕਾਹਲੀ ਵਿਚ ਖਿੱਚ ਦਿੱਤਾ, ਕਿਉਂਕਿ ਮੈਨੂੰ ਪੁਰਾਣੇ ਚੀਨ ਵਿਚ ਨਹੀਂ, ਸਗੋਂ ਅਜੋਕੇ ਚੀਨ ਵਿਚ ਦਿਲਚਸਪੀ ਸੀ। ਅਜੋਕੇ ਚੀਨ ਦੀ ਨਬਜ਼ ਟੋਹਣ ਲਈ ਤਿਨਾਨਮਿਨ ਚੌਗਾਨ ਤੋਂ ਬਿਨਾਂ ਹੋਰ ਕੋਈ ਢੁਕਵੀਂ ਥਾਂ ਸ਼ਾਇਦ ਹੀ ਹੋਵੇ। ਇਹ ਚੌਗਾਨ ਮੈਨੂੰ ਅਜੋਕੇ ਚੀਨ ਦੀ ਗਰੁੱਪ-ਫੋਟੋ ਜਾਪਿਆ ਜਿਸ ਵਿਚ ਚੀਨ ਦੇ ਦੂਰ ਦਰਾਜ਼ ਤੋਂ ਆਏ ਫਿੱਕੇ ਰੰਗਾਂ ਵਾਲੇ ਪੇਂਡੂਆਂ ਤੋਂ ਲੈ ਕੇ ਚਮਕੀਲੇ ਰੰਗਾਂ ਵਾਲੇ ਪੇਟੀ-ਬੁਰਜ਼ਵਾ/ਨਵ-ਅਮੀਰਾਂ ਤਕ ਨੂੰ ਇਕੋ ਵੇਲੇ ਵੇਖਿਆ ਜਾ ਸਕਦਾ ਹੈ।

ਵਿਦਿਆਰਥੀਆਂ ਤੇ ਸਰਕਾਰੀ ਪੁਲਿਸ/ਫੌਜ ਵਿਚਾਲੇ ਇਥੇ 1989 'ਚ ਹੋਈ ਖੂਨੀ ਟੱਕਰ ਕਾਰਨ ਚਰਚਾ ਵਿਚ ਰਹੇ ਸੰਸਾਰ ਦੇ ਸਭ ਤੋਂ ਵੱਡੇ ਇਸ ਚੌਗਾਨ ਵੱਲ ਸ਼ਨਿਚਰਵਾਰ ਦੀ ਛੁੱਟੀ ਹੋਣ ਕਾਰਨ ਖਲਕਤ ਉਲਰੀ ਆ ਰਹੀ ਸੀ। ਨੇੜੇ ਖੁੱਲ੍ਹੀ ਅਮਰੀਕੀ ਫਾਸਟ ਫੂਡ ਦੀ ਦੁਕਾਨ 'ਕੇ.ਐਫ.ਸੀ.' ਉਤੇ ਚੀਨੀ ਗਾਹਕਾਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਮਹਿੰਗੇ ਸਮਾਰਟ ਫੋਨਾਂ ਤੇ ਡਿਜ਼ਾਈਨਰ ਪੋਸ਼ਾਕਾਂ ਵਾਲੀਆਂ ਚੌਗਾਨ ਵਿਚ ਘੁੰਮ ਰਹੀਆਂ ਚੀਨੀ ਟੋਲੀਆਂ ਦੇ ਦੁਆਲੇ ਨਵੀਂ ਆਈ ਅਮੀਰੀ ਦੀ ਬੇਪ੍ਰਵਾਹੀ ਤੇ ਫੁਕਰਪੰਥੀ ਨੱਕ ਵਿਚ ਚੁਭਣ ਵਾਲੇ ਅਤਿ ਤਿੱਖੇ ਸੈਂਟ ਦੀ ਤਰ੍ਹਾਂ ਫੈਲੀ ਹੋਈ ਸੀ। ਨਵੇਂ ਬਣੇ ਚੀਨੀ ਅਮੀਰਾਂ ਲਈ ਅੱਜ ਕੱਲ੍ਹ ਅਕਸਰ ਵਰਤਿਆ ਜਾਂਦਾ ਚੀਨੀ ਭਾਸ਼ਾ ਦਾ ਸ਼ਬਦ 'ਤੋਹਾਓ' ਮੇਰੇ ਮੱਥੇ 'ਚ ਟੱਲ ਵਾਂਗ ਖੜਕ ਗਿਆ। ਮੋਟੇ ਤੌਰ 'ਤੇ ਪੰਜਾਬੀ ਵਿਚ 'ਤੋਹਾਓ' ਦਾ ਅਰਥ 'ਅੰਨ੍ਹੇ ਅਮੀਰ' ਬਣਦਾ ਹੈ। ਅਜੋਕੇ ਚੀਨੀ ਸਮਾਜ ਵਿਚ ਇਹ ਸ਼ਬਦ ਉਨ੍ਹਾਂ ਚੀਨੀਆਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਕੋਲ ਤਮੀਜ਼ ਘੱਟ ਪਰ ਮਾਇਆ ਜ਼ਿਆਦਾ ਹੈ।

ਬੀਜਿੰਗ ਯਾਤਰਾ ਨਾਲ ਮੇਰੇ ਮਨ ਦੀ ਘੁੰਡੀ ਖੁੱਲ੍ਹਣ ਦੀ ਥਾਂ ਹੋਰ ਕੱਸੀ ਜਾ ਰਹੀ ਸੀ ਕਿ ਸੰਸਾਰ ਮੰਡੀ 'ਤੇ ਕਾਬਜ਼ ਹੋਣ ਨਾਲ ਮਿਲਣ ਵਾਲੀ ਆਰਥਿਕ ਤੇ ਸਿਆਸੀ ਤਾਕਤ ਨੂੰ ਕੀ ਚੀਨ ਹੋਰ ਮੁਲਕਾਂ ਵਿਚ 'ਇਨਕਲਾਬ' ਲਿਆਉਣ ਲਈ ਵਰਤੇਗਾ ਜਾਂ ਕੇਵਲ ਚੀਨੀ ਸਰਮਾਏਦਾਰੀ ਦੀ ਸਰਦਾਰੀ ਕਾਇਮ ਕਰਨ ਲਈ?

ਦਿੱਲੀ ਲਈ ਹਵਾਈ ਜਹਾਜ਼ ਪਕੜਨ ਲਈ ਵਾਪਸ ਏਅਰਪੋਰਟ ਜਾਣ ਦਾ ਸਮਾਂ ਹੋ ਗਿਆ ਸੀ। ਬੀਜਿੰਗ ਦੇ ਕੌਮਾਂਤਰੀ ਹਵਾਈ ਅੱਡੇ ਵਲ ਦੌੜ ਰਹੀ ਟੈਕਸੀ ਵਿਚ ਬੈਠਿਆਂ ਮਨ-ਬਚਨੀ ਚੱਲ ਪਈ: ਜੇ ਬੀਜਿੰਗ ਦੇ ਮਕਬਰੇ 'ਚ ਪਿਆ ਮਾਓ ਹੁਣ ਜ਼ਿੰਦਾ ਹੋ ਜਾਵੇ ਤਾਂ ਅਜੋਕੇ ਚੀਨ ਨੂੰ ਵੇਖ ਕੇ ਉਸ ਦਾ ਕੀ ਪ੍ਰਤੀਕਰਮ ਹੋਵੇਗਾ? ਮਨ ਬੋਲਿਆ: ਲੋਕ ਕਥਾਵਾਂ ਦੀ ਕੈਦੀ ਸ਼ਹਿਜ਼ਾਦੀ ਵਾਂਗ ਪਹਿਲਾਂ ਉਹ ਹੱਸੇਗਾ, ਫੇਰ ਰੋਵੇਗਾ। ਦੁਨੀਆਂ ਵਿਚ ਲਗਾਤਾਰ ਵਧ ਰਹੀ ਚੀਨ ਦੀ ਮੰਡੀ/ਸਿਆਸੀ ਤਾਕਤ ਤੇ ਦੁਨੀਆਂ ਦੇ ਸਭ ਤੋਂ ਅਮੀਰ ਮੁਲਕਾਂ ਨੂੰ ਚੀਨ ਦਾ ਕਰਜ਼ਈ ਬਣਿਆ ਵੇਖ ਕੇ ਉਹ ਹੱਸੇਗਾ। ਤੋਹਾਓ ਧਨਾਢਾਂ ਦੇ ਵਧ ਰਹੇ ਬੋਲਬਾਲੇ ਅਤੇ ਨਾ-ਬਰਾਬਰੀ ਦੇ ਸ਼ਿਕਾਰ ਸਰਕਾਰੀ ਮਦਦ 'ਤੇ ਦਿਨ-ਕਟੀ ਕਰ ਰਹੇ ਗਰੀਬ ਮਜ਼ਦੂਰਾਂ/ਕਿਸਾਨਾਂ ਨੂੰ ਵੇਖ ਕੇ ਉਹ ਰੋਵੇਗਾ।

# ਸ਼ੀਸ਼ਾ

*'ਸ਼ੀਸ਼ਾ' ਵਿਚ ਹਰਪ੍ਰੀਤ ਸੇਖਾ ਨੇ ਕਹਾਣੀ ਵਾਲਾ ਰਸ ਭਰਿਆ ਹੈ। ਕਈ ਵੇਰਵੇ ਜੁੜਦੇ ਜੁੜਦੇ ਆਖਰ, ਦੋ ਨੁਕਤਿਆਂ 'ਤੇ ਕੇਂਦਰਤ ਹੋ ਜਾਂਦੇ ਹਨ। ਲੇਖਕ ਨੇ ਬਹੁਤ ਸੂਖਮ ਢੰਗ ਨਾਲ ਆਪਣੀ ਗੱਲ ਮੁਕਾਈ ਹੈ। ਕੈਨੇਡਾ ਵੱਸਦਾ ਨੌਜਵਾਨ ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ ਅੰਦਰ ਜੂਝ ਰਹੇ ਜਿਊੜਿਆਂ ਦਾ ਜ਼ਿਕਰ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਨੂੰ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਭਰਵੀਂ ਝਾਤੀ ਮਾਰੀ ਹੈ। -ਸੰਪਾਦਕ*



## ਟੈਕਸੀਨਾਮਾ

3

**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
hsekha@hotmail.com

ਜਦ ਉਹ ਨਿਊ ਵੈਸਟਮਿਨਸਟਰ ਦੇ ਛੋਟੇ ਜਿਹੇ ਘਰ 'ਚੋਂ ਟੈਕਸੀ ਵੱਲ ਆ ਰਹੀ ਸੀ ਤਾਂ ਮੈਨੂੰ ਲੱਗਾ, ਉਸ ਨੂੰ ਕਿਤੇ ਦੇਖਿਆ ਹੋਇਆ ਹੈ। ਚੇਤੇ 'ਤੇ ਜ਼ੋਰ ਪਾਇਆਂ ਵੀ ਜਦ ਖਿਆਲ ਨਾ ਆਇਆ ਤਾਂ ਸੋਚਿਆ, ਕਿਤੇ ਪਹਿਲਾਂ ਵੀ ਮੇਰੀ ਟੈਕਸੀ ਵਿਚ ਬੈਠੀ ਹੋਵੇਗੀ। 'ਏਅਰਪੋਰਟ' ਆਖ ਕੇ ਉਸ ਨੇ ਕੋਈ ਫਾਈਲ ਖੋਲ੍ਹ ਲਈ। ਮੈਂ ਸ਼ੀਸ਼ੇ ਵਿਚੀਂ ਪਿੱਛੇ ਦੇਖਿਆ, ਉਸ ਨੂੰ ਫਾਈਲ ਵਿਚ ਰੁੱਝੀ ਹੋਈ ਦੇਖ ਕੇ ਕੋਈ ਗੱਲ ਕਰਨੀ ਮੁਨਾਸਿਬ ਨਾ ਸਮਝੀ। ਥੋੜ੍ਹੀ ਦੇਰ ਬਾਅਦ ਉਹ ਆਪ ਹੀ ਬੋਲੀ, "ਤੇਰੇ ਬੱਚਿਆਂ ਦਾ ਸਕੂਲ ਕਿਵੇਂ ਚੱਲ ਰਿਹਾ ਹੈ?"

ਮੈਨੂੰ ਉਸ ਵੱਲੋਂ ਪੁੱਛੇ ਅਚਾਨਕ ਸਵਾਲ ਦੀ ਸਮਝ ਨਾ ਪਈ। ਮੇਰਾ ਹੱਥ ਆਪ ਮੁਹਾਰਾ ਹੀ ਅੱਧ-ਕੱਟੀ ਹੋਈ ਦਾੜ੍ਹੀ 'ਤੇ ਜਾ ਪਿਆ। 'ਕੀ ਮੈਂ ਸੱਚੀਂ ਹੀ ਐਨੀ ਉਮਰ ਦਾ ਲੱਗਦੈਂ?' ਮੈਂ ਸੋਚਿਆ। ਇਹ ਮੈਨੂੰ ਮੇਰੇ ਨਾਲ ਟੈਕਸੀ ਚਲਾਉਂਦੇ ਮਿੱਤਰ ਕਈ ਵਾਰ ਆਖ ਚੁੱਕੇ ਸਨ, "ਰਫ਼ੂਜੀਆਂ ਵਾਂਗ ਦਾੜ੍ਹੀ ਰੱਖੀ ਫਿਰਦੈਂ, ਸ਼ੇਵ ਕਰ ਲਿਆ ਕਰ", ਪਰ ਮੈਨੂੰ ਆਪਣੀ ਬਾਹਰਲੀ ਦਿੱਖ ਦੀ ਬਹੁਤੀ ਪਰਵਾਹ ਨਹੀਂ ਸੀ ਹੁੰਦੀ। ਦੁਨੀਆਂ ਵਿਚ ਕੀ ਵਾਪਰ ਰਿਹਾ ਹੈ, ਮੈਨੂੰ ਉਸ ਦੀ ਵੀ ਬਹੁਤੀ ਪਰਵਾਹ ਨਹੀਂ ਸੀ। ਬੱਸ ਪੈਸੇ ਬਣਾਉਣ ਦੀ ਹੀ ਧੁਨ ਲੱਗੀ ਰਹਿੰਦੀ ਕਿ ਛੇਤੀ ਕਿਰਾਏ ਦੀ ਬੇਸਮੈਂਟ 'ਚੋਂ ਨਿਕਲ ਕੇ ਆਪਣਾ ਮਕਾਨ ਖਰੀਦਾਂ।

ਖ਼ੈਰ, ਮੈਂ ਉਸ ਔਰਤ ਨੂੰ ਜਵਾਬ ਦਿੱਤਾ, "ਮੈਂ ਵਿਆਹਿਆ ਹੋਇਆ ਨਹੀਂ।"

"ਓ! ਕੋਈ ਭਤੀਜਾ-ਭਤੀਜੀ?"

"ਪਰ ਤੂੰ ਮੈਨੂੰ ਇਹ ਸਵਾਲ ਭਲਾ ਕਿਉਂ ਪੁੱਛ ਰਹੀ ਏਂ?"

"ਮੈਂ ਵਿੱਦਿਆ ਮਹਿਕਮੇ ਦੀ ਮੰਤਰੀ ਬਣੀ ਹਾਂ। ਜਾਣਨਾ ਚਾਹੁੰਦੀ ਹਾਂ ਕਿ ਲੋਕ ਸਾਡੇ ਸਕੂਲ ਪ੍ਰਬੰਧ ਬਾਰੇ ਕੀ ਸੋਚਦੇ ਹਨ।"

ਇਕ ਪਲ ਮੈਨੂੰ ਉਸ ਦੀ ਗੱਲ ਦਾ ਯਕੀਨ ਨਾ ਆਇਆ। ਚਿੱਤ 'ਚ ਆਈ ਕਿ ਮੰਤਰੀਆਂ ਦੀ ਐਨੀ ਬੇਕਦਰੀ? ਸਾਡੇ 'ਭਾਰਤ ਮਹਾਨ' ਵਿਚ ਤਾਂ ਮੰਤਰੀਆਂ ਦੇ ਅੱਗੇ-ਪਿੱਛੇ ਵਰਦੀ ਵਾਲਿਆਂ ਤੋਂ ਬਿਨਾਂ ਵੀ ਚਮਚੇ-ਕੜਛਿਆਂ ਦੀ ਕਤਾਰ ਲੱਗੀ ਹੁੰਦੀ ਹੈ ਤੇ ਐਥੇ, ਕੱਲੀ-ਕਾਰੀ ਟੈਕਸੀ 'ਚ ਬੈਠੀ ਮੰਤਰੀ ਡਰਾਈਵਰ ਨੂੰ ਦੱਸ ਰਹੀ ਹੈ ਕਿ ਉਹ ਸੂਬੇ ਦੀ ਮੰਤਰੀ ਹੈ। ਮੈਂ ਪਹਿਲਾਂ ਵੀ ਕਈ ਟੈਕਸੀ ਡਰਾਈਵਰਾਂ ਤੋਂ ਸੁਣਿਆ ਸੀ ਕਿ ਉਸ ਦੀ ਟੈਕਸੀ ਵਿਚ ਫਲਾਨਾ ਮੰਤਰੀ ਬੈਠਾ ਸੀ। ਉਦੋਂ ਮੈਂ ਸੋਚਦਾ ਹੁੰਦਾ ਕਿ ਐਵੇਂ ਯੱਕੜ ਮਾਰਦੇ ਆ, ਐਨੀ ਵੀ ਕੀ ਆਖ! ਭਾਰਤ 'ਚੋਂ ਨਵਾਂ ਨਵਾਂ ਆਇਆ ਮੇਰੇ ਅੰਦਰਲਾ, ਇਹ ਤਸਵੀਰ ਚਿਤਵ ਹੀ ਨਹੀਂ ਸੀ ਸਕਦਾ, ਪਰ ਹੁਣ ਮੇਰੇ ਆਪਣੇ ਨਾਲ ਇਹ ਵਾਪਰ ਰਿਹਾ ਸੀ। ਮੈਨੂੰ ਉਸ ਦਾ ਚਿਹਰਾ ਜਾਣਿਆ-ਪਛਾਣਿਆ ਲੱਗਣ ਦੀ ਸਮਝ ਆਉਣ ਲੱਗੀ। ਪਿਛਲੇ ਮਹੀਨਿਆਂ ਦੌਰਾਨ ਸੂਬਾਈ ਚੋਣਾਂ ਹੋਣ ਕਰ ਕੇ ਇਸ ਇਲਾਕੇ ਵਿਚ ਥਾਂ ਥਾਂ ਇਸ ਦੇ ਪੋਸਟਰ ਲੱਗੇ ਹੋਏ ਸਨ। ਉਨ੍ਹੀਂ ਦਿਨੀ ਤਾਂ ਮੇਰੇ ਲਈ ਅਖਬਾਰ ਦਾ ਮਤਲਬ ਵੀ ਉਸ ਦਾ ਵਿਚਕਾਰਲਾ ਇਸ਼ਤਿਹਾਰਾਂ ਵਾਲਾ ਹਿੱਸਾ ਹੀ ਹੁੰਦਾ ਸੀ। ਕਿਸੇ ਬਿਹਤਰ ਨੌਕਰੀ ਲਈ ਜਾਂ ਕੋਈ ਪੁਰਾਣੀ ਤੇ ਸਸਤੀ ਚੀਜ਼ ਖਰੀਦਣ ਲਈ। ਕੈਨੇਡਾ ਦੀ ਸਿਆਸਤ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਸੀ। ਮੈਂ ਤਾਂ ਕੁਝ ਸਾਲ ਰਹਿਣਾ ਸੀ ਤੇ ਫਿਰ ਜਦੋਂ ਚਾਰ ਛਿੱਲੜ ਜੁੜ ਜਾਣੇ ਸਨ, ਮੈਂ ਆਪਣੇ 'ਭਾਰਤ ਮਹਾਨ' ਵੱਲ ਚਾਲੇ ਪਾ ਦੇਣੇ ਸਨ, ਪਰ ਉਸ ਮਨਿਸਟਰ ਦੇ ਟੈਕਸੀ ਵਿਚ ਬੈਠਿਆਂ ਮੈਨੂੰ ਆਪਣੀ ਅਗਿਆਨਤਾ 'ਤੇ ਸ਼ਰਮ ਮਹਿਸੂਸ ਹੋਈ ਕਿ ਮੈਂ ਆਪਣੇ ਆਲੇ-ਦੁਆਲੇ ਦੀ ਐਨੀ ਵੀ ਸਾਰ ਨਹੀਂ ਰੱਖਦਾ। ਆਪਣੀ ਝੇਂਪ ਨੂੰ ਲੁਕਾਉਂਦਿਆਂ ਮੈਂ ਕਿਹਾ, "ਮੁਆਫ਼ ਕਰਨਾ, ਇਸ ਮਾਮਲੇ 'ਚ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ। ਮੇਰਾ ਸਕੂਲ ਸਿਸਟਮ ਨਾਲ ਸਿੱਧਾ ਜਾਂ ਅਸਿੱਧਾ ਕੋਈ ਵਾਸਤਾ ਨਹੀਂ ਹੈ।"

"ਚੱਲ ਕੋਈ ਨਹੀਂ, ਤੇਰਾ ਸਾਡੀ ਸਰਕਾਰ ਵੱਲੋਂ ਸੈਨੇਟ ਵਿਚ ਔਰਤਾਂ ਲਈ ਰਾਖਵੀਆਂ ਸੀਟਾਂ ਰੱਖਣ ਬਾਰੇ ਕੀ ਵਿਚਾਰ ਹੈ?"

ਇਕ ਵਾਰ ਫਿਰ ਮੈਨੂੰ ਆਪਣੀ ਅਗਿਆਨਤਾ 'ਤੇ ਸ਼ਰਮ ਆਈ, ਪਰ ਮੈਂ ਉਸ ਦੇ ਸਵਾਲ ਤੋਂ ਹੀ ਅੰਦਾਜ਼ਾ ਲਾ ਕੇ ਕਿਹਾ, "ਤੁਸੀਂ ਇਸ ਤਰ੍ਹਾਂ ਕਿਉਂ ਨਹੀਂ ਸੋਚਦੇ ਕਿ ਸੈਨੇਟ ਵਿਚ ਸੀਟਾਂ ਰਾਖਵੀਆਂ ਰੱਖਣ ਦੀ ਜ਼ਰੂਰਤ ਕਿਉਂ ਪਈ? ਉਹ ਕਾਰਨ ਕਿਹੜੇ ਹਨ ਜਿਸ ਕਰ ਕੇ ਔਰਤਾਂ ਅਗਾਂਹ ਨਹੀਂ ਆਉਂਦੀਆਂ ਅਤੇ ਉਨ੍ਹਾਂ ਲਈ ਸੀਟਾਂ ਰਾਖਵੀਆਂ ਰੱਖਣੀਆਂ ਪੈਂਦੀਆਂ ਹਨ?"



ਉਹ ਕੁਝ ਪਲ ਚੁੱਪ ਰਹੀ, ਫਿਰ ਚਹਿਕੀ, "ਤੂੰ ਬਹੁਤ ਵਧੀਆ ਸਵਾਲ ਉਠਾਇਆ ਹੈ। ਮੈਂ ਇਸ ਬਾਰੇ ਪਾਰਲੀਮੈਂਟ 'ਚ ਗੱਲ ਕਰਾਂਗੀ, ਪਰ ਕਿਤੋਂ ਤਾਂ ਸ਼ੁਰੂਆਤ ਕਰਨੀ ਹੀ ਹੈ ਨਾ?" ਮੈਨੂੰ ਆਪਣਾ-ਆਪ ਚੰਗਾ ਚੰਗਾ ਲੱਗਾ। ਵੱਖਰੀ ਹੀ ਕਿਸਮ ਦਾ ਮਾਣ ਜਿਹਾ ਮਹਿਸੂਸ ਹੋਇਆ ਮੈਨੂੰ।

"ਹਾਂ", ਮੈਂ ਉਸ ਨਾਲ ਸਹਿਮਤੀ ਪ੍ਰਗਟਾਈ। ਉਸ ਨੇ ਫਿਰ ਆਪਣਾ ਧਿਆਨ ਫਾਈਲ ਵੱਲ ਕਰ ਲਿਆ। ਮੇਰਾ ਜੀਅ ਕਰਦਾ ਸੀ ਕਿ ਉਹ ਮੇਰੇ ਨਾਲ ਗੱਲਾਂ ਕਰੇ। ਮੈਂ ਪੁੱਛ ਲਿਆ ਕਿ ਉਹ ਰੁੱਝੀ ਹੋਈ ਹੈ! ਉਹ ਬੋਲੀ, "ਹਾਂ, ਕੰਮ 'ਤੇ ਚੱਲੀ ਹਾਂ। ਕੋਸ਼ਿਸ਼ ਕਰ ਰਹੀ ਹਾਂ ਕਿ ਕੱਲ੍ਹ ਨੂੰ ਸ਼ੁਰੂ ਹੋਣ ਵਾਲੇ ਲੈਜਿਸਲੇਟਿਵ ਅਸੈਂਬਲੀ ਦੇ ਇਜਲਾਸ ਲਈ ਆਪਣੀ ਤਿਆਰੀ ਕਰ ਲਵਾਂ।"

"ਓ.ਕੇ" ਆਖ ਕੇ ਮੈਂ ਚੁੱਪ ਕਰ ਗਿਆ। ਮੇਰੀਆਂ ਸੋਚਾਂ ਵਿਚ ਭਾਰਤ ਦੇ ਰਾਜਨੀਤੀਵਾਨਾਂ ਦੇ ਚਿਹਰੇ ਘੁੰਮਣ ਲੱਗੇ। 'ਕੀ ਉਹ ਵੀ ਪਾਰਲੀਮੈਂਟ ਜਾਂ ਅਸੈਂਬਲੀ ਵਿਚ ਜਾਣ ਨੂੰ ਕੰਮ 'ਤੇ ਜਾਣਾ ਸਮਝਦੇ ਹੋਣਗੇ?' 'ਕੀ ਉਹ ਵੀ ਆਮ ਲੋਕਾਂ ਦੀ ਗੱਲ ਇਸੇ ਤਰ੍ਹਾਂ ਸੁਣਦੇ ਹੋਣਗੇ?' ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਚਿਤਵ ਹੀ ਨਹੀਂ ਸੀ ਸਕਦਾ। ਮੇਰੇ ਖਿਆਲਾਂ ਵਿਚ ਤਾਂ ਉਹ ਆਪਣੀਆਂ ਲੱਛੇਦਾਰ ਤਕਰੀਰਾਂ, ਪੁਲੀਸ ਗਾਰਦਾਂ ਵਿਚ ਘਿਰੇ ਹੋਏ, ਧੂੜਾਂ ਉਡਾਉਂਦੀਆਂ ਕਾਰਾਂ ਦੇ ਕਾਫਲਿਆਂ ਵਿਚ ਆਉਂਦੇ-ਜਾਂਦੇ ਆਮ ਆਦਮੀ ਲਈ ਅਪਹੁੰਚ ਹੀ ਲਗਦੇ ਸਨ। ਤੇ ਇਸ ਮੰਤਰੀ ਦੇ ਵਤੀਰੇ ਨੇ ਮੈਨੂੰ ਉਸੇ ਤਰ੍ਹਾਂ ਹੀ ਹੈਰਾਨ ਕਰ ਦਿੱਤਾ ਸੀ, ਜਿਸ ਤਰ੍ਹਾਂ ਕਿ ਮੈਂ ਕੈਨੇਡਾ ਪਹੁੰਚਣ ਵਾਲੀ ਰਾਤ ਹੈਰਾਨ ਹੋਇਆ ਸੀ। ਉਸ ਰਾਤ ਮੇਰੇ ਭਣੋਈਏ ਦੀ ਘਰ ਮੂਹਰੇ ਸੜਕ 'ਤੇ ਪਾਰਕ ਕੀਤੀ ਕਾਰ ਵਿਚ ਕਿਸੇ ਹੋਰ ਦੀ ਕਾਰ ਆ ਵੱਜੀ ਸੀ ਅਤੇ ਉਸ ਡਰਾਈਵਰ ਨੇ ਅੱਧੀ ਰਾਤੋਂ ਸਾਨੂੰ ਜਗਾ ਕੇ ਸਾਥੋਂ ਮੁਆਫ਼ੀ ਮੰਗੀ, ਨਾਲੇ ਆਪਣਾ ਅਤਾ-ਪਤਾ ਦੇ ਗਿਆ ਤਾਂ ਕਿ ਇੰਸ਼ੋਰੈਂਸ ਰਾਹੀਂ ਅਸੀਂ ਆਪਣੀ ਕਾਰ ਠੀਕ ਕਰਵਾ ਲਈਏ। ਉਸ ਦਾ ਇਹ ਵਤੀਰਾ ਮੇਰੇ ਮੰਨਣ ਵਿਚ ਹੀ ਨਹੀਂ ਸੀ ਆ ਰਿਹਾ।

ਮੈਂ ਇਨ੍ਹਾਂ ਸੋਚਾਂ ਵਿਚ ਘਿਰਿਆ ਟੈਕਸੀ ਨੂੰ ਏਅਰਪੋਰਟ ਲੈ ਗਿਆ। ਮੀਟਰ ਉਪਰ ਛੱਬੀ ਡਾਲਰ ਕਿਰਾਇਆ ਬਣ ਗਿਆ ਸੀ। ਉਸ ਨੇ ਤੀਹ ਡਾਲਰ ਦੇ ਕੇ ਸਾਰੇ ਰੱਖਣ ਲਈ ਆਖ ਕੇ ਰਸੀਦ ਦੀ ਮੰਗ ਕੀਤੀ। ਮੈਂ ਉਸ ਨੂੰ ਛੱਬੀ ਡਾਲਰਾਂ ਦੀ ਰਸੀਦ ਬਣਾ ਕੇ ਦੇ ਦਿੱਤੀ। ਉਸ ਨੇ ਇਕ ਨਜ਼ਰ ਰਸੀਦ ਵੱਲ ਮਾਰੀ, ਫਿਰ ਬੋਲੀ, "ਮੈਂ ਤੈਨੂੰ ਤੀਹ ਡਾਲਰ ਦਿੱਤੇ ਆ ਨਾ?"

"ਪਰ ਮੀਟਰ 'ਤੇ ਤਾਂ ਛੱਬੀ ਹੀ ਬਣੇ ਆ। ਟਿੱਪ ਤਾਂ ਤੂੰ ਆਪਣੀ ਇੱਛਾ ਨਾਲ ਦਿੱਤੀ। ਉਹਦਾ ਸਰਕਾਰੀ ਖਜ਼ਾਨੇ 'ਤੇ ਕਿਉਂ ਬੋਝ ਪਾਉਣੀ ਐਂ?"

"ਤੇਰੀ ਗੱਲ ਠੀਕ ਐ, ਮੈਂ ਇਸ ਬਾਰੇ ਸੋਚਿਆ ਹੀ ਨਹੀਂ ਸੀ। ਨਵੀਂ ਨਵੀਂ ਮਨਿਸਟਰ ਬਣੀ ਹਾਂ ਨਾ। ਯਾਦ ਕਰਾਉਣ ਲਈ ਸ਼ੁਕਰੀਆ", ਆਖ ਕੇ ਉਹ ਮੁਸਕਰਾਈ ਅਤੇ ਟੈਕਸੀ 'ਚੋਂ ਨਿਕਲ ਕੇ ਏਅਰਪੋਰਟ ਅੰਦਰ ਚਲੀ ਗਈ। ਏਅਰਪੋਰਟ ਤੋਂ ਵਾਪਸ ਮੁੜਦਾ ਮੈਂ ਸੋਚ ਰਿਹਾ ਸੀ ਕਿ ਆਸੇ-ਪਾਸੇ ਦੀ ਥੋੜ੍ਹੀ-ਬਹੁਤੀ ਜਾਣਕਾਰੀ ਤਾਂ ਰੱਖਣੀ ਹੀ ਚਾਹੀਦੀ ਹੈ।

(ਚਲਦਾ)

## ਮੇਰਾ ਪਿੰਡ

ਸਤਲੁਜ ਬਿਆਸ ਰਾਵੀ ਜਿਹਲਮ ਤੇ ਝਨਾਬ ਹੋਵੇ
ਪੰਜਾਂ ਦਰਿਆਵਾਂ ਦਾ ਮੇਰਾ ਪੰਜਾਬ ਹੋਵੇ
ਰੁੱਖ ਹੋਵਨ ਹਰੇ-ਭਰੇ ਇਕ ਵੀ ਨਾ ਇਰਿੰਡ ਹੋਵੇ
ਐਸੇ ਪੰਜਾਬ ਦੇ ਵਿਚ ਮੇਰਾ ਸੋਹਣਾ ਪਿੰਡ ਹੋਵੇ।

ਮੇਰੇ ਪਿੰਡ ਦੇ ਕੋਲ ਜਿਹੇ ਵਗਦੀ ਇਕ ਨਦੀ ਹੋਵੇ
ਜਿਥੇ ਤੋਰ ਹਵਾਵਾਂ ਦੀ ਰੁਕਦੀ ਨਾ ਕਦੀ ਹੋਵੇ
ਮੇਰਾ ਬਾਬੁਲ ਰੱਬ ਵਰਗਾ ਧਰਤੀ ਜਿਹੀ ਮਾਂ ਹੋਵੇ
ਪਿੱਪਲਾਂ ਤੇ ਬੋਹੜਾਂ ਦੀ ਸੰਘਣੀ ਜਿਹੀ ਛਾਂ ਹੋਵੇ।

ਹਿੰਦੂ ਸਿੱਖ ਮੋਮਨ ਸਭ ਉਸ ਪਿੰਡ ਵਿਚ ਵੱਸਦੇ ਹੋਣ
ਪਰਿਵਾਰ ਵਾਂਗ ਰਹਿੰਦੇ ਨੱਚਦੇ ਤੇ ਹੱਸਦੇ ਹੋਣ
ਕੋਈ ਸੰਖ ਪੂਰ ਰਿਹਾ ਹੈ ਕੋਈ ਪੜ੍ਹੇ ਨਮਾਜ਼ ਪਿਆ
ਕੋਈ ਪੜ੍ਹ ਕੇ ਜਪ ਜੀ ਨੂੰ ਕਰਦਾ ਕੰਮ ਕਾਜ ਪਿਆ।

ਮੁੱਲਾ ਨਾ ਤਵੀਤ ਕਰੇ ਪੰਡਤ ਨਾ ਮੰਤ੍ਰ ਦੇ
ਭਾਈ ਗੁਰਦੁਆਰੇ ਦਾ ਨਾ ਜੰਤ੍ਰ-ਤੰਤ੍ਰ ਦੇ
ਮੇਰੇ ਉਸ ਪਿੰਡ ਵਿਚ ਨਾ ਧਰਮਾਂ ਦਾ ਜਨੂੰਨ ਹੋਵੇ
ਸਭ ਬੰਦੇ ਰੱਬ ਦੇ ਨੇ, ਇਕੋ ਮਜ਼ਮੂਨ ਹੋਵੇ।

ਸਰਪੰਚ ਨਾ ਬਣੇ ਕੋਈ ਨਾ ਲੰਬੜਦਾਰ ਹੋਵੇ
ਮੇਰੇ ਪਿੰਡ ਦੇ ਲੋਕਾਂ ਦਾ ਆਪਸ ਵਿਚ ਪਿਆਰ ਹੋਵੇ
ਬਸ ਇਕੋ ਰੱਬ ਉਤੇ ਸਭ ਦਾ ਵਿਸ਼ਵਾਸ ਰਹੇ
ਬਸ ਇਕੋ ਰੱਬ ਉਤੇ ਸਭਨਾਂ ਦੀ ਆਸ ਰਵੇ।

ਮੇਰੇ ਪਿੰਡ ਦੀਆਂ ਗਲੀਆਂ ਵਿਚ ਧੀਆਂ ਵੀ ਆਜ਼ਾਦ ਹੋਣ
ਧੀਆਂ ਨੂੰ ਨੋਚਣ ਲਈ ਫਿਰਦੇ ਨਾ ਬਾਜ ਹੋਣ
ਧੀਆਂ ਵੀ ਜਿਸਮਾਂ ਨੂੰ ਨਾ ਨੰਗਿਆਂ ਕਰਨ ਕਦੀ
ਧੀਆਂ ਵੱਲ ਤੱਕ ਬਾਪੂ ਨਾ ਸੰਗਿਆ ਕਰਨ ਕਦੀ।

ਮੇਰੇ ਉਸ ਪਿੰਡ ਦੇ ਵਿਚ ਵਿਕਦੀ ਨਾ ਸ਼ਰਾਬ ਹੋਵੇ
ਮੇਰੇ ਉਸ ਪਿੰਡ ਉਤੇ ਕੁਦਰਤ ਦਾ ਸ਼ਬਾਬ ਹੋਵੇ
ਉਥੇ ਸਾਰੇ ਧਰਮਾਂ ਦਾ ਰੱਜ ਕੇ ਸਤਿਕਾਰ ਹੋਵੇ
ਕੋਈ ਨਾ ਦੁਖੀ ਹੋਵੇ ਕੋਈ ਨਾ ਬਿਮਾਰ ਹੋਵੇ।

ਮੇਰੇ ਪਿੰਡ ਦੇ ਮਰਦਾਂ ਦਾ ਉਚਾ ਕਿਰਦਾਰ ਹੋਵੇ
ਨਾ ਪਿੰਡ ਦੀ ਔਰਤ 'ਤੇ ਕਦੀ ਅੱਤਿਆਚਾਰ ਹੋਵੇ
ਉਸ ਪਿੰਡ ਪਰਤਾਪ ਅਤੇ ਨਲੂਏ ਫਿਰ ਜੰਮਣਗੇ
ਅਟਕਾਉਣਗੇ ਅਟਕਾਂ ਨੂੰ ਅਤੇ ਸਮੇਂ ਨੂੰ ਥੰਮ੍ਹਣਗੇ।

ਕੋਈ ਪੜ੍ਹੇਗਾ ਗੁਰਬਾਣੀ ਮੇਰੇ ਪਿੰਡ ਦਿਆਂ ਖੂਹਾਂ 'ਤੇ
ਮੈਂ ਸੀਸ ਨਿਵਾਵਾਂਗੀ ਉਸ ਪਿੰਡ ਦੀਆਂ ਜੂਹਾਂ 'ਤੇ
ਇਹੋ ਜਹੇ ਪਿੰਡ ਵਿਚ ਜਦ 'ਸੁਰਜੀਤ' ਮੈਂ ਵੱਸਾਂਗੀ
ਮੇਰਾ ਪਿੰਡ ਪੰਜਾਬ ਵਿਚ ਹੈ ਸਾਰੇ ਜੱਗ ਨੂੰ ਦੱਸਾਂਗੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਫੋਨ: 916-687-3536*

## ਸੰਪਾਦਕ ਦੀ ਡਾਕ

### ਦਲਜੀਤ ਅਮੀ ਦੀਆਂ ਦਸਤਾਵੇਜ਼ੀ ਫਿਲਮਾਂ

'ਪੰਜਾਬ ਟਾਈਮਜ਼' ਦੇ 29 ਅਗਸਤ 2015 ਵਾਲੇ ਅੰਕ ਵਿਚ ਅੰਗਰੇਜ਼ੀ ਵਿਚ ਲਿਖਦੇ ਪੰਜਾਬੀ ਨਾਵਲਕਾਰ ਅਮਨਦੀਪ ਸੰਧੂ ਦਾ ਲਿਖਿਆ ਫੀਚਰ 'ਸ਼ਬਦ ਤੇ ਸੋਚ ਦਾ ਬਈਆ ਬਈਆ' ਪੜ੍ਹਿਆ ਜੋ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਬਾਰੇ ਹੈ।




ਖੁਸ਼ੀ ਹੋਈ ਕਿ ਦਲਜੀਤ ਅਮੀ ਨੇ ਅੰਗਰੇਜ਼ੀ ਨਾਵਲ 'ਰੋਲ ਆਫ ਆਨਰ' ਦਾ ਅਨੁਵਾਦ ਰੂਹ ਨਾਲ ਕੀਤਾ ਜਿਸ ਬਾਰੇ ਖੁਦ ਨਾਵਲ ਦੇ ਲੇਖਕ ਅਮਨਦੀਪ ਸੰਧੂ ਨੇ ਇੰਨਾ ਸੋਹਣਾ ਲਿਖਿਆ ਹੈ। ਇਸ ਨਾਵਲ ਦਾ ਇਕ ਕਾਂਡ 'ਪੰਜਾਬ ਟਾਈਮਜ਼' ਵਿਚ ਹੀ ਪੜ੍ਹਿਆ ਸੀ। ਹੁਣ ਮੈਂ ਇਹ ਨਾਵਲ ਇੰਡੀਆ ਤੋਂ ਮੰਗਵਾ ਰਿਹਾ ਹਾਂ ਤਾਕਿ ਪੂਰਾ ਪੜ੍ਹ ਸਕਾਂ। ਚਿਰ ਪਹਿਲਾਂ ਮੈਂ ਲੁਧਿਆਣਾ ਦੇ ਪੰਜਾਬੀ ਭਵਨ ਵਿਚ ਦਲਜੀਤ ਅਮੀ ਦੀ ਦਸਤਾਵੇਜ਼ੀ ਫਿਲਮ 'ਹਰ ਮਿੱਟੀ ਕੁੱਟਿਆਂ ਨਹੀਂ ਭਰਦੀ' ਦੇਖੀ ਸੀ।

ਫਿਲਮ ਦਾ ਇਕ ਸੀਨ ਮੈਂ ਅੱਜ ਤੱਕ ਭੁਲਾ ਨਹੀਂ ਸਕਿਆ। ਇਸ ਸੀਨ ਵਿਚ ਇਕ ਕੁੜੀ, ਕੁੜੀਆਂ ਦੇ ਹੱਕ ਵਿਚ ਗੱਲਾਂ ਕਰਦੀ ਕਰਦੀ ਖਾਮੋਸ਼ ਹੋ ਜਾਂਦੀ ਹੈ, ਸਿਸਕਣ ਲਗਦੀ ਹੈ। ਫਿਲਮਸਾਜ਼ ਕੁੜੀ ਦੇ ਚਿਹਰੇ ਤੋਂ ਕੈਮਰਾ ਪਰ੍ਹਾਂ ਨਹੀਂ ਕਰਦਾ। ਸੀਨ ਬਹੁਤ ਲੰਮਾ ਹੋ ਜਾਂਦਾ ਹੈ। ਮਗਰੋਂ ਇਸ ਬਾਰੇ ਬਹਿਸਾਂ ਵੀ ਹੋਈਆਂ ਕਿ ਇੰਨਾ ਲੰਮਾ ਸੀਨ ਹੋਣਾ ਵੀ ਚਾਹੀਦਾ ਸੀ ਕਿ ਨਹੀਂ। ਮੈਨੂੰ ਲੱਗਦਾ ਹੈ ਕਿ ਇਹ ਸੀਨ ਭਾਵੇਂ ਲੰਮਾ ਸੀ, ਪਰ ਫਿਲਮ ਦਾ ਹਾਸਲ ਸੀ। ਇਹ ਫਿਲਮ ਕਿਰਨਜੀਤ ਕੌਰ ਕਤਲ ਕੇਸ ਬਾਰੇ ਹੈ। ਇਸ ਕੇਸ ਬਾਰੇ ਪੜ੍ਹ-ਸੁਣ ਕੇ ਹੀ ਪਤਾ ਲੱਗਦਾ ਹੈ ਕਿ ਕੁੜੀਆਂ ਅਤੇ ਇਨ੍ਹਾਂ ਦੇ ਮਾਪੇ ਕਿੰਨੇ ਬੇਵਸ ਹਨ। ਦਲਜੀਤ ਨੇ ਇਸ ਬੇਵਸੀ ਨੂੰ ਆਪਣੇ ਇਸ ਸੀਨ ਵਿਚ ਫੜਿਆ ਸੀ।

*-ਗੁਰਨੈਬ ਸਿੰਘ ਸੰਧੂ*
*ਕੈਲੀਫੋਰਨੀਆ।*

### ਫਿਲਮ 'ਅੰਗਰੇਜ਼' ਦੀ ਅਸਲੀਅਤ

'ਪੰਜਾਬ ਟਾਈਮਜ਼' ਦੇ 22 ਅਗਸਤ ਵਾਲੇ ਅੰਕ ਵਿਚ ਪੰਜਾਬੀ ਫਿਲਮ 'ਅੰਗਰੇਜ਼' ਦਾ ਰੀਵੀਊ ਪੜ੍ਹ ਕੇ ਇਕ ਵਾਰ ਫਿਰ ਇਹ ਫਿਲਮ ਦੇਖੀ। ਰੌਸ਼ਨੀ ਖੇਤਲ ਨੇ ਠੀਕ ਹੀ ਲਿਖਿਆ ਹੈ ਕਿ ਸਭਿਆਚਾਰ ਦੇ ਫੰਡੇ ਨੇ ਫਿਲਮ ਦੀ ਕਹਾਣੀ ਹੋਰ ਦੀ ਹੋਰ ਬਣਾ ਦਿੱਤੀ ਹੈ। ਖੇਤਲ ਦਾ ਲੇਖ ਪੜ੍ਹ ਕੇ ਇਹ ਗੱਲ ਵੀ ਸੁੱਝੀ ਕਿ ਪੰਜਾਬ ਦੇ ਸਭਿਆਚਾਰ ਨੂੰ ਹਰ ਵਾਰ ਜੱਟ/ਕਿਸਾਨ ਹੀ ਅਗਵਾ ਕਰ ਕੇ ਲੈ ਜਾਂਦੇ ਹਨ। ਬਾਕੀ ਬੰਦਿਆਂ ਦੀ ਕਿਤੇ ਗੱਲ ਹੀ ਨਹੀਂ ਹੁੰਦੀ।

ਫਿਲਮ ਦਾ ਡਾਇਰੈਕਟਰ ਇਸ ਜੱਟ ਸਭਿਆਚਾਰ ਦੀਆਂ ਕਹਾਣੀਆਂ ਪਾਉਂਦਾ ਪਾਉਂਦਾ, ਫਿਲਮ ਦੀ ਕਹਾਣੀ ਸਮਝ ਹੀ ਨਹੀਂ ਪੈਣ ਦਿੰਦਾ। ਕਲਾਈਮੈਕਸ ਦਾ ਸੱਤਿਆਨਾਸ ਕਰਨ ਵਾਲੀ ਗੱਲ ਵੀ ਸਹੀ ਹੈ, ਪਰ ਇਹ ਵੀ ਸਹੀ ਹੈ ਕਿ ਫਿਲਮ 'ਤੇ ਮਿਹਨਤ ਬਹੁਤ ਕੀਤੀ ਗਈ ਹੈ। 1940 ਦੇ ਵੇਲਿਆਂ ਦਾ ਪੰਜਾਬ ਪੇਸ਼ ਕਰਨਾ ਵੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਸ਼ਾਇਦ ਇਸੇ ਕਰ ਕੇ ਫਿਲਮ ਦੀ ਪ੍ਰਸ਼ੰਸਾ ਹੋਈ ਹੈ। ਅਜੇ ਭਾਵੇਂ ਫਿਲਮਾਂ ਵਿਚ ਗਾਇਕਾਂ ਨੂੰ ਹੀ ਹੀਰੋ ਬਣਾਉਣ ਦਾ ਰੁਝਾਨ ਹੈ, ਪਰ ਹੋ ਸਕਦਾ ਹੈ ਕਿ ਕਿਸੇ ਦਿਨ ਫਿਲਮਾਂ ਵਾਲਾ ਕੋਈ ਬੰਦਾ ਪੰਜਾਬ ਵਿਚ ਵੀ 'ਮਾਂਝੀ' ਜਾਂ 'ਮਸਾਨ' ਵਰਗੀ ਫਿਲਮ ਬਣਾਵੇ। ਚੰਗੀ ਗੱਲ ਇਹ ਵੀ ਹੈ ਕਿ ਚੰਗੀਆਂ ਪੰਜਾਬੀ ਫਿਲਮਾਂ ਬਣਨ/ਬਣਾਉਣ ਦੀ ਆਸ ਹੁਣ ਬੱਝ ਗਈ ਹੈ।

*-ਕੇਵਲ ਸੀਂਹਮਾਰ*
*ਬਫਲੋ, ਨਿਊ ਯਾਰਕ।*

### ਇੰਡੀਆ ਦੀ ਸਿਆਸਤ

ਭਾਰਤ ਦੀ ਪਾਰਲੀਮੈਂਟ ਦਾ ਮੌਨਸੂਨ ਸੈਸ਼ਨ ਬਿਨਾਂ ਕਿਸੇ ਖਾਸ ਕਾਰੋਬਾਰ ਦੇ ਰੌਲੇ-ਰੱਪੇ ਤੇ ਤਾਅਨੇ-ਮਿਹਣਿਆਂ ਵਿਚ ਖਤਮ ਹੋ ਗਿਆ। ਮੁਲਕ ਦੀਆਂ ਦੋਵੇਂ ਵੱਡੀਆਂ ਪਾਰਟੀਆਂ-ਭਾਜਪਾ ਤੇ ਕਾਂਗਰਸ, ਨੇ ਉਸ ਤਰ੍ਹਾਂ ਦਾ ਵਿਹਾਰ ਕੀਤਾ ਜਿਸ ਤਰ੍ਹਾਂ ਕਿਸੇ ਪਿੰਡ ਦੀ ਸੱਥ ਵਿਚ ਦੋ ਬਦਮਾਸ਼ ਤੀਵੀਆਂ ਦੇ ਲੜਨ ਬਾਰੇ ਲੋਕ ਬੋਲੀ ਸੁਣੀਦੀ ਹੈ:

ਨੰਦ ਕੌਰ, ਚੰਦ ਕੌਰ ਦੋਵੇਂ ਵੈਲਣਾਂ
ਵਿਚ ਪਰ੍ਹਿਆ ਦੇ ਲੜੀਆਂ
ਇਕ ਦੂਜੀ ਦੇ ਯਾਰ ਪਿੱਟਦੀਆਂ
ਬਾਹਾਂ ਕਰ ਕਰ ਖੜ੍ਹੀਆਂ।

ਇਸ ਵਾਰ (22 ਅਗਸਤ 2015) ਦੇ ਅੰਕ ਵਿਚ ਜਤਿੰਦਰ ਪਨੂੰ ਨੇ ਭਾਰਤੀ ਲੀਡਰਾਂ ਦੇ ਜੋ ਪੋਤੜੇ ਫਰੋਲੇ ਹਨ, ਉਹ ਲੋਕਾਂ ਨੂੰ ਭੁੱਲ-ਭੁਲਾ ਗਏ ਹਨ। ਪੈਂਤੀ ਸਾਲ ਪਹਿਲਾਂ ਦੇ ਬੋਫੋਰਜ਼ ਘਪਲੇ ਵਿਚ ਸੋਨੀਆ ਗਾਂਧੀ ਦੇ ਨਜ਼ਦੀਕੀ ਓਟਾਵੀਓ ਕੁਆਤਰੋਚੀ ਵੱਲੋਂ ਲਈ ਦਲਾਲੀ ਦਾ ਮੁੱਦਾ, ਅਟਲ ਬਿਹਾਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਹਿੰਦੂਜਾ ਭਰਾਵਾਂ ਦੀ ਖਲਾਸੀ ਖਾਤਰ ਠੱਪ ਕੀਤਾ ਗਿਆ। ਭੋਪਾਲ ਗੈਸ ਕੇਸ ਵਾਲੇ ਵਾਰਨ ਐਂਡਰਸਨ ਨੂੰ ਰਾਜੀਵ ਗਾਂਧੀ ਵੱਲੋਂ ਬਚਾਅ ਕੇ ਭੇਜਣ ਬਦਲੇ ਆਪਣੇ ਚਹੇਤੇ ਆਦਿਲ ਸ਼ਹਿਰਯਾਰ ਨੂੰ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ ਵੱਲੋਂ ਸਜ਼ਾ ਦੀ ਮੁਆਫ਼ੀ ਦਿਵਾਉਣ ਦਾ ਲੁਕਵਾਂ ਸਮਝੌਤਾ ਕੀਤਾ ਗਿਆ। ਸੁਸ਼ਮਾ ਸਵਰਾਜ ਵੱਲੋਂ ਸੁਣਾਏ ਇਨ੍ਹਾਂ ਪੁਰਾਣੇ ਘਪਲਿਆਂ ਨੇ ਰਾਹੁਲ ਗਾਂਧੀ ਦੀ ਤਾਂ ਫੂਕ ਹੀ ਕੱਢ ਦਿੱਤੀ ਅਤੇ ਸੋਨੀਆ ਗਾਂਧੀ ਦਾ ਡੰਗ ਫ਼ੇਲ੍ਹ ਹੋ ਗਿਆ। ਇਥੇ ਹੀ ਬੱਸ ਨਹੀਂ, ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਵਿਵਾਦਾਂ ਵਿਚ ਘਿਰੀ ਕੰਪਨੀ ਵੇਦਾਂਤਾ ਕਾਰਪੋਰੇਸ਼ਨ ਦਾ ਡਾਇਰੈਕਟਰ ਰਿਹਾ ਹੈ ਅਤੇ ਉਸ ਦੀ ਪਤਨੀ ਨੀਲਮ ਚਿਦੰਬਰਮ ਸ਼ਾਰਦਾ ਚਿੱਟ-ਫੰਡ ਫਰਾਡ ਕੇਸ ਦੀ ਵਕੀਲ ਸੀ। ਉਦੋਂ ਚਿਦੰਬਰਮ ਖਜ਼ਾਨਾ ਮੰਤਰੀ ਸੀ। ਹੁਣ ਵਾਲੇ ਵਿੱਤ ਮੰਤਰੀ ਅਰੁਣ ਜੇਤਲੀ ਦਾ ਨੋਟ ਫਾਈਲ 'ਤੇ ਮੌਜੂਦ ਹੈ ਕਿ ਭੋਪਾਲ ਗੈਸ ਕਾਂਡ ਵਿਚ ਵਾਰਨ ਐਂਡਰਸਨ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ। ਜਦੋਂ ਭੋਪਾਲ ਗੈਸ ਕਾਂਡ ਵਾਲਾ ਪਲਾਂਟ ਸੰਨ 2006 ਵਿਚ ਡਾਊ ਕੈਮੀਕਲ ਕੰਪਨੀ ਨੇ ਖਰੀਦਿਆ, ਤਾਂ ਵੀ ਅਰੁਣ ਜੇਤਲੀ ਇਸ ਕੰਪਨੀ ਦੇ ਵਕੀਲ ਸਨ। ਸੁਸ਼ਮਾ ਸਵਰਾਜ, ਉਸ ਦਾ ਪਤੀ ਅਤੇ ਪੁੱਤਰੀ ਵੀ ਲਲਿਤ ਮੋਦੀ ਦੀ ਮਦਦ ਕਰਦੇ ਘੇਰੇ ਵਿਚ ਆਉਂਦੇ ਹਨ, ਪਰ ਮੁਲਜ਼ਮ ਹੱਥ ਨਿਆਂ ਦੀ ਡੋਰ ਹੋਣ ਕਰ ਕੇ ਉਹਦਾ ਬਚਾਅ ਕੀਤਾ ਗਿਆ। ਗੱਲ ਕੀ, ਇਸ ਹਮਾਮ ਵਿਚ ਸਭ ਨੰਗੇ ਹਨ। ਭ੍ਰਿਸ਼ਟ ਲੀਡਰਸ਼ਿਪ ਨੇ ਮੁਲਕ ਦਾ ਭੱਠਾ ਬਿਠਾ ਦਿੱਤਾ ਹੈ। ਹਾਲਾਤ ਅਜਿਹੇ ਹਨ ਜਿਨ੍ਹਾਂ 'ਤੇ ਉਰਦੂ ਦਾ ਸ਼ਿਅਰ ਢੁੱਕਦਾ ਹੈ:

ਖ਼ੁਦਾ ਬਚਾਏ ਦੇਸ਼ ਕੋ ਗੰਦੀ ਸਿਆਸਤ ਸੇ
ਸ਼ਰਾਬੀ ਦੇਵਰੋਂ ਕੇ ਬੀਚ ਭਰਜਾਈ ਬੈਠੀ ਹੈ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਨਾਲ਼ੇ ਦੀ ਗੋਲ਼ ਗੱਠ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


'ਨੇਫੇ ਮੇਂ ਦੌੜਨੇ ਫਿਰਨੇ ਕੇ ਹਮ ਨਹੀਂ ਕਾਇਲ, ਜੋ ਟਾਂਗ ਪੇ ਹੀ ਨਾ ਟਪਕਾ ਫਿਰ ਨਾੜਾ ਕਿਆ ਹੈ।' ਮੁੱਦਤ ਪਹਿਲਾਂ ਗ਼ਾਲਿਬ ਦੇ ਸ਼ੇਅਰ ਦੀ ਇਹ ਪੈਰੋਡੀ ਸੁਣੀ ਸੀ। ਹਿੰਦੀ, ਉਰਦੂ ਤੇ ਪੰਜਾਬੀ ਦੀਆਂ ਕੁਝ ਉਪ-ਬੋਲੀਆਂ ਜਿਵੇਂ ਪੋਠੋਹਾਰੀ ਵਿਚ ਨਾਲ਼ਾ ਨੂੰ ਨਾੜਾ ਬੋਲਿਆ ਜਾਂਦਾ ਹੈ; 'ਲ਼' ਅਤੇ 'ੜ' ਧੁਨੀਆਂ ਅਕਸਰ ਆਪੋ ਵਿਚ ਵਟ ਜਾਂਦੀਆਂ ਹਨ। ਨਾਲ਼ੇ ਦਾ ਕਾਰਜ ਕੱਛੇ, ਸੁੱਥਣ, ਘੱਗਰੇ, ਪਜਾਮੇ ਆਦਿ ਨੂੰ ਹੇਠਾਂ ਖਿਸਕਣ ਤੋਂ ਰੋਕ ਕੇ ਮਨੁੱਖ ਦੇ ਲੱਕ ਹੇਠਲੇ ਨੰਗ ਨੂੰ ਲੁਕੋਈ ਰੱਖਣਾ ਹੈ। ਅੱਜ ਦੇ ਕਿਸ਼ੋਰ-ਕਿਸ਼ੋਰੀਆਂ ਅੰਦਰਲੇ ਕਪੜੇ ਕੁਝ ਇਸ ਤਰ੍ਹਾਂ ਪਹਿਨਦੇ ਹਨ ਕਿ ਇਨ੍ਹਾਂ ਦਾ ਉਪਰਲਾ ਹਿੱਸਾ ਦਿਸਦਾ ਰਹੇ। ਫੈਸ਼ਨ ਦਾ ਨਿਸ਼ਾਨਾ ਹਮੇਸ਼ਾ ਦਰਸ਼ਕ ਦੇ ਕਾਮ ਦੀ ਹਲਕੀ ਜਿਹੀ ਉਕਸਾਹਟ ਪੈਦਾ ਕਰਨਾ ਹੁੰਦਾ ਹੈ ਤੇ ਇਸੇ ਦੇ ਆਸਰੇ ਇਹ ਕਾਰਗਰ ਹੁੰਦਾ ਹੈ। ਇਸ ਨੂੰ ਸੈਕਸ ਅਪੀਲ ਕਿਹਾ ਜਾਂਦਾ ਹੈ।

ਸਦੀਆਂ ਤੋਂ ਭਾਰਤੀ ਨਰ-ਨਾਰੀ ਰੰਗ-ਬਰੰਗੇ, ਰੇਸ਼ਮੀ ਤੇ ਕਈ ਵਾਰੀ ਘੂੰਗਰੂਆਂ, ਸ਼ੀਸ਼ਿਆਂ ਨਾਲ ਜੜੇ ਫੁੱਲਦਾਰ ਨਾਲੇ ਲਮਕਦਾ ਛਡਦੇ ਰਹੇ ਹਨ। ਇਸ ਦਾ ਮਕਸਦ ਦੇਖਣ ਵਾਲੇ ਦੀਆਂ ਲਾਲ਼ਾਂ ਸੁਟਾਉਣਾ ਨਹੀਂ ਤਾਂ ਹੋਰ ਕੀ ਹੈ? ਇਹ ਤੱਥ ਤਾਂ ਸਾਡੇ ਕਿੱਸਾਕਾਰਾਂ ਨੇ ਵੀ ਨੋਟ ਕੀਤਾ ਹੈ, "ਫਜ਼ਲ ਸ਼ਾਹ ਮੀਆਂ ਨਾਲੇ ਪੱਟ ਦੇ ਨੇ, ਨਾਲੇ ਪੱਟ ਜਹਾਨ ਵੀਰਾਨ ਕੀਤਾ" ਅਰਥਾਤ ਉਸ ਦੇ ਰੇਸ਼ਮੀ ਨਾਲੇ ਨੇ ਸਾਰਾ ਜਹਾਨ ਪੱਟ ਕੇ ਰੱਖ ਦਿੱਤਾ। ਇਸਤਰੀਆਂ ਘਰਾਂ ਦੀਆਂ ਕੰਧਾਂ ਨਾਲ ਮੰਜਾ ਟੇਢਾ ਕਰਕੇ ਮੁਲਾਇਮ ਤੇ ਰੰਗ-ਬਰੰਗੇ ਨਾਲ਼ੇ ਉਣਦੀਆਂ ਰਹੀਆਂ ਹਨ। ਪਟਿਆਲਾ ਸ਼ਹਿਰ ਪਟਿਆਲਾ ਪੈਗ ਦੇ ਨਾਲ ਨਾਲ ਨਾਲ਼ਿਆਂ ਦੇ ਹੱਥ ਕਰਘਾ ਉਦਯੋਗ ਲਈ ਵੀ ਮਸ਼ਹੂਰ ਹੈ। ਭਲਾ ਨਾਲ਼ੇ ਦਾ ਕੰਮ ਤਾਂ ਸਾਧਰਾਨ ਫੀਤਾ ਜਾਂ ਡੋਰੀ ਨਾਲ ਵੀ ਹੋ ਸਕਦਾ ਹੈ, ਏਨੇ ਤਾਣੇ-ਬਾਣੇ ਉਸਾਰਨ ਦੀ ਕੀ ਲੋੜ ਹੈ?

ਇਨ੍ਹਾਂ ਨਾਲਿਆਂ ਦੇ ਟਾਕਰੇ 'ਤੇ ਅੱਜ ਦੀਆਂ ਕੀਮਤੀ, ਚਮਕੀਲੀਆਂ ਤੇ ਲਚੀਲੀਆਂ ਬੈਲਟਾਂ ਬਹੁਤ ਪਿਛੇ ਰਹਿ ਜਾਂਦੀਆਂ ਹਨ। ਉਂਜ ਇਲਾਸਟਿਕ ਨੇ ਨਾਲੇ ਦਾ ਕੰਮ ਤਮਾਮ ਕੀਤਾ ਹੈ। ਦਿਖਾਵੇ ਵਾਲੇ ਨਾਲ਼ੇ ਤੋਂ ਇਲਾਵਾ ਹਮਾਤੜ ਵਰਗਿਆਂ ਦਾ ਆਮ ਨਾਲ਼ਾ ਤਾਂ ਸਾਧਾਰਨ ਕੱਪੜੇ ਜਾਂ ਧਾਗੇ ਦਾ ਹੀ ਬਣਿਆ ਹੁੰਦਾ ਹੈ। ਨਾਲ਼ਾ ਔਰਤ ਦੇ ਚਰਿੱਤਰ ਨਾਲ ਵੀ ਜਾ ਜੁੜਦਾ ਹੈ। ਢਿੱਲੇ ਨਾਲ਼ੇ ਵਾਲੀ ਉਹ ਹੁੰਦੀ ਹੈ ਜਿਸ ਨੂੰ ਅੰਗਰੇਜ਼ੀ ਵਿਚ Loose Skirt ਕਿਹਾ ਜਾਂਦਾ ਹੈ। ਸਮਝਦਾਰ ਨੂੰ ਇਸ਼ਾਰਾ ਕਾਫੀ ਹੈ। ਮਲਵਈ ਬੋਲੀ ਹੈ, 'ਆਲਾ ਆਲਾ ਆਲਾ, ਛੈਲ ਦਾ ਗੁਲਾਬੀ ਘਗਰਾ, ਵਿਚ ਸੱਪ ਦੇ ਬੱਚੇ ਦਾ ਨਾਲ਼ਾ।' ਚੋਂਦਾ ਚੋਂਦਾ ਮੁਹਾਵਰਾ ਵੀ ਸੁਣ ਲਵੋ, 'ਨਾਲਾ ਖੋਲ੍ਹਣਾ' ਦਾ ਮਤਲਬ ਸੰਭੋਗ ਲਈ ਤਿਆਰ ਹੋਣਾ ਹੁੰਦਾ ਹੈ। ਨਾਲ਼ਾ-ਪੋਣੀ ਨੇਫੇ ਵਿਚ ਨਾਲ਼ਾ ਲੰਘਾਉਣ ਵਾਲਾ ਅਜਿਹਾ ਸੰਦ ਹੈ ਜਿਸ ਬਿਨਾਂ ਬੰਦਾ ਕਿਸੇ ਕੰਮ 'ਤੇ ਪਹੁੰਚਣੋਂ ਲੇਟ ਹੋ ਸਕਦਾ ਹੈ।

ਕੁਝ ਰਹੱਸਮਈ ਕਾਰਨਾਂ ਕਰਕੇ ਕਈ ਵਾਰੀ ਨਾਲ਼ੇ ਨੂੰ ਗੋਲ ਗੱਠ ਵੀ ਆ ਸਕਦੀ ਹੈ। ਹਫੜਾ-ਦਫੜੀ ਵਿਚ ਆਦਮੀ ਜਿੰਨਾ ਇਸ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ, ਓਨਾ ਹੀ ਉਹ ਇਸ ਨੂੰ ਹੋਰ ਪੀਡਾ ਕਰਦਾ ਜਾਂਦਾ ਹੈ। ਜੇ ਹਾਜਤ ਨੇ ਵੀ ਅਤਿ ਚੁੱਕੀ ਹੋਵੇ ਤਾਂ ਇਸ ਸਥਿਤੀ ਦੇ ਭਿਅੰਕਰ ਨਤੀਜੇ ਨਿਕਲ ਸਕਦੇ ਹਨ। ਖੈਰ, ਲੱਚਰ ਗੱਲਾਂ ਛੱਡ ਕੇ ਕੁਝ ਕੰਮ ਦੀ ਗੱਲ ਕਰੀਏ। ਨਾਲ਼ੇ ਦੀ ਗੋਲ ਗੱਠ ਵਾਂਗ ਮੇਰੇ ਲਈ ਨਾਲ਼ਾ ਸ਼ਬਦ ਦੀ ਵਿਉਤਪਤੀ ਦੀ ਵੀ ਗੋਲ ਗੱਠ ਬੱਝੀ ਪਈ ਹੈ। ਗੱਲ ਇਹ ਹੈ ਕਿ ਨਾਲ਼ੇ ਜਿਹਾ ਕੰਮ ਸਾਰਨ ਲਈ ਦੋ ਹੋਰ ਸ਼ਬਦ ਚਲਦੇ ਹਨ ਯਾਨਿ ਕਮਰਬੰਦ ਅਤੇ ਇਜਾਰਬੰਦ। ਭਾਵੇਂ ਇਹ ਫਾਰਸੀ, ਉਰਦੂ ਵਲੋਂ ਹਨ ਪਰ ਕਿਧਰੇ-ਕਿਧਰੇ ਪੰਜਾਬੀ ਵਿਚ ਵੀ ਵਰਤੇ ਜਾਂਦੇ ਹਨ: 'ਕਮਰਬੰਦ ਸੰਤੋਖ ਕਾ' (ਗੁਰੂ ਨਾਨਕ ਦੇਵ)। ਕਮਰਬੰਦ ਤਾਂ ਅੰਗਰੇਜ਼ੀ ਵਿਚ ਵੀ ਖੂਬ ਚਲਦਾ ਹੈ। ਇਨ੍ਹਾ ਦੋਹਾਂ ਸ਼ਬਦਾਂ ਪਿਛੇ 'ਬੰਦ' ਪਿਛੇਤਰ ਲੱਗਾ ਹੋਇਆ ਹੈ। ਸੋ, ਮੇਰਾ ਵਿਚਾਰ ਬਣਿਆ ਕਿ ਨਾਲ਼ਾ ਸ਼ਬਦ ਵਿਚ ਵੀ ਜ਼ਰੂਰ ਬੰਨ੍ਹਣ ਦਾ ਭਾਵ ਹੋਵੇਗਾ। ਸੰਸਕ੍ਰਿਤ ਦਾ 'ਨਹ' ਅਜਿਹਾ ਹੀ ਧਾਤੂ ਹੈ। ਇਸ ਤੋਂ ਇਕ ਭੂਤਕਾਲ ਸੂਚਕ ਸ਼ਬਦ ਬਣਿਆ 'ਨੱਧ' ਜਿਸ ਦਾ ਅਰਥ ਬੱਧਾ ਜਾਂ ਬੱਝਾ ਹੁੰਦਾ ਹੈ। ਮੈਂ ਕੁਝ ਸਰੋਤ-ਫਰੋਲ ਮਾਰੇ ਤਾਂ ਪਤਾ ਲੱਗਾ ਕਿ 'ਨਾੜਾ/ਨਾੜ' ਨਾਂ ਵਾਲਾ ਸ਼ਬਦ ਉਸ ਗੋਲ ਅਕਾਰੀ ਰੱਸੇ ਲਈ ਵਰਤਿਆ ਜਾਂਦਾ ਹੈ ਜੋ ਹਲ਼ਸ ਨੂੰ ਪੰਜਾਲੀ ਨਾਲ ਜੋੜਦਾ ਜਾਂ ਬੰਨ੍ਹਦਾ ਹੈ। ਇਸ ਨੂੰ ਨਹਿਣ ਵੀ ਕਿਹਾ ਜਾਂਦਾ ਹੈ ਤੇ ਦਿਲਚਸਪ ਗੱਲ ਹੈ ਕਿ ਦੋਵੇਂ ਸ਼ਬਦ 'ਨਹ' ਧਾਤੂ ਤੋਂ ਬਣੇ ਹਨ। ਇਸ ਨੂੰ ਮਰਾਠੀ ਵਿਚ ਨਾਡਾ ਅਤੇ ਹਿੰਦੀ ਵਿਚ ਨਾਧਾ ਕਿਹਾ ਜਾਂਦਾ ਹੈ। ਪੰਜਾਬੀ ਹਰਨਾੜੀ/ਹਰਨਾਲੀ ਸ਼ਬਦ ਵੀ ਇਸ ਤੋਂ ਬਣੇ ਹਨ।

ਇਕ ਕੋਸ਼ ਅਨੁਸਾਰ ਇਨ੍ਹਾਂ ਸ਼ਬਦਾਂ ਦਾ ਅਰਥ ਹੈ ਹਲ ਜਾਂ ਪੰਜਾਲੀ ਨਾਲ ਜੁਪੇ ਹੋਏ ਬਲਦ ਜਾਂ ਵਧੇਰੇ ਨਿਸਚਤ 'ਖੇਤਾਂ ਵੱਲ ਲਿਜਾਣ ਲਈ ਹਲ ਨੂੰ ਚਊ ਵਾਲੇ ਪਾਸਿਓਂ ਮੂਧਾ ਮਾਰ ਕੇ ਪੰਜਾਲੀ ਉਤੇ ਟਿਕਾਉਣ ਦੀ ਕਿਰਿਆ।' ਹਰਨਾਲੀ ਦਾ ਇਕ ਵਿਗੜਿਆ ਰੂਪ ਹੰਢਾਲੀ ਵੀ ਹੈ। ਕਹਿਣ ਦਾ ਭਾਵ ਇਹ ਸ਼ਬਦ ਹਰ+ਨਾਧਾ ਤੋਂ ਬਣਿਆ ਹੈ। ਹਿੰਦੀ ਵਿਚ ਹਰਨਾਧਾ ਸ਼ਬਦ ਵੀ ਚਲਦਾ ਹੈ ਤੇ ਮਤਲਬ ਨਿਕਲਦਾ ਹੈ, ਹਲ ਨਾਲ ਬਧਾ। ਮੈਂ ਮੇਲਜ਼ਵਰਥ ਦੇ ਮਰਾਠੀ ਕੋਸ਼ ਵਿਚ ਨਾਡਾ ਸ਼ਬਦ ਦਾ ਇੰਦਰਾਜ ਦੇਖਿਆ ਤਾਂ ਇਸ ਦੇ ਅਰਥ ਇਸ ਤਰ੍ਹਾਂ ਮਿਲੇ: ਰੱਸੀ, ਡੋਰੀ; ਲੱਜ, ਗੱਡੇ ਆਦਿ ਨੂੰ ਖਿਚਣ ਵਾਲਾ ਰੱਸਾ; ਟੂਚਨ; ਮੁਹੱਰਮ ਸਮੇਂ ਮੁਸਲਮਾਨਾਂ ਦੇ ਗੁੱਟਾਂ ਦੁਆਲੇ ਬੰਨਿਆ ਜਾਣ ਵਾਲਾ ਡੋਰਾ; ਨੇਫੇ ਵਾਲਾ ਨਾਲ਼ਾ; ਨਟਾਂ ਦਾ ਰੱਸਾ। ਕੋਸ਼ ਨੇ ਇਹ ਸਾਰੇ ਸ਼ਬਦ ਨਧ ਤੋਂ ਵਿਉਤਪਤ ਦੱਸੇ ਹਨ।

ਨਹ ਧਾਤੂ ਤੋਂ ਬਣੇ ਨਹਿਨਣਾ ਦਾ ਅਰਥ ਹੁੰਦਾ ਹੈ, ਬਲਦਾਂ ਨੂੰ ਰੱਸੀ ਦੁਆਰਾ ਹਲ ਆਦਿ



ਨਾਲ ਜੋੜਨਾ; ਨਹਿਣ ਅਜਿਹਾ ਜੋੜਨ ਵਾਲਾ ਰੱਸਾ ਹੁੰਦਾ ਹੈ। ਨੀਹਣ ਕਮਾਨ ਦੀ ਡੋਰੀ ਹੁੰਦੀ ਹੈ ਅਤੇ ਨਿਹਣੀ ਜਾਂ ਨੇਹੀਂ ਹੁੰਦੀ ਹੈ ਦੁੱਧ ਰਿੜਕਣ ਵਾਲੀ ਘੜਵੰਜੀ ਨਾਲ ਲੱਗਿਆ ਡੰਡਾ ਜਿਸ ਨਾਲ ਕੁੜ ਦੀਆਂ ਰੱਸੀਆਂ ਬੰਨ੍ਹੀਆਂ ਜਾਂਦੀਆਂ ਹਨ। ਨਹ ਧਾਤੂ ਦੇ ਰੱਸੀ ਜਿਹੇ ਅਰਥਾਂ ਵਾਲੇ ਨਿਰਮਾਤਾ ਦੇ ਵਿਵੇਚਨ ਨੇ ਮੇਰੇ ਮਨ ਵਿਚ ਨਾਲ਼ੇ ਨੂੰ ਇਸ ਧਾਤੂ ਨਾਲ ਜੋੜਿਆ। ਪਰ ਹੋਰ ਸਰੋਤਾਂ ਵੱਲ ਨਜ਼ਰ ਦੁੜਾਈ ਤਾਂ ਕਹਾਣੀ ਹੋਰ ਨਿਕਲੀ: ਨਾਲ਼ਾ ਸ਼ਬਦ ਨਾੜ ਜਾਂ ਨਾਲ਼ ਨਾਲ ਜੁੜਦਾ ਦਿਸਿਆ। ਸਰੋਤਾਂ ਵਿਚ ਕੁਲਕਰਨੀ ਦਾ ਮਸ਼ਹੂਰ ਮਰਾਠੀ ਵਿਉਤਪਤੀ ਕੋਸ਼ ਵੀ ਹੈ ਤੇ ਅਜਿਤ ਵਡਨੇਰਕਰ ਦਾ ਇਕ ਲੇਖ ਵੀ।

ਨਾੜ/ਨਾਲ਼ ਦੇ ਅਰਥ ਤਾਂ ਕੌਣ ਨਹੀਂ ਜਾਣਦਾ ਪਰ ਇਥੇ ਨਾੜ ਜਾਂ ਨਾਲ਼ ਅਸਲ ਵਿਚ ਉਸ ਪੋਲੇ-ਖੋਖਲੇ ਰਸਤੇ ਨੂੰ ਕਿਹਾ ਗਿਆ ਹੈ ਜਿਸ ਰਾਹੀਂ ਕਮਰਬੰਦ ਦੀ ਡੋਰੀ ਲੰਘਾਈ ਜਾਂਦੀ ਹੈ। ਇਸ ਰਸਤੇ ਨੂੰ ਅਸੀਂ ਨੇਫਾ ਆਖਦੇ ਹਾਂ। ਤਰਕ ਇਹ ਹੈ ਕਿ ਜਿਸ ਨੂੰ ਨਾੜੀ (ਨੇਫੇ) ਵਿਚ ਪਾਇਆ ਜਾਵੇ ਉਹੀ ਨਾੜਾ ਜਾਂ ਨਾਲਾ ਹੈ। ਨਾਲ਼ੇ ਵਿਚ ਰੱਸੀ, ਸੂਤ ਜਾਂ ਡੋਰੀ ਦਾ ਭਾਵ ਉਦੋਂ ਹੀ ਆਉਂਦਾ ਹੈ ਜਦ ਇਸ ਨੂੰ ਖੋਖਲੇ ਨਾਲੇ ਵਿਚੀਂ ਗੁਜ਼ਾਰਿਆ ਜਾਂਦਾ ਹੈ ਭਾਵੇਂ ਇਸ ਨੂੰ ਬੰਨ੍ਹੀਏ ਭਾਵੇਂ ਨਾ। ਨਾਲ਼ਾ ਪਰਦੇ ਅਤੇ ਬਟੂਏ ਵਿਚ ਵੀ ਪਾਇਆ ਜਾਂਦਾ ਹੈ। ਨਾਲੇ ਦੀ ਲੰਬਾਈ ਵੀ ਸੀਮਤ ਹੁੰਦੀ ਹੈ। ਇਨ੍ਹਾਂ ਦਲੀਲਾਂ ਨਾਲ ਮੇਰੀ ਗੋਲ ਗੱਠ ਖੁਲ੍ਹਣ ਲੱਗੀ। ਇਕੋ ਧੁਨੀ ਤੇ ਲਗਭਗ ਇਕੋ ਅਰਥ ਵਾਲੇ ਪਰ ਥੋੜ੍ਹੇ ਫਰਕ ਨਾਲ ਵੱਖ ਵੱਖ ਪ੍ਰਸੰਗਾਂ ਵਿਚ ਵਰਤੇ ਜਾਣ ਵਾਲੇ ਸ਼ਬਦਾਂ ਦੀ ਵਿਉਤਪਤੀ ਨਿਖੇੜਨਾ ਬਹੁਤ ਕਠਿਨ ਕੰਮ ਹੈ। ਇਸ ਸ਼ਬਦ ਦੇ ਥੋੜ੍ਹੇ ਬਹੁਤੇ ਫਰਕ ਨਾਲ ਕਈ ਰੁਪਾਂਤਰ ਹਨ ਤੇ ਕਈ ਅਰਥ ਪਰ ਹਰ ਅਰਥ ਵਸਤੂ ਦੇ ਖੋਖਲੇਪਣ ਵੱਲ ਸੰਕੇਤ ਕਰਦਾ ਹੈ। ਚਲੋ ਜਾਣੀਏ।

ਨਾੜ ਜਾਂ ਨਾੜੀ ਸਰੀਰ ਦੀ ਰਗ ਜਾਂ ਨਸ ਹੈ ਜਿਸ ਰਾਹੀਂ ਖੂਨ ਵਗਦਾ ਹੈ, "ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ" (ਭਗਤ ਰਵਿਦਾਸ)। ਨਬਜ਼ ਨੂੰ ਵੀ ਨਾੜ ਕਹਿ ਦਿੱਤਾ ਜਾਂਦਾ ਹੈ ਤੇ ਮੋਟੇ ਤੌਰ 'ਤੇ ਆਂਦਰਾਂ ਲਈ ਵੀ ਇਹ ਸ਼ਬਦ ਚਲਦਾ ਹੈ। ਕਣਕ ਆਦਿ ਦੇ ਪੋਲੇ ਤਣੇ ਜਾਂ ਡੰਡਲ ਨੂੰ ਵੀ ਨਾੜ ਕਿਹਾ ਜਾਂਦਾ ਹੈ। ਜੰਮਦੇ ਬੱਚੇ ਦੀ ਧੁੰਨੀ 'ਚੋਂ ਲਟਕਦੀ ਨਾੜ ਨੂੰ ਨਾੜੂਆ ਕਿਹਾ ਜਾਂਦਾ ਹੈ। ਇਸੇ ਸ਼ਬਦ ਦਾ ਇਕ ਰੁਪਾਂਤਰ ਹੈ, ਨੜਾ ਜੋ ਇਕ ਪ੍ਰਕਾਰ ਦਾ ਸਖਤ ਨਾਲੀਦਾਰ ਕਾਨਾ ਹੁੰਦਾ ਹੈ। ਇਸ ਦੀਆਂ ਕਲਮਾਂ ਬਣਾਈਆਂ ਜਾਂਦੀਆਂ ਹਨ। ਇਸ ਦਾ ਫਾਰਸੀ ਸੁਜਾਤੀ ਸ਼ਬਦ ਹੈ 'ਨੈ' ਜਿਸ ਦਾ ਅਰਥ ਬੰਸਰੀ ਅਤੇ ਗੰਨਾ ਹੁੰਦਾ ਹੈ। ਇਕ ਲੰਮੀ ਗਰਦਨ ਵਾਲੇ ਬਗਲੇ ਨੂੰ ਨੜੀ ਕਿਹਾ ਜਾਂਦਾ ਹੈ। ਹੁੱਕੇ ਦੀ ਨਲਕੀ ਵੀ ਨੜੀ ਹੁੰਦੀ ਹੈ। ਇਸ ਸ਼ਬਦ ਦਾ ਹੋਰ ਰੁਪਾਂਤਰ ਹੈ 'ਨਲ' ਜੋ ਟਿਊਬ ਹੀ ਹੈ ਜਿਸ ਰਾਹੀਂ ਪਾਣੀ ਵਗਦਾ ਹੈ। ਨਲ਼ਕੀ ਜਾਂ ਨਲਪੀ ਰਾਹੀਂ ਬੱਤਾ ਸੌਖਿਆਂ ਪੀਤਾ ਜਾਂਦਾ ਹੈ। ਇਸੇ ਤੋਂ ਅੱਗੇ ਨਲਕਾ ਸ਼ਬਦ ਬਣ ਗਿਆ। ਬਾਂਸ ਦੀ ਪੋਰੀ ਨੂੰ ਤਿਰਛਾ ਛਿਲ ਕੇ ਪਸ਼ੂਆਂ ਨੂੰ ਦਵਾ ਪਿਲਾਉਣ ਲਈ ਨਾਲ਼ ਬਣਾਈ ਜਾਂਦੀ ਹੈ। ਬਹੁਤ ਤੱਤੇ ਸੁਭਾਅ ਵਾਲੇ ਬੰਦੇ ਨੂੰ ਅੱਗ ਦੀ ਨਾਲ਼ ਕਿਹਾ ਜਾਂਦਾ ਹੈ। ਇਮਾਰਤਾਂ ਦਾ ਗੰਦਾ ਪਾਣੀ ਬਾਹਰ ਵਗਾਉਣ ਵਾਲੇ ਖੋਖਲੇ ਮਾਰਗ ਨੂੰ ਨਾਲੀ ਕਿਹਾ ਜਾਂਦਾ ਹੈ। ਰਬੜ ਆਦਿ ਦੀ ਟਿਊਬ ਵੀ ਨਾਲੀ ਹੈ। ਪੋਰ ਦੀ ਠੂਠੀ ਤੋਂ ਬੋਕੀਆਂ ਤੱਕ ਬੀਜ ਲਿਜਾਣ ਵਾਲੀਆਂ ਨਲਕੀਆਂ ਨੂੰ ਨਾਲੀਆਂ ਆਖਿਆ ਜਾਦਾ ਹੈ। ਬੰਦੂਕ ਦੀ ਨਾਲੀ ਹੁੰਦੀ ਹੈ। ਦੋ ਨਾਲੀਆਂ ਵਾਲੀ ਬੰਦੂਕ ਨੂੰ ਦੁਨਾਲੀ ਕਿਹਾ ਜਾਂਦਾ ਹੈ। ਘੋੜੇ ਦੀ ਪਿੰਨੀ ਦੀ ਹੱਡੀ ਲਈ ਵੀ ਨਾਲੀ ਸ਼ਬਦ ਚਲਦਾ ਹੈ। ਬਰਸਾਤੀ ਪਾਣੀ ਵਗਾਉਣ ਵਾਲਾ ਵੱਡਾ ਤੇ ਚੌੜਾ ਖੋਖਲਾ ਮਾਰਗ ਨਾਲ਼ਾ ਹੈ। ਗੰਦੇ ਪਾਣੀ ਨੂੰ ਵਗਾਉਣ ਵਾਲੇ ਅਜਿਹੇ ਮਾਰਗ ਨੂੰ ਗੰਦਾ ਨਾਲਾ ਕਿਹਾ ਜਾਂਦਾ ਹੈ। ਵਗਦੇ ਨੱਕ ਨੂੰ ਨਲੀ ਕਹਿ ਦਿੱਤਾ ਜਾਂਦਾ ਹੈ। ਜਿਸ ਮਹਾਨ ਬੱਚੇ ਦਾ ਨੱਕ ਵਗਦਾ ਹੀ ਰਹੇ ਉਹ ਨਲੀਚੋਚੋ ਕਹਾਉਣ ਦਾ ਹੱਕਦਾਰ ਬਣ ਜਾਂਦਾ ਹੈ। ਕਮਲ ਦੇ ਪੋਲੇ ਤਨੇ ਨੂੰ ਨਲ ਕਿਹਾ ਜਾਂਦਾ ਹੈ। ਗੁਪਤ ਅੰਗਾਂ ਨੂੰ ਨਲ਼ ਕਿਹਾ ਜਾਂਦਾ ਹੈ, 'ਮੇਰੇ ਨਲ਼ਾਂ ਵਿਚ ਦਰਦ ਹੋ ਰਿਹਾ ਹੈ।'

ਪਰਿਵਾਰ ਨਿਯੋਜਨ ਵਾਲਾ ਨਲ਼ਬੰਦੀ ਲਕਬ ਇਸੇ ਤੋਂ ਬਣਿਆ। ਇਥੇ ਤੱਕ ਕਿ 'ਪ੍ਰ' ਅਗੇਤਰ ਲੱਗ ਕੇ ਪਰਨਾਲਾ ਜੋ ਪੰਚਾਂ ਸਾਹਮਣੇ ਹਟਾਉਣ ਦਾ ਪ੍ਰਣ ਕਰਕੇ ਥਾਂ ਦੀ ਥਾਂ ਹੀ ਰਹਿੰਦਾ ਹੈ ਤੇ ਧਾਰਾ ਦੇ ਅਰਥਾਂ ਵਾਲਾ ਪ੍ਰਣਾਲੀ ਸ਼ਬਦ ਵੀ ਸਾਹਮਣੇ ਆਏ ਹਨ। ਇਨ੍ਹਾਂ ਸਾਰੇ ਸ਼ਬਦਾਂ ਦਾ ਮੂਲ ਹੈ, ਸੰਸਕ੍ਰਿਤ ਸ਼ਬਦ ਨਾਡਿ, ਜਿਸ ਵਿਚ ਉਪਰ ਗਿਣਾਏ ਲਗਭਗ ਸਾਰੇ ਅਰਥ ਨਿਹਿਤ ਹਨ। ਨਾੜ, ਨਾਲ਼ ਜਾਂ ਨਾਲ਼ੇ ਦਾ ਇਕ ਰੁਪਾਂਤਰ ਸਾਰੇ ਅਰਥਾਂ ਸਮੇਤ ਨਾਰ ਵੀ ਹੈ, 'ਨਾਰ ਬੰਧੈਹੋ' (ਚਰਿਤਰ 17)। ਇਸੇ ਤਰ੍ਹਾਂ ਨਾੜੀ ਦਾ ਇਕ ਰੁਪਾਂਤਰ ਨਾਰੀ ਵੀ ਹੈ, "ਪਵਨ ਦ੍ਰਿੜ ਸੁਖਮਨ ਨਾਰੀ" (ਭਗਤ ਕਬੀਰ)।

---

**ਟੀਚਰ ਸੰਤੇ ਨੂੰ:** ਨਾਲ਼ੇ ਨੂੰ ਅੰਗਰੇਜ਼ੀ ਵਿਚ ਕੀ ਆਖਦੇ ਹਨ?

**ਸੰਤਾ:** ਪੀ.ਐਚ.ਡੀ.

**ਟੀਚਰ (ਖਿਝ ਕੇ):** ਕੀ ਮਤਲਬ ਤੇਰਾ?

**ਸੰਤਾ:** ਪਜਾਮਾ ਹੋਲਡਿੰਗ ਡਰਾਈਵ!

# ਪੰਜਾਹ ਵਰ੍ਹੇ ਪਹਿਲਾਂ ਦਾ ਮਨੀਕਰਨ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਮੇਰਾ ਵਿਆਹ 1966 ਦੀ 12 ਮਾਰਚ ਨੂੰ ਹੋਇਆ। ਅਸੀਂ ਦੋਨਾਂ ਨੇ ਕੁੱਲੂ ਮਨਾਲੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ 1959 ਵਿਚ ਅਪਣੇ ਛੋਟੇ ਮੋਟਰ ਸਾਈਕਲ ਉਤੇ ਮਨਾਲੀ ਤੋਂ ਉਤੇ ਰੋਹਤਾਂਗ ਪਾਸ ਤੱਕ ਜਾ ਕੇ ਆਇਆ ਸਾਂ। ਰਸਤੇ ਤੋਂ ਜਾਣੂ ਸਾਂ। ਹੁਣ ਮੇਰੇ ਕੋਲ ਕਾਰ ਸੀ। ਮਨਾਲੀ ਵਾਲਿਆਂ ਨੇ ਦੱਸਿਆ ਕਿ ਉਸ ਖੇਤਰ ਵਿਚ ਦੇਖਣ ਵਾਲੀ ਸਭ ਤੋਂ ਵਧੀਆ ਥਾਂ ਮਨੀਕਰਣ ਹੈ ਪਰ ਉਥੇ ਕਾਰ ਨਹੀਂ ਜਾ ਸਕਦੀ। ਸਾਨੂੰ ਜੀਪ ਲੈਣੀ ਪਵੇਗੀ। ਪਰ ਅਸੀਂ ਉਨ੍ਹਾਂ ਦੀ ਇੱਕ ਨਾ ਸੁਣੀ ਕਿਉਂਕਿ ਸਾਡੀ ਸਟੈਂਡਰਡ ਕਾਰ ਦਾ ਥੱਲਾ ਆਮ ਕਾਰਾਂ ਨਾਲੋਂ ਥੋੜਾ ਉਚਾ ਸੀ। ਜਵਾਨੀ ਤੇ ਵਿਆਹ ਦਾ ਜੋਸ਼ ਵੀ ਸੀ। ਬਚਦੇ-ਬਚਾਉਂਦੇ ਤੇ ਰਾਹ ਜਾਂਦੀਆਂ ਪਹਾੜਨਾਂ ਨੂੰ ਲਿਫਟ ਦਿੰਦੇ ਮਨੀਕਰਣ ਪਹੁੰਚ ਗਏ।

ਇਹ ਥਾਂ ਠੰਢੇ ਤੇ ਤੱਤੇ ਪਾਣੀਆਂ ਦੇ ਮੇਲ ਲਈ ਜਾਣੀ ਜਾਂਦੀ ਹੈ। ਇੱਕ ਪਹਾੜੀ ਵਿਚੋਂ ਠੰਢਾ ਸੀਤ ਪਾਣੀ ਆਉਂਦਾ ਹੈ ਤੇ ਦੂਜੀ ਵਿਚੋਂ ਉਬਾਲੇ ਖਾਂਦਾ ਗਰਮ ਪਾਣੀ। ਜਿਥੇ ਦੋਵੇਂ ਪਾਣੀ ਮਿਲਦੇ ਹਨ ਉਥੇ ਇਕ ਵੱਡਾ ਪੱਥਰ ਲਭ ਕੇ ਉਸਦੇ ਉਪਰ ਬੈਠ ਮੈਂ ਦੋਵੇਂ ਪਾਣੀਆਂ ਨੂੰ ਇੱਕ ਵੱਡੇ ਕੱਪ ਵਿਚ ਮਿਲਾ ਕੇ ਇਸ਼ਨਾਨ ਕੀਤਾ। ਬੜਾ ਮਜਾ ਆਇਆ। ਫੇਰ ਕਿਸੇ ਪਹਾੜਨ ਨੇ ਦੱਸਿਆ ਕਿ ਗਰਮ ਪਾਣੀ ਦੇ ਕੰਢੇ ਇਕ ਸੰਤ ਕੁਟੀਆ ਵਿਚ ਰਹਿੰਦਾ ਹੈ ਤੇ ਉਹ ਚਸ਼ਮੇ ਦੇ ਪਾਣੀ ਵਿਚ ਚਾਹ ਪੱਤੀ ਤੇ ਮਿਠਾ ਮਿਲਾ ਕੇ ਚਾਹ ਪਿਲਾ ਸਕਦਾ ਹੈ। ਅਸੀਂ ਇਹ ਕ੍ਰਿਸ਼ਮਾ ਵੀ ਵੇਖਿਆ।

ਪੰਜਾਹ ਸਾਲ ਪਹਿਲਾਂ ਉਥੇ ਕੋਈ ਵੀ ਹੋਰ ਜੀਵ ਨਹੀਂ ਸੀ। ਉਹ ਸੰਤ ਤੇ ਉਸ ਦੇ ਨਾਲ ਕੰਮ ਵਿਚ ਹੱਥ ਵਟਾਉਣ ਵਾਲੇ ਪਹਾੜੀ ਮੁੰਡੂ ਤੋਂ ਬਿਨਾ। ਅਸੀਂ ਦਾਨ ਦਿੱਤਾ ਅਤੇ ਚਾਹ ਪੀਤੀ। ਜੇ ਕੋਈ ਸੱਜਣ ਭੁੱਖਾ-ਭਾਣਾ ਪਹੁੰਚ ਜਾਂਦਾ ਤਾਂ ਸੰਤ ਚੌਲਾਂ ਦੀ ਪੋਟਲੀ ਉਬਲਦੇ ਪਾਣੀ ਵਿਚ ਲਟਕਾ ਕੇ ਆਟੇ ਦੀਆਂ ਪੂਰੀਆਂ ਲਾਹ ਕੇ ਖਵਾ ਦਿੰਦਾ ਸੀ। ਜਦੋਂ ਵਾਪਸ ਮੁੜਨ ਲੱਗੇ ਤਾਂ ਕਾਰ ਨੂੰ ਮੋੜਨ ਵਾਸਤੇ ਉਕਾ ਹੀ ਕੋਈ ਥਾਂ ਨਹੀਂ ਸੀ। ਇੱਕ ਫੁੱਟ ਅੱਗੇ ਤੇ ਇਕ ਫੁੱਟ ਪਿਛੇ ਕਰਕੇ ਮੋੜਨੀ ਪੈਣੀ ਸੀ। ਵੀਹ ਤੀਹ ਵਾਰੀ ਏਦਾਂ ਹੀ ਕੀਤਾ ਤਾਂ ਵਾਪਸ ਚਾਲੇ ਪਾ ਲਏ। ਉਹ ਵਾਲੀ ਯਾਤਰਾ ਸਾਨੂੰ ਕਲ ਵਾਂਗ ਚੇਤੇ ਹੈ। ਦਸ ਕੁ ਸਾਲ ਪਹਿਲਾਂ ਅਸੀਂ ਫੇਰ ਮਨੀਕਰਣ ਗਏ ਤਾਂ ਉਥੇ ਵਡਾ ਗੁਰਦੁਆਰਾ ਬਣ ਚੁੱਕਿਆ ਸੀ। ਉਸ ਦੀਆਂ ਕੰਧਾਂ ਉਤੇ ਸਿੱਖ ਗੁਰੂਆਂ ਤੇ ਹਿੰਦੂ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਤੇ ਚਿੱਤਰ ਸਨ। ਰਹਿਣ ਲਈ ਕਮਰੇ ਸਨ ਤੇ ਹਰ ਧਰਮ ਦੇ ਯਾਤਰੀ ਲਈ ਲੰਗਰ ਚਲਦਾ ਸੀ। ਰੋਟੀ ਪਾਣੀ ਤੇ ਚਾਹ ਦੋਵੇਂ ਕਾਰਾਂ ਧੁਰ ਤੱਕ ਜਾਂਦੀਆਂ ਸਨ। ਫੇਰ ਵੀ ਸਾਨੂੰ ਉਹ ਮਜਾ ਨਹੀਂ ਆਇਆ ਜੋ ਪਹਿਲੀ ਵਾਰ ਆਇਆ ਸੀ।

ਮਨੀਕਰਣ ਦੀ ਬਰਬਾਦੀ ਦੀਆ ਖਬਰਾਂ ਨੇ ਸਾਨੂੰ ਝੰਜੋੜ ਛਡਿਆ ਹੈ। ਭੂ ਵਿਗਿਆਨਕ ਸਰਵੇ ਵਾਲਿਆਂ ਤੇ ਜ਼ਿਲਾ ਪ੍ਰਸ਼ਾਸਨ ਨੇ ਅਪਣੀਆਂ ਜਾਨਾਂ ਖਤਰੇ ਵਿਚ ਪਾ ਕੇ ਵੇਖਿਆ ਹੈ ਕਿ ਪੂਰੀ ਪਹਾੜੀ ਦੋਫਾੜ ਹੋਣ ਤੇ ਆਈ ਹੋਈ ਹੈ। ਕਿਸੇ ਵੀ ਸਮੇਂ ਜਨ ਜੀਵਨ ਤਬਾਹ ਹੋ ਸਕਦਾ ਹੈ। ਗੁਰਦੁਆਰਾ ਸਾਹਿਬ ਦੀ ਬੁੱਕਲ ਵਿਚ ਵਸੇ ਹੋਏ ਨਿੱਕੇ ਮੋਟੇ ਹੋਟਲ ਤੇ ਘਰਾਂ ਸਮੇਤ ਪ੍ਰਸ਼ਾਸਨ ਨੇ ਸਭਨਾਂ ਨੂੰ ਉਥੋਂ ਨਿਕਲਣ ਦੇ ਆਦੇਸ਼ ਦੇ ਰੱਖੇ ਹਨ। ਸਰਕਾਰੀ ਕਰਮਚਾਰੀ ਤੰਬੂਆਂ ਵਿਚ ਰਹਿ ਰਹੇ ਹਨ। ਬਾਕੀ ਲੋਕ ਕੀ ਕਰਨਗੇ ਤੇ ਕਿੱਥੇ ਜਾਣਗੇ, ਸੋਚ ਕੇ ਕਾਲਜਾ ਇਕਠਾ ਹੋ ਜਾਂਦਾ ਹੈ। ਖਾਸ ਕਰਕੇ ਏਸ ਲਈ ਕਿ ਅਸੀਂ ਇਸ ਵਚਿੱਤਰ ਥਾਂ ਨੂੰ ਵਿਗਸਦਿਆਂ ਵੇਖਿਆ। ਸਾਡੀ ਹਮਦਰਦੀ ਉਨ੍ਹਾਂ ਦੇ ਨਾਲ ਹੈ ਤੇ ਅਸੀਂ ਉਨ੍ਹਾਂ ਦੀ ਸੁਖ ਸਾਂਦ ਦੀਆਂ ਦੁਆਵਾਂ ਕਰਦੇ ਹਾਂ। ਆਮੀਨ!

**'ਪਿਆਜ਼ ਦੇ ਛਿਲਕੇ' ਚੇਤੇ ਕਰਦਿਆਂ:** ਗੰਢਿਆਂ ਦੀ ਛੜੱਪੇ ਮਾਰਦੀ ਕੀਮਤ ਨੇ ਮੈਨੂੰ ਫਿਕਰ ਤੌਂਸਵੀ ਚੇਤੇ ਕਰਵਾ ਦਿੱਤਾ ਹੈ ਜਿਹੜਾ 'ਮਿਲਾਪ' ਅਖਬਾਰ ਲਈ 'ਪਿਆਜ਼ ਦੇ ਛਿਲਕੇ' ਨਾਂ ਦਾ ਕਾਲਮ ਲਿਖਦਾ ਸੀ। ਗੰਢੇ ਦਾ



ਮੁੱਲ ਕੁੱਝ ਵੀ ਹੋਵੇ ਤੌਂਸਵੀ ਦੇ ਛਿਲਕੇ ਪਾਠਕਾਂ ਨੂੰ ਨਿਵਾਜਦੇ ਰਹਿੰਦੇ ਹਨ। ਉਂਜ ਮੈਨੂੰ ਵੀ ਇੱਕ ਵਾਰੀ 150 ਰੁਪਏ ਕਿਲੋ ਗੰਢਾ ਖਰੀਦਣਾ ਪਿਆ ਸੀ। ਮੈਂ 1976 ਵਿਚ ਮਾਲਦੀਵ ਟਾਪੂਆਂ ਵਿਚ ਸਾਂ ਜਿੱਥੇ ਸਬਜ਼ੀਆਂ ਸਮੁੰਦਰੀ ਜਹਾਜਾਂ ਰਾਹੀਂ ਭਾਰਤ ਤੋਂ ਹੀ ਜਾਂਦੀਆਂ ਸਨ। ਹੋਇਆ ਇਹ ਕਿ ਕਿਸੇ ਕਾਰਨ ਜਹਾਜ ਨਹੀਂ ਪੁੱਜਿਆ ਤੇ ਲੋਕ ਗੰਢੇ ਵੇਖਣ ਨੂੰ ਤਰਸ ਗਏ। ਮੇਰੀ ਪਤਨੀ ਓਥੇ ਯੂ ਐਨ ਓ ਵਲੋਂ ਗਈ ਹੋਣ ਕਾਰਨ ਡਾਲਰਾਂ ਵਿਚ ਤਨਖਾਹ ਲੈਂਦੀ ਸੀ, ਗੱਫਿਆਂ ਦੇ ਗੱਫੇ। ਡੇਢ ਸੌ ਰੁਪਏ ਦੀ ਕੀ ਪਰਵਾਹ ਸੀ। ਪਰ ਹਿਸਾਬ ਲਾਈਏ ਤਾਂ ਉਦੋਂ ਦੇ ਏਨੇ ਪੈਸੇ ਅੱਜ ਦੇ 1500 ਰੁਪਏ ਦੇ ਬਰਾਬਰ ਸਨ। ਸਾਨੂੰ ਕੋਈ ਫਰਕ ਨਹੀਂ ਸੀ ਪੈਂਦਾ। ਸਥਾਨਕ ਵਸੋਂ ਦੇ ਹੰਝੂ ਵੇਖੇ ਨਹੀਂ ਸਨ ਜਾਂਦੇ।

ਕੇਂਦਰ ਦੀ ਸਰਕਾਰ ਦੇ ਵਸੀਲੇ ਵੀ ਯੂ ਐਨ ਓ ਵਰਗੇ ਹਨ। ਜੂਨ ਜੁਲਾਈ ਦੇ ਮਹੀਨੇ 60,000 ਟਨ ਗੰਢੇ ਭਾਰਤ ਤੋਂ ਬਾਹਰ ਭੇਜਣ ਪਿੱਛੋਂ ਚੇਤੇ ਆਇਆ ਹੈ ਕਿ ਨਿਰਯਾਤ ਨੂੰ ਕੰਟਰੋਲ ਕਰਕੇ ਘਰੇਲੂ ਲੋੜਾਂ ਦੀ ਪੂਰਤੀ ਕੀਤੀ ਜਾਵੇ। ਮੇਰਾ ਮਿੱਤਰ ਫਿਕਰ ਤੌਂਸਵੀ ਜੀਵਤ ਹੁੰਦਾ ਤਾਂ ਅਜੋਕੀ ਸਰਕਾਰ ਦੀਆਂ ਅੱਖਾਂ ਪਿਆਜ਼ ਦੇ ਛਿਲਕਿਆਂ ਨਾਲ ਭਰ ਦਿੰਦਾ। ਸਰਕਾਰਾਂ ਚਲਾਉਣ ਲਈ ਦਿੱਬ ਦ੍ਰਿਸਟੀ ਦੀ ਲੋੜ ਪੈਂਦੀ ਹੈ ਫੋਕੇ ਨਾਅਰਿਆਂ ਦੀ ਨਹੀਂ ਪਰ ਕੌਣ ਓਸ ਨੂੰ ਆਖੇ ਇੰਝ ਨਹੀਂ ਇੰਝ ਕਰ।

**ਫਤਿਹਗੜ੍ਹ ਸਾਹਿਬ ਦੀ ਬੁੱਕਲ ਦਾ ਮਹਿਦੂਦਾਂ ਪਿੰਡ:** ਮੈਂ ਮਹਿਦੂਦਾਂ ਵਾਲਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਵੀ ਉਨ੍ਹਾਂ ਦਾ ਹੀ ਬੰਦਾ ਹਾਂ। ਮੇਰੀ ਮਾਂ ਦੇ ਨਾਨਕੇ ਏਸ ਪਿੰਡ ਸਨ। ਮਾਮੇ ਦੇ ਛੇ ਪੁੱਤਰ ਸਨ ਪ੍ਰੀਤਮ ਸਿੰਘ, ਚੰਨਣ ਸਿੰਘ, ਮੱਲ ਸਿੰਘ, ਕਰਤਾਰ ਸਿੰਘ, ਬਲਵੰਤ ਸਿੰਘ ਤੇ ਮਘਰ ਸਿੰਘ। ਪਿਛਲੇ ਚਾਲੀਵਿਆਂ ਵਿਚ ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਸਮੇਂ ਉਨ੍ਹਾਂ ਦੇ ਘਰ ਦਰਜਣਾਂ ਪ੍ਰਾਹੁਣੇ ਲੰਗਰ ਛਕਦੇ ਸਨ। ਦੋ ਕਨਾਲ ਵਾਲਾ ਘਰ ਚਹਿਲ ਪਹਿਲ ਨਾਲ ਭਰਿਆ ਰਹਿੰਦਾ ਸੀ। ਆਟਾ ਛਾਣਨ ਲਈ ਵੱਡੇ ਛਾਣਨੇ ਸ਼ਤੀਰਾਂ ਨਾਲ ਬੱਧੇ ਹੁੰਦੇ ਸਨ। ਉਸ ਵੇਲੇ ਵੀ ਜਦੋਂ ਦੋ ਪੁਤਰਾਂ ਨੂੰ ਛੱਡ ਕੇ ਬਾਕੀ ਦੇ ਚਾਰ ਦਿੱਲੀ ਜਾ ਕੇ ਟੈਕਸੀਆਂ ਦੇ ਕਾਰੋਬਾਰ ਵਿਚ ਪੈ ਚੁੱਕੇ ਸਨ। ਉਹ ਸਾਰੇ ਨਾਮਧਾਰੀ ਮਰਯਾਦਾ ਨੂੰ ਪਰਨਾਏ ਹੋਏ ਸਨ। ਮੇਰੀ ਨਾਨੀ ਦਲੀਪ ਕੌਰ ਨੂੰ ਮੇਰਾ ਸ਼ਾਹੂਕਾਰ ਨਾਨਾ ਕੋਈ ਵਧ ਘਟ ਗੱਲ ਕਹਿੰਦਾ ਤਾਂ ਨਾਨੀ ਡਾਟ ਦਿੰਦੀ 'ਸੰਭਲ ਕੇ ਬੋਲ ਸਰਦਾਰਾ ਮੈਂ ਕੂਕਿਆਂ ਦੀ ਧੀ' ਹਾਂ

ਹੁਣ ਮਹਿਦੂਦਾਂ ਦੀ ਪੰਚਾਇਤ ਨੇ ਸਮਾਜੀ ਰਸਮਾਂ ਉਤੇ ਫਜ਼ੂਲ ਖਰਚੀ ਕਰਨ ਵਾਲਿਆਂ ਦੀ ਬਾਈਕਾਟ ਕਰਨ ਦੀ ਕਸਮ ਖਾਧੀ ਹੈ, ਨਸ਼ਾ ਖੋਰੀ ਕਰਨ ਵਾਲਿਆਂ ਸਮੇਤ। ਏਥੋਂ ਤੱਕ ਕਿ ਹੀਜੜਿਆਂ ਨੂੰ ਇਨ੍ਹਾਂ ਰਸਮਾਂ ਉਤੇ ਬੱਧੇ ਪੈਸੇ (ਅਮੀਰਾਂ ਵੱਲੋਂ 1000 ਤੇ ਗਰੀਬਾਂ ਵੱਲੋਂ 500 ਰੁਪਏ) ਦੇ ਕੇ ਪਿੰਡ ਦੀ ਫਿਰਨੀ ਤੋਂ ਬਾਹਰ ਰਖਣ ਦਾ ਫੈਸਲਾ ਲਿਆ ਹੈ। ਏਸ ਪਾਸੇ ਪਹਿਲ ਕਦਮੀ ਕਰਕੇ ਮੇਰੀ ਮਾਂ ਦਾ ਨਾਨਕਾ ਪਿੰਡ ਬਾਜ਼ੀ ਲੈ ਗਿਆ ਹੈ। ਮਹਿਦੂਦਾਂ ਨਿਵਾਸੀ ਜ਼ਿੰਦਾਬਾਦ।

**ਅੰਤਿਕਾ:** (ਬਿਸ਼ਨ ਸਿੰਘ ਉਪਾਸ਼ਕ)

ਅੱਖ ਖੁਲ੍ਹੀ ਦਿਨ ਚੜ੍ਹੇ
ਬਾਰੀ 'ਤੇ ਜਾ ਪਹੁੰਚੀ ਨਜ਼ਰ,
ਰਾਤ ਬਾਕੀ ਹੈ ਅਜੇ,
ਇਹ ਸੋਚ ਕੇ ਮੈਂ ਸੌ ਗਿਆ।

ਅਫ਼ਸਾਨਾ-ਏ-ਅਫ਼ਗਾਨਿਸਤਾਨ-4

# ਪੰਜਸ਼ੀਰ ਦੀ ਘਾਟੀ ਵਾਲੇ ਘੋਲ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹੱਦ ਪਸੰਦ ਕੀਤਾ ਗਿਆ ਸੀ। ਚਹਿਲ ਨੇ ਪੰਜ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

## ਤੁਸੀਂ ਪੜ੍ਹ ਚੁੱਕੇ ਹੋ...

**ਅਫਗਾਨਿਸਤਾਨ ਵਿਚ ਸਦੀਆਂ ਤੋਂ ਉਠਦੇ ਰਹੇ ਸਿਆਸੀ ਤੂਫਾਨਾਂ ਦੌਰਾਨ ਵੱਖ ਵੱਖ ਸ਼ਾਸਕਾਂ ਨੇ ਆਪਣੀ ਪੈਂਠ ਬਣਾਈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ। ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ। 20ਵੀਂ ਸਦੀ ਦੇ 7ਵੇਂ ਦਹਾਕੇ ਬਾਅਦ ਤਾਂ ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦੀ। ਰੂਸ ਅਤੇ ਅਮਰੀਕਾ ਨੇ ਆਪੋ-ਆਪਣੇ ਹਿਤਾਂ ਲਈ ਮੁਲਕ ਨੂੰ ਜੰਗ ਦਾ ਮੈਦਾਨ ਬਣਾ ਦਿੱਤਾ। ਇਸ ਤੋਂ ਬਾਅਦ ਮੁੱਲਾ ਉਮਰ ਦੀ ਅਗਵਾਈ ਹੇਠ ਤਾਲਿਬਾਨ ਨੇ ਸੱਤਾ ਹਾਸਲ ਕੀਤੀ। ਹੁਣ ਪੜ੍ਹੋ ਇਸ ਤੋਂ ਅੱਗੇ...**

ਕਾਬਲ 'ਤੇ ਮੁਕੰਮਲ ਕਬਜ਼ੇ ਪਿਛੋਂ ਤਾਲਿਬਾਨ ਨੇ ਪਿਛਾਂਹ ਹਟ ਰਹੇ ਅਹਿਮਦ ਸ਼ਾਹ ਮਸੂਦ ਦੀਆਂ ਫੌਜਾਂ ਦਾ ਪਿੱਛਾ ਜਾਰੀ ਰੱਖਿਆ। ਸਲੰਗ ਹਾਈਵੇ 'ਤੇ ਜਾਂਦੀ ਮਸੂਦ ਦੀ ਫੌਜ, ਤਾਲਿਬਾਨ ਦਾ ਮੁਕਬਲਾ ਕਰਦੀ ਪਿਛੇ ਹਟਦੀ ਰਹੀ, ਪਰ ਉਹ ਧੁੱਸ ਦੇਈ ਤੁਰੇ ਗਏ ਤੇ ਰਸਤੇ 'ਚ ਪੈਂਦੇ ਸ਼ਹਿਰਾਂ ਕਸਬਿਆਂ ਨੂੰ ਆਪਣੇ ਕਬਜ਼ੇ 'ਚ ਕਰਦੇ ਗਏ। ਆਖਰ ਤਾਲਿਬਾਨ ਪੰਜਸ਼ੀਰ ਵਾਦੀ ਨੂੰ ਮਿਲਾਉਂਦੀ ਸਲੰਗ ਹਾਈਵੇ 'ਤੇ ਪੈਂਦੀ ਵੱਡੀ ਸੁਰੰਗ 'ਤੇ ਜਾ ਪਹੁੰਚੇ। ਇੱਥੇ ਉਨ੍ਹਾਂ ਦਾ ਰਾਹ ਜਨਰਲ ਰਸ਼ੀਦ ਦੋਸਤਮ ਦੀ ਫੌਜ ਨੇ ਰੋਕ ਲਿਆ। ਤਾਲਿਬਾਨ ਨੂੰ ਰੁਕਣਾ ਪਿਆ ਕਿਉਂਕਿ ਉਨ੍ਹਾਂ ਨੂੰ ਦੋਸਤਮ ਨਾਲ ਲੜਨ ਦਾ ਹੁਕਮ ਨਹੀਂ ਸੀ। ਇੰਨੇ ਵਿਚ ਅਹਿਮਦ ਸ਼ਾਹ ਮਸੂਦ ਦੀਆਂ ਫੌਜਾਂ ਨੂੰ ਸੰਭਲਣ ਦਾ ਮੌਕਾ ਮਿਲ ਗਿਆ। ਉਂਝ ਭਾਵੇਂ ਜਨਰਲ ਰਸ਼ੀਦ ਦੋਸਤਮ



ਹਰਮਹਿੰਦਰ ਚਹਿਲ
ਫੋਨ: 703-362-3239
chahals57@yahoo.com

ਦੇ ਮਸੂਦ ਨਾਲ ਕਾਫੀ ਵਖਰੇਵੇਂ ਸਨ, ਪਰ ਇੰਨੀ ਗੱਲ ਉਹ ਵੀ ਸਮਝਦਾ ਸੀ ਕਿ ਤਾਲਿਬਾਨ ਦਾ ਉੱਤਰ ਵੱਲ ਆਉਣਾ ਠੀਕ ਨਹੀਂ ਹੈ। ਜੇ ਅੱਜ ਉਹ ਮਸੂਦ ਨੂੰ ਖਤਮ ਕਰਦੇ ਹਨ ਤਾਂ ਕੱਲ੍ਹ ਨੂੰ ਉਸ ਨਾਲ ਵੀ ਮੱਥਾ ਲਾਉਣਗੇ। ਇਸੇ ਕਰ ਕੇ ਉਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਇਹ ਵੇਖ ਕੇ ਕਾਬਲ ਵੱਲੋਂ ਤਾਲਿਬਾਨ ਲੀਡਰ ਆ ਗਏ। ਉਨ੍ਹਾਂ ਜਨਰਲ ਰਸ਼ੀਦ ਦੋਸਤਮ ਨਾਲ ਸਮਝੌਤੇ ਦੀ ਗੱਲਬਾਤ ਚਲਾਈ, ਪਰ ਸਿਰੇ ਨਾ ਚੜ੍ਹ ਸਕੀ ਕਿਉਂਕਿ ਦੋਸਤਮ ਨੇ ਆਪਣੇ ਇਲਾਕੇ ਲਈ ਅਟਾਨਮੀ ਦੀ ਮੰਗ ਰੱਖ ਦਿੱਤੀ।

ਇਸ ਗੱਲਬਾਤ ਦਰਮਿਆਨ ਕਈ ਦਿਨ ਲੰਘ ਗਏ। ਇਸ ਨਾਲ ਅਹਿਮਦ ਸ਼ਾਹ ਮਸੂਦ ਦੀ ਫੌਜ ਪੂਰੀ ਤਰ੍ਹਾਂ ਸੰਭਲ ਗਈ। ਇਹੀ ਨਹੀਂ, ਸਗੋਂ ਉਹ ਹਮਲਾਵਰ ਰੁਖ ਅਖਤਿਆਰ ਕਰਨ ਲੱਗੀ। ਕੁਝ ਹੀ ਦਿਨਾਂ ਵਿਚ ਮਸੂਦ ਨੇ ਤਾਲਿਬਾਨ 'ਤੇ ਮੋੜਵਾਂ ਹਮਲਾ ਕਰ ਦਿੱਤਾ ਤੇ ਉਨ੍ਹਾਂ ਨੂੰ ਕਾਬਲ ਤੱਕ ਧੱਕ ਕੇ ਲੈ ਗਿਆ। ਇਸ ਹਮਲੇ ਵਿਚ ਮਸੂਦ ਨੇ ਉਹ ਸਾਰੇ ਪਿੰਡ ਅਤੇ ਕਸਬੇ ਵਾਪਸ ਲੈ ਲਏ ਜਿਹੜੇ ਤਾਲਿਬਾਨ ਨੇ ਉਸ ਤੋਂ ਜਿੱਤ ਲਏ ਸਨ। ਇਸ ਤੋਂ ਇਲਾਵਾ ਉਸ ਦਾ ਫਿਰ ਤੋਂ ਬਗਰਾਮ ਹਵਾਈ ਅੱਡੇ 'ਤੇ ਕਬਜ਼ਾ ਹੋ ਗਿਆ ਤੇ ਉਹ ਕਾਬਲ ਸ਼ਹਿਰ ਦੇ ਬਾਹਰ ਡੇਰੇ ਲਾ ਕੇ ਬੈਠ ਗਿਆ।

ਇਸ ਪਿੱਛੋਂ ਅਹਿਮਦ ਸ਼ਾਹ ਮਸੂਦ, ਜਨਰਲ ਰਸ਼ੀਦ ਦੋਸਤਮ, ਕਰੀਮ ਖਲੀਲੀ, ਇਸਮਾਇਲ ਖਾਂ (ਤਾਲਿਬਾਨ ਨਾਲ ਪਿਛਲੀ ਲੜਾਈ ਹਾਰ ਕੇ ਇਸਮਾਇਲ ਖਾਂ ਇਰਾਨ ਚਲਾ ਗਿਆ ਸੀ ਤੇ ਹੁਣ ਮਜ਼ਬੂਤ ਹੋ ਕੇ ਮੁੜਿਆ ਸੀ) ਅਤੇ ਹੋਰ ਲੀਡਰਾਂ ਨੇ ਆਪਣੇ ਇਲਾਕੇ ਨੂੰ ਤਾਲਿਬਾਨ ਤੋਂ ਮੁਕਤ ਰੱਖਣ ਲਈ ਸਾਂਝੀ ਕੌਂਸਲ ਬਣਾ ਲਈ। ਇਸ ਦਾ ਨਾਂ ਉਨ੍ਹਾਂ ਨਾਰਦਰਨ ਅਲਾਇੰਸ ਰੱਖਿਆ। ਅਲਾਇੰਸ ਬਣਨ ਕਰ ਕੇ, ਵਕਤੀ ਤੌਰ 'ਤੇ ਤਾਲਿਬਾਨ ਦਾ ਇਧਰ ਦਾ ਰਾਹ ਬੰਦ ਹੋ ਗਿਆ। ਇਸ ਲੜਾਈ ਵਿਚ ਤਾਲਿਬਾਨ ਦਾ ਬਹੁਤ ਨੁਕਸਾਨ ਹੋਇਆ। ਇਸ ਲੜਾਈ ਕਰ ਕੇ ਲੱਖਾਂ ਲੋਕ ਘਰ ਛੱਡ ਕੇ ਗੁਆਂਢੀ ਮੁਲਕਾਂ ਵਿਚ ਚਲੇ ਗਏ, ਪਰ ਤਾਲਿਬਾਨ ਨੇ ਹਿੰਮਤ ਨਹੀਂ ਹਾਰੀ ਤੇ ਫਿਰ ਤਿਆਰੀ ਕਰਨ ਲੱਗੇ। ਉਨ੍ਹਾਂ ਕਾਬਲ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚੋਂ ਨੌਜਵਾਨਾਂ ਨੂੰ ਧੱਕੇ ਨਾਲ ਘਰਾਂ 'ਚੋਂ ਕੱਢ ਲਿਆਂਦਾ। ਉਧਰ ਪਾਕਿਸਤਾਨ ਵੱਲੋਂ ਨਵੇਂ ਰੰਗਰੂਟ ਪਹੁੰਚਣ ਲੱਗੇ। ਨਵੰਬਰ ਵਿਚ ਤਾਲਿਬਾਨ ਨੇ ਹੈਰਾਤ ਵੱਲੋਂ ਬਦਗੀਸ ਸੂਬੇ 'ਤੇ ਹਮਲਾ ਕਰ ਦਿੱਤਾ। ਇਥੇ ਉਨ੍ਹਾਂ ਦੇ ਮੁਕਾਬਲੇ 'ਤੇ ਮਹੀਨਾ ਪਹਿਲਾਂ ਬਣੀ ਨਾਰਦਰਨ ਅਲਾਇੰਸ ਪਹੁੰਚ ਗਈ। ਦੋਨਾਂ ਧਿਰਾਂ ਵਿਚਕਾਰ ਘਮਸਾਣ ਦਾ ਜੰਗ ਹੋਣ ਲੱਗਿਆ। ਹੁਣ ਤੱਕ ਤਕਰੀਬਨ ਸ਼ਾਂਤ ਰਿਹਾ ਇਹ ਇਲਾਕਾ ਯੁੱਧ ਦਾ ਮੈਦਾਨ ਬਣ ਗਿਆ। ਸਥਾਨਕ ਲੋਕ ਘਰ-ਬਾਰ ਛੱਡ ਕੇ ਭੱਜਣ ਲੱਗੇ। ਲੜਾਈ ਫਸ ਗਈ ਤਾਂ ਇਰਾਨ, ਰੂਸ ਅਤੇ ਦੂਜੇ ਮੱਧ ਏਸ਼ੀਅਨ ਮੁਲਕ ਫਿਕਰਮੰਦ ਹੋ ਗਏ। ਉਨ੍ਹਾਂ ਮੁਤਾਬਕ, ਜੇ ਤਾਲਿਬਾਨ ਨੂੰ ਅੱਗੇ ਵਧਣ ਤੋਂ ਨਹੀਂ ਰੋਕਿਆ ਜਾਂਦਾ ਤਾਂ ਉਹ, ਉਨ੍ਹਾਂ ਦੀਆਂ ਬਰੂਹਾਂ ਤੱਕ ਆ ਪਹੁੰਚਣਗੇ। ਉਨ੍ਹਾਂ ਤਾਲਿਬਾਨ ਨੂੰ ਸਿੱਧੀ ਧਮਕੀ ਦਿੱਤੀ ਕਿ ਜੇ ਉਹ ਨਾ ਰੁਕੇ ਤਾਂ ਉਹ ਨਾਰਦਰਨ ਅਲਾਇੰਸ ਦੀ ਮਦਦ ਕਰਨਗੇ। ਦੂਜੇ ਪਾਸੇ ਪਹਿਲਾਂ ਤੋਂ ਹੀ ਤਾਲਿਬਾਨ ਦਾ ਪੱਖ ਪੂਰ ਰਹੇ ਪਾਕਿਸਤਾਨ ਅਤੇ ਸਾਊਦੀ ਅਰਬ ਨੇ ਹੋਰ ਵੀ ਜ਼ੋਰ-ਸ਼ੋਰ ਨਾਲ ਮਦਦ ਵਧਾ ਦਿੱਤੀ। ਇਉਂ ਇਹ ਲੜਾਈ ਬਹੁਤ ਭਿਆਨਕ ਬਣ ਗਈ ਅਤੇ ਅਫਗਾਨਿਸਤਾਨ ਦੀ ਖਾਨਾਜੰਗੀ ਹੋਰ ਵੀ ਖਤਰਨਾਕ ਰੂਪ ਅਖਤਿਆਰ ਕਰ ਗਈ। ਯੂ.ਐਨ.ਓ. ਵਰਗੀਆਂ ਸੰਸਥਾਵਾਂ ਨੇ ਸਮਝੌਤਾ ਵਾਰਤਾ ਚਲਾਈ ਪਰ ਸਫਲਤਾ ਨਾ ਮਿਲੀ। ਦੁਨੀਆਂ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਤਾਲਿਬਾਨ ਨਾਲ ਕਿਵੇਂ ਨਜਿੱਠਿਆ ਜਾਵੇ, ਕਿਉਂਕਿ ਉਹ ਕਿਸੇ ਦੀ ਸੁਣਦੇ ਹੀ ਨਹੀਂ ਸਨ।

ਜਨਵਰੀ ਮਹੀਨੇ ਤਾਲਿਬਾਨ ਨੇ ਫਿਰ ਤੋਂ ਮਸੂਦ ਦੀਆਂ ਫੌਜਾਂ ਨਾਲ ਦੋ ਦੋ ਹੱਥ ਕਰਨ ਦੀ ਸੋਚਦਿਆਂ, ਉਨ੍ਹਾਂ 'ਤੇ ਜ਼ਬਰਦਸਤ ਹਮਲਾ ਕਰ ਦਿੱਤਾ। ਮਸੂਦ ਨੂੰ ਫਿਰ ਪਿੱਛੇ ਹਟਣਾ ਪਿਆ ਤੇ ਤਾਲਿਬਾਨ ਨੇ ਦੂਜੀ ਵਾਰ ਉਸ ਨੂੰ ਪੰਜਸ਼ੀਰ ਵਾਦੀ ਤੱਕ ਪਿੱਛੇ ਧੱਕ ਦਿੱਤਾ। ਤਾਲਿਬਾਨ ਦੇ ਸੱਜੇ ਹੱਥ ਦੇ ਪੰਜ ਸੂਬਿਆਂ 'ਤੇ ਜਨਰਲ ਰਸ਼ੀਦ ਦੋਸਤਮ ਦਾ ਕਬਜ਼ਾ ਸੀ। ਦੋਨਾਂ ਧਿਰਾਂ ਵਿਚਕਾਰ ਚੱਲ ਰਹੀ ਸਮਝੌਤਾ ਵਾਰਤਾ ਖਤਮ ਹੋ ਚੁੱਕੀ ਸੀ। ਅਗਲੀ ਲੜਾਈ ਦੋਸਤਮ ਨਾਲ ਲੜਨ ਦੀ ਸੋਚ ਕੇ, ਤਾਲਿਬਾਨ ਫੌਜ ਉਸ ਦੇ ਇਲਾਕੇ ਦੀ ਘੇਰਾਬੰਦੀ ਕਰਦਿਆਂ ਸ਼ਹਿ ਕੇ ਬਹਿ ਗਈ। ਜਨਰਲ ਰਸ਼ੀਦ ਦੋਸਤਮ ਆਪਣੇ ਲੋਕਾਂ ਦਾ ਮਹਿਬੂਬ ਲੀਡਰ ਤੇ ਕਾਬਲ ਫੌਜੀ ਕਮਾਂਡਰ ਸੀ। ਉਹ ਗਰੀਬ ਪਰਿਵਾਰ ਵਿਚ ਜਨਮਿਆਂ ਤੇ ਆਪਣੇ ਬਲਬੂਤੇ ਇਸ ਅਹੁਦੇ ਤੱਕ ਪਹੁੰਚਿਆ ਸੀ। ਆਮ ਸਿਪਾਹੀ ਭਰਤੀ ਹੋ ਕੇ ਉਸ ਨੇ ਇੱਥੋਂ ਤੱਕ ਦੀ ਤਰੱਕੀ ਕੀਤੀ ਸੀ। ਹੁਣ ਤੱਕ ਉਸ ਦਾ ਇਲਾਕਾ ਨਾ ਸਿਰਫ ਸ਼ਾਂਤ ਹੀ ਰਿਹਾ ਸੀ, ਸਗੋਂ ਅਫਗਾਨਿਸਾਤਨ ਦਾ ਇਹ ਇੱਕੋ ਇੱਕ ਅਜਿਹਾ ਇਲਾਕਾ ਸੀ ਜਿਥੇ ਕੱਟੜਵਾਦ ਨਹੀਂ ਸੀ। ਇਹ ਇਲਾਕਾ ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਨਾਲ ਲੱਗਦਾ ਸੀ ਅਤੇ ਖੁਸ਼ਹਾਲ ਸੀ। ਬਹੁਤ ਸਾਰਾ ਘਰੇਲੂ ਸਾਮਾਨ ਦੋਨਾਂ ਮੁਲਕਾਂ ਵਿਚ ਆਉਂਦਾ ਜਾਂਦਾ ਸੀ ਅਤੇ ਕਸਟਮ ਦੀ ਆਮਦਨ ਦਾ ਵੱਡਾ ਜ਼ਰੀਆ ਸੀ।

ਰਸ਼ੀਦ ਦੋਸਤਮ ਜਿਥੇ ਲੋਕਾਂ ਦਾ ਚਹੇਤਾ ਸੀ, ਉਥੇ ਉਸ ਵਿਚ ਕਈ ਔਗਣ ਵੀ ਸਨ। ਉਹ ਧੱਕੜ ਫੌਜੀ ਜਨਰਲ ਸੀ। ਇਸ ਤੋਂ ਬਿਨਾਂ ਉਹ ਇਸ ਗੱਲੋਂ ਬਦਨਾਮ ਸੀ ਕਿ ਉਹ ਆਪਣੇ ਫਾਇਦੇ ਲਈ ਕਿਸੇ ਵੀ ਵਿਰੋਧੀ ਨਾਲ ਹੱਥ ਮਿਲਾ ਲੈਂਦਾ ਸੀ। ਅਫਗਾਨਿਸਤਾਨ ਵਿਚ ਜਿੰਨੇ ਵੀ ਲੜਾਕੇ ਜਨਰਲ ਸਨ, ਦੋਸਤਮ ਕਿਸੇ ਨਾ ਕਿਸੇ ਮੌਕੇ ਹਰ ਇੱਕ ਦਾ ਸਾਥੀ ਰਿਹਾ ਸੀ। ਇਵੇਂ ਹੀ ਹਰ ਇਕ ਦੇ ਖਿਲਾਫ ਵੀ ਲੜਿਆ ਸੀ। ਕਈ ਵਾਰੀ ਤਾਂ ਉਹ, ਕਿਸੇ ਇੱਕ ਦੇ ਹੱਕ ਵਿਚ ਲੜ ਰਿਹਾ ਹੁੰਦਾ ਤੇ ਚਲਦੀ ਲੜਾਈ ਦੌਰਾਨ ਹੀ ਦੂਜੇ ਪਾਸੇ ਹੱਥ ਮਿਲਾ ਲੈਂਦਾ, ਪਰ ਇਸ ਸਭ ਦੇ ਬਾਵਜੂਦ, ਉਸ ਨੇ ਆਪਣੇ ਇਲਾਕੇ ਨੂੰ ਅੱਜ ਤੱਕ ਮਹਿਫੂਜ਼ ਰੱਖਿਆ ਹੋਇਆ ਸੀ। ਹੁਣ ਤਾਲਿਬਾਨ ਇੱਧਰ ਆਏ ਤਾਂ ਉਸ ਦੀ ਫੌਜ ਵਿਚ ਪਾਟਕ ਪੈ ਗਿਆ। ਉਸ ਦਾ ਦੋ ਨੰਬਰ ਦਾ ਕਮਾਂਡਰ ਮਲਕ ਪਹਿਲਵਾਨ, ਅੰਦਰਖਾਤੇ ਤਾਲਿਬਾਨ ਨਾਲ ਰਲ ਗਿਆ। ਇਹ ਗੰਢ-ਤਰੁੱਪ ਹੋਣ ਦੀ ਦੇਰ ਸੀ ਕਿ ਤਾਲਿਬਾਨ ਨੇ ਮਜ਼ਾਰ-ਏ-ਸ਼ਰੀਫ 'ਤੇ ਹਮਲਾ ਕਰ ਦਿੱਤਾ। ਦੋਸਤਮ ਨੇ ਜਦੋਂ ਵੇਖਿਆ ਕਿ ਤਾਲਿਬਾਨ ਸਿੱਧੇ ਹੀ ਉਸ ਦੇ ਗਲ ਨੂੰ ਆ ਪਹੁੰਚੇ ਹਨ ਤਾਂ ਉਹ ਸਾਰਾ ਕੁਝ ਛੱਡ-ਛਡਾ ਕੇ ਭੱਜ ਨਿਕਲਿਆ ਅਤੇ ਤੁਰਕੀ ਜਾ ਪਹੁੰਚਿਆ। ਉਸ ਦੇ ਮੈਦਾਨ-



*ਪੰਜਸ਼ੀਰ ਵਾਦੀ ਨੂੰ ਮਿਲਾਉਂਦੀ ਸਲੰਗ ਹਾਈਵੇ ਜਿੱਥੇ ਜਨਰਲ ਰਸ਼ੀਦ ਦੋਸਤਮ ਦੀ ਫੌਜ ਨੇ ਤਾਲਿਬਾਨ ਦਾ ਰਾਹ ਰੋਕ ਲਿਆ।*

ਏ-ਜੰਗ 'ਚੋਂ ਪਿਛੇ ਹਟਦਿਆਂ ਹੀ ਤਾਲਿਬਾਨ ਲਈ ਰਾਹ ਪੱਧਰਾ ਹੋ ਗਿਆ ਤੇ ਉਨ੍ਹਾਂ ਪੈਂਦੀ ਸੱਟੇ ਮਜ਼ਾਰ 'ਤੇ ਕਬਜ਼ਾ ਕਰ ਲਿਆ। ਉਧਰ ਮਲਕ ਪਹਿਲਵਾਨ ਨੂੰ ਮੂੰਹ ਦੀ ਖਾਣੀ ਪਈ, ਕਿਉਂਕਿ ਤਾਲਿਬਾਨ ਕੀਤੇ ਵਾਅਦੇ ਤੋਂ ਮੁੱਕਰ ਗਏ। ਮਲਕ ਫੌਜਾਂ ਪਿੱਛੇ ਹਟਾਉਂਦਾ ਆਪਣੇ ਜੱਦੀ ਸੂਬੇ ਫਰਿਆਬ ਚਲਾ ਗਿਆ। ਤਾਲਿਬਾਨ ਨੇ ਮਜ਼ਾਰ 'ਤੇ ਕਬਜ਼ਾ ਕਰਦਿਆਂ ਹੀ ਸ਼ਰੀਅਤ ਕਾਨੂੰਨ ਲਾਗੂ ਕਰ ਦਿੱਤਾ। ਸ਼ਾਂਤ ਰਹਿ ਰਹੇ ਲੋਕ ਇਕਦਮ ਪ੍ਰੇਸ਼ਾਨ ਹੋ ਉੱਠੇ। ਦੂਜਾ ਕਦਮ ਚੁੱਕਦਿਆਂ ਤਾਲਿਬਾਨ ਨੇ ਉਜ਼ਬੇਕ ਅਤੇ ਹਜ਼ਾਰਾ ਮੂਲ ਦੇ ਫੌਜੀਆਂ ਨੂੰ ਨਿਹੱਥੇ ਕਰਨ ਦੇ ਮੰਤਵ ਨਾਲ ਉਨ੍ਹਾਂ ਨੂੰ ਹਥਿਆਰ ਜਮ੍ਹਾਂ ਕਰਵਾਉਣ ਦੇ ਹੁਕਮ ਚਾੜ੍ਹ ਦਿੱਤੇ। ਇਸ ਨਾਲ ਇਨ੍ਹਾਂ ਫੌਜੀਆਂ ਵਿਚ ਗੁੱਸਾ ਭੜਕ ਉੱਠਿਆ ਤੇ ਬਗਾਵਤ ਫੈਲ ਗਈ। ਉਨ੍ਹਾਂ ਤਾਲਿਬਾਨ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਤਾਲਿਬਾਨ ਇਸ ਇਲਾਕੇ 'ਚ ਨਵੇਂ ਸਨ। ਉਹ ਲੋਕਾਂ ਦੇ ਸੁਭਾਅ ਤੋਂ ਅਣਜਾਣ ਸਨ। ਇਸੇ ਕਰਕੇ ਉਹ ਇਸ ਹਾਲਾਤ ਨੂੰ ਸਮਝਣ ਸੰਭਾਲਣ ਵਿਚ ਅਸਫਲ ਰਹੇ। ਅਚਾਨਕ ਉਠੀ ਵਿਦਰੋਹ ਦੀ ਇਹ ਚੰਗਿਆੜੀ, ਭਾਂਬੜ ਬਣ ਗਈ ਤੇ ਸਥਾਨਕ ਲੋਕ ਵੀ ਇਸ ਵਿਚ ਸ਼ਾਮਲ ਹੋ ਗਏ। ਫਿਰ ਕੀ ਸੀ, ਇਲਾਕੇ ਤੋਂ ਤਾਲਿਬਾਨ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ। ਹਜ਼ਾਰਾਂ ਤਾਲਿਬਾਨ ਮਾਰੇ ਗਏ ਅਤੇ ਜ਼ਖ਼ਮੀ ਹੋਏ। ਬਚੇ-ਖੁਚੇ ਤਾਲਿਬਾਨ ਪਿਛੇ ਭੱਜਣ ਲੱਗੇ ਤਾਂ ਉਧਰੋਂ ਮਸੂਦ ਨੇ ਪਹਾੜਾਂ ਵਿਚੋਂ ਲੰਘਦੀ ਸੜਕ 'ਤੇ ਪੈਂਦੀ ਸੁਰੰਗ ਉਡਾ ਕੇ ਉਨ੍ਹਾਂ ਦਾ ਰਸਤਾ ਬੰਦ ਕਰ ਦਿੱਤਾ। ਇਸ ਨਾਲ ਤਾਲਿਬਾਨ ਚਾਰੇ ਪਾਸਿਆਂ ਤੋਂ ਘਿਰ ਗਏ ਤੇ ਵਿਰੋਧੀਆਂ ਹੱਥੋਂ ਬੁਰੀ ਤਰ੍ਹਾਂ ਹਾਰੇ। ਕੁੱਲ ਮਿਲਾ ਕੇ ਇਸ ਵਿਦਰੋਹ ਵਿਚ ਤਾਲਿਬਾਨ ਦਾ ਅਤਿਅੰਤ ਨੁਕਸਾਨ ਹੋਇਆ।

ਮਲਕ ਪਹਿਲਵਾਨ ਨੇ ਤਾਲਿਬਾਨ ਦੇ ਜਿੱਤੇ ਇਲਾਕਿਆਂ 'ਤੇ ਫਿਰ ਕਬਜ਼ਾ ਜਮਾ ਲਿਆ। ਭਾਵੇਂ ਉਹ ਕੋਈ ਬਹੁਤਾ ਯੋਗ ਕਮਾਂਡਰ ਜਾਂ ਚੰਗਾ ਲੀਡਰ ਨਹੀਂ ਸੀ, ਫਿਰ ਵੀ ਉਸ ਨੇ ਤਾਲਿਬਾਨ ਦੀ ਇਸ ਹਾਲਤ ਦਾ ਫਾਇਦਾ ਉਠਾਉਂਦਿਆਂ ਨੇੜਲੇ ਸੂਬਿਆਂ ਵੱਲ ਧਾਵਾ ਬੋਲ ਕੇ ਉਨ੍ਹਾਂ ਨੂੰ ਉਥੋਂ ਖਦੇੜ ਦਿੱਤਾ। ਇਸ ਪ੍ਰਕਾਰ, ਕੁੰਦਜ ਸੂਬੇ ਨੂੰ ਛੱਡ ਕੇ ਇਧਰ ਦੇ ਸਾਰੇ ਇਲਾਕੇ ਨਾਰਦਰਨ ਅਲਾਇੰਸ ਦੇ ਕਬਜ਼ੇ ਹੇਠ ਆ ਗਏ। ਇਥੇ ਮਲਕ ਦਾ ਕਬਜ਼ਾ ਹੋ ਗਿਆ ਤੇ ਦੱਖਣ ਵੱਲ ਮਸੂਦ ਨੇ ਅੱਡਾ ਪੱਕਾ ਕਰ ਲਿਆ। ਦੂਜੇ ਪਾਸੇ ਬਾਮਿਆਨ ਸੂਬੇ ਵੱਲ ਵਧ ਆਏ ਤਾਲਿਬਾਨ ਨੂੰ ਮਜ਼ਬੂਤ ਕਮਾਂਡਰ ਕਰੀਮ ਖਲੀਲੀ ਨੇ ਪਿੱਛੇ ਧੱਕ ਦਿੱਤਾ। ਤਾਲਿਬਾਨ ਪਿਛਾਂਹ ਤਾਂ ਹਟ ਗਏ ਪਰ ਉਹ ਬਾਮਿਆਨ ਦੁਆਲੇ ਘੇਰਾ ਪਾ ਕੇ ਬੈਠ ਗਏ। ਉਧਰ ਕੁੰਦਜ ਸੂਬੇ ਵਿਚ ਇੱਕ ਫੌਜੀ ਹਵਾਈ ਅੱਡਾ ਸੀ ਜਿਸ ਨੇ ਤਾਲਿਬਾਨ ਦੀ ਉਥੇ ਕਬਜ਼ਾ ਰੱਖਣ ਵਿਚ ਬਹੁਤ ਮਦਦ ਕੀਤੀ। ਆਲੇ-ਦੁਆਲੇ ਦੇ ਰਸਤੇ ਬੰਦ ਹੋ ਜਾਣ ਪਿੱਛੋਂ ਉਨ੍ਹਾਂ ਹਵਾਈ ਰਸਤੇ ਢੋਆ ਢੁਆਈ ਜਾਰੀ ਰੱਖੀ, ਪਰ ਦੂਜੇ ਇਲਾਕਿਆਂ ਵਿਚ ਉਨ੍ਹਾਂ ਦੀ ਬੁਰੀ ਤਰ੍ਹਾਂ ਹਾਰ ਹੋਈ। ਕੋਈ ਢਾਈ ਸਾਲ ਪਹਿਲਾਂ ਉੱਠੇ ਤਾਲਿਬਾਨ ਲਈ ਇਹ ਪਹਿਲੀ ਵੱਡੀ ਹਾਰ ਸੀ। ਇਸ ਲੜਾਈ ਵਿਚ ਉਨ੍ਹਾਂ ਦਾ ਵੱਡਾ ਨੁਕਸਾਨ ਹੋਇਆ। ਆਮ ਜਨਤਾ ਨੂੰ ਵੀ ਹੱਦੋਂ ਵੱਧ ਮੁਸੀਬਤਾਂ ਝੱਲਣੀਆਂ ਪਈਆਂ। ਲੜਾਈ ਨੇ ਲੱਖਾਂ ਲੋਕ ਬੇਘਰ ਕਰ ਦਿੱਤੇ ਜਿਨ੍ਹਾਂ ਨੇ ਗੁਆਂਢੀ ਮੁਲਕਾਂ ਵਿਚ ਪਨਾਹ ਲਈ।

ਇਸ ਲੜਾਈ ਦੌਰਾਨ ਰਹਿ ਗਈਆਂ ਊਣਤਾਈਆਂ ਤੋਂ ਸਬਕ ਲੈਂਦਿਆਂ, ਤਾਲਿਬਾਨ ਨੇ ਨਵੀਆਂ ਜੰਗੀ ਯੋਜਨਾਵਾਂ ਅਮਲ 'ਚ ਲਿਆਉਣ ਦੀ ਵਿਉਂਤ ਬਣਾਈ। ਮੁੱਲਾ ਉਮਰ ਨੇ ਇਸ ਨੂੰ ਜਹਾਦ ਐਲਾਨਦਿਆਂ ਹਰ ਇਕ ਨੂੰ ਇਸ ਲੜਾਈ ਵਿਚ ਹਿੱਸਾ ਲੈਣ ਲਈ ਫਤਵਾ ਜਾਰੀ ਕਰ ਦਿੱਤਾ। ਪਾਕਿਸਤਾਨ ਨੇ ਵੀ ਪਿਸ਼ਾਵਰ ਇਲਾਕੇ 'ਚ ਚੱਲ ਰਹੇ ਸਾਰੇ ਮਦਰੱਸੇ ਬੰਦ ਕਰ ਦਿੱਤੇ ਅਤੇ ਨੌਜਵਾਨਾਂ ਨੂੰ ਤਾਲਿਬਾਨ ਨਾਲ ਰਲਣ ਲਈ ਪ੍ਰੇਰਿਆ। ਮਜ਼ੇ ਦੀ ਗੱਲ ਇਹ ਸੀ ਕਿ ਤਾਲਿਬਾਨ ਆਪਣੇ ਹੀ ਹਮਵਤਨ ਅਤੇ ਮੁਸਲਿਮ ਭਾਈਚਾਰੇ ਖਿਲਾਫ ਲੜ ਰਹੇ ਸਨ, ਪਰ ਪ੍ਰਚਾਰ ਇਹ ਕੀਤਾ ਜਾ ਰਿਹਾ ਸੀ ਕਿ ਇਹ ਜਹਾਦ ਹੈ। ਬਜ਼ੁਰਗ ਅਫਗਾਨ ਸੋਚਣ ਲਈ ਮਜਬੂਰ ਸਨ ਕਿ ਇਹ ਕਿਹੋ ਜਿਹਾ ਜਹਾਦ ਹੈ ਜਿਸ ਵਿਚ ਆਪਣੇ ਮੁਸਲਮਾਨ ਭਾਈਆਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਸਲਾਮ ਤਾਂ ਇਸ ਦੀ ਇਜਾਜ਼ਤ ਨਹੀਂ ਦਿੰਦਾ। ਤਾਲਿਬਾਨ ਆਪਣੀ ਫੌਜ ਵਿਚ ਵਾਧਾ ਅਤੇ ਹੋਰ ਸਾਜ਼ੋ-ਸਮਾਨ ਤਿਆਰ ਕਰਨ ਵਿਚ ਲੱਗੇ ਹੋਏ ਸਨ, ਉਧਰ ਨਾਰਦਰਨ ਅਲਾਇੰਸ ਦੇ ਕਮਾਂਡਰਾਂ ਨੇ ਇਕੱਠੇ ਹੋ ਕੇ ਕਾਬਲ 'ਤੇ ਸਾਂਝਾ ਹੱਲਾ ਬੋਲਣ ਦੀ ਸਕੀਮ ਬਣਾ ਲਈ। ਛੇਤੀ ਹੀ ਉਨ੍ਹਾਂ ਰਾਜਧਾਨੀ ਕਾਬਲ ਨੂੰ ਘੇਰਾ ਪਾ ਲਿਆ, ਪਰ ਤਾਲਿਬਾਨ ਉਨ੍ਹਾਂ ਤੋਂ ਰੱਤੀ ਭਰ ਨਾ ਡਰੇ। ਉਹ ਸਮਝਦੇ ਸਨ ਕਿ ਵੱਖੋ ਵੱਖਰੇ ਕਮਾਂਡਰ ਆਪੋ ਆਪਣੇ ਹਿਤਾਂ ਲਈ ਲੜ ਰਹੇ ਹਨ, ਇਸ ਲਈ ਜਿੱਤ ਨਹੀਂ ਸਕਦੇ। ਉਨ੍ਹਾਂ ਦੀ ਇਹ ਸੋਚ ਸੱਚ ਸਾਬਤ ਹੋਈ ਤੇ ਇਹ ਕਮਾਂਡਰ, ਕਾਬਲ ਜਿੱਤਣ ਪਿੱਛੋਂ ਹੋਣ ਵਾਲੇ ਕਬਜ਼ੇ ਲਈ ਕੋਈ ਸਹਿਮਤੀ ਨਾ ਬਣਾ ਸਕੇ। ਇੰਨੇ ਨੂੰ ਤਾਲਿਬਾਨ ਮਜ਼ਬੂਤ ਹੋ ਗਏ ਤੇ ਉਨ੍ਹਾਂ ਨੇ ਪਹਿਲ ਕਰਦਿਆਂ ਬੜੇ ਧੜੱਲੇ ਨਾਲ ਹਮਲਾ ਕਰ ਦਿੱਤਾ। ਉਹ ਜਿੱਤ ਗਏ ਤੇ ਨਾਰਦਰਨ ਅਲਾਇੰਸ ਨੂੰ ਪਿੱਛੇ ਹਟਣਾ ਪਿਆ। ਉਸ ਲਈ ਇਹ ਬੜੀ ਨਮੋਸ਼ੀ ਵਾਲੀ ਗੱਲ ਸੀ। ਤਾਲਿਬਾਨ ਨੇ ਹੋਰ ਅੱਗੇ ਵਧਦਿਆਂ, ਫਿਰ ਤੋਂ ਉੱਤਰ ਵੱਲ ਜਾਣ ਦੀ ਧਾਰ ਲਈ। ਉਧਰ ਕੁੰਦਜ ਸੂਬਾ ਪਹਿਲਾਂ ਹੀ ਉਨ੍ਹਾਂ ਦੇ ਕਬਜ਼ੇ ਹੇਠ ਸੀ। ਸਤੰਬਰ 1997 'ਚ ਉਨ੍ਹਾਂ ਕਰੜਾ ਹਮਲਾਵਰ ਰੁਖ ਅਪਨਾਇਆ ਤਾਂ ਮਲਕ ਪਹਿਲਵਾਨ ਸਭ ਕੁਝ ਛੱਡ-ਛਡਾ ਕੇ ਭੱਜ ਨਿਕਲਿਆ ਅਤੇ

(ਬਾਕੀ ਅਗਲੇ ਸਫੇ 'ਤੇ)



ਆਪਣੇ ਲੋਕਾਂ ਵਿਚ ਘਿਰਿਆ ਜਨਰਲ ਰਸ਼ੀਦ ਦੋਸਤਮ।

ਰਾਜਿੰਦਰ ਸਿੰਘ ਬੇਦੀ-1



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਅਸੀਂ ਉਰਦੂ ਜਾਣਨ ਵਾਲੇ

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਥਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

2015 ਦਾ ਇਹ ਸਾਲ ਸਾਡੇ ਵੱਡੇ ਕਹਾਣੀਕਾਰ ਰਾਜਿੰਦਰ ਸਿੰਘ ਬੇਦੀ ਦੇ ਜਨਮ ਦੀ ਸਦੀ ਦਾ ਸਾਲ ਹੈ। ਮਹਾਂਕਵੀ ਟੈਗੋਰ ਨੇ ਕਿਹਾ ਸੀ, ਦੁਨੀਆਂ ਵਿਚ ਹਰ ਰੋਜ਼ ਏਨੇ ਮਨੁੱਖਾਂ ਦੇ ਜੰਮਣ ਤੋਂ ਪਤਾ ਲਗਦਾ ਹੈ ਕਿ ਪਰਮਾਤਮਾ ਮਨੁੱਖ ਬਣਾਉਂਦਾ ਥੱਕਿਆ ਨਹੀਂ। ਬੇਦੀ ਸਾਹਿਬ ਦਾ ਕਹਿਣਾ ਸੀ ਕਿ ਮੈਂ ਸਿਰਫ਼ ਮਹਾਂਕਵੀ ਟੈਗੋਰ ਦੇ ਇਸ ਕਥਨ ਦਾ ਇਕ ਸਬੂਤ ਬਣਨ ਵਾਸਤੇ 1 ਸਤੰਬਰ 1915 ਨੂੰ ਇਸ ਸੰਸਾਰ ਦੇ ਲਾਹੌਰ ਨਾਂ ਦੇ ਸ਼ਹਿਰ ਵਿਚ ਪਧਾਰਿਆ। ਪਧਾਰਨ ਲਈ ਉਨ੍ਹਾਂ ਨੇ ਅੰਮ੍ਰਿਤ ਵੇਲੇ ਦੀ, ਸਵੇਰ ਦੇ ਤਿੰਨ ਵੱਜ ਕੇ ਸੰਤਾਲ਼ੀ ਮਿੰਟ ਦੀ ਚੋਣ ਕੀਤੀ।

ਬੇਦੀ ਉਰਦੂ ਅਦਬ ਦੀ ਉਸ ਤਿਕੋਣ ਦੀ ਇਕ ਮਜ਼ਬੂਤ ਬਾਹੀ ਸਨ ਜਿਸ ਦੇ ਵਿਹੜੇ ਵਿਚ ਅਫ਼ਸਾਨੇ ਨੇ ਬੇਮਿਸਾਲ ਸਿਖਰਾਂ ਛੋਹੀਆਂ। ਇਸ ਤਿਕੋਣ ਦੀਆਂ ਦੂਜੀਆਂ ਦੋ ਬਾਹੀਆਂ ਸਆਦਤ ਹਸਨ ਮੰਟੋ ਅਤੇ ਕ੍ਰਿਸ਼ਨ ਚੰਦਰ ਸਨ। ਦਿਲਚਸਪ ਗੱਲ ਦੇਖੋ ਕਿ ਉਰਦੂ ਕਹਾਣੀ ਨੂੰ ਨਵੀਆਂ ਬੁਲੰਦੀਆਂ ਅਤੇ ਨਵੇਂ ਦਿਸਹੱਦੇ ਦੇਣ ਵਾਲੇ ਇਹ ਤਿੰਨੇ ਕਲਮਕਾਰ ਪੰਜਾਬੀ ਸਨ।

ਜਦੋਂ ਪੰਜਾਬੀ ਕਹਾਣੀਕਾਰਾਂ ਦੀ ਸਾਡੀ ਪੀੜ੍ਹੀ ਨੇ ਸਾਹਿਤ ਦੀ ਦੁਨੀਆਂ ਵਿਚ ਪੈਰ ਰਖਿਆ, ਇਹ ਤਿੰਨੇ ਕਹਾਣੀਕਾਰ ਪਹਿਲੀ ਕਤਾਰ ਵਿਚ ਕੇਂਦਰੀ ਸਥਾਨ ਦੇ ਨਿਰਵਿਵਾਦ ਸੁਆਮੀ ਬਣ ਚੁੱਕੇ ਸਨ। ਤੇ ਸਾਡੀ ਇਹ ਪੀੜ੍ਹੀ ਇਕ ਤਰ੍ਹਾਂ ਨਾਲ ਆਖ਼ਰੀ ਪੀੜ੍ਹੀ ਸੀ ਜਿਸ ਨੂੰ ਉਰਦੂ ਦੀ ਜਾਣਕਾਰੀ ਸੀ। ਆਜ਼ਾਦੀ ਤੋਂ ਛੇਤੀ ਹੀ ਮਗਰੋਂ ਉਰਦੂ ਦੇ ਖ਼ਾਤਮੇ ਦਾ ਪੱਕਾ ਬਾਨ੍ਹਣੂ ਬੰਨ੍ਹ ਕੇ ਇਸ ਦੇ ਮਹੱਤਵ ਅਤੇ ਸਥਾਨ ਨੂੰ ਲਗਾਤਾਰ ਖੋਰਾ ਲਾਇਆ ਜਾਣ ਲਗਿਆ ਅਤੇ ਉਰਦੂ ਦੀ ਪੜ੍ਹਾਈ ਵਿਦਿਅਕ ਪਾਠਕ੍ਰਮ ਵਿਚੋਂ ਲੋਪ ਹੋ ਗਈ। ਸਿੱਖਿਆ ਦੇ ਮਾਧਿਅਮ ਤੋਂ ਡਿੱਗ ਕੇ ਇਹ ਇਕ ਛੁੱਟੜ ਜ਼ਬਾਨ ਬਣ ਗਈ ਅਤੇ ਇਕ ਸਕੂਲੀ ਵਿਸ਼ਾ ਵੀ ਨਾ ਰਹੀ। ਨਤੀਜੇ ਵਜੋਂ ਉਰਦੂ ਸਾਹਿਤ ਨੂੰ, ਜਿਸ ਦੀ ਝੋਲੀ ਵਿਚ ਪੰਜਾਬ ਦੇ ਜੰਮਪਲ ਲੇਖਕਾਂ ਨੇ ਰਚਨਾਵਾਂ ਦੇ ਅਨਮੋਲ ਹੀਰੇ ਪਾਏ, ਸਿੱਧੇ ਪੜ੍ਹ ਸਕਣ ਵਾਲੇ ਪੰਜਾਬੀ ਹੌਲੀ-ਹੌਲੀ ਖ਼ਤਮ ਹੁੰਦੇ ਗਏ। ਇਹ ਸਾਡੀ ਪੀੜ੍ਹੀ ਦਾ ਸੁਭਾਗ ਹੀ ਸਮਝੋ ਕਿ ਅਸੀਂ ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਉਨ੍ਹਾਂ ਦੇ ਮੂਲ ਰੂਪ ਵਿਚ ਪੜ੍ਹ ਸਕਦੇ ਹਾਂ।

ਕਹਾਣੀ-ਕਲਾ ਦੀਆਂ ਬਾਰੀਕੀਆਂ ਦੀ ਪਛਾਣ ਲਈ ਆਪਣੇ ਤੋਂ ਪੂਰਬਲੇ ਪੰਜਾਬੀ ਕਹਾਣੀਕਾਰਾਂ ਨੂੰ ਪੜ੍ਹਨ ਮਗਰੋਂ ਸਾਨੂੰ ਇਹ ਸਲਾਹ ਦਿੱਤੀ ਜਾਂਦੀ ਸੀ ਕਿ ਅਸੀਂ ਬੇਦੀ, ਮੰਟੋ ਅਤੇ ਕ੍ਰਿਸ਼ਨ ਚੰਦਰ ਨੂੰ ਜ਼ਰੂਰ ਪੜ੍ਹੀਏ ਅਤੇ ਉਨ੍ਹਾਂ ਨੂੰ ਪੜ੍ਹੀਏ ਵੀ ਮੂਲ ਰੂਪ ਉਰਦੂ ਵਿਚ ਤਾਂ ਜੋ ਉਨ੍ਹਾਂ ਦੀਆਂ ਰਚਨਾਵਾਂ ਦੀ ਪੂਰੀ ਕਲਾਤਮਿਕਤਾ ਅਤੇ ਭਾਸ਼ਾਈ ਹੁਨਰਮੰਦੀ ਮਾਣੀ ਅਤੇ ਸਮਝੀ ਜਾ ਸਕੇ। ਇਨ੍ਹਾਂ ਨੂੰ ਪੜ੍ਹਨਾ ਇਸ ਲਈ ਜ਼ਰੂਰੀ ਸਮਝਿਆ ਜਾਂਦਾ ਸੀ ਕਿ ਇਨ੍ਹਾਂ ਤਿੰਨਾਂ ਦਾ ਆਪਣਾ ਵੱਖੋ-ਵੱਖਰਾ ਰੰਗ ਸੀ ਅਤੇ ਤਿੰਨੇ ਆਪੋ-ਆਪਣੀ ਥਾਂ ਸੰਪੂਰਨ ਹੁੰਦਿਆਂ ਵੀ ਮਿਲ ਕੇ ਇਕ ਵਡੇਰੀ ਸੰਪੂਰਨਤਾ ਸਿਰਜਦੇ ਸਨ।

ਸਾਧਾਰਨ ਗੱਲ ਨੂੰ ਅਸਾਧਾਰਨ ਅਰਥ ਦੇਣਾ, ਛੋਟੀ ਚੀਜ਼ ਨੂੰ ਵਡਦਰਸ਼ੀ ਸ਼ੀਸ਼ੇ ਰਾਹੀਂ ਉਜਾਗਰ ਕਰਨਾ, ਹਉਮੈ ਦੀ ਹਵਾ ਨਾਲ ਫੁੱਲੇ ਗੁਬਾਰਿਆਂ ਵਿਚ ਸੂਈ ਚੋਭ ਕੇ ਉਨ੍ਹਾਂ ਨੂੰ ਅਸਲ ਆਕਾਰ ਵਿਚ ਲਿਆਉਣਾ, ਹਰ ਰੋਜ਼ ਦੇਖੀ ਜਾਣ ਵਾਲੀ ਚੀਜ਼ ਦੇ ਅਣਦਿੱਸੇ ਰਹਿ ਗਏ ਪੱਖ ਦਿਖਾਉਣਾ ਅਤੇ ਭਾਸ਼ਾ ਦੀ ਜਾਦੂਗਰੀ ਨਾਲ ਛੰਨੇ ਨੂੰ ਕਬੂਤਰ ਵਿਚ ਤੇ ਕਬੂਤਰ ਨੂੰ ਫੁੱਲਾਂ ਵਿਚ ਬਦਲ ਦੇਣਾ—ਇਹ ਸਨ ਰਾਜਿੰਦਰ ਸਿੰਘ ਬੇਦੀ।

ਜਦੋਂ ਪਾਠਕ ਉਨ੍ਹਾਂ ਦੀਆਂ ਕਹਾਣੀਆਂ ਵਿਚੋਂ ਆਪੋ-ਆਪਣੀ ਪਸੰਦ ਦਸਦੇ ਹਨ, ਅਨੇਕ ਨਾਂ ਸਾਹਮਣੇ ਆ ਜਾਂਦੇ ਹਨ। ਸਫਲ ਕਹਾਣੀਕਾਰ ਦੀ ਇਹੋ ਨਿਸ਼ਾਨੀ ਹੁੰਦੀ ਹੈ। ਰਹਿਮਾਨ ਦੀ ਜੁਤੀ, ਲਾਜਵੰਤੀ, ਆਪਣੇ ਦੁਖ ਮੈਨੂੰ ਦੇ ਦਿਉ, ਕੁੱਖ-ਜਲੀ, ਬੱਬਲ, ਨਾਈ ਅਲਾਹਾਬਾਦ ਦੇ, ਹੱਡੀਆਂ ਤੇ ਫੁੱਲ, ਘਰ ਵਿਚ ਬਾਜ਼ਾਰ ਵਿਚ, ਗਰਮ ਕੋਟ, ਮਿਥੁਨ, ਨਤੋਆ ਕਿੱਥੇ ਹੈ ਆਦਿ। ਡਾਕਟਰ ਮੁਹੰਮਦ ਹਸਨ ਦਾ ਕਹਿਣਾ ਹੈ ਕਿ ਜੇ ਬੇਦੀ ਨੇ ਕੇਵਲ ਇਕੋ ਕਹਾਣੀ 'ਆਪਣੇ ਦੁੱਖ ਮੈਨੂੰ ਦੇ ਦਿਉ' ਹੀ ਲਿਖੀ ਹੁੰਦੀ, ਉਸੇ ਸਦਕਾ ਹੀ ਉਨ੍ਹਾਂ ਨੂੰ ਉਰਦੂ ਅਦਬ ਦਾ ਸਭ ਤੋਂ ਵੱਡਾ ਫ਼ਨਕਾਰ ਪ੍ਰਵਾਨ ਕਰ ਲਿਆ ਜਾਂਦਾ।

ਇਸ ਕਹਾਣੀ ਦੀ ਨਾਇਕਾ ਇੰਦੂ ਵਿਆਹ ਵਾਲੀ ਰਾਤ ਆਪਣੇ ਪਤੀ ਮਦਨ ਨੂੰ ਆਖਦੀ ਹੈ, "ਆਪਣੇ ਸਾਰੇ ਦੁੱਖ ਮੈਨੂੰ ਦੇ ਦਿਉ" ਅਤੇ ਇਹਤੋਂ ਵੀ ਅੱਗੇ ਵਧ ਕੇ ਇਹ ਇੱਛਾ ਕਰਦੀ ਹੈ ਕਿ ਮਦਨ ਉਹਨੂੰ ਕਹੇ, "ਆਪਣੇ ਸਾਰੇ ਸੁਖ ਮੈਨੂੰ ਦੇ ਦੇ।" ਤੇ ਇੰਦੂ ਇਹ ਗੱਲ ਐਵੇਂ ਸੁਹਾਗ ਰਾਤ ਦੀ ਨਿੱਘੀ-ਨਿੱਘੀ ਭਾਵੁਕਤਾ ਵਿਚ ਨਹੀਂ ਕਹਿੰਦੀ ਸਗੋਂ ਅੱਗੇ ਚੱਲ ਕੇ ਰੋਜ਼ਾਨਾ ਜੀਵਨ ਦੇ ਅਮਲ ਵਿਚ ਇਸ ਨੂੰ ਸੱਚ ਕਰ ਕੇ ਦਿਖਾਉਂਦੀ ਹੈ। ਬੇਦੀ ਦੀਆਂ ਕਹਾਣੀਆਂ ਪੜ੍ਹ ਕੇ ਲਗਦਾ ਹੈ, ਜਿਵੇਂ ਉਹ ਸਭ ਦੁਖੀਆਂ ਨੂੰ ਕਹਿ ਰਹੇ ਹੋਣ, "ਆਪਣੇ ਸਾਰੇ



ਰਾਜਿੰਦਰ ਸਿੰਘ ਬੇਦੀ

***ਬੇਦੀ ਉਰਦੂ ਅਦਬ ਦੀ ਉਸ ਤਿਕੋਣ ਦੀ ਇਕ ਮਜ਼ਬੂਤ ਬਾਹੀ ਸਨ ਜਿਸ ਦੇ ਵਿਹੜੇ ਵਿਚ ਅਫ਼ਸਾਨੇ ਨੇ ਬੇਮਿਸਾਲ ਸਿਖਰਾਂ ਛੋਹੀਆਂ। ਇਸ ਤਿਕੋਣ ਦੀਆਂ ਦੂਜੀਆਂ ਦੋ ਬਾਹੀਆਂ ਸਆਦਤ ਹਸਨ ਮੰਟੋ ਅਤੇ ਕ੍ਰਿਸ਼ਨ ਚੰਦਰ ਸਨ। ਦਿਲਚਸਪ ਗੱਲ ਦੇਖੋ ਕਿ ਉਰਦੂ ਕਹਾਣੀ ਨੂੰ ਨਵੀਆਂ ਬੁਲੰਦੀਆਂ ਅਤੇ ਨਵੇਂ ਦਿਸਹੱਦੇ ਦੇਣ ਵਾਲੇ ਇਹ ਤਿੰਨੇ ਕਲਮਕਾਰ ਪੰਜਾਬੀ ਸਨ।***

ਦੁੱਖ ਮੈਨੂੰ ਦੇ ਦਿਉ।" ਤੇ ਉਨ੍ਹਾਂ ਦੁਖੀਆਂ ਵਲੋਂ ਮੰਗੇ ਜਾਣ ਤੋਂ ਬਿਨਾਂ ਹੀ ਇਹ ਵੀ ਕਹਿ ਰਹੇ ਹੋਣ, "ਮੇਰੇ ਸਾਰੇ ਸੁਖ ਤੁਸੀਂ ਲੈ ਲਵੋ।"

ਤਿਕੋਣ ਦੀ ਦੂਜੀ ਬਾਹੀ, ਮੰਟੋ। ਸਮਾਜ, ਆਰਥਿਕਤਾ, ਰਾਜਨੀਤੀ, ਧਰਮ ਆਦਿ ਦੇ ਫੋਕੇ ਅਡੰਬਰਾਂ ਉਤੇ ਆਮ-ਫ਼ਹਿਮ ਤੇਜ਼ਧਾਰ ਵਿਅੰਗ ਦਾ ਵਾਰ ਕਿਵੇਂ ਕਰਨਾ ਹੈ, ਉਹ ਇਸ ਜੁਗਤ ਦੇ ਉਸਤਾਦ ਸਨ। ਉਨ੍ਹਾਂ ਦੀ ਮੂੰਹ-ਜ਼ੋਰ ਕਲਮ ਕਿਸੇ ਸਥਿਤੀ ਵਿਚੋਂ ਦੀ ਇਉਂ ਲੰਘਦੀ ਸੀ ਜਿਵੇਂ ਤਿੱਖੀ ਕਟਾਰ ਕੇਲੇ ਦੇ ਬੂਟੇ ਵਿਚੋਂ ਲੰਘ ਜਾਵੇ ਅਤੇ ਉਹ ਦੋ ਪਲ ਤਾਂ ਇਉਂ ਖੜ੍ਹੇ ਦਾ ਖੜ੍ਹਾ ਰਹਿਣ ਦਾ ਭੁਲੇਖਾ ਪਾਲਦਾ ਤੇ ਪਾਉਂਦਾ ਰਹੇ ਜਿਵੇਂ ਕੁਝ ਹੋਇਆ ਹੀ ਨਾ ਹੋਵੇ ਤੇ ਫੇਰ ਮੂਧੇ-ਮੂੰਹ ਚੁਫਾਲ ਡਿਗ ਪਵੇ। ਉਨ੍ਹਾਂ ਦੀ ਕਹਾਣੀ ਦੀ ਪੀਰੀ ਨੇ ਅਨੇਕ ਕਹਾਣੀਆਂ ਵਿਚ ਕਮਾਲ ਨੂੰ ਛੋਹਿਆ ਅਤੇ ਉਹ ਬਹੁਤ ਚਰਚਿਤ ਹੋਈਆਂ, ਪਰ ਜੇ ਉਹ ਇਕੱਲੀ 'ਟੋਭਾ ਟੇਕ ਸਿੰਘ' ਲਿਖ ਕੇ ਹੀ ਬਸ ਕਰ ਜਾਂਦੇ, ਤਦ ਵੀ ਉਨ੍ਹਾਂ ਦਾ ਨਾਂ ਅਮਰ ਹੋ ਜਾਣਾ ਸੀ।

ਤੇ ਤਿਕੋਣ ਦੀ ਤੀਜੀ ਬਾਹੀ, ਕ੍ਰਿਸ਼ਨ ਚੰਦਰ। ਕਹਾਣੀ-ਰਸ ਦੀ ਕੁੰਡੀ ਨਾਲ ਕੁੰਡੀ ਮੇਲਦੇ ਜਾਣਾ, ਬੇਪਰਦ ਕੀਤੇ ਜਾਣ ਦੇ ਹੱਕਦਾਰ ਪਾਤਰਾਂ ਦੇ ਪਰਦੇ ਉਤਾਰਦੇ ਜਾਣਾ ਅਤੇ ਭਾਸ਼ਾ ਤੇ ਸ਼ੈਲੀ ਦੀ ਅਜਿਹੀ ਮੁਹਾਰਤ ਦਿਖਾਉਣਾ ਕਿ ਬੇਰੋਕ ਵਗਦੀ ਨਿਰਮਲ ਨਦੀ ਦਾ ਚੇਤਾ ਆ ਜਾਵੇ, ਇਹ ਕ੍ਰਿਸ਼ਨ ਚੰਦਰ ਸਨ। ਉਨ੍ਹਾਂ ਨੇ ਨਿੱਕੀਆਂ ਕਹਾਣੀਆਂ ਵੀ ਲਿਖੀਆਂ ਤੇ ਲੰਮੀਆਂ ਵੀ, ਨਾਵਲਿਟ ਵੀ ਲਿਖੇ ਅਤੇ ਨਾਵਲ ਵੀ, ਜਿਨ੍ਹਾਂ ਸਭਨਾਂ ਨੂੰ ਬਹੁਤ ਮਕਬੂਲੀਅਤ ਮਿਲੀ। ਪਾਠਕਾਂ ਦਾ ਘੇਰਾ ਵੀ ਉਨ੍ਹਾਂ ਦਾ ਵਿਸ਼ਾਲ ਸੀ ਪਰ ਜੇ ਉਹ ਇਕੱਲੀ 'ਇਕ ਗਧੇ ਦੀ ਆਤਮਕਥਾ' ਲਿਖ ਕੇ ਹੀ ਬੱਸ ਕਰ ਜਾਂਦੇ, ਤਦ ਵੀ ਉਨ੍ਹਾਂ ਦਾ ਨਾਂ ਏਨੇ ਹੀ ਅਦਬ ਨਾਲ ਲਿਆ ਜਾਂਦਾ।

ਇਉਂ ਇਨ੍ਹਾਂ ਤਿੰਨਾਂ ਨੂੰ ਪੜ੍ਹ ਕੇ ਉਭਰਦੇ ਕਹਾਣੀਕਾਰ ਨੂੰ ਕਹਾਣੀ ਲਿਖਣ ਦੇ ਅਜਿਹੇ ਗੁਰ ਮਿਲਦੇ ਸਨ ਜੋ ਇਕ ਦੂਜੇ ਦੇ ਪੂਰਕ ਬਣ ਕੇ ਕਹਾਣੀ-ਕਲਾ ਦੀ ਸੰਪੂਰਨ ਥਾਹ ਪੁਆ ਦਿੰਦੇ ਸਨ।

ਚਲੋ, ਬੇਦੀ ਜੀ ਬਾਰੇ ਉਪਰੋਕਤ ਕਥਨ ਨੂੰ ਸਪਸ਼ਟ ਕਰਨ ਲਈ ਉਨ੍ਹਾਂ ਦੀ ਕੋਈ ਵੀ ਕਹਾਣੀ ਲੈ ਲੈਂਦੇ ਹਾਂ। 'ਵਾਕ' ਲੈਣ ਵਾਲਿਆਂ ਵਾਂਗ ਪੁਸਤਕ ਖੋਲ੍ਹਿਆਂ ਕਹਾਣੀ 'ਨਤੋਆ ਕਿਥੇ ਹੈ' ਨਿਕਲ ਆਈ ਹੈ। ਗੱਲ ਨੂੰ ਵਿਅਕਤੀਗਤ ਝੰਜਟਾਂ ਤੇ ਪਰੇਸ਼ਾਨੀਆਂ ਤੋਂ ਸ਼ੁਰੂ ਕਰ ਕੇ ਉਹ ਸੜਕ ਅਤੇ ਬਾਜ਼ਾਰ ਵਿਚੋਂ ਦੀ ਲੰਘਾਉਂਦੇ ਹੋਏ ਦਫ਼ਤਰ ਲੈ ਜਾਂਦੇ ਹਨ ਅਤੇ ਦਫ਼ਤਰੋਂ ਘਰ ਵੱਲ ਮੋੜ ਲੈਂਦੇ ਹਨ। ਪਰ ਇਸ ਅਮਲ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਜੁੜ ਕੇ ਇਕ ਮਹਾ ਘਟਨਾ, ਛੋਟੀਆਂ-ਛੋਟੀਆਂ ਪਰੇਸ਼ਾਨੀਆਂ ਜੁੜ ਕੇ ਇਕ ਮਹਾ ਪਰੇਸ਼ਾਨੀ ਅਤੇ ਛੋਟੀਆਂ-ਛੋਟੀਆਂ ਮਕਾਣਾਂ ਜੁੜ ਕੇ ਇਕ ਮਹਾ ਮਕਾਣ ਬਣ ਜਾਂਦੀਆਂ ਹਨ। ਜ਼ੁਲਮ ਇਹ ਕਿ ਇਸ ਮਹਾ ਮਕਾਣ ਨੂੰ ਆਪਣੀ ਮੁਰਦਨੀ ਦਾ ਕਾਰਨ ਸਮਝਣ ਅਤੇ ਦਿਖਾਉਣ ਲਈ ਕੋਈ ਅਰਥੀ ਤੱਕ ਨਸੀਬ ਨਹੀਂ ਹੁੰਦੀ। ਸੜਕਾਂ ਉਤੇ ਜਾ ਰਹੇ ਦਫ਼ਤਰੋਂ ਮੁੜੇ ਬਾਬੂਆਂ ਅਤੇ ਫੈਕਟਰੀਓਂ ਮੁੜੇ ਮਜ਼ਦੂਰਾਂ ਨੂੰ ਅਰਥੀਓਂ ਵਿਰਵੀ ਮਾਤਮੀ ਭੀੜ ਆਖ ਕੇ ਆਮ ਆਦਮੀ ਦੀ ਦੁਰਦਸ਼ਾ ਨੂੰ ਇਉਂ ਬੇਦੀ ਹੀ ਪੇਸ਼ ਕਰ ਸਕਦੇ ਹਨ। ਆਮ ਆਦਮੀ, ਜਿਸ ਦੀ ਥਾਂ ਫੁੱਟਪਾਥ ਉਤੇ ਹੈ ਅਤੇ ਜੇ ਉਹ ਸੜਕ ਉਤੇ ਆਉਣ ਦੀ ਗਲਤੀ ਕਰਦਾ ਹੈ ਤਾਂ ਕੋਈ ਕਾਰ ਉਹਨੂੰ ਪਟਕਾ ਕੇ ਉਹਦੀ ਅਸਲ ਥਾਂ, ਭਾਵ ਫੁੱਟਪਾਥ ਉਤੇ ਵਗ੍ਹਾ ਮਾਰਦੀ ਹੈ। ਇਹ ਉਨ੍ਹਾਂ ਦੀ ਕਹਾਣੀ-ਕਲਾ ਦੀ ਕਰਾਮਾਤ ਹੈ ਕਿ ਇਕ ਸੜਕ ਦੇ ਨੀਰਸ, ਨਿਰਜਿੰਦ ਅਤੇ ਨਿਰ-ਉਤਸਾਹ ਦ੍ਰਿਸ਼ ਦੇ ਸਹਾਰੇ, ਇਕ ਵੀ ਸ਼ਬਦ ਅਜਿਹਾ ਵਰਤੇ ਬਿਨਾ ਅਤੇ ਇਕ ਵੀ ਸੰਕੇਤ ਅਜਿਹਾ ਕੀਤੇ ਬਿਨਾ, ਪਾਠਕ ਲਈ ਅਜਿਹਾ ਪ੍ਰਭਾਵ ਸਿਰਜ ਦਿੰਦੇ ਹਨ, ਜਿਵੇਂ ਸਾਰਾ ਭਾਰਤ ਆਪਣੇ ਆਦਰਸ਼ਾਂ, ਉਦੇਸ਼ਾਂ ਅਤੇ ਦਾਅਵਿਆਂ-ਦਾਈਆਂ ਦੀ ਅਦਿੱਸ ਅਰਥੀ ਪਿੱਛੇ ਮਾਤਮੀ ਜਲੂਸ ਬਣਿਆ ਜਾ ਰਿਹਾ ਹੋਵੇ।

ਤੇ ਇਸੇ ਕਹਾਣੀ ਵਿਚ ਭਾਸ਼ਾ ਦੀ ਜਾਦੂਗਰੀ ਅਤੇ ਸੰਖੇਪਤਾ ਦੇਖੋ। ਸੈਟਲਮੈਂਟ ਆਫ਼ਿਸ ਵਿਚ ਮਦਰਾਸੀ, ਬੰਗਾਲੀ, ਮਰਾਠੇ ਆਦਿ ਬਾਬੂਆਂ ਦੇ ਉਲਾਰ ਵਿਹਾਰ ਦੇ ਹਵਾਲੇ ਨਾਲ ਉਹ ਕੇਵਲ ਨੌਂ ਸ਼ਬਦਾਂ ਵਿਚ ਭਾਰਤ ਦੀ ਸਾਰੀ ਅੰਦਰੂਨੀ ਸਮੱਸਿਆ ਦਾ ਨਿਤਾਰਾ ਕਰ ਦਿੰਦੇ ਹਨ: "ਹਰ ਕੌਮੀਅਤ ਕੌਮ ਬਣਨ ਦੀ ਵੇਦਨਾ ਹੰਢਾ ਰਹੀ ਸੀ।" ਜਦੋਂ ਉਹ "ਇਉਂ ਲਗਦੈ ਜਿਵੇਂ ਬਾਜ਼ਾਰ ਪਿਕਾਸੋ ਦਾ ਬਣਾਇਆ ਹੋਇਆ ਹੋਵੇ, ਆਰਟ ਨਾ ਹੁੰਦਿਆਂ ਵੀ ਕਿੰਨਾ ਵਡਾ ਆਰਟ ਹੈ ਇਸ ਵਿਚ" ਲਿਖਦੇ ਹਨ, ਤਾਂ ਪਿਕਾਸੋ ਦੀ ਕਲਾ ਦੇ ਹਵਾਲੇ ਨਾਲ ਬਾਜ਼ਾਰ ਦੀ ਬੇਢਬੀ ਨੁਹਾਰ ਨੂੰ ਤਾਂ ਪ੍ਰਗਟ ਕਰਦੇ ਹੀ ਹਨ, ਬੇਢਬੇ ਬਾਜ਼ਾਰ ਦੇ ਹਵਾਲੇ ਨਾਲ ਪਿਕਾਸੋ ਦੀ ਅਮੂਰਤ ਕਲਾ ਉਤੇ ਵੀ ਵਿਅੰਗ ਕਰਦੇ ਹਨ, ਜਿਸ ਉਤੇ ਖੁਦ ਪਿਕਾਸੋ ਨੇ ਵੀ ਵਿਅੰਗ ਕੀਤਾ ਸੀ।

ਤੇ ਇਸੇ ਕਹਾਣੀ ਵਿਚ ਇਕ ਆਦਮੀ ਪੁਛਦਾ ਹੈ, "ਤੁਸੀਂ ਸ਼ਾਦੀ-ਸ਼ੁਦਾ ਹੋ", ਤਾਂ ਦੂਜਾ ਉਤਰ ਦਿੰਦਾ ਹੈ, "ਜੀ ਨਹੀਂ, ਮੈਂ ਤਾਂ ਸਿਰਫ਼ ਸ਼ੁਦਾ ਹਾਂ।" ਇਥੇ ਇਹ ਸਪੱਸ਼ਟ ਕਰਨ ਦੀ ਕੋਈ ਬਹੁਤੀ ਲੋੜ ਨਹੀਂ ਲਗਦੀ ਕਿ ਸ਼ਾਦੀ-ਸ਼ੁਦਾ ਦਾ ਭਾਵ ਉਹ ਵਿਅਕਤੀ ਹੁੰਦਾ ਹੈ ਜਿਸ ਦਾ ਵਿਆਹ ਹੋ ਚੁਕਿਆ ਹੋਵੇ ਅਤੇ ਸ਼ੁਦਾ ਦਾ ਭਾਵ ਉਹ ਵਿਅਕਤੀ ਹੋਇਆ ਜੋ ਹੋ-ਬੀਤ ਚੁਕਿਆ ਹੋਵੇ।

ਉਨ੍ਹਾਂ ਦੀ ਕਹਾਣੀ ਦਾ ਸਭ ਤੋਂ ਵੱਡਾ ਗੁਣ ਅਤੇ ਲੱਛਣ ਉਨ੍ਹਾਂ ਦਾ ਆਲੋਚਕੀ ਵਾਦਾਂ ਤੋਂ ਮੁਕਤ ਹੋਣਾ ਹੈ। ਆਲੋਚਕ ਸਮੇਂ-ਸਮੇਂ ਆਪਣੀ ਸੌਖ-ਸਹੂਲਤ ਅਨੁਸਾਰ ਜਾਂ ਪੱਛਮ ਤੋਂ ਪ੍ਰਾਪਤ ਹੋਈਆਂ ਆਲੋਚਨਾ ਪੁਸਤਕਾਂ ਦੇ ਸਹਾਰੇ ਆਪਣਾ ਕਪਾਟ ਖੁੱਲ੍ਹਿਆ ਅਤੇ ਲਲਾਟ ਜਾਗਿਆ ਸਮਝ ਕੇ ਸਾਹਿਤ ਵਿਚੋਂ ਕਦੀ ਕਿਸੇ ਵਾਦ ਨੂੰ ਵੇਲਾ ਵਿਹਾ ਚੁਕਿਆ ਆਖ ਕੇ ਮਰਿਆ ਐਲਾਨ ਦਿੰਦੇ ਹਨ ਅਤੇ ਕਦੀ ਕਿਸੇ ਹੋਰ ਵਾਦ ਨੂੰ ਸਾਹਿਤਕ ਦੁਮੇਲ ਉਤੇ ਸੂਰਜ ਵਾਂਗ ਉਦੈ ਹੋਇਆ ਆਖ ਕੇ ਉਹਦਾ ਉਸਤਤ-ਗਾਨ ਕਰਨ ਲਗਦੇ ਹਨ। ਪਰ ਬੇਦੀ ਅਜਿਹੀ ਆਲੋਚਨਾ ਤੋਂ ਉਚੇ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿਚ ਕੇਵਲ ਕਹਾਣੀ-ਵਾਦ ਹੈ ਜਿਸ ਨੇ ਸੱਚ ਵਾਂਗ ਕਦੀ ਪੁਰਾਣਾ ਨਹੀਂ ਥੀਣਾ। ਜਦੋਂ ਤੱਕ ਕਹਾਣੀ ਰਹੇਗੀ, ਤਕ ਤੱਕ ਉਸ ਵਿਚ ਕਹਾਣੀ-ਵਾਦ ਰਹੇਗਾ ਅਤੇ ਜਦੋਂ ਤੱਕ ਕਹਾਣੀ ਵਿਚ ਕਹਾਣੀ-ਵਾਦ ਰਹੇਗਾ, ਤਦ ਤੱਕ ਬੇਦੀ ਦਾ ਨਾਂ ਰਹੇਗਾ।

# ਅਫ਼ਸਾਨਾ-ਏ-ਅਫ਼ਗਾਨਿਸਤਾਨ

*(ਪਿਛਲੇ ਸਫੇ ਦੀ ਬਾਕੀ)*

ਤਾਲਿਬਾਨ ਨੇ ਉਸ ਦੇ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ। ਇਥੋਂ ਅੱਗੇ ਉਨ੍ਹਾਂ ਨੇ ਮਜ਼ਾਰ-ਏ-ਸ਼ਰੀਫ ਵੱਲ ਕਦਮ ਪੁੱਟਣੇ ਸ਼ੁਰੂ ਕੀਤੇ ਤਾਂ ਜਨਤਾ ਵਿਚ ਸਹਿਮ ਫੈਲ ਗਿਆ ਕਿ ਜਦੋਂ ਹੀ ਤਾਲਿਬਾਨ ਦਾ ਮਜ਼ਾਰ 'ਤੇ ਕਬਜ਼ਾ ਹੋ ਗਿਆ, ਉਹ ਪਿਛਲੇ ਸਾਲ ਦੇ ਵਿਦਰੋਹ ਦੌਰਾਨ ਹੋਏ ਆਪਣੇ ਨੁਕਸਾਨ ਦਾ ਬਦਲਾ ਲੈਣਗੇ, ਪਰ ਤਾਲਿਬਾਨ ਅਜੇ ਪਿੱਛੇ ਹੀ ਸਨ ਕਿ ਮਜ਼ਾਰ-ਏ-ਸ਼ਰੀਫ ਦੁਆਲੇ ਬੈਠੀਆਂ ਉਜ਼ਬੇਕ ਤੇ ਹਜ਼ਾਰਾ ਫੌਜਾਂ ਵਿਚਕਾਰ ਆਪਸੀ ਲੜਾਈ ਛਿੜ ਗਈ। ਇਥੇ ਬੜੀ ਦਿਲਚਸਪ ਘਟਨਾ ਵਾਪਰੀ। ਇਨ੍ਹਾਂ ਆਪਸੀ ਝੜਪਾਂ ਦੌਰਾਨ ਹੀ ਜਨਰਲ ਰਸ਼ੀਦ ਦੋਸਤਮ ਦਾ ਆਗਮਨ ਹੋ ਗਿਆ। ਉਸ ਨੇ ਆਉਂਦਿਆਂ ਹੀ ਮਲਕ ਪੱਖੀਆਂ ਦੇ ਦਿਲ ਜਿੱਤਣੇ ਸ਼ੁਰੂ ਕਰ ਦਿੱਤੇ ਤੇ ਆਪਣਾ ਖੁਰਿਆ ਹੋਇਆ ਆਧਾਰ ਫਿਰ ਤੋਂ ਕਾਇਮ ਕਰ ਲਿਆ। ਉਸ ਨੇ ਇੱਕ ਹੋਰ ਚਾਲ ਖੇਡਦਿਆਂ ਤਾਲਿਬਾਨ ਨਾਲ ਗੁਪਤ ਸਮਝੌਤਾ ਕਰ ਲਿਆ। ਉਸ ਨੇ ਆਪਣਾ ਗੜ੍ਹ ਮਜ਼ਾਰ-ਏ-ਸ਼ਰੀਫ ਛੱਡ ਕੇ ਨੇੜਲੇ ਸੂਬੇ ਜੋਜ਼ਜਾਨ ਦੀ ਰਾਜਧਾਨੀ ਸ਼ਿਬਰਗਨ ਵਿਚ ਅੱਡਾ ਜਮਾ ਲਿਆ। ਇਸ ਪਿੱਛੋਂ ਤਾਲਿਬਾਨ ਪਿਛਾਂਹ ਹਟਦੇ ਫਿਰ ਤੋਂ ਕੁੰਦਜ ਵਿਚ ਸ਼ਹਿ ਕੇ ਬੈਠ ਗਏ। ਕੁਝ ਚਿਰ ਤਾਜ਼ਾ ਦਮ ਹੋ ਕੇ ਤਾਲਿਬਾਨ ਨੇ ਨੇੜਲੇ ਸੂਬੇ ਬਾਮਿਆਨ ਨੂੰ ਜਿੱਤਣ ਦੀ ਸਕੀਮ ਬਣਾਈ।

ਉਥੋਂ ਦਾ ਵਾਰ ਲੌਰਡ ਕਰੀਮ ਖਲੀਲੀ ਸੀ ਅਤੇ ਹਜ਼ਾਰਾ ਲੋਕਾਂ ਦਾ ਦਬਦਬਾ ਸੀ। ਫੌਜ ਵਿਚ ਵੀ ਉਹੀ ਜ਼ਿਆਦਾ ਸਨ, ਪਰ ਜਨਤਾ ਅਤਿ ਦੀ ਗਰੀਬੀ ਸੀ। ਤਾਲਿਬਾਨ ਨੇ ਪਹਿਲਾਂ ਤੋਂ ਹੀ ਕੀਤੀ ਘੇਰਾਬੰਦੀ ਹੋਰ ਤੰਗ ਕਰ ਦਿੱਤੀ। ਇਲਾਕੇ ਵਿਚ ਵੱਡੇ ਪੱਧਰ 'ਤੇ ਭੁੱਖਮਰੀ ਫੈਲ ਗਈ ਪਰ ਤਾਲਿਬਾਨ ਨੇ ਘੇਰਾ ਨਾ ਚੁੱਕਿਆ। ਰੈਡ ਕਰਾਸ ਅਤੇ ਹੋਰ ਸੰਸਥਾਵਾਂ ਦੀ ਬੇਨਤੀ ਦੀ ਵੀ ਉਨ੍ਹਾਂ ਪ੍ਰਵਾਹ ਨਾ ਕੀਤੀ। ਕਰੀਮ ਖਲੀਲੀ ਨੇ ਇਰਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਆਦਿ ਮੁਲਕਾਂ ਦਾ ਦੌਰਾ ਕਰ ਕੇ ਉਨ੍ਹਾਂ ਤੋਂ ਫੌਜੀ ਸਹਾਇਤਾ ਤਾਂ ਪ੍ਰਾਪਤ ਲਈ, ਪਰ ਉਸ ਦੀ ਫੌਜ ਇਕਮੁੱਠ ਨਹੀਂ ਸੀ। ਫੌਜ ਵਿਚ ਅੱਗੇ ਕਾਫੀ ਤਰੇੜਾਂ ਸਨ ਅਤੇ ਕਈ ਗਰੁੱਪ ਸਨ। ਛੋਟੇ ਕਮਾਂਡਰ ਵੱਖੋ ਵੱਖ ਧੜਿਆਂ 'ਚ ਵੰਡੇ ਹੋਏ ਸਨ। ਇਸ ਕਰ ਕੇ ਉਹ ਆਪਣੇ ਇਲਾਕੇ ਨੂੰ ਤਾਲਿਬਾਨ ਤੋਂ ਬਚਾਉਣ ਲਈ ਕੋਈ ਸਾਂਝੀ ਸਕੀਮ ਬਣਾਉਣ ਵਿਚ ਅਸਫਲ ਰਹੇ। ਅੱਗੇ ਸਿਆਲ ਰੁੱਤ ਆ ਗਈ। ਭਾਰੀ ਬਰਫਵਾਰੀ ਭਾਵੇਂ ਸ਼ੁਰੂ ਹੋ ਚੁੱਕੀ ਸੀ, ਪਰ ਸਖਤ ਜਾਨ ਤਾਲਿਬਾਨ ਸਾਵਧਾਨੀ ਨਾਲ ਅੱਗੇ ਵਧਦੇ ਗਏ। ਜਨਵਰੀ, ਫਰਵਰੀ ਮਹੀਨੇ ਉਨ੍ਹਾਂ ਫਰਿਆਬ ਸੂਬੇ 'ਤੇ ਕਬਜ਼ਾ ਕੀਤਾ।



*ਪੰਜਸ਼ੀਰ ਵਾਦੀ ਵਿਚ ਤਬਾਹ ਹੋਏ ਖੜ੍ਹੇ ਸੋਵੀਅਤ ਟੈਂਕ।*

ਉਥੇ ਦੇ ਪੰਜ ਸੌ ਦੇ ਕਰੀਬ ਪਿੰਡ ਆਪਣੇ ਕਬਜ਼ੇ ਹੇਠ ਲੈਂਦਿਆਂ ਤਾਲਿਬਾਨ ਨੇ ਬਹੁਤੇ ਲੋਕਾਂ ਨੂੰ ਮਾਰ ਮੁਕਾਇਆ। ਬਚੇ ਲੋਕ ਗੁਆਂਢੀ ਮੁਲਕਾਂ ਨੂੰ ਭੱਜ ਗਏ। ਜਿਥੇ ਕਿਤੇ ਤਾਲਿਬਾਨ ਕਬਜ਼ਾ ਕਰਦੇ, ਪਹਿਲਾਂ ਲੋਕਾਂ ਦਾ ਅੰਨ੍ਹੇਵਾਹ ਕਤਲ ਕਰਦੇ, ਫਿਰ ਸ਼ਰੀਅਤ ਕਨੂੰਨ ਲਾਗੂ ਕਰ ਦਿੰਦੇ। ਉਨ੍ਹਾਂ ਦੀ ਭਵਿੱਖ ਦੀ ਕੋਈ ਸਕੀਮ ਨਹੀਂ ਸੀ। ਭੁੱਖੇ ਮਰਦੇ ਲੋਕਾਂ ਨੂੰ ਉਹ ਖਾਣ ਪੀਣ ਦੀਆਂ ਚੀਜ਼ਾਂ ਵੀ ਮੁਹੱਈਆ ਨਹੀਂ ਕਰਵਾਉਣ ਦਿੰਦੇ ਸਨ। ਯੂ.ਐਨ.ਓ. ਅਤੇ ਕਈ ਹੋਰ ਸਮਾਜਸੇਵੀ ਜਥੇਬੰਦੀਆਂ ਲੋਕਾਂ ਦੀਆਂ ਮੱਦਦ ਕਰਨੀ ਚਾਹੁੰਦੀਆਂ ਸਨ, ਪਰ ਤਾਲਿਬਾਨ ਉਨ੍ਹਾਂ ਦੀ ਕੋਈ ਗੱਲ ਨਹੀਂ ਸਨ ਸੁਣਦੇ। ਹਾਂ, ਉਨ੍ਹਾਂ ਦੀ ਇੱਕੋ ਇੱਕ ਮੰਗ ਸੀ ਕਿ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੂੰ ਸੰਸਾਰ ਮਾਨਤਾ ਦੇਵੇ, ਤਾਂ ਹੀ ਉਹ ਕੋਈ ਗੱਲ ਕਰਨਗੇ। ਜਿਥੇ ਇੰਨੇ ਭਿਆਨਕ ਅਤਿਆਚਾਰ ਹੋ ਰਹੇ ਹੋਣ, ਉਸ ਸਰਕਾਰ ਨੂੰ ਕਿਵੇਂ ਕੋਈ ਮਾਨਤਾ ਦੇ ਸਕਦਾ ਹੈ; ਸੋ ਲੋਕਾਈ ਦਾ ਘਾਣ ਜਾਰੀ ਸੀ।

*(ਚਲਦਾ)*

# ਗਾਥਾ ਗਦਰ ਮੈਮੋਰੀਅਲ ਦੀ

*ਡਾ. ਵੇਦ ਪ੍ਰਕਾਸ਼ ਵਟੁਕ ਵੱਲੋਂ ਅਮਰੀਕਾ ਵਿਚ ਗਦਰ ਮੈਮੋਰੀਅਲ ਬਾਰੇ ਲਿਖੀ ਇਹ ਗਾਥਾ ਅੱਖਾਂ ਖੋਲ੍ਹਣ ਵਾਲੀ ਹੈ। ਇਹ ਗਾਥਾ ਬਿਆਨ ਕਰਦੀ ਹੈ ਕਿ ਕਿਸ ਤਰ੍ਹਾਂ ਕੁਝ ਧਿਰਾਂ ਨੇ ਗਦਰ ਦੇ ਇਤਿਹਾਸ, ਦਸਤਾਵੇਜ਼ਾਂ ਅਤੇ ਸੋਚ ਨਾਲ ਜ਼ਿਆਦਤੀ ਕੀਤੀ। ਇਨ੍ਹਾਂ ਧਿਰਾਂ ਦੀ ਇਹ ਗੈਰ-ਸੰਜੀਦਗੀ ਸਵਾਲ-ਦਰ-ਸਵਾਲ ਖੜ੍ਹੇ ਕਰਦੀ ਹੈ। ਗਦਰ ਮੈਮੋਰੀਅਲ ਨਾਲ ਜੁੜੀ ਡਾ. ਵਟੁਕ ਦੀ ਇਹ ਗਾਥਾ ਸਾਡੇ ਤੱਕ 'ਪੰਜਾਬ ਟਾਈਮਜ਼' ਦੇ ਸੰਗੀ ਕਸ਼ਮੀਰ ਸਿੰਘ ਕਾਂਗਣਾ ਨੇ ਪੁੱਜਦੀ ਕੀਤੀ ਹੈ। ਉਨ੍ਹਾਂ ਹੀ ਇਸ ਲਿਖਤ ਦਾ ਤਰਜਮਾ ਕੀਤਾ ਹੈ। -ਸੰਪਾਦਕ*

**ਪ੍ਰੋ. ਵੇਦ ਪ੍ਰਕਾਸ਼ ਵਟੁਕ ਦਾ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਕੁਝ ਲੋਕ ਆਪਣੀ ਭੱਲ ਬਣਾਉਣ ਲਈ ਕਈ ਝੂਠੇ ਪਖੰਡ ਵੀ ਕਰ ਜਾਂਦੇ ਹਨ। ਨਾ ਤਾਂ ਉਨ੍ਹਾਂ ਵਿਚਾਰਿਆਂ ਨੂੰ ਗਦਰੀਆਂ ਅਤੇ ਗਦਰ ਪਾਰਟੀ ਬਾਰੇ ਜਾਣਕਾਰੀ ਹੈ, ਨਾ ਉਨ੍ਹਾਂ ਨੂੰ ਗਦਰ ਦੇ ਸਹੀ ਮਾਇਨੇ ਹੀ ਆਉਂਦੇ ਹਨ। ਪਿਛਲੇ ਸਮੇਂ ਵਿਚ ਕਿਸੇ ਨੇ ਵੇਦ ਜੀ ਦੀ ਗਦਰ ਬਾਰੇ ਲਿਖੀ ਕਿਤਾਬ ਆਪਣਾ ਨਾਂ ਚਮਕਾਉਣ ਲਈ ਰਿਲੀਜ਼ ਕੀਤੀ ਸੀ (ਯਾਦ ਰਹੇ, ਉਹ ਕਿਤਾਬ ਅਸੀਂ ਪਹਿਲਾਂ ਹੀ ਰਿਲੀਜ਼ ਕਰ ਚੁਕੇ ਹਾਂ)। ਰਿਲੀਜ਼ ਕਰਨ ਵਾਲੇ ਮਹਾਪੁਰਸ਼ਾਂ ਨੂੰ ਉਸ ਕਿਤਾਬ ਦੇ ਮਾਇਨੇ ਤਾਂ ਕੀ ਆਉਣੇ ਸਨ, ਨਾਂ ਵੀ ਪੜ੍ਹਨਾ ਨਹੀਂ ਆਇਆ (ਉਸ ਕਿਤਾਬ ਬਾਰੇ ਜਾਣਨ ਲਈ ਮੈਨੂੰ ਕੁਝ ਕੁ ਅਖਬਾਰ ਵਾਲਿਆਂ ਫੋਨ ਕੀਤੇ ਸਨ)।**

**ਪਿਛਲੇ ਸਮੇਂ ਵਿਚ ਇਕ ਅਖਬਾਰ-ਨਵੀਸ ਨੇ ਵੇਦ ਜੀ ਦੀਆਂ ਹੂ-ਬ-ਹੂ ਲਾਈਨਾਂ ਛਾਪ ਕੇ ਆਖਿਆ ਕਿ ਇਹ ਫਲਾਣੇ ਡਾ. ਦੀ ਨਵੀਂ ਖੋਜ ਹੈ ਕਿ ਦਲੀਪ ਸਿੰਘ ਸੌਂਧ ਸਿੱਖ ਸੀ। ਦਲੀਪ ਸਿੰਘ ਸੌਂਧ ਇਕ ਮਹਾਨ ਹਸਤੀ ਸੀ। ਉਹਦੇ ਲਈ ਕਿਸੇ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ।**

**ਇਥੇ ਹੀ ਬਸ ਨਹੀਂ, ਕੁਝ ਲੋਕ ਤਾਂ ਇਥੋਂ ਤੱਕ ਲਿਖਤੀ ਝੂਠ ਬੋਲਣ ਦਾ ਗੁਨਾਹ ਵੀ ਕਰੀ ਜਾਂਦੇ ਹਨ ਕਿ ਅਸੀਂ ਗਦਰ ਦੀ ਗੂੰਜ ਅਖਬਾਰ ਨੂੰ ਕਿਤਾਬੀ ਰੂਪ ਵਿਚ ਛਪਵਾਇਆ ਹੈ। ਇਹ ਲੇਖ ਅਸਲ ਵਿਚ ਪ੍ਰੋ. ਵੇਦ ਵਲੋਂ ਉਸ ਵਕਤ ਦੇ ਪ੍ਰਧਾਨ ਮੰਤਰੀ ਨੂੰ ਲਿਖੀ ਗਈ ਚਿੱਠੀ ਹੈ, ਜਿਸ ਵਿਚ ਉਨ੍ਹਾਂ ਜਨਤਾ ਪਾਰਟੀ ਦੀ ਸਰਕਾਰ ਵੇਲੇ ਗਦਰ ਮੈਮੋਰੀਅਲ ਨੂੰ ਬੰਦ ਕਰਨ 'ਤੇ ਆਪਣਾ ਰੋਸ ਜਾਹਿਰ ਕੀਤਾ ਸੀ ਅਤੇ ਗਦਰ ਮੈਮੋਰੀਅਲ ਨੂੰ ਖੋਲ੍ਹਣ ਦੀ ਅਪੀਲ ਕੀਤੀ ਸੀ। ਪ੍ਰੋ. ਵੇਦ ਦਾ ਇਹ ਲੇਖ ਉਨ੍ਹਾਂ ਲੋਕਾਂ ਦਾ ਸਭ ਧੰਦੂਕਾਰਾ ਚੁਕਦਾ ਹੈ।**

*-ਕਸ਼ਮੀਰ ਸਿੰਘ ਕਾਂਗਣਾ, ਫੋਨ: 661-331-5651*

ਗੱਲ 1955 ਦੀ ਹੈ। ਮੈਂ ਲੰਡਨ ਵਿਚ ਸੀ ਅਤੇ ਯੂਨੀਵਰਸਿਟੀ ਦੇ 'ਸਕੂਲ ਆਫ਼ ਓਰੀਐਂਟਲ ਐਂਡ ਅਫ਼ਰੀਕਨ ਸਟੱਡੀਜ਼' ਵਿਚ ਰਿਸਰਚ ਕਰ ਰਿਹਾ ਸੀ। ਉਥੇ ਹੀ ਮੇਰੀ ਜਾਣ-ਪਛਾਣ ਅਮਰੀਕੀ ਵਿਦਿਆਰਥੀ ਜਾਨ ਸਪੈਲਮੈਨ ਨਾਲ ਹੋਈ ਜਿਹੜਾ ਭਾਰਤੀ ਇਤਿਹਾਸ 'ਤੇ ਪੀਐਚ.ਡੀ. ਕਰ ਰਿਹਾ ਸੀ। ਪਿਛੋਂ ਇਹੀ ਜਾਨ ਕੈਨੇਡਾ ਵਿਚ ਭਾਰਤੀ ਇਤਿਹਾਸ ਦਾ ਪ੍ਰੋਫੈਸਰ ਲੱਗਾ। ਉਹਨੇ ਦੱਸਿਆ ਕਿ ਕੈਲੀਫੋਰਨੀਆ ਦੇ 29ਵੇਂ ਸੰਸਦ ਹਲਕੇ ਤੋਂ ਨਿਕਸਨ ਅਤੇ ਰਾਸ਼ਟਰਪਤੀ ਆਈਜ਼ਨ ਹੋਵਰ ਦੀ ਬਹੁਤ ਹੀ ਕਰੀਬੀ ਔਰਤ ਜੈਕਲੀਨ ਕੋਖਰਨ ਜਿਸ ਨੇ ਔਰਤ ਹੁੰਦਿਆਂ ਵੀ ਏਅਰ ਫੋਰਸ ਵਿਚ ਬਹੁਤ ਮੱਲਾਂ ਮਾਰੀਆਂ ਸਨ, ਰਿਪਬਲਿਕਨ ਪਾਰਟੀ ਵੱਲੋਂ ਚੋਣ ਲੜ ਰਹੀ ਹੈ। ਉਸ ਵਿਰੁਧ ਡੈਮੋਕਰੇਟਿਕ ਪਾਰਟੀ ਦਾ ਉਮੀਦਵਾਰ ਦਲੀਪ ਸਿੰਘ ਸੌਂਧ ਹੈ ਜੋ ਅਮਰੀਕੀ ਇਤਿਹਾਸ 'ਚ ਪਹਿਲਾ ਸਿੱਖ, ਪੰਜਾਬੀ, ਭਾਰਤੀ-ਏਸ਼ਿਆਈ, ਗੈਰ-ਯਹੂਦੀ, ਗੈਰ-ਈਸਾਈ ਹੈ, ਜੋ ਕਿਸਮਤ ਅਜ਼ਮਾ ਰਿਹਾ ਹੈ।



**ਡਾ. ਵੇਦ ਪ੍ਰਕਾਸ਼ ਵਟੁਕ**

**ਤਰਜਮਾ: ਕਸ਼ਮੀਰ ਸਿੰਘ ਕਾਂਗਣਾ**

ਯਾਦ ਰਹੇ, ਭਾਰਤੀਆਂ ਨੂੰ 46 ਸਾਲਾਂ ਦੇ ਲੰਮੇ ਸੰਘਰਸ਼ ਬਾਅਦ 1946 ਵਿਚ ਨਾਗਰਿਕਤਾ ਦਾ ਹੱਕ ਮਿਲਿਆ ਸੀ। ਦਲੀਪ ਸਿੰਘ ਸੌਂਧ ਵੀ ਇਸ ਸੰਘਰਸ਼ ਦਾ ਹਿੱਸਾ ਰਹੇ ਸਨ। ਨਾਗਰਿਕ ਬਣਨ ਪਿਛੋਂ ਨਿਸ਼ਚਿਤ ਕੀਤੇ ਗਏ ਸਮੇਂ ਦੀ ਸ਼ਰਤ ਨੂੰ ਪੂਰਾ ਕਰਦਿਆਂ ਉਹ ਕਾਂਗਰਸ ਮੈਂਬਰ ਬਣਨਾ ਚਾਹੁੰਦਾ ਸੀ। ਉਹਦੇ ਦੇਖਦਿਆਂ ਦੇਖਦਿਆਂ ਹਜ਼ਾਰਾਂ ਭਾਰਤੀ ਮਜ਼ਦੂਰ, ਕਿਸਾਨ ਅਤੇ ਵਿਦਿਆਰਥੀ, ਗਦਰ ਪਾਰਟੀ ਵਿਚ ਸ਼ਾਮਲ ਹੋ ਕੇ ਭਾਰਤ ਪਰਤ ਗਏ ਸਨ। ਭਾਰਤ ਜਾ ਕੇ ਉਨ੍ਹਾਂ ਅੰਗਰੇਜ਼ਾਂ ਵਿਰੁਧ ਆਜ਼ਾਦੀ ਲਈ ਜਾਨ ਹੂਲਵੀਂ ਜੰਗ ਕੀਤੀ ਸੀ। ਇਹ ਬੇਸ਼ੱਕ ਠੀਕ ਹੈ ਕਿ ਦਲੀਪ ਸਿੰਘ ਸੌਂਧ ਭਾਰਤ ਤਾਂ ਨਹੀਂ ਗਏ ਪਰ ਆਜ਼ਾਦੀ ਦੇ ਅੰਦੋਲਨ ਪ੍ਰਤੀ ਕੁਝ ਤਾਂ ਉਨ੍ਹਾਂ ਦੀ ਦੇਣ ਹੈ ਹੀ।

1917 ਤੋਂ ਬਾਅਦ ਗਦਰ ਪਾਰਟੀ ਉਸ ਵਕਤ ਕੇਵਲ ਅਮਰੀਕਾ ਵਿਚ ਭਾਰਤ ਦੀ ਆਜ਼ਾਦੀ ਲਈ ਨਾਂ-ਮਾਤਰ ਪ੍ਰਚਾਰ ਹੀ ਕਰ ਰਹੀ ਸੀ। ਇਹ ਉਹ ਸਮਾਂ ਸੀ ਜਦੋਂ ਰੂਸ ਵਿਚ ਅਹਿਮ ਘਟਨਾਵਾਂ ਵਾਪਰੀਆਂ ਅਤੇ ਇਨ੍ਹਾਂ ਘਟਨਾਵਾਂ ਨੇ ਸਮੁੱਚੀ ਦੁਨੀਆਂ ਦੇ ਗੁਲਾਮ ਦੇਸ਼ਾਂ ਦਾ ਧਿਆਨ ਖਿੱਚਿਆ। ਗਦਰ ਪਾਰਟੀ ਨੂੰ ਆਸ਼ਾ ਦੀ ਕਿਰਨ ਫਿਰ ਦਿਖਾਈ ਦੇਣ ਲੱਗੀ। ਪਾਰਟੀ ਨੇ ਆਪਣੇ ਕੁਝ ਮੈਂਬਰਾਂ ਨੂੰ ਮਾਰਕਸਵਾਦ ਦੀ ਸਿੱਖਿਆ ਲੈਣ ਲਈ ਮਾਸਕੋ ਭੇਜਿਆ। ਇਨ੍ਹਾਂ ਵਿਚ ਭਾਈ ਸੰਤੋਖ ਸਿੰਘ ਵੀ ਸਨ ਜਿਹੜੇ ਬਾਅਦ ਵਿਚ 'ਕਿਰਤੀ' ਅਖਬਾਰ ਦੇ ਬਾਨੀ ਤੇ ਸੰਪਾਦਕ ਵੀ ਬਣੇ। ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਵੀ ਇਨ੍ਹਾਂ ਵਿਚੋਂ ਸਨ।

ਸੀਤ ਜੰਗ ਸਿਖਰਾਂ 'ਤੇ ਸੀ। ਅਮਰੀਕਾ ਵਿਚ ਉਨ੍ਹੀਂ ਦਿਨੀਂ ਕਿਸੇ ਦਾ ਵੀ ਕਰੀਅਰ ਤਬਾਹ ਕਰਨ ਲਈ ਸਾਮਵਾਦੀ ਜਾਂ ਸਮਾਜਵਾਦ ਵੱਲ ਆਪਣਾ ਝੁਕਾਅ ਰੱਖਣ ਵਾਲਾ ਕਹਿ ਦੇਣਾ ਹੀ ਕਾਫ਼ੀ ਸੀ। ਅੰਤ ਰਿਪਬਲਿਕਨ ਪਾਰਟੀ ਦੀ ਘੋਰ ਪਿੱਛੇ-ਖਿੱਚੂ ਅਮੀਰ ਉਮੀਦਵਾਰ ਦੇ ਹੱਕ ਵਿਚ ਦਲੀਪ ਸਿੰਘ ਸੌਂਧ ਨੂੰ ਗਦਰ ਪਾਰਟੀ ਦਾ ਸਮਰਥਕ ਅਤੇ ਗਦਰ ਪਾਰਟੀ ਨੂੰ ਸਾਮਵਾਦੀ ਜਾਂ ਸਮਾਜਵਾਦ ਵੱਲ ਝੁਕਾਅ ਰੱਖਣ ਵਾਲੀ ਪਾਰਟੀ ਸਿੱਧ ਕਰ ਕੇ ਜਿੱਤ ਪ੍ਰਾਪਤ ਕਰਨ ਦਾ ਆਸਾਨ ਰਾਹ ਲੱਭਿਆ। ਰਿਪਬਲਿਕਨ ਪਾਰਟੀ ਪ੍ਰਚਾਰ ਕਰ ਰਹੀ ਸੀ ਕਿ ਉਹ ਬਿਨਾਂ ਕਿਸੇ ਭਿੰਨ-ਭੇਦ ਦੇ, ਬਿਨਾਂ ਕਿਸੇ ਲੱਗ-ਲਗਾਓ ਦੇ ਇਹ ਦੱਸ ਰਹੀ ਹੈ ਕਿ ਇਹ ਸਭ ਕੁਝ ਇਕ ਸਕਾਲਰ (ਜਾਨ ਸਪੈਲਮੈਨ) ਨੇ ਨਿਰਪੱਖ ਤੌਰ 'ਤੇ ਸਾਬਤ ਕੀਤਾ ਹੈ। ਉਸ ਨੂੰ ਇਹ ਸਿੱਧ ਕਰਨ ਲਈ, ਕਿ ਗਦਰ ਪਾਰਟੀ ਅਤੇ ਸੌਂਧ ਦਾ ਝੁਕਾਅ ਸਾਮਵਾਦ ਵੱਲ ਹੈ, ਵੱਡੀ ਰਕਮ ਦਿੱਤੀ ਗਈ ਸੀ। ਇਹ ਸਭ ਕੁਝ ਉਨ੍ਹਾਂ ਨੂੰ ਖੁਦ ਜਾਨ ਸਪੈਲਮੈਨ ਨੇ ਦੱਸਿਆ ਸੀ।

ਮੈਨੂੰ ਇਹ ਤਾਂ ਪਤਾ ਨਹੀਂ ਕਿ ਜਾਨ ਸਪੈਲਮੈਨ ਨੇ ਕੀ ਸਿੱਧ ਕੀਤਾ ਅਤੇ ਨਾ ਹੀ ਮੈਂ ਕਦੀ ਜਾਣਨ ਦੀ ਇੱਛਾ ਕੀਤੀ, ਹਾਂ! ਉਸ ਸਮੇਂ ਮੇਰੇ ਮਨ ਵਿਚ ਅਮਰੀਕੀ ਵਿਦਵਾਨਾਂ ਦੀ ਨਿਰਪੱਖਤਾ ਪ੍ਰਤੀ ਸ਼ੱਕ ਪੱਕੀ ਤਰ੍ਹਾਂ ਬੈਠ ਗਿਆ ਜੋ ਕਦੀ ਸੀ.ਆਈ.ਏ. (ਅਮਰੀਕਾ ਦਾ ਜਾਸੂਸੀ ਵਿਭਾਗ) ਅਤੇ ਕਦੀ ਰੱਖਿਆ ਵਿਭਾਗ ਕੋਲੋਂ ਪੈਸੇ ਲੈ ਕੇ ਭਾਰਤ ਵਿਰੋਧੀ ਝੂਠਾ ਪ੍ਰਚਾਰ ਕਰਦੇ, ਲਿਖਦੇ ਤੇ ਛਾਪਦੇ ਰਹਿੰਦੇ ਹਨ, ਜਾਂ ਫਿਰ ਸੰਕੀਰਨ ਹਿੰਦੂ-ਸਿੱਖ ਕੱਟੜਪੰਥੀ ਸੰਗਠਨਾਂ ਕੋਲੋਂ ਪੈਸੇ ਬਟੋਰ ਕੇ ਭੇਦ-ਭਾਵ ਦੀ ਕੋਸ਼ਿਸ਼ ਵਿਚ ਭਾਰਤ ਨੂੰ ਨੀਵਾਂ ਦਿਖਾਉਣ ਦੇ ਸੁਪਨੇ ਲੈਂਦੇ ਰਹਿੰਦੇ ਹਨ।

ਇਸ ਦੇ ਨਾਲ ਹੀ ਮੈਨੂੰ ਬੜੀ ਸ਼ਰਮ ਆਈ ਅਤੇ ਹੈਰਾਨੀ ਵੀ ਹੋਈ ਕਿ ਮੈਂ 1956 ਵਿਚ ਲੰਡਨ ਜਾਣ ਤੋਂ ਪਹਿਲਾਂ ਕਦੀ ਵੀ ਗਦਰ ਪਾਰਟੀ ਦਾ ਨਾਂ ਨਹੀਂ ਸੀ ਸੁਣਿਆ। ਮੇਰੇ ਲਈ ਇਹ ਹੋਰ ਵੀ ਨਮੋਸ਼ੀ ਵਾਲੀ ਗੱਲ ਸੀ ਕਿ ਮੈਂ ਦੇਸ਼ ਭਗਤ ਪਰਿਵਾਰ ਵਿਚੋਂ ਸਾਂ। ਮੈਥੋਂ 25 ਸਾਲ ਵੱਡਾ ਭਰਾ ਮੇਰੇ ਪੈਦਾ ਹੋਣ ਤੋਂ ਪਹਿਲਾਂ ਤਿੰਨ ਵਾਰ ਦੇਸ਼ ਦੀ ਆਜ਼ਾਦੀ ਅੰਦੋਲਨ ਵਿਚ ਜੇਲ੍ਹ ਜਾ ਚੁੱਕਾ ਸੀ। ਮੇਰੇ ਅੱਖਾਂ ਖੋਲ੍ਹਣ ਤੋਂ ਪਹਿਲਾਂ ਘਰ ਦੀਆਂ ਕੰਧਾਂ ਰਾਮ, ਕ੍ਰਿਸ਼ਨ, ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਦੇਸ਼ ਦੇ ਸੰਗਰਾਮੀਆਂ ਨਾਰੋਜੀ, ਤਿਲਕ, ਗੋਖਲੇ, ਗਾਂਧੀ, ਨਹਿਰੂ, ਮੌਲਾਨਾ ਆਜ਼ਾਦ, ਸੁਭਾਸ਼ ਬਾਬੂ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਬਿਸਮਿਲ, ਅਸਫ਼ਾਕ ਉਲਾ ਖਾਂ, ਚੰਦਰ ਸ਼ੇਖਰ ਆਜ਼ਾਦ ਆਦਿ ਅਨੇਕਾਂ ਦੇਸ਼ ਭਗਤਾਂ ਦੀਆਂ ਤਸਵੀਰਾਂ ਨਾਲ ਸਜੀਆਂ ਹੋਈਆਂ ਸਨ। ਮੈਂ ਢਾਈ ਸਾਲ ਦੀ ਉਮਰ ਵਿਚ ਆਪਣੇ ਪਿਤਾ ਅਤੇ ਵੱਡੇ ਭਰਾ ਦੀ ਗੋਦ ਵਿਚ ਬੈਠ ਕੇ ਭਗਤ ਸਿੰਘ ਦੇ ਗੀਤ ਗਾਏ ਸਨ। ਬਾਅਦ ਵਿਚ ਮੈਂ ਦੇਸ਼ ਭਗਤੀ ਅਤੇ ਕ੍ਰਾਂਤੀ ਦੇ ਸੈਂਕੜੇ ਗੀਤ ਇਕੱਠੇ ਤੇ ਫਿਰ ਯਾਦ ਵੀ ਕੀਤੇ, ਸਭਾਵਾਂ ਵਿਚ ਗਾਏ ਵੀ। ਜੇ ਮੇਰੇ ਵਰਗੇ ਬੰਦੇ ਨੂੰ ਗਦਰ ਪਾਰਟੀ ਦੇ ਬਲੀਦਾਨੀਆਂ ਬਾਰੇ ਪਤਾ ਨਹੀਂ ਸੀ ਤਾਂ ਆਮ ਲੋਕਾਂ ਨੂੰ ਕੀ ਦੋਸ਼ ਦੇਵਾਂ!

ਇਹ ਬਦਕਿਸਮਤੀ ਸੀ ਸਾਡੀ, ਜਦੋਂ ਅਸੀਂ ਸਕੂਲ ਗਏ ਤਾਂ ਉਥੇ ਸਾਨੂੰ ਇਹਿਤਾਸ ਵਿਚ 'ਪਤਿਤ ਦੇਸ਼' ਦੀ ਤਰੱਕੀ ਲਈ ਅੰਗਰੇਜ਼ੀ ਰਾਜ ਦੀ ਗੌਰਵ ਗਾਥਾ ਦਾ ਪਾਠ ਪੜ੍ਹਾਇਆ ਗਿਆ। ਬਾਅਦ ਵਿਚ ਜਦੋਂ ਪੰਡਿਤ ਸੁੰਦਰ ਲਾਲ ਦਾ ਜ਼ਬਤ ਹੋਇਆ ਇਤਿਹਾਸਕ ਗ੍ਰੰਥ 'ਭਾਰਤ ਵਿਚ ਅੰਗਰੇਜ਼ੀ ਰਾਜ' ਪੜ੍ਹਿਆ ਤਾਂ ਬਰਤਾਨਵੀ ਰਾਜ ਦੇ ਕੁਕਰਮਾਂ ਦਾ ਪਤਾ ਲੱਗਾ। ਪੁਲਿਸ ਅਤੇ ਅੰਗਰੇਜ਼ੀ ਰਾਜਾ ਦੇ ਅੱਤਿਆਚਾਰਾਂ ਦਾ ਉਸ ਵਕਤ ਫਿਰ ਪਤਾ ਲੱਗਾ ਜਦੋਂ ਮੇਰੇ ਪਿਤਾ ਜੀ ਦੀ ਮੌਤ ਹੋ ਗਈ ਅਤੇ ਮੇਰੇ ਵੱਡੇ ਭਰਾ ਨੂੰ ਪਿਤਾ ਜੀ ਦੀਆਂ ਅੰਤਿਮ ਰਸਮਾਂ ਲਈ ਜੇਲ੍ਹ ਵਿਚੋਂ ਰਿਹਾਅ ਨਾ ਕੀਤਾ ਗਿਆ। ਉਨ੍ਹਾਂ ਜੇਲ੍ਹ ਵਿਚ ਪਿਤਾ ਜੀ ਦੀ ਮੌਤ 'ਤੇ ਇਕ ਸਾਤੇ ਦਾ ਵਰਤ ਰੱਖਿਆ ਤਾਂ ਉਨ੍ਹਾਂ ਦੀ ਕੈਦ ਵਿਚ ਨੌਂ ਮਹੀਨੇ ਦਾ ਹੋਰ ਵਾਧਾ ਕਰ ਦਿੱਤਾ ਗਿਆ।

ਗਦਰ ਪਾਰਟੀ ਦੇ ਬਲੀਦਾਨੀਆਂ ਬਾਰੇ ਅਗਿਆਨਤਾ ਤਾਂ ਹੈ ਹੀ ਸੀ, ਤੇ ਅੱਜ ਵੀ ਹੈ ਪੰਜਾਬ ਤੋਂ ਬਾਹਰ। ਮੈਂ ਇਹ ਆਖ ਕੇ ਆਪਣੀ ਸ਼ਰਧਾ ਵਿਚ ਭੋਰਾ ਜਿੰਨੀ ਵੀ ਕਮੀ ਨਹੀਂ ਕਰ ਰਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਬਲੀਦਾਨ ਨੂੰ ਬੜੇ ਜ਼ੋਰ-ਸ਼ੋਰ ਨਾਲ ਗੁੰਜਾਇਆ ਜਾ ਰਿਹਾ ਹੈ। ਬਿਸਮਿਲ ਅਤੇ ਉਸ ਦੇ ਤਿੰਨ ਸਾਥੀਆਂ ਦੀ ਸ਼ਹਾਦਤ ਦੇ ਗੀਤ ਗਾਏ ਜਾ ਰਹੇ ਹਨ (ਇਥੋਂ ਤੱਕ ਕਿ ਪ੍ਰੋਫੈਸ਼ਨਲ ਆਰਮਚੇਅਰ ਬੌਧਿਕ ਵਰਗ ਨੇ ਇਨ੍ਹਾਂ ਨੂੰ ਇੰਡਸਟਰੀ ਬਣਾ ਕੇ ਵੱਡੇ ਪੈਮਾਨੇ 'ਤੇ ਕੈਸ਼ ਕਰਾਉਣਾ ਸ਼ੁਰੂ ਕਰ ਦਿੱਤਾ ਹੈ)। ਗਦਰ ਪਾਰਟੀ ਜਿਸ ਦੇ ਬਲੀਦਾਨੀਆਂ ਦੀ ਗਿਣਤੀ ਸਰਕਾਰੀ (ਬ੍ਰਿਟਿਸ਼) ਅੰਕੜੇ ਵਿਚ 46 ਹੈ, ਉਨ੍ਹਾਂ ਨੂੰ ਭੁਲਾ ਵਿਸਾਰ ਦਿੱਤਾ ਗਿਆ ਹੈ।

1963 ਵਿਚ ਮੈਂ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਹਿੰਦੀ ਪੜ੍ਹਾਉਣ ਗਿਆ ਤਾਂ ਮੇਰਾ ਸੰਪਰਕ ਗਦਰ ਪਾਰਟੀ ਦੇ ਆਖਰੀ ਪ੍ਰਧਾਨ ਬਾਬਾ ਕੇਸਰ ਸਿੰਘ ਢਿੱਲੋਂ ਅਤੇ ਉਸ ਦੇ ਸਹਿਯੋਗੀ ਚਰਨ ਸਿੰਘ ਭੜਾਣਾ ਨਾਲ ਹੋਇਆ। ਉਸ ਸਮੇਂ ਉਹ ਰੋਸ ਜ਼ਾਹਿਰ ਕਰ ਰਹੇ ਸਨ ਕਿ ਹਜ਼ਾਰ ਵਾਅਦੇ ਕਰਕੇ ਵੀ ਭਾਰਤ ਸਰਕਾਰ ਨੇ ਗਦਰ ਮੈਮੋਰੀਅਲ ਹਾਲ ਨਹੀਂ ਬਣਾਇਆ।

ਗਦਰ ਮੈਮੋਰੀਅਲ ਹਾਲ ਅਤੇ ਉਸ ਵਿਚ ਜਨ-ਪ੍ਰਵੇਸ਼ ਦੇ ਇਤਿਹਾਸ ਦੀ ਕਹਾਣੀ ਇੰਨੀ ਦਰਦਨਾਕ ਹੈ ਕਿ ਹਰ ਦੇਸ਼ ਭਗਤ ਦਾ ਮਨ ਗੁੱਸੇ 'ਚ ਭਰ ਜਾਏ ਅਤੇ ਸਿਰ ਸ਼ਰਮ ਨਾਲ ਝੁਕ ਜਾਏ। ਇਸ ਦੀ ਕਹਾਣੀ ਕੁਝ ਇਸ ਤਰ੍ਹਾਂ ਹੈ:

ਅਪਰੈਲ 1913 ਨੂੰ ਔਰੇਗਨ ਸਟੇਟ ਦੇ ਨਗਰ ਆਸਟੋਰੀਆ ਵਿਚ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਪਾਰਟੀ ਬਣਾਈ ਗਈ ਜੋ ਬਾਅਦ ਵਿਚ ਹਫਤਾਵਾਰੀ ਪਰਚੇ 'ਗਦਰ' ਦੇ ਹਰਮਨਪਿਆਰਾ ਹੋ ਜਾਣ ਕਾਰਨ ਗਦਰ ਪਾਰਟੀ ਦੇ ਨਾਂ 'ਤੇ ਪ੍ਰਸਿੱਧ ਹੋਈ। ਉਸ ਵਕਤ ਦੋ ਫੈਸਲੇ ਕੀਤੇ ਗਏ ਸਨ। ਇਕ ਸੀ ਪਾਰਟੀ ਦਾ ਕੇਂਦਰੀ ਦਫਤਰ ਸਾਨ ਫ਼ਰਾਂਸਿਸਕੋ ਵਿਚ ਹੋਵੇਗਾ। ਦੂਜਾ 'ਗਦਰ' ਦਾ ਪ੍ਰਕਾਸ਼ਨ ਵੀ ਉਥੋਂ ਹੀ ਹੋਵੇਗਾ। ਦਫ਼ਤਰ ਦਾ ਨਾਂ ਕ੍ਰਾਂਤੀਕਾਰੀ ਬੰਗਾਲੀ ਪੱਤਰ 'ਯੁਗਾਂਤਰ' ਦੀ ਪ੍ਰੇਰਨਾ ਨਾਲ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਅਰੰਭ ਵਿਚ ਕੁਝ ਸਮਾਂ ਇਹ ਦਫ਼ਤਰ 436 ਹਿਲ ਸਟਰੀਟ 'ਤੇ ਖੋਲ੍ਹਿਆ ਗਿਆ, ਪਰ ਪਹਿਲੀ ਨਵੰਬਰ ਨੂੰ 'ਗਦਰ' ਦਾ ਪਹਿਲਾ ਉਰਦੂ ਐਡੀਸ਼ਨ ਛਪਣ ਤੋਂ ਪਹਿਲਾਂ 5 ਵੁੱਡ ਸਟਰੀਟ ਲੈ ਆਂਦਾ ਅਤੇ ਇਹ ਅਗਲੇ ਸਾਢੇ ਤਿੰਨ ਦਹਾਕਿਆਂ ਤੱਕ ਗਦਰੀ ਕ੍ਰਾਂਤੀਕਾਰੀਆਂ ਦਾ ਅੱਡਾ ਬਣਿਆ ਰਿਹਾ। ਯਾਦ ਰਹੇ ਕਿ ਉਨ੍ਹਾਂ ਦਿਨਾਂ ਵਿਚ ਕੋਈ ਵੀ ਭਾਰਤੀ, ਅਮਰੀਕਾ ਵਿਚ ਮਕਾਨ ਜਾਂ ਜ਼ਮੀਨ ਨਹੀਂ ਸੀ ਖਰੀਦ ਸਕਦਾ; ਇਸ ਲਈ 'ਯੁਗਾਂਤਰ ਆਸ਼ਰਮ', ਭਾਰਤ ਦੀ ਇਕ ਦੋਸਤ ਕੈਰਿੰਗਟਨ ਲੂਈਸ ਦੇ ਨਾਮ 'ਤੇ ਖਰੀਦਿਆ ਗਿਆ ਅਤੇ ਉਸ ਨੇ ਹੀ ਦਸੰਬਰ 1916 ਨੂੰ ਇਕ ਮੰਜ਼ਿਲੇ ਭਵਨ ਨੂੰ ਤਿਮੰਜ਼ਿਲਾ ਬਣਾਉਣ ਲਈ ਦਰਖਾਸਤ ਦਿੱਤੀ ਸੀ। 1917 ਨੂੰ ਲੂਈਸ ਨੇ 10 ਅਮਰੀਕਨ ਡਾਲਰ ਲੈ ਕੇ ਇਹ ਜਗ੍ਹਾ ਰਸਮੀ ਤੌਰ 'ਤੇ ਗਦਰ ਪਾਰਟੀ ਦੇ ਨਾਂ ਕਰ ਦਿੱਤੀ ਸੀ, ਉਂਝ ਇਹਦਾ ਮੁੱਲ ਕਈ ਹਜ਼ਾਰ ਡਾਲਰ ਸੀ।

15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ। ਗਦਰੀਆਂ ਨੇ ਵੀ ਆਜ਼ਾਦੀ ਦੀਆਂ ਖੁਸ਼ੀਆਂ ਮਨਾਈਆਂ, ਭਾਵੇਂ ਉਨ੍ਹਾਂ ਦਾ ਅਮਰੀਕਾ ਦੇ ਪੈਟਰਨ 'ਤੇ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਅਮਰੀਕਾ ਦੇ ਗਦਰੀਆਂ ਨੇ ਉਸ ਸਮੇਂ ਇਹ ਫੈਸਲਾ ਕੀਤਾ ਕਿ ਹੁਣ ਇਸ ਭਵਨ ਨੂੰ ਭਾਰਤ ਦੀ ਕੌਮੀ ਸਰਕਾਰ ਨੂੰ ਸੌਂਪ ਦੇਣਾ ਚਾਹੀਦਾ ਹੈ। ਇਸ ਸ਼ਰਤ ਉਤੇ ਕਿ ਸਰਕਾਰ ਉਥੇ ਗਦਰੀ ਸੂਰਬੀਰਾਂ ਦੀ ਯਾਦ ਵਿਚ ਅਜਾਇਬ ਘਰ ਅਤੇ ਲਾਇਬਰੇਰੀ ਬਣਾਏਗੀ, ਭਾਰਤ ਸਰਕਾਰ ਨੇ ਇਹ ਪ੍ਰਸਤਾਵ ਮੰਨ ਲਿਆ, ਪਰ ਸ਼ਰਤ ਰੱਖੀ ਕਿ ਉਹ ਭਾਰਤ ਸਰਕਾਰ ਨੂੰ ਪਹਿਲਾਂ ਦਸ ਹਜ਼ਾਰ ਡਾਲਰ ਇਕੱਠਾ ਕਰ ਕੇ ਦੇਣ। ਗਦਰੀ ਅਤੇ ਪਰਵਾਸੀ ਭਾਰਤੀਆਂ ਨੇ 1949 ਨੂੰ ਇਹ ਤੀਰਥੀ ਸਥਾਨ ਭਾਰਤ ਸਰਕਾਰ ਨੂੰ ਸੌਂਪ ਦਿੱਤਾ ਅਤੇ ਰਕਮ 10 ਹਜ਼ਾਰ ਡਾਲਰ ਦੀ ਬਜਾਏ 50 ਹਜ਼ਾਰ ਡਾਲਰ ਇਕੱਠੀ ਕਰ ਕੇ ਦਿੱਤੀ।

ਜਦੋਂ ਤਿੰਨ ਸਾਲ ਤੱਕ ਭਾਰਤ ਸਰਕਾਰ ਨੇ ਖਾਮੋਸ਼ੀ ਧਾਰੀ ਰੱਖੀ ਤਾਂ ਅਮਰੀਕਨ ਗਦਰੀ ਅਤੇ ਭਾਰਤੀ ਪਰਵਾਸੀ ਬੇਚੈਨ ਹੋਣ ਲੱਗੇ। ਸਰਕਾਰ ਦੀ ਬੇਰੁਖੀ ਕਾਰਨ ਉਨ੍ਹਾਂ ਦਾ ਗੁੱਸਾ ਵਧਦਾ ਗਿਆ। ਉਹ ਮੰਗ ਕਰਨ ਲੱਗੇ ਕਿ ਭਾਰਤ ਸਰਕਾਰ ਉਨ੍ਹਾਂ ਦਾ ਪੈਸਾ ਅਤੇ ਭਵਨ ਵਾਪਸ ਕਰੇ, ਪਰ ਭਾਰਤ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਾ ਸਰਕੀ। ਉਹ ਨਾ ਤਾਂ ਹੁਣ ਭਵਨ ਬਣਾਉਣ ਲਈ ਸਰਕਾਰ ਨੂੰ ਮਜਬੂਰ ਕਰ ਸਕਦੇ ਸਨ ਅਤੇ ਨਾ ਹੀ ਖੁਦ ਬਣਾ ਸਕਦੇ ਸਨ। ਉਨ੍ਹਾਂ ਦੁਖੀ ਹੋ ਕੇ ਭਾਰਤੀ ਕੌਂਸਲੇਟ ਉਤੇ ਮੁਕੱਦਮਾ ਠੋਕ ਦਿੱਤਾ। 19 ਜੁਲਾਈ 1952 ਨੂੰ ਇਸ ਮੁਕੱਦਮੇ ਦਾ ਫੈਸਲਾ ਭਾਰਤ ਸਰਕਾਰ ਦੇ ਪੱਖ ਵਿਚ ਸੁਣਾ ਦਿੱਤਾ ਗਿਆ ਅਤੇ ਹੁਣ ਉਹ ਹੀ ਇਸ ਭਵਨ ਦੀ ਮਾਲਕ ਹੈ।

ਭਾਰਤ ਸਰਕਾਰ ਨੇ ਉਸ ਤਿਮੰਜ਼ਿਲੇ ਭਵਨ ਨੂੰ ਇਤਿਹਾਸਕ ਨਿਸ਼ਾਨੀ ਦੇ ਰੂਪ ਵਿਚ ਸੰਭਾਲਣ ਦੀ ਬਜਾਏ ਢਾਹ ਦੇਣ ਦਾ ਫੈਸਲਾ ਕਰ ਲਿਆ। ਵਿਹਾਰਕ ਤੌਰ 'ਤੇ ਇਸ ਦੀ ਕਿਸੇ ਨੂੰ ਵੀ ਜਾਣਕਾਰੀ ਦੇਣ ਦੀ ਜ਼ਰੂਰਤ ਹੀ ਨਾ ਸਮਝੀ ਗਈ, ਨਾ ਹੀ ਇਸ ਗੱਲ ਦਾ ਧਿਆਨ ਰੱਖਿਆ ਗਿਆ ਕਿ ਉਥੇ ਪਏ ਕੀਮਤੀ ਇਤਿਹਾਸਕ ਦਸਤਾਵੇਜ਼ ਅਤੇ ਗਦਰੀਆਂ ਦੀਆਂ ਹੋਰ ਬਹੁਤ ਸਾਰੀਆਂ ਚੀਜ਼ਾਂ ਜੋ ਉਹ ਅਮਰੀਕਾ ਛੱਡਣ ਸਮੇਂ ਇਥੇ ਛੱਡ ਗਏ ਸਨ, ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾਵੇ। ਜਿਵੇਂ-ਕਿਵੇਂ ਦੋ-ਚਾਰ ਲੋਕਾਂ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਟਰੱਕ ਲੈ ਕੇ ਉਥੇ ਪਹੁੰਚੇ ਅਤੇ ਜਿੰਨੀ ਕੁ ਸਮੱਗਰੀ, ਸਾਹਿਤ ਅਤੇ ਹੋਰ ਨਿਸ਼ਾਨੀਆਂ, ਗਦਰ ਦੇ ਦਸਤਾਵੇਜ਼ ਅਤੇ ਪ੍ਰੈੱਸ ਆਦਿ ਲਿਜਾ ਸਕਦੇ ਸਨ, ਲੈ ਗਏ। ਪਤਾ ਨਹੀਂ ਕੋਈ ਸਰਕਾਰ ਇੰਨੀ ਸੰਵੇਦਨਹੀਣ, ਲਗਭਗ ਰਾਸ਼ਟਰ-ਧ੍ਰੋਹੀ ਵੀ ਹੋ ਸਕਦੀ ਹੈ ਕਿ ਆਪਣੇ ਦੇਸ਼ ਦੇ ਇਤਿਹਾਸਕ ਚਿੰਨ੍ਹਾਂ ਤੇ ਸਥਾਨਾਂ ਨੂੰ ਤਿਲਾਂਜਲੀ ਦੇ ਦੇਵੇ? ਉਹ ਖੂਨ ਦੇ ਹੰਝੂ ਵਹਾਉਂਦੇ ਆਪਣੇ ਆਪਣੇ ਘਰਾਂ ਨੂੰ ਜੋ ਹੋ ਸਕਿਆ, ਲੈ ਗਏ। ਜਿਹੜਾ ਸਾਮਾਨ ਡੇਵਿਸ ਨਗਰ ਦੇ ਗੈਰਾਜ ਵਿਚ ਰੱਖਿਆ ਗਿਆ ਸੀ, ਦੁਰਭਾਗੀਂ ਉਸ ਨੂੰ ਅੱਗ ਲੱਗ ਗਈ। ਗਦਰ ਦਾ ਪ੍ਰੈੱਸ, ਕੁਝ ਸਾਹਿਤ ਅਤੇ ਬਾਕੀ ਥੋੜ੍ਹਾ ਸਮਾਨ ਕੇਸਰ ਸਿੰਘ ਢਿੱਲੋਂ ਔਕਲੈਂਡ ਵਾਲੇ ਆਪਣੇ ਘਰ ਲੈ ਗਏ। ਉਹਦੇ ਵਿਚੋਂ ਕਾਫ਼ੀ ਕੁਝ ਕੈਲੀਫੋਰਨੀਆਂ ਯੂਨੀਵਰਸਿਟੀ ਬਰਕਲੇ ਦੇ ਸੰਗ੍ਰਹਿ ਹਾਲ ਨੂੰ ਦੇ ਦਿੱਤਾ ਗਿਆ।

ਪਰਵਾਸੀ ਭਾਰਤੀਆਂ ਦੇ ਹੱਥ ਕਮਜ਼ੋਰ ਹੋ ਗਏ ਸਨ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਦਬਾਅ ਪਾਉਣ ਲਈ ਗਦਰ ਮੈਮੋਰੀਅਲ ਕਮੇਟੀ ਬਣਾਈ। ਕੇਸਰ ਸਿੰਘ ਢਿੱਲੋਂ ਉਸ ਦੇ ਪ੍ਰਧਾਨ ਬਣੇ ਅਤੇ ਚਰਨ ਸਿੰਘ ਭੜਾਣਾ ਸਕੱਤਰ। ਕਮੇਟੀ ਵੱਲੋਂ ਮਾਸਿਕ ਪੱਤਰ ਵੀ ਕੱਢਿਆ ਗਿਆ ਜਿਸ ਦਾ ਨਾਂ ਸੀ 'ਕਾਲ ਆਫ਼ ਦੀ ਮਾਰਟਾਇਰਜ਼ (ਸ਼ਹੀਦਾਂ ਦੀ ਆਵਾਜ਼)। ਇਸ ਵਿਚ ਅੰਗਰੇਜ਼ੀ, ਹਿੰਦੀ, ਉਰਦੂ ਤੇ ਪੰਜਾਬੀ, ਚਾਰੇ ਭਾਸ਼ਾਵਾਂ ਵਰਤੀਆਂ ਜਾਂਦੀਆਂ ਸਨ। ਮੈਂ ਉਨ੍ਹਾਂ ਦਿਨਾਂ ਵਿਚ 700 ਸਫੇ ਦੀ ਪੰਜਾਬੀ ਰੀਡਰ ਤਿਆਰ ਕਰ ਰਿਹਾ ਸੀ। ਸਿੱਖਿਆ ਵਿਭਾਗ ਵੱਲੋਂ ਮਿਲੇ ਕੰਮ ਤਹਿਤ ਮੈਨੂੰ ਪੰਜਾਬੀ ਟਾਈਪ ਰਾਈਟਰ ਵੀ ਦਿੱਤਾ ਗਿਆ ਸੀ। ਵਿਭਾਗ ਵਿਚ ਹਿੰਦੀ ਟਾਈਪ ਰਾਈਟਰ ਤਾਂ ਹੈ ਹੀ ਸੀ। ਮੈਂ ਹਿੰਦੀ ਤੇ ਪੰਜਾਬੀ ਦੀ ਸਮੱਗਰੀ ਟਾਈਪ ਕਰਨ ਦੀ ਸੇਵਾ ਕਮੇਟੀ ਨੂੰ ਅਰਪਣ ਕਰ ਦਿੱਤੀ। ਕੁਝ ਸਮੇਂ ਬਾਅਦ ਕਮੇਟੀ ਨੇ ਮੈਨੂੰ ਆਪਣਾ ਆਜੀਵਨ ਮੈਂਬਰ ਬਣਾ ਲਿਆ। ਮੈਂ ਆਪਣੀਆਂ ਲਿਖਤਾਂ ਵੀ 'ਕਾਲ ਆਫ਼ ਦੀ ਮਾਰਟਰਜ਼' ਵਿਚ ਛਪਣ ਲਈ ਦੇ ਦਿੰਦਾ।

ਕੇਸਰ ਸਿੰਘ ਢਿੱਲੋਂ ਜੀਵਨ ਭਰ ਸਰਗਰਮ ਰਹੇ। ਉਨ੍ਹਾਂ ਆਪਣਾ ਘਰ, ਬਚਿਆ ਕੁਝ ਸਾਮਾਨ, ਪ੍ਰੈੱਸ ਦੇ ਨਾਲ ਗਦਰ ਮੈਮੋਰੀਅਲ ਕਮੇਟੀ ਨੂੰ ਦੇ ਕੇ ਉਥੇ ਹੀ ਸ਼ਹੀਦ ਸਮਾਰਕ ਬਣਾਉਣਾ ਚਾਹਿਆ। ਬਦਕਿਸਮਤੀ ਹੀ ਸਮਝੋ, ਉਨ੍ਹਾਂ ਆਪਣੇ ਕੁਝ ਜਵਾਨ ਸਬੰਧੀਆਂ ਨੂੰ ਭਾਰਤ ਤੋਂ ਬੁਲਾ ਕੇ ਆਪਣੇ

(ਬਾਕੀ ਅਗਲੇ ਸਫੇ ਉਤੇ)




*ਗਦਰ ਪਾਰਟੀ ਦਾ ਜਨਮ ਅਸਥਾਨ, ਸੈਨ ਫਰਾਂਸਿਸਕੋ (1913)*

**ਸ਼ਰਧਾਂਜਲੀ**

# ਇਕ ਨਿਸ਼ਠਾਵਾਨ ਸ਼ਖਸੀਅਤ ਅਬਦੁਲ ਕਲਾਮ

ਭਾਰਤ ਦੇ 11ਵੇਂ ਰਾਸ਼ਟਰਪਤੀ ਡਾ. ਅਵੁਲ ਪਾਕਿਰ ਜੈਨੁਲਾਬਦੀਨ ਅਬਦੁਲ ਕਲਾਮ ਦਾ ਜਨਮ 15 ਅਕਤੂਬਰ 1931 ਨੂੰ ਰਾਮੇਸ਼ਵਰਮ ਤਾਮਿਲਨਾਡੂ ਦੇ ਪਿੰਡ ਧਨੁਸ਼ਕੋਡੀ ਵਿਚ ਇਕ ਮੱਧਵਰਗੀ ਪਰਿਵਾਰ ਵਿਚ ਹੋਇਆ। ਅਬਦੁਲ ਕਲਾਮ ਦੇ ਪਿਤਾ ਜੈਨੁਲਾਬਦੀਨ ਇਕ ਗਰੀਬ ਮਲਾਹ ਸਨ ਜੋ ਬਹੁਤਾ ਪੜ੍ਹੇ-ਲਿਖੇ ਨਹੀਂ ਸਨ, ਪਰੰਤੂ ਬੜੇ ਨੇਕ ਦਿਲ ਅਤੇ ਸ਼ਰੀਫ਼ ਇਨਸਾਨ ਸਨ। ਉਨ੍ਹਾਂ ਵੱਲੋਂ ਦਿੱਤੇ



**ਹਰਗੁਣਪ੍ਰੀਤ ਸਿੰਘ**
ਫੋਨ: 91-94636-19353

ਗਏ ਉਚੇ-ਸੁੱਚੇ ਸੰਸਕਾਰਾਂ ਨੇ ਹੀ ਡਾ. ਕਲਾਮ ਦੇ ਆਚਾਰ-ਵਿਹਾਰ ਉਤੇ ਗਹਿਰਾ ਪ੍ਰਭਾਵ ਪਾਇਆ। ਕਲਾਮ ਆਪਣੇ ਪੰਜ ਭਰਾਵਾਂ ਅਤੇ ਪੰਜ ਭੈਣਾਂ ਨਾਲ ਤਿੰਨ ਪਰਿਵਾਰਾਂ ਵਾਲੇ ਇਕ ਵੱਡੇ ਅਤੇ ਸੰਯੁਕਤ ਪਰਿਵਾਰ ਵਿਚ ਰਹਿੰਦੇ ਸਨ। ਉਨ੍ਹਾਂ ਨੇ ਆਪਣੀ ਮੁੱਢਲੀ ਵਿੱਦਿਆ ਪਿੰਡ ਦੀ ਪੰਚਾਇਤੀ ਪਾਠਸ਼ਾਲਾ ਵਿਚ ਹਾਸਲ ਕੀਤੀ। ਉਹ ਬਹੁਤ ਮਿਹਨਤੀ ਵਿਦਿਆਰਥੀ ਸਨ ਅਤੇ ਉਨ੍ਹਾਂ ਦੀ ਗਣਿਤ ਵਿਚ ਵਿਸ਼ੇਸ਼ ਰੁਚੀ ਸੀ। ਡਾ. ਕਲਾਮ ਦਾ ਵਿਦਿਆਰਥੀ ਜੀਵਨ ਬਹੁਤ ਮੁਸ਼ਕਿਲਾਂ ਭਰਿਆ ਰਿਹਾ ਕਿਉਂਕਿ ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਆਪਣੇ ਪਰਿਵਾਰ ਦੀ ਆਮਦਨੀ ਵਿਚ ਹਿੱਸਾ ਪਾਉਣ ਅਤੇ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਉਨ੍ਹਾਂ ਨੂੰ ਤੜਕੇ ਉਠ ਕੇ ਅਖ਼ਬਾਰ ਵੰਡਣ ਦਾ ਕੰਮ ਵੀ ਕਰਨਾ ਪੈਂਦਾ ਸੀ।

ਕਲਾਮ ਸ਼ੁਰੂ ਤੋਂ ਹੀ ਪਾਇਲਟ ਬਣਨ ਦੇ ਚਾਹਵਾਨ ਸਨ ਜਿਸ ਲਈ ਉਨ੍ਹਾਂ ਨੇ ਏਅਰੋਨਾਟੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਵੀ ਕੀਤੀ। ਉਨ੍ਹਾਂ ਹਵਾਈ ਫ਼ੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਤਾਂ ਕੀਤੀ ਪਰ ਅੱਠ ਉਮੀਦਵਾਰਾਂ ਦੀ ਚੋਣ ਲਈ ਹੋਈ ਪ੍ਰੀਖਿਆ ਵਿਚ ਉਨ੍ਹਾਂ ਨੂੰ ਨੌਵਾਂ ਸਥਾਨ ਮਿਲਿਆ ਜਿਸ ਕਰਕੇ ਉਨ੍ਹਾਂ ਦਾ ਇਹ ਸੁਪਨਾ ਪੂਰਾ ਨਾ ਹੋਇਆ। ਉਨ੍ਹਾਂ ਨੇ ਮਦਰਾਸ ਯੂਨੀਵਰਸਿਟੀ ਤੋਂ ਫ਼ਿਜ਼ਿਕਸ ਵਿਚ ਗਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ। ਫ਼ਿਰ ਸੰਨ 1960 ਵਿਚ ਮਦਰਾਸ ਇੰਸਟੀਚਿਊਟ ਆਫ ਟੈਕਨੋਲਜੀ ਤੋਂ ਆਕਾਸ਼ ਵਿਗਿਆਨ ਵਿਚ ਡਿਗਰੀ ਪ੍ਰਾਪਤ ਕੀਤੀ। ਕੁਝ ਦੇਰ ਮਸ਼ਹੂਰ ਪੁਲਾੜ ਵਿਗਿਆਨੀ ਵਿਕਰਮ ਸਾਰਾਭਾਈ ਦੀ ਯੋਗ ਅਗਵਾਈ ਵਿਚ ਵੀ ਕੰਮ ਕੀਤਾ।

ਸੰਨ 1969 ਵਿਚ ਉਹ ਇੰਡੀਅਨ ਸਪੇਸ ਰਿਸਰਚ ਐਸੋਸੀਏਸ਼ਨ ਵਿਚ ਆਏ ਜਿੱਥੇ ਉਨ੍ਹਾਂ ਨੇ ਭਾਰਤ ਦੇ ਪਹਿਲੇ ਸਵਦੇਸ਼ੀ ਉਪਗ੍ਰਹਿ 'ਐਸਐਲਵੀ-3' ਯਾਨ ਦੇ ਨਿਰਮਾਣ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਦੇ ਫ਼ਲਸਰੂਪ ਜੁਲਾਈ 1980 ਵਿਚ 'ਰੋਹਿਣੀ' ਉਪਗ੍ਰਹਿ ਸਫਲਤਾਪੂਰਵਕ ਲਾਂਚ ਕੀਤਾ ਗਿਆ ਸੀ। ਉਨ੍ਹਾਂ ਨੇ ਕਈ ਮਿਜਾਈਲਾਂ ਖਾਸ ਕਰਕੇ 'ਅਗਨੀ' ਅਤੇ 'ਪ੍ਰਿਥਵੀ' ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਇਆ। ਉਹ ਸੰਨ 1992 ਤੋਂ 1999 ਤੱਕ ਪ੍ਰਧਾਨ ਮੰਤਰੀ ਦੇ ਮੁੱਖ ਵਿਗਿਆਨੀ ਸਲਾਹਕਾਰ ਰਹੇ ਅਤੇ ਇਸੇ ਸਮੇਂ ਦੌਰਾਨ ਪੋਖਰਨ-2 ਦੇ ਪ੍ਰਮਾਣੂ ਤਜਰਬਿਆਂ ਵਿਚ ਵੀ ਉਨ੍ਹਾਂ ਨੇ ਬਹੁਤ ਮਹੱਤਵਪੂਰਨ ਰੋਲ ਨਿਭਾਇਆ।



*ਸਵਰਗੀ ਡਾ. ਅਬਦੁਲ ਕਲਾਮ*

ਕਲਾਮ 25 ਜੁਲਾਈ 2002 ਨੂੰ ਰਾਸ਼ਟਰਪਤੀ ਚੋਣਾਂ ਜਿੱਤ ਕੇ ਭਾਰਤ ਦੇ 11ਵੇਂ ਰਾਸ਼ਟਰਪਤੀ ਬਣੇ। ਆਪਣੇ ਸਿਆਸੀ ਰੁਝੇਵਿਆਂ ਦੇ ਬਾਵਜੂਦ ਵੀ ਉਹ ਰਾਸ਼ਟਰਪਤੀ ਭਵਨ ਵਿਖੇ ਆਮ ਲੋਕਾਂ ਅਤੇ ਖਾਸ ਕਰ ਬੱਚਿਆਂ ਨੂੰ ਮਿਲਣ ਲਈ ਸਮਾਂ ਕੱਢ ਹੀ ਲੈਂਦੇ ਸਨ। ਉਹ ਜਦੋਂ ਵੀ ਵਿਦਿਆਰਥੀਆਂ ਦੇ ਰੂਬਰੂ ਹੁੰਦੇ, ਉਨ੍ਹਾਂ ਨੂੰ ਹਮੇਸ਼ਾ ਇਕਾਗਰਤਾ ਨਾਲ ਅੱਗੇ ਵੱਧਣ ਅਤੇ ਵੱਡੇ ਸੁਪਨੇ ਦੇਖਣ ਲਈ ਪ੍ਰੇਰਿਤ ਕਰਦੇ ਸਨ। ਉਨ੍ਹਾਂ ਦਾ ਯਕੀਨ ਸੀ ਕਿ ਸਾਨੂੰ ਮੁਸੀਬਤਾਂ ਤੋਂ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਇਨ੍ਹਾਂ ਦਾ ਸਾਹਮਣਾ ਕਰਨ ਸਮੇਂ ਹੀ ਸਾਨੂੰ ਆਪਣੇ ਅੰਦਰਲੀ ਛੁਪੀ ਪ੍ਰਤਿਭਾ ਅਤੇ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਸਵੈ ਵਿਸ਼ਵਾਸ ਅਤੇ ਮਿਹਨਤ ਰੂਪੀ ਦਵਾਈ ਹੀ ਅਸਫ਼ਲਤਾ ਰੂਪੀ ਬੀਮਾਰੀ ਨੂੰ ਖਤਮ ਕਰ ਸਕਦੀ ਹੈ। ਜੇ ਅਸੀਂ ਸੂਰਜ ਵਾਂਗ ਚਮਕਣਾ ਚਾਹੁੰਦੇ ਹਾਂ ਤਾਂ ਸਾਨੂੰ ਸੂਰਜ ਵਾਂਗ ਸੇਕ ਵਿਚ ਜਲਣਾ ਵੀ ਆਉਣਾ ਚਾਹੀਦਾ ਹੈ। ਅਸਲੀ ਸੁਪਨੇ ਉਹ ਨਹੀਂ ਹੁੰਦੇ ਜੋ ਸੁੱਤੇ ਹੋਏ ਦੇਖੇ ਜਾਂਦੇ ਹਨ ਬਲਕਿ ਖੁੱਲ੍ਹੀਆਂ ਅੱਖਾਂ ਨਾਲ ਨੀਂਦ ਤਿਆਗ ਕੇ ਵੇਖੇ ਗਏ ਸੁਪਨੇ ਹੀ ਇਨਸਾਨ ਨੂੰ ਮੰਜ਼ਿਲ ਤਕ ਪਹੁੰਚਾਉਂਦੇ ਹਨ।

ਅਧਿਆਪਕਾਂ ਨੂੰ ਡਾ. ਕਲਾਮ ਦਾ ਸੰਦੇਸ਼ ਸੀ ਕਿ ਉਹ ਵਿਦਿਆਰਥੀਆਂ ਵਿਚ ਰਚਨਾਤਮਕ ਰੁਚੀਆਂ ਪੈਦਾ ਕਰਨ ਕਿਉਂਕਿ ਰਚਨਾਤਮਕਤਾ ਅਤੇ ਨਵੀਂ ਸੋਚ ਨਾਲ ਹੀ ਹਰ ਖੇਤਰ ਵਿਚ ਵਿਕਾਸ ਸੰਭਵ ਹੋ ਸਕਦਾ ਹੈ।

ਡਾ. ਕਲਾਮ ਦੇ ਜੀਵਨ ਦੀ ਖਾਸ ਗੱਲ ਇਹ ਰਹੀ ਕਿ ਉਨ੍ਹਾਂ ਆਪਣੀ ਸਾਰੀ ਪੜ੍ਹਾਈ ਭਾਰਤ ਦੇ ਹੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਹਾਸਲ ਕੀਤੀ। ਉਨ੍ਹਾਂ ਦੇ ਪ੍ਰੇਰਨਾਮਈ ਵਿਚਾਰ ਨਾ ਕੇਵਲ ਵਿਦਿਆਰਥੀਆਂ ਦੇ ਜੀਵਨ ਵਿਚ ਸਾਕਾਰਾਤਮਕ ਤਬਦੀਲੀ ਲਿਆਉਂਦੇ ਹਨ ਬਲਕਿ ਅਧਿਆਪਕਾਂ ਵਿਚ ਵੀ ਆਪਣੇ ਫ਼ਰਜ਼ਾਂ ਨੂੰ ਪਛਾਣਨ ਲਈ ਪ੍ਰੇਰਿਤ ਕਰਦੇ ਹਨ। ਇਕ ਵਾਰ ਉਨ੍ਹਾਂ ਨੂੰ ਜਦੋਂ ਪੁੱਛਿਆ ਗਿਆ ਕਿ ਤੁਸੀਂ ਆਪਣੇ ਆਪ ਨੂੰ 'ਮਿਜਾਈਲ ਮੈਨ', 'ਲੋਕਾਂ ਦੇ ਰਾਸ਼ਟਰਪਤੀ', 'ਭਾਰਤ ਰਤਨ,' 'ਮਹਾਨ ਵਿਗਿਆਨੀ' ਜਾਂ ਹੋਰ ਕਿਹੜੇ ਨਾਂ ਨਾਲ ਸੰਬੋਧਨ ਹੋਣਾ ਪਸੰਦ ਕਰੋਗੇ ਤਾਂ ਉਨ੍ਹਾਂ ਕਿਹਾ ਕਿ ਇਕ ਅਧਿਆਪਕ ਦੇ ਤੌਰ 'ਤੇ ਉਨ੍ਹਾਂ ਨੂੰ ਯਾਦ ਕੀਤਾ ਜਾਣਾ ਚਾਹੀਦਾ ਹੈ। ਉਹ ਆਪਣੇ ਭਾਸ਼ਣਾਂ ਵਿਚ ਅਕਸਰ ਆਪਣੇ ਅਧਿਆਪਕਾਂ ਦਾ ਜ਼ਿਕਰ ਕਰਦੇ। ਉਹ ਕਹਿੰਦੇ ਸਨ ਕਿ ਅਧਿਆਪਨ ਸਭ ਤੋਂ ਮਹਾਨ, ਰੋਚਕ ਅਤੇ ਚੁਣੌਤੀ ਭਰਿਆ ਕਿੱਤਾ ਹੈ ਅਤੇ ਪਰਮਾਤਮਾ ਨੇ ਕੁਝ ਮਹਾਨ ਅਧਿਆਪਕਾਂ ਜ਼ਰੀਏ ਹੀ ਉਨ੍ਹਾਂ ਉਤੇ ਬਖਸ਼ਿਸ਼ ਕੀਤੀ ਅਤੇ ਉਨ੍ਹਾਂ ਦੇ ਜੀਵਨ ਨੂੰ ਸਹੀ ਸੇਧ ਦਿੱਤੀ ਹੈ।

ਰਾਸ਼ਟਰਪਤੀ ਦੇ ਅਹੁਦੇ ਦੀ ਮਿਆਦ ਪੂਰੀ ਹੋਣ ਉਪਰੰਤ ਵੀ ਡਾ. ਕਲਾਮ ਨੇ ਪੜ੍ਹਨਾ-ਪੜ੍ਹਾਉਣਾ ਜਾਰੀ ਰੱਖਿਆ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਸ਼ਿਲਾਂਗ, ਅਹਿਮਦਾਬਾਦ, ਹੈਦਰਾਬਾਦ, ਬੰਗਲੌਰ, ਤਿਰੁਵਨੰਤਾਪੁਰਮ ਆਦਿ ਥਾਵਾਂ ਦੀਆਂ ਵੱਖ-ਵੱਖ ਵਿਦਿਅਕ, ਵਿਗਿਆਨਕ ਅਤੇ ਤਕਨੀਕੀ ਸੰਸਥਾਵਾਂ ਵਿਚ ਵਿਜ਼ਿਟਿੰਗ ਪ੍ਰੋਫ਼ੈਸਰ ਦੇ ਤੌਰ ਉਤੇ ਜਾਂਦੇ ਰਹਿੰਦੇ ਸਨ।

27 ਜੁਲਾਈ 2015 ਨੂੰ ਆਪਣੇ ਜੀਵਨ ਦੇ ਅਖੀਰਲੇ ਦਿਨ ਅਤੇ ਅਖੀਰਲੇ ਸਮੇਂ ਵੀ ਉਹ ਸ਼ਿਲਾਂਗ ਦੇ ਆਈ.ਆਈ.ਐਮ ਵਿਖੇ ਵਿਦਿਆਰਥੀਆਂ ਨੂੰ ਹੀ ਸੰਬੋਧਨ ਕਰ ਰਹੇ ਸਨ। ਸੋ ਸਾਡਾ ਸਭ ਦਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਡਾ. ਕਲਾਮ ਦੇ ਮਹਾਨ ਮਿਸ਼ਨ, ਸੋਚ ਅਤੇ ਸੰਦੇਸ਼ ਨੂੰ ਅੱਗੇ ਲਿਜਾਈਏ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਵਿਕਸਤ ਅਤੇ ਖੁਸ਼ਹਾਲ ਭਾਰਤ ਦੀ ਸਿਰਜਣਾ ਕਰੀਏ।

# ਗਾਥਾ ਗਦਰ ਮੈਮੋਰੀਅਲ ਦੀ

*(ਪਿਛਲੇ ਸਫੇ ਦੀ ਬਾਕੀ)*

ਘਰ ਰੱਖ ਲਿਆ; ਤੇ ਉਹ ਖਾਲਿਸਤਾਨੀ ਬਣ ਗਏ। ਕਈ ਮੁਕੱਦਮਿਆਂ ਤੋਂ ਬਾਅਦ ਉਹ ਘਰ ਨਾ ਸਮਾਰਕ ਰਿਹਾ ਤੇ ਨਾ ਹੀ ਪ੍ਰੈੱਸ। ਇਹੀ ਨਹੀਂ, ਖਾਲਿਸਤਾਨੀਆਂ ਨੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਗਦਰੀ ਤਾਂ ਖਾਲਿਸਤਾਨ ਲਈ ਲੜੇ ਸਨ, ਜਦੋਂ ਖਾਲਿਸਤਾਨ ਬਣ ਗਿਆ ਤਾਂ ਗਦਰ ਦਾ ਪ੍ਰੈੱਸ ਉਥੇ ਭੇਜ ਦਿੱਤਾ ਜਾਵੇਗਾ।

10 ਮਈ 1964 ਨੂੰ 1857 ਦੇ ਗਦਰ ਦੀ ਬਰਸੀ ਮਨਾਉਣ ਲਈ ਔਕਲੈਂਡ ਹਾਈ ਸਕੂਲ ਵਿਚ ਵੱਡਾ ਜਲਸਾ ਕੀਤਾ ਗਿਆ। ਉਸ ਵਿਚ ਇੰਡੋ-ਜਰਮਨ ਸਾਜ਼ਿਸ਼ ਕੇਸ ਵਿਚ ਜੇਲ੍ਹ ਗਏ ਗੋਬਿੰਦ ਬਿਹਾਰੀ ਲਾਲਾ, ਆਜ਼ਾਦੀ ਸੰਗਰਾਮੀਆ ਭੀਖੂ ਚਮਨ ਲਾਲ ਵੀ ਸ਼ਾਮਲ ਹੋਏ। ਇਸ ਇਕੱਠ ਵਿਚ ਸਰਬਸੰਮਤੀ ਨਾਲ ਭਾਰਤ ਸਰਕਾਰ ਦੇ ਰਵੱਈਏ ਦੀ ਨਿਖੇਧੀ ਕੀਤੀ ਗਈ ਤੇ ਭਵਨ ਨਿਰਮਾਣ ਦਾ ਵਾਅਦਾ ਪੂਰੇ ਕਰਨ ਦਾ ਮਤਾ ਪਾਸ ਕੀਤਾ ਗਿਆ।

ਆਜ਼ਾਦੀ ਤੋਂ 27 ਸਾਲਾਂ ਬਾਅਦ ਭਾਰਤੀ ਕੌਂਸਲੇਟ ਨੇ ਗਦਰ ਲਾਇਬਰੇਰੀ, ਤਸਵੀਰਾਂ ਅਤੇ ਸਭਾ ਹਾਲ ਦੇ ਰੂਪ ਵਿਚ 'ਗਦਰ ਮੈਮੋਰੀਅਲ ਹਾਲ' ਬਣਾਉਣ ਦੀ ਮਨਜ਼ੂਰੀ ਮੰਗੀ ਜੋ ਸਤੰਬਰ 1974 ਵਿਚ ਮਿਲ ਗਈ। ਸਥਾਨਕ ਨਵੇਂ ਨਵੇਂ ਅਮੀਰ ਬਣੇ ਭਾਰਤੀਆਂ ਨੇ ਫਿਰ ਧਨ ਇਕੱਠਾ ਕੀਤਾ। ਆਉਣ ਵਾਲੇ ਸਮੇਂ ਵਿਚ ਸ਼ਾਇਦ ਕੁਝ ਕ੍ਰਾਂਤੀਕਾਰੀਆਂ ਦਾ ਸਮਰਥਨ ਲੈਣ ਲਈ ਉਸ ਭਵਨ ਦਾ ਨਿਰਮਾਣ ਹੋਇਆ। 23 ਮਾਰਚ 1975 ਨੂੰ 'ਗਦਰ ਮੈਮੋਰੀਅਲ' ਦਾ ਉਦਘਾਟਨ ਕੀਤਾ ਗਿਆ। ਜਨਤਾ ਲਈ 250 ਸੀਟਾਂ ਵਾਲੇ ਭਵਨ ਨੂੰ ਹਰ ਐਤਵਾਰ ਖੋਲ੍ਹਣ ਦਾ ਐਲਾਨ ਕੀਤਾ ਗਿਆ, ਸਮਾਂ ਸੀ ਸਵੇਰੇ 10 ਤੋਂ ਸ਼ਾਮ ਦੇ 4 ਵਜੇ ਤੱਕ। ਦੱਸਿਆ ਗਿਆ ਕਿ ਕਿਤਾਬਾਂ ਹਾਲ ਦੀਆਂ ਦੀਵਾਰਾਂ ਨਾਲ ਬੁੱਕ ਸ਼ੈਲਫਾਂ 'ਤੇ ਹੋਣਗੀਆਂ। ਗਦਰ ਸਬੰਧੀ ਸਾਹਿਤ ਸਮੱਗਰੀ ਇਕੱਠੀ ਕੀਤੀ ਜਾਵੇਗੀ, ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਭਾਰਤ ਦੀ ਬਦਲਦੀ ਰਾਜਨੀਤੀ, ਕੌਂਸਲੇਟ ਅਤੇ ਪਰਵਾਸੀ ਭਾਰਤੀ ਭਾਈਚਾਰੇ ਵਿਚ ਆਪਸੀ ਮੇਲ-ਜੋਲ ਦੀ ਘਾਟ, ਖਾਲਿਸਤਾਨੀਆਂ ਦਾ ਆਪ-ਹੁਦਰਾਪਣ,




*ਯੁਗਾਂਤਰ ਆਸ਼ਰਮ (ਨਵੀਂ ਇਮਾਰਤ)*

ਰੱਫੜ, ਗਦਰ ਅੰਦੋਲਨ ਬਾਰੇ ਅਗਿਆਨ, ਇਸ ਬਾਰੇ ਘੱਟ ਰੁਚੀ ਆਦਿ ਅਨੇਕਾਂ ਕਾਰਨ ਸਨ ਜਿਸ ਕਰ ਕੇ ਗਦਰ ਮੈਮੋਰੀਅਲ ਹਾਲ ਆਮ ਜਨਤਾ ਲਈ ਬੰਦ ਹੀ ਰਿਹਾ। ਕਿਤਾਬਾਂ ਦੇ ਸੰਗ੍ਰਹਿ ਦੇ ਨਾਂ 'ਤੇ ਭਾਰਤ ਸਰਕਾਰ ਦੇ ਪ੍ਰਕਾਸ਼ਨ ਵੱਲੋਂ ਕੌਂਸਲੇਟ ਦੀ ਲਾਇਬਰੇਰੀ 'ਚ ਆਈਆਂ ਕਿਤਾਬਾਂ ਹੀ ਰਹੀਆਂ।

1989 ਵਿਚ ਜਦੋਂ ਗਦਰੀ ਬਾਬਿਆਂ ਨਾਲ ਜੇਲ੍ਹ ਵਿਚ ਰਹੇ ਸੁਤੰਤਰਤਾ ਸੰਗਰਾਮੀ (ਭਗਤ ਸਿੰਘ ਵਾਲੀ ਭਾਰਤ ਨੌਜਵਾਨ ਸਭਾ) ਸੂਰਿਆ ਪ੍ਰਸ਼ਾਦ ਅਨੰਦ ਆਪਣੇ ਆਰਕੀਟੈਕਟ ਬੇਟੇ ਰਵੀ ਪ੍ਰਕਾਸ਼ ਅਨੰਦ ਪਾਸ ਸਾਨ ਫਰਾਂਸਿਸਕੋ ਆਏ, ਤਾਂ ਉਹ ਗਦਰ ਸਮਾਰਕ ਦੇਖਣ ਗਏ। ਉਨ੍ਹਾਂ ਨੂੰ ਗਹਿਰਾ ਸਦਮਾ ਲੱਗਾ ਕਿ ਉਥੇ ਗਦਰੀ ਬਾਬਿਆਂ ਦੇ ਚਿੱਤਰ ਤੱਕ ਵੀ ਨਹੀਂ ਸਨ। ਉਨ੍ਹਾਂ ਭਾਰਤ ਜਾ ਕੇ ਦੋ ਦਰਜਨ ਦੇ ਕਰੀਬ ਮੁੱਖ ਗਦਰੀ ਬਾਬਿਆਂ ਦੇ ਚਿੱਤਰ ਭੇਜੇ।

1990 ਵਿਚ ਜਦੋਂ ਬਰਕਲੇ ਵਿਚ 'ਇੰਡੀਆ ਚੇਅਰ' ਬਣਾਉਣ ਲਈ ਭਾਰਤੀਆਂ ਨੂੰ ਦਸ ਲੱਖ ਡਾਲਰ ਇਕੱਠਾ ਕਰਨ ਦੀ ਅਪੀਲ ਇੰਡੀਅਨ ਕੌਂਸਲੇਟ ਨੇ ਕੀਤੀ ਤਾਂ ਮੈਂ ਭਾਰਤੀ ਅਮਰੀਕੀ ਅਖਬਾਰਾਂ ਨੂੰ ਪੱਤਰ ਲਿਖ ਕੇ ਕਿਹਾ ਕਿ ਜੇ ਕੌਂਸਲੇਟ ਆਪਣੇ ਸਭਿਆਚਾਰ, ਇਤਿਹਾਸ ਪ੍ਰਤੀ ਇੰਨਾ ਹੀ ਫਿਕਰਮੰਦ ਹੈ ਤਾਂ ਉਹ ਨਸਲਭੇਦੀ ਪੱਛਮੀ ਵਿਚਾਰਧਾਰਾ ਨੂੰ ਭਾਰਤੀ ਵਿਦਿਆਰਥੀਆਂ ਉਤੇ ਲੱਦਣ ਵਾਲੇ ਵਿਭਾਗ ਦੀ ਮਦਦ ਕਰਨ ਦੀ ਥਾਂ ਸਾਨ ਫਰਾਂਸਿਸਕੋ ਵਿਚ ਸਾਡੀ ਆਜ਼ਾਦੀ ਦੇ ਪ੍ਰਤੀਕ 'ਗਦਰ ਮੈਮੋਰੀਅਲ ਹਾਲ' ਨੂੰ ਖੋਲ੍ਹ ਕੇ ਸਾਡੇ ਇਤਿਹਾਸ ਨੂੰ ਜੀਵਤ ਕਿਉਂ ਨਹੀਂ ਰੱਖਦੇ। ਸਾਕਾਰਤਮਕ ਰਾਸ਼ਟਰੀਅਤਾ ਕਿਉਂ ਨਹੀਂ ਪੈਦਾ ਕਰਦੇ? 'ਇੰਡੀਆ ਚੇਅਰ' ਨਾਲ ਪੈਦਾ ਹੋਇਆ ਵਿਵਾਦ ਕਈ ਮਹੀਨੇ ਚੱਲਦਾ ਰਿਹਾ। ਉਸ ਸਮੇਂ ਮੇਰੇ ਨਾਲ ਕਈ ਹੋਰ ਸਮਾਜ ਸੇਵਕ ਵੀ ਜੁੜ ਗਏ। ਉਹ ਵੀ ਨਸਲੀ ਭੇਦਭਾਵ ਤੋਂ ਦੁਖੀ ਭਾਰਤੀਆਂ ਨੂੰ ਜਾਣਦੇ ਸਨ। ਕੁਝ ਕੁ ਵਾਮਪੰਥੀ ਵੀ ਜੁੜੇ। ਨਤੀਜਾ ਇਹ ਹੋਇਆ ਕਿ ਆਖਰਕਾਰ ਭਾਰਤੀ ਕੌਂਸਲੇਟ ਨੇ ਸਾਲਾਂ ਬਾਅਦ ਗਦਰ ਮੈਮੋਰੀਅਲ ਹਾਲ ਖੋਲ੍ਹਣ ਦੀ ਰਜ਼ਾਮੰਦੀ ਦੇ ਦਿੱਤੀ। 16 ਨਵੰਬਰ 1990 ਨੂੰ ਉਥੇ ਪਹਿਲੀ ਵਾਰ ਗਦਰ ਪਾਰਟੀ ਦੇ ਸੱਤ ਸ਼ਹੀਦਾਂ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਹਰੀਸ਼ ਕੇ. ਪੁਰੀ, ਏਲੀਅਟ ਪੋਰਟਰ, ਜ਼ੇਨ ਸਿੰਘ, ਰਵੀ ਅਨੰਦ ਅਤੇ ਮੈਂ ਮੁੱਖ ਬੁਲਾਰੇ ਸਾਂ।

ਇਸ ਤੋਂ ਬਾਅਦ ਸਾਡੇ ਲਈ 23 ਮਾਰਚ ਅਤੇ 16 ਨਵੰਬਰ ਤਿਉਹਾਰ ਬਣ ਗਏ। ਰਵੀ ਅਨੰਦ ਨਾਲ ਮਿਲ ਕੇ ਮੈਂ ਗਦਰ ਮੈਮੋਰੀਅਲ ਹਾਲ ਬਾਰੇ ਵਿਸ਼ੇਸ਼ ਪਰਚਾ ਤਿਆਰ ਕੀਤਾ। ਹਾਲ ਵਿਚ ਸੁਣਨ ਲਈ ਅੰਗਰੇਜ਼ੀ, ਹਿੰਦੀ, ਪੰਜਾਬੀ ਦੇ ਆਡੀਓ ਬਣਾਏ। ਭਾਰਤ ਤੋਂ ਆਏ, ਗਦਰ ਭਾਵਨਾ ਨੂੰ ਸਮਰਪਿਤ ਵਿਦਵਾਨਾਂ ਦੇ ਭਾਸ਼ਣ ਕਰਵਾਏ।

ਦਸ ਸਾਲ ਅਮਰੀਕ ਸਿੰਘ ਖੰਡਾਲੀਆ, ਤ੍ਰਿਲੋਕ ਸਿੰਘ ਜੌਹਲ, ਹਰਸ਼ਰਨ ਸਿੰਘ ਗਿੱਲ, ਰਵੀ ਅਨੰਦ, ਮਰਹੂਮ ਮਹਾਰਾਜ ਕੌਲ, ਮਰਹੂਮ ਸੱਯਦ ਸੈਫ਼ ਉਲਾ ਆਦਿ ਮਿੱਤਰਾਂ ਦੀ ਸਹਾਇਤਾ ਨਾਲ ਕੌਮੀ ਏਕਤਾ, ਅੱਗੇ ਵਧੂ ਵਿਚਾਰਧਾਰਾ ਦੀ ਭਾਵਨਾ ਨਾਲ ਕਈ ਭਾਸ਼ਣ, ਨਾਟਕ, ਕਵੀ ਦਰਬਾਰ ਅਤੇ ਸੰਗੀਤ ਦੇ ਸਾਧਨਾਂ ਰਾਹੀਂ ਬਹੁਤ ਸਾਰੇ ਸੰਮੇਲਨ ਕਰਵਾਏ। ਹਰਸ਼ਰਨ ਗਿੱਲ ਦੇ ਸਾਥ ਨਾਲ ਕੈਲੀਫੋਰਨੀਆਂ ਅਤੇ ਕੈਨੇਡਾ ਦੇ ਕਈ ਸ਼ਹਿਰਾਂ ਵਿਚ ਗਦਰ ਨਾਲ ਸਬੰਧਤ ਸਮਾਗਮ ਕੀਤੇ।

ਖਾਲਿਸਤਾਨ ਅੰਦੋਲਨ ਖਤਮ ਹੋਇਆ ਅਤੇ ਦਹਿਸ਼ਤਗਰਦੀ ਘਟੀ ਤਾਂ ਪੰਜਾਬ ਵਿਚ ਉਨ੍ਹਾਂ ਜਿਸ ਤਰ੍ਹਾਂ ਭਗਤ ਸਿੰਘ ਦੀ ਸ਼ਹਾਦਤ ਨੂੰ ਉਧਾਲਣ ਦਾ ਯਤਨ ਕੀਤਾ, ਉਸੇ ਤਰ੍ਹਾਂ ਕੈਲੀਫ਼ੋਰਨੀਆਂ ਵਿਚ ਗਦਰ ਅੰਦੋਲਨ ਨੂੰ ਵੀ ਉਧਾਲਣ ਦਾ ਯਤਨ ਕੀਤਾ। ਅੱਜ ਕੱਲ੍ਹ ਤਾਂ ਹੋਰ ਵੀ ਕਈ ਲੋਕ ਲੀਡਰੀ ਜਮਾਉਣ ਲਈ ਗਦਰੀ ਮੇਲੇ ਲਾਉਂਦੇ ਹਨ। ਉਹ ਗਦਰੀਆਂ ਦੇ ਏਕਤਾ ਦੇ ਮੁੱਢਲੇ ਸਿਧਾਂਤ ਨੂੰ ਹੀ ਭੰਗ ਕਰਦੇ ਹਨ। ਉਹ ਤੰਗ ਨਜ਼ਰੀਏ ਅਤੇ ਸੋਚ ਨਾਲ ਉਨ੍ਹਾਂ ਨੂੰ ਧਾਰਮਿਕ ਚੋਲਾ ਪਵਾ ਦਿੰਦੇ ਹਨ। ਅਜਿਹੇ ਮੇਲੇ ਗਦਰ ਭਾਵਨਾ ਨੂੰ ਜਿਉਂਦੇ ਰੱਖਣ ਦਾ ਘੱਟ, ਮਾਰਨ ਦਾ ਸਾਧਨ ਵੱਧ ਬਣ ਰਹੇ ਹਨ।

ਰਹੀ ਗੱਲ 'ਗਦਰ ਮੈਮੋਰੀਅਲ ਹਾਲ' ਦੀ, ਇਹ ਹੁਣ ਫਿਰ ਕੌਂਸਲ ਜਨਰਲ ਦੇ ਡਰਾਈਵਰ ਦਾ ਨਿਵਾਸ ਬਣ ਕੇ ਰਹਿ ਗਿਆ ਹੈ। ਉਥੇ ਡਰਾਈਵਰ ਦੀ ਧੀ ਦੇ ਵਿਆਹ 'ਤੇ ਸ਼ਰਾਬ ਸਹਿਤ ਪਾਰਟੀ ਤਾਂ ਹੋ ਸਕਦੀ ਹੈ, ਪਰ ਗਦਰੀ ਬਾਬਾ ਭਗਤ ਸਿੰਘ ਬਿਲਗਾ ਦੀ ਸੋਗ ਸਭਾ ਨਹੀਂ। ਜੇ ਕੋਈ ਹੋਰ ਦੇਸ਼ ਹੁੰਦਾ ਤਾਂ ਕੌਂਸਲੇਟ ਵਿਚ ਪਾਸਪੋਰਟ, ਵੀਜ਼ਾ ਲੈਣ ਵਾਲੇ ਸੈਂਕੜੇ ਲੋਕਾਂ ਨੂੰ 'ਗਦਰ ਮੈਮੋਰੀਅਲ ਹਾਲ' ਦੇਖਣ ਭੇਜਦਾ ਅਤੇ ਇਸ ਬਹਾਨੇ ਉਨ੍ਹਾਂ ਦਾ ਆਦਰਸ਼ ਸਿਖਾਉਂਦਾ ਪਰ ਅਸੀਂ ਤਾਂ ਭਾਰਤੀ ਹਾਂ, ਅਕ੍ਰਿਤਘਣਤਾ ਨਾਲ ਸਾਡਾ ਇਤਿਹਾਸ ਭਰਿਆ ਪਿਆ ਹੈ।

ਅਖੀਰ ਵਿਚ ਮੈਂ ਇਹੀ ਕਹਾਂਗਾ ਕਿ ਮੈਂ ਕੋਈ ਇਤਿਹਾਸਕਾਰ ਨਹੀਂ ਅਤੇ ਨਾ ਹੀ ਰਾਜਨੀਤੀ ਸ਼ਾਸਤਰ ਦਾ ਵਿਦਵਾਨ ਹਾਂ। ਜੇ ਕੋਈ ਹੋਰ ਸ਼ਖਸ ਇਨ੍ਹਾਂ ਗਦਰੀਆਂ ਦੀ ਗਾਥਾ ਲਿਖਦਾ ਤਾਂ ਮੈਨੂੰ ਖੁਸ਼ੀ ਹੁੰਦੀ। ਮੈਂ ਆਪਣੀ ਸ਼ਰਧਾ ਭਾਵਨਾ ਨਾਲ ਇਸ ਪਵਿੱਤਰ ਕਾਜ ਵਿਚ ਸ਼ਰਧਾਂਜਲੀ ਵਜੋਂ ਜੋ ਵੀ ਅਹੂਤੀ ਪਾਈ ਹੈ, ਉਹ ਆਪਣਾ ਫਰਜ਼ ਤੇ ਧਰਮ ਸਮਝ ਕੇ ਹੀ ਪਾਈ। ਸ਼ਾਇਦ ਕੋਈ ਹੋਰ ਬੁੱਧੀਮਾਨ ਇਸ ਨਾਲ ਚੰਗਾ ਕੰਮ ਕਰਨ ਦੀ ਪ੍ਰੇਰਨਾ ਲੈ ਸਕੇ।

**ਕਹਾਣੀ**

# ਬਿੱਲ ਬਤਊਏ

ਸਵੇਰੇ ਸਵੇਰੇ ਮੈਂ ਅਜੇ ਕੁੱਝ ਲਿਖਣ ਹੀ ਲੱਗਾ ਸੀ ਕਿ ਅਚਾਨਕ ਮੇਰੀ ਚੁਲਬੁਲੀ ਜਿਹੀ ਪੋਤੀ ਕੋਲ ਆ ਕੇ ਪੁੱਛਣ ਲੱਗੀ, "ਦਾਦਾ ਜੀ, ਕੀ ਲਿਖ ਰਹੇ ਹੋ।" ਮੈਂ ਕਿਹਾ, ਬੇਟਾ ਮੈਂ ਕਵਿਤਾ ਲਿਖ ਰਿਹਾ ਹਾਂ। ਉਹ ਮੇਰੇ ਹੱਥੋਂ ਕਾਗਜ਼ ਪੈਨ ਖੋਹ ਕੇ ਬੋਲੀ, ਮੈਂ ਵੀ ਕਵਿਤਾ ਲਿਖਾਂਗੀ, ਤੇ ਮੇਰੇ ਕਾਗ਼ਜ਼ ਤੇ ਐਵੇਂ ਬਿੱਲ ਬਤੂਏ ਜਿਹੇ ਵਾਹ ਕੇ ਬੋਲੀ, "ਦੇਖੋ, ਦਾਦਾ ਜੀ ਮੈਂ ਵੀ ਕਿੰਨੀ ਸੁਹਣੀ ਕਵਿਤਾ ਲਿਖੀ ਹੈ।" ਮੈਂ ਉਸ ਨੂੰ ਖੁਸ਼ ਰੱਖਣ ਲਈ ਕਿਹਾ, ਹਾਂ ਬੇਟਾ ਜੀ, ਤੁਸੀਂ ਬਹੁਤ ਸੁਹਣੀ ਕਵਿਤਾ ਲਿਖੀ ਹੈ। ਉਹ ਖੁਸ਼ੀ 'ਚ ਨੱਚਦੀ ਅੰਦਰ ਚਲੀ ਗਈ ਤੇ ਮੈਂ ਉਸ ਦਾ ਉਹ ਵਰਕਾ ਪਲਟ ਕੇ ਹੋਰ ਵਰਕੇ ਤੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ।

ਹੁਣ ਉਹ ਚੌਦਾਂ ਕੁ ਸਾਲ ਦੀ ਹੈ ਤੇ ਪੜ੍ਹਾਈ ਵਿਚ ਰੁੱਝੀ ਹੋਣ ਕਰਕੇ ਕਦੇ ਕਦੇ ਮੇਰੇ ਲਿਖਣ ਕਮਰੇ ਵਿਚ ਆਉਂਦੀ ਹੈ। ਇਕ ਦਿਨ ਕਾਗਜ਼ ਤੇ ਕੁੱਝ ਲਿਖ ਕੇ ਕੋਲ ਆ ਕੇ ਬੋਲੀ, ਦੇਖੋ ਦਾਦਾ ਜੀ, ਮੈਂ ਕੀ ਲਿਖਿਆ ਹੈ। ਮੈਂ ਪੜ੍ਹ ਕੇ ਹੈਰਾਨ ਰਹਿ ਗਿਆ, ਇਹ ਤਾਂ ਉਸ ਨੇ ਇੱਕ ਬੜੀ ਵਧੀਆ ਕਵਿਤਾ ਲਿਖੀ ਸੀ ਜੋ ਇਸ ਤਰ੍ਹਾਂ ਸੀ,

ਓ ਪਾਪਾ ਨੇ ਨਿਕੰਮੇ,
ਨਾਲੇ ਮੰਮਾ ਨੇ ਨਕੰਮੀਆਂ
ਮਾਰਦੀਆਂ ਕੁੱਖਾਂ ਵਿਚ,
ਜੋ ਧੀਆਂ ਅਣ ਜੰਮੀਆਂ।
ਉਹ ਮਾਪੇ ਨੇ ਨਕਾਰੇ,
ਰਹਿਣ ਪੁੱਤਾਂ ਦੇ ਸਹਾਰੇ,
ਜਿਹੜੇ ਧੀਆਂ ਨਾ ਪੜ੍ਹਾਂਦੇ,
ਕੱਲੇ ਪੁੱਤਾਂ ਨੂੰ ਲਡਾਉਂਦੇ,
ਕਦੇ ਮਾਣਦੇ ਨਾ ਸੁੱਖ,
ਤੇ ਸਹੇੜਦੇ ਨੇ ਦੁੱਖ,
ਨਾਲੇ ਮਾਣਦੇ ਨਾ ਮਾਪੇ,
ਉਮਰਾਂ ਉਹ ਲੰਮੀਆਂ।
ਖੇਡ ਗੁੱਡੀਆਂ ਪਟੋਲੇ ਤੇ ਜਵਾਨ ਹੋ ਜਾਣ,
ਫਿਰ ਪੈ ਕੇ ਡੋਲੇ ਘਰ ਸਹੁਰਿਆਂ ਦੇ ਜਾਣ,
ਘਰ ਮਾਪਿਆਂ ਦੇ ਕੱਟ ਦੁਖ ਸੁੱਖ ਤੰਗੀਆਂ।
ਧੀਆਂ ਪੁੱਤਾਂ ਦੇ ਸਮਾਣ,
ਸ਼ਾਨ ਘਰਾਂ ਦੀ ਵਧਾਣ,
ਧੀਆਂ ਮੋਹ ਦਾ ਭੰਡਾਰ,
ਸਾਰੇ ਘਰ ਦਾ ਸ਼ਿੰਗਾਰ,
ਸੇਵਾ ਮਾਪਿਆਂ ਦੀ ਕੋਲੋਂ
ਜੋ ਕਦੇ ਨਾ ਸੰਗੀਆਂ।
ਦੁਖਾਂ ਵੇਲੇ ਸਾਂਝ ਪਾਉਣ,
ਸੁਣ ਦੌੜੀਆਂ ਹੀ ਆਉਣ,
ਵਿਚੇ ਛੱਡ ਕੰਮ ਸੱਭੇ
ਆਉਂਦੀਆਂ ਨਾ ਸੰਗੀਆਂ।

ਪੋਤੀ ਨੇ ਪੁੱਛਿਆ, ਦਾਦਾ ਜੀ ਮੇਰੀ ਕਵਿਤਾ ਕੈਸੀ ਹੈ? ਮੈਂ ਉਸ ਦੀ ਕਵਿਤਾ ਵਿਚ ਗੁਆਚਾ ਉਸ ਨੂੰ ਗਲ ਨਾਲ ਲਾਉਂਦਾ ਬੋਲਿਆ, ਵਧੀਆ ਬੇਟਾ ਬਹੁਤ ਵਧੀਆ। ਲਿਆ ਹੁਣ ਤੇਰੀ ਕਵਿਤਾ ਨੂੰ ਮੈਂ ਆਖਰੀ ਛੋਹਾਂ ਵੀ ਦੇ ਦਿਆਂ।

ਲੋਕੋ ਧੀਆਂ ਨੂੰ ਬਚਾਓ,
ਨਾਲ ਸ਼ੌਕ ਦੇ ਪੜ੍ਹਾਓ।
ਸਾਰੇ ਜੱਗ ਨੂੰ ਸੁਣਾਓ,
ਧੀਆਂ ਗਲਾਂ ਨਾਲ ਲਾਓ।
ਧੀਆਂ ਮੰਗਦੀਆਂ ਸਦਾ ਨੇ ਹਵਾਵਾਂ ਠੰਡੀਆਂ।

ਤੇ ਕਵਿਤਾ ਪੜ੍ਹਦੀ ਉਹ ਖੁਸ਼ੀ 'ਚ ਖੀਵੀ ਆਪਣੀ ਕਵਿਤਾ ਸੀਨੇ ਨਾਲ ਲਾਈ ਅੰਦਰ ਚਲੀ ਗਈ। ਦੂਜੇ ਪਾਸੇ ਅੱਜ ਮੈਂ ਸਵੇਰ ਤੋਂ ਹੀ ਕਾਗ਼ਜ਼ ਪੈਨ ਲੈ ਕੇ ਕਵਿਤਾ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਅਖਰ ਮੇਰੇ ਵਾਰ ਵਾਰ ਕੱਟਣ-ਵੱਢਣ ਕਰਕੇ ਨਿਰੇ ਬਿੱਲ ਬਤਊਏ ਹੀ ਲੱਗ ਰਹੇ ਸਨ।

*-ਰਵੇਲ ਸਿੰਘ ਇਟਲੀ*

ਉਰਦੂ ਕਹਾਣੀ

# ਕਾਂ ਕਿਉਂ ਭੌਂਕਦਾ ਹੈ?

***ਨਿਊ ਯਾਰਕ ਵਿਚ ਵਸਦੇ ਮੁਮਤਾਜ਼ ਹੁਸੈਨ ਦਾ ਜਨਮ 1954 ਵਿਚ ਝੰਗ (ਪਾਕਿਸਤਾਨ) ਵਿਚ ਹੋਇਆ। ਉਹ ਕਹਾਣੀਕਾਰ ਵੀ ਹੈ ਤੇ ਚਿੱਤਰਕਾਰ ਵੀ। ਉਸ ਦੇ ਦੋ ਉਰਦੂ ਸੰਗ੍ਰਿਹ 'ਗੋਲ ਐਨਕ ਕੇ ਪੀਛੇ' ਅਤੇ 'ਲਫ਼ਜ਼ੋਂ ਮੇਂ ਤਸਵੀਰੇਂ' (ਹਰੇਕ ਕਹਾਣੀ ਨਾਲ ਉਸ ਦੀ ਆਪਣੀ ਇਕ ਪੇਂਟਿੰਗ) ਪ੍ਰਕਾਸ਼ਿਤ ਹੋਏ ਹਨ। ਅੰਗਰੇਜ਼ੀ ਵਿਚ 'ਪੋਰਟਰੇਟ ਆਫ਼ ਵਰਡਜ਼' ਕਹਾਣੀ ਸੰਗ੍ਰਿਹ ਛਪਿਆ। ਚਿੱਤਰਕਾਰ ਹੋਣ ਦੇ ਨਾਲ ਨਾਲ ਉਹ ਇਨਾਮ-ਯਾਫ਼ਤਾ ਫ਼ਿਲਮਸਾਜ਼ ਵੀ ਹੈ। ਉਸ ਨੇ 'ਬਟਰਫ਼ਲਾਈ ਸਕਰੀਮਜ਼' ਨਾਂ ਦੀ ਲਘੂ ਫ਼ਿਲਮ, ਗ਼ੁਲਾਮ ਅੱਬਾਸ ਦੀ ਕਹਾਣੀ 'ਓਵਰ ਕੋਟ' ਉਪਰ ਟੈਲੀ ਫ਼ਿਲਮ 'ਪੁਸ਼ ਬਟਨ ਫ਼ਾਰ', ਜਲਾਲੁਦੀਨ ਰੂਮੀ ਦੀ ਫ਼ਿਲਾਸਫ਼ੀ ਨੂੰ ਪੇਸ਼ ਕਰਦੀ ਟੈਲੀ ਫ਼ਿਲਮ 'ਇਨਸਾਈਡ ਯੂ' ਅਤੇ ਸਿੰਧੂ ਘਾਟੀ ਦੀ ਸਭਿਅਤਾ ਬਾਰੇ ਦਸਤਾਵੇਜ਼ੀ ਫ਼ਿਲਮ 'ਸੋਲ ਆਫ਼ ਸਿਵਲਾਈਜ਼ੇਸ਼ਨ' ਦਾ ਨਿਰਮਾਣ ਅਤੇ ਨਿਰਦੇਸ਼ਨ ਕੀਤਾ। ਉਸ ਦੀ ਲਿਖੀ, ਨਿਰਦੇਸ਼ਿਤ ਅਤੇ ਨਿਰਮਿਤ ਇੰਗਲਿਸ਼ ਫ਼ੀਚਰ ਫ਼ਿਲਮ Art of Love ਬਹੁਤ ਸਾਰੇ ਮੁਲਕਾਂ ਦੇ ਫ਼ਿਲਮ-ਮੇਲਿਆਂ ਵਿਚ ਅਨੇਕ ਇਨਾਮ ਹਾਸਿਲ ਕਰ ਚੁੱਕੀ ਹੈ। ਨਿਊ ਯਾਰਕ ਵਿਚ ਵਸਦੇ ਨੌਜਵਾਨ ਸਾਹਿਤਕਾਰ ਸੁਰਿੰਦਰ ਸੋਹਲ ਨੇ ਇਸ ਕਹਾਣੀ ਦਾ ਉਰਦੂ ਤੋਂ ਪੰਜਾਬੀ ਅਨੁਵਾਦ ਬਾਖ਼ੂਬੀ ਕੀਤਾ ਹੈ। -ਸੰਪਾਦਕ***



**ਮੁਮਤਾਜ਼ ਹੁਸੈਨ**

**ਅਨੁਵਾਦ: ਸੁਰਿੰਦਰ ਸੋਹਲ**

ਮੈਂ ਤੇਹ ਨਾਲ ਮਰ ਰਿਹਾ ਸਾਂ। ਅਸਮਾਨ ਦੀਆਂ ਬੁਲੰਦੀਆਂ 'ਤੇ ਪਾਣੀ ਦਾ ਨਾਮੋ-ਨਿਸ਼ਾਨ ਨਹੀਂ ਸੀ। ਬੱਦਲ ਮਦਮਸਤ ਹਾਥੀਆਂ ਵਾਂਗ ਝੂੰਮਦੇ ਮੇਰੇ ਉਪਰੋਂ-ਥੱਲਿਓਂ ਕਤਾਰਾਂ ਵਿਚ ਲੰਘ ਰਹੇ ਸਨ। ਬੱਦਲ ਗਹਿਰੀ ਭਾਫ਼ ਦੇ ਗੋਲ਼ੇ ਬਣਾਉਂਦੇ ਆਪਣੀਆਂ ਸ਼ਕਲਾਂ ਬਦਲ ਰਹੇ ਸਨ। ਮੈਂ ਸੋਚਿਆ, ਬੱਦਲਾਂ ਵਿਚ ਵੜ ਜਾਵਾਂ। ਭਾਫ਼ ਪਾਣੀ ਵਿਚੋਂ ਹੀ ਤਾਂ ਉਠਦੀ ਹੈ। ਸ਼ਾਇਦ ਪਿਆਸ ਬੁਝਾ ਸਕਾਂ!

ਮੈਂ ਆਪਣੀ ਲੰਬੀ ਚੁੰਝ ਖੋਲ੍ਹੀ ਤੇ ਇਕ ਵੱਡੇ ਕਾਲ਼ੇ ਬੱਦਲ ਵਿਚ ਵੜ ਗਿਆ। ਥੋੜ੍ਹੀ ਦੇਰ ਲਈ ਹਲਕਾ ਜਿਹਾ ਹਨੇਰਾ ਹੋਇਆ ਤੇ ਮੈਂ ਨੀਲੇ ਅਸਮਾਨ ਦੇ ਖ਼ੁਸ਼ਕ ਸਮੁੰਦਰ ਵਿਚ ਸਾਂ। ਮੈਂ ਤਹੱਈਆ ਕੀਤਾ, ਚਲੋ ਜ਼ਮੀਨ 'ਤੇ ਕਿਸਮਤ ਅਜ਼ਮਾਈ ਜਾਵੇ ਅਤੇ ਆਪਣੇ ਖੰਭ ਸਮੇਟ ਕੇ ਸਰੀਰ ਨਾਲ ਲਪੇਟ ਲਏ। ਮੂੰਹ ਥੱਲੇ ਨੂੰ ਕਰ ਕੇ ਧਰਤੀ ਵੱਲ ਗ਼ੋਤਾ ਲਾਇਆ।

ਦਰਖ਼ਤਾਂ ਦੇ ਝੁੰਡ ਤੋਂ ਪਰ੍ਹਾਂ ਕੁਝ ਕੱਚੇ ਮਕਾਨਾਂ ਅੰਦਰ ਇਕ ਘਰ 'ਚੋਂ ਸੰਘਣਾ ਧੂੰਆਂ ਉਠਦਾ ਦਿਸਿਆ। ਮੇਰੀਆਂ ਵਾਛਾਂ ਖਿੜ ਗਈਆਂ। ਲੱਗਾ, ਇਥੇ ਕੋਈ ਸ਼ਾਦੀ-ਵਿਆਹ ਹੋ ਰਿਹਾ ਹੈ। ਮੈਂ ਸਿੱਧਾ ਧੂੰਏਂ ਵਾਲੇ ਘਰ ਵੱਲ ਰੁਖ਼ ਕੀਤਾ।

ਸੱਚਮੁੱਚ ਖਾਣੇ ਪੱਕ ਰਹੇ ਸਨ। ਭੁੱਖ ਤਾਂ ਸੀ ਹੀ, ਪਰ ਭੁੱਖ ਨਾਲੋਂ ਤ੍ਰੇਹ ਨੇ ਜਾਨ ਲੈਣੀ ਕੀਤੀ ਹੋਈ ਸੀ। ਸੁੱਕੀ ਜੀਭ ਬਾਹਰ ਕੱਢ ਕੇ ਚਾਰੇ ਪਾਸੇ ਦਾ ਜਾਇਜ਼ਾ ਲਿਆ। ਖਾਣੇ ਦੀਆਂ ਦੇਗ਼ਾਂ ਦੇ ਨਾਲ ਇਕ ਵੱਡੀ ਬਾਲਟੀ ਪਈ ਸੀ। ਇਸ ਵਿਚੋਂ ਹਲਵਾਈ ਵਾਰ ਵਾਰ ਵੱਡੇ ਡੌਂਗੇ ਨਾਲ ਪਾਣੀ ਦੇਗ਼ਾਂ ਵਿਚ ਪਾ ਰਿਹਾ ਸੀ। ਮੈਂ ਆਪਣੇ ਖੰਭ ਖੋਲ੍ਹ ਕੇ ਲੱਤਾਂ ਬਾਹਰ ਕੱਢੀਆਂ, ਤਾਂ ਕਿ ਬਾਲਟੀ ਦੇ ਕੰਢੇ 'ਤੇ ਆਪਣੇ ਪੰਜੇ ਜਮਾ ਸਕਾਂ। ਮੈਂ ਅਜੇ ਪੂਰੀ ਤਰ੍ਹਾਂ ਬੈਠ ਵੀ ਨਹੀਂ ਸੀ ਸਕਿਆ ਕਿ ਹਲਵਾਈ ਦੀ ਜੁੱਤੀ ਜ਼ੋਰ ਨਾਲ 'ਸ਼ੂੰਅ' ਕਰਦੀ ਕੰਨਾਂ ਕੋਲ ਦੀ ਲੰਘ ਗਈ।

"ਸਾਲੇ ਭੰਡ ਕਿਤੋਂ ਦੇ। ਆ ਗਏ ਭੰਡਾਂ ਵਾਂਗੂੰ 'ਕਾਂ ਕਾਂ' ਕਰਨ। ਬੱਚੇ ਦਾ ਖ਼ਤਨਾ ਸ਼ੁਰੂ ਹੋਣ ਵਿਚ ਅੱਧਾ ਦਿਨ ਬਾਕੀ ਐ, ਪਹਿਲਾਂ ਹੀ ਪਹੁੰਚ ਗਏ ਐ।"

ਪਿਛਿਓਂ ਇਕ ਬੱਚੇ ਦੀ ਜ਼ੋਰਦਾਰ ਆਵਾਜ਼ ਨੇ ਤਾਂ ਮੈਨੂੰ ਡਰਾ ਹੀ ਦਿੱਤਾ, "ਦੇਖੋ ਦੇਖੋ ਚਿੱਟਾ ਕਾਂ!"

ਉਹ ਅਜੇ ਆਪਣੀ ਗੁਲੇਲ ਵਿਚ ਪੱਥਰ ਰੱਖ ਹੀ ਰਿਹਾ ਸੀ ਕਿ ਮੈਂ ਖ਼ਤਰਾ ਭਾਂਪ ਕੇ ਆਪਣੇ ਆਪ ਨੂੰ ਕਿਹਾ, "ਪਿਆਸ ਨਾਲੋਂ ਜ਼ਿੰਦਗੀ ਜ਼ਿਆਦਾ ਪਿਆਰੀ ਹੈ। ਚਲੋ ਕਿਤੇ ਹੋਰ ਕਿਸਮਤ ਅਜ਼ਮਾਈਏ।"

ਬਚਦਾ ਬਚਾਉਂਦਾ ਮੈਂ ਬਹੁਤ ਦੂਰ ਪਹੁੰਚ ਗਿਆ। ਪਿਆਸ ਨਾਲ ਅੱਧ-ਮੋਈਆਂ ਅੱਖਾਂ ਖੋਲ੍ਹਣ ਦੀ ਪੂਰੀ ਕੋਸ਼ਿਸ਼ ਕੀਤੀ ਤਾਂ ਮੱਝਾਂ-ਬਲਦਾਂ ਦੇ ਇਕ ਵਾੜੇ ਵਿਚ ਪਈ ਘੜਵੰਜੀ 'ਤੇ ਪਿਆ ਇਕਲੌਤਾ ਘੜਾ ਦਿਸਿਆ। ਪਿਆਸ ਮਾਰੀਆਂ ਮੇਰੀਆਂ ਵਾਛਾਂ ਫਿਰ ਖਿੜ੍ਹ ਗਈਆਂ ਤੇ ਚੁੰਝ ਖੁੱਲ੍ਹ ਗਈ। ਬੜਾ ਖ਼ੁਸ਼ ਹੋਇਆ, 'ਬਸ, ਜੀ ਭਰ ਕੇ ਪਿਆਸ ਬੁਝਾਊਂ। ਸਗੋਂ ਦੋ ਤਿੰਨ ਦਿਨਾਂ ਦਾ ਪਾਣੀ ਇਕੱਠਾ ਹੀ ਪੀ ਲਊਂ, ਤਾਂ ਕਿ ਕਮਬਖ਼ਤ ਪਿਆਸ ਦਾ ਝਗੜਾ ਦੋ ਤਿੰਨ ਦਿਨਾਂ ਲਈ ਮੁਕ ਹੀ ਜਾਵੇ।'

ਖੰਭ ਫਿਰ ਖੋਲ੍ਹ ਕੇ, ਠਹਿਰਾ ਵਿਚ ਲਿਆਂਦੇ ਤੇ ਪੰਜੇ ਬਾਹਰ ਕੱਢੇ। ਐਨ ਨਿਸ਼ਾਨੇ 'ਤੇ ਘੜੇ ਦੇ ਕੰਢਿਆਂ 'ਤੇ ਮਜ਼ਬੂਤੀ ਨਾਲ ਪੰਜਿਆਂ ਨੂੰ ਜਮਾਇਆ। ਇਸ ਤੋਂ ਪਹਿਲਾਂ ਕਿ ਮੈਂ ਪਾਣੀ ਪੀਂਦਾ, ਚਾਰੇ ਪਾਸੇ ਦਾ ਜਾਇਜ਼ਾ ਲਿਆ ਕਿ ਕੋਈ ਖ਼ਤਰਾ ਤਾਂ ਨਹੀਂ। ਸ਼ੁਕਰ ਸੀ, ਸਿਵਾਏ ਕਾਲੀ ਮੱਝ ਦੀ ਪੂਛ ਦੇ ਉਥੇ ਕੋਈ ਖ਼ਤਰਾ ਨਹੀਂ ਸੀ। ਮੈਂ ਆਪਣੀ ਧੌਣ ਲੰਬੀ ਕਰਕੇ ਚੁੰਝ ਲੰਬੀ ਕੀਤੀ ਤੇ ਤੰਗ ਮੂੰਹ ਵਿਚ ਦੀ ਘੜੇ 'ਚ ਵੜਨ ਦੀ ਕੋਸ਼ਿਸ਼ ਕਰਨ ਲੱਗਾ। ਘੜੇ ਦੇ ਪੇਟ ਵਿਚ ਡਿਗਦਾ ਡਿਗਦਾ ਮਸਾਂ ਬਚਿਆ। ਪਾਣੀ ਸੀ ਹੀ ਨਹੀਂ। ਸਿਰ ਬਾਹਰ ਕੱਢਿਆ। ਸਿਰ ਨੂੰ ਸੱਜੇ ਪਾਸੇ ਮੋੜ ਕੇ ਬੜੀ ਗ਼ੌਰ ਨਾਲ ਖੱਬੀ ਅੱਖ ਨਾਲ ਘੜੇ ਦੇ ਅੰਦਰ ਦੇਖਿਆ। ਸੂਰਜ ਦੀ ਰੌਸ਼ਨੀ ਨਾਲ ਚਮਕਦਾ ਸ਼ਾਫ਼ ਪਾਣੀ ਝਿਲਮਿਲ ਝਿਲਮਿਲ ਕਰ ਰਿਹਾ ਸੀ।

'ਹੂੰ! ਪਾਣੀ ਤਾਂ ਹੈ। ਲਗਦੈ, ਮੇਰੀ ਚੁੰਝ ਦੀ ਪਹੁੰਚ ਤੋਂ ਬਹੁਤ ਦੂਰ ਹੈ। ਹੁਣ ਕੀ ਕੀਤਾ ਜਾਵੇ।' ਮੈਂ ਆਪਣੇ ਦਿਮਾਗ਼ 'ਤੇ ਜ਼ੋਰ ਦਿੱਤਾ, 'ਕੁਝ ਅਕਲ ਲੜਾਈ ਜਾਵੇ ਜਾਂ ਕੋਈ ਵਿਗਿਆਨ ਦਾ ਫ਼ਾਰਮੂਲਾ ਵਰਤਿਆ ਜਾਵੇ। ਪਾਣੀ ਤਾਂ ਹੈ, ਘੜੇ ਦੀ ਤਹਿ ਤੱਕ ਪਹੁੰਚਣਾ ਮੁਸ਼ਕਿਲ ਹੈ। ਜੇ ਪਾਣੀ ਉਪਰ ਲਿਆਂਦਾ ਜਾਵੇ ਤਾਂ ਚੁੰਝ ਪਾਣੀ ਤੱਕ ਪਹੁੰਚ ਸਕੂ।'

ਫਿਰ ਮੈਂ ਖੱਬੇ ਸੱਜੇ ਦੇਖਿਆ, ਕਿਤੇ ਉਹ ਲੜਕਾ ਗੁਲੇਲ ਵਿਚ ਪੱਥਰ...ਪੱਥਰ ਤੋਂ ਯਾਦ ਆਇਆ, 'ਕਿਉਂ ਨਾ ਜਾਨ ਲੈਣ ਵਾਲੇ ਪੱਥਰ ਨਾਲ ਜਾਨ ਬਚਾਈ ਜਾਵੇ! ਜੇ ਪੱਥਰ ਘੜੇ ਵਿਚ ਸੁੱਟ ਦਿਆਂ ਤਾਂ ਪਾਣੀ ਜ਼ਰੂਰ ਉਪਰ ਆ ਜਾਊ।'

ਇਧਰ-ਉਧਰ ਦੇਖਿਆ, ਹਰ ਪਾਸੇ ਮਿੱਟੀ ਦੇ ਢੇਲੇ ਪਏ ਸਨ, 'ਯਾਰ ਇਹ ਤਾਂ ਪਾਣੀ ਵਿਚ ਘੁਲ ਜਾਣਗੇ। ਮੈਨੂੰ ਪੱਥਰ ਚਾਹੀਦੇ ਨੇ ਪੱਥਰ।'

ਮੈਂ ਖ਼ੁਸ਼ ਹੋ ਕੇ ਰੋੜਾਂ ਦੀ ਤਲਾਸ਼ ਵਿਚ ਆਸਮਾਨ ਵੱਲ ਰੁਖ਼ ਕੀਤਾ। ਉਡਦਾ ਉਡਦਾ ਕੁਝ ਐਸੇ ਤੂਫ਼ਾਨ ਵਿਚ ਘਿਰ ਗਿਆ ਕਿ ਹਵਾ ਦੇ ਥਪੇੜਿਆਂ ਨੇ ਮੈਨੂੰ ਕਿਤੇ ਦਾ ਕਿਤੇ ਪਹੁੰਚਾ ਦਿੱਤਾ।

ਵਾਹ! ਕਿੰਨੀ ਖ਼ੂਬਸੂਰਤ ਨਗਰੀ ਸੀ। ਵੱਡੇ ਵੱਡੇ ਪੱਥਰਾਂ ਦੇ ਥਮਲੇ ਦੁਨੀਆਂ ਤੋਂ ਪਰ੍ਹਾਂ ਬਗ਼ੈਰ ਕਿਸੇ ਛੱਤ ਦੇ, ਅਤੇ ਉਪਰ ਬਗ਼ੈਰ ਕਿਸੇ ਥਮਲੇ ਦੇ ਫ਼ਰਸ਼ ਖੜ੍ਹੇ ਸਨ। ਵਾਹ ਬਈ ਵਾਹ। ਪੱਥਰਾਂ ਦੀਆਂ ਵੱਡੀਆਂ ਵੱਡੀਆਂ ਪੌੜੀਆਂ ਥਮਲਿਆਂ ਨਾਲ ਲੱਗੀਆਂ ਖੜ੍ਹੀਆਂ ਸਨ। ਇਕ ਬਹੁਤ ਵੱਡੇ ਸੰਗਮਰਮਰ ਦੇ ਤਖ਼ਤ 'ਤੇ ਖ਼ੁਦਾਵੰਦ ਜ਼ੂਸ ਬੈਠੇ ਹੋਏ ਸਨ। ਥਮਲਿਆਂ ਦੇ ਨਾਲ ਨੀਲੇ ਸਫ਼ੈਦ ਪਰਦੇ ਹਵਾ ਨਾਲ ਲਹਿਰਾ ਰਹੇ ਸਨ। ਪਰਦਿਆਂ ਦੇ ਹਿੱਲਣ ਨਾਲ ਕਛੂ ਦੀ ਹੱਡੀ ਦੇ ਬਣੇ ਦਿਲਰੁਬਾ ਵਿਚੋਂ ਮਧੁਰ ਰਾਗਣੀਆਂ ਫੁੱਟ ਰਹੀਆਂ ਸਨ। ਏਨੀ ਖ਼ੂਬਸੂਰਤ ਚਿੱਟੇ ਰੰਗ ਦੀ ਨਗਰੀ ਵਿਚ ਮੈਂ ਚਿੱਟਾ ਕਾਂ ਏਨਾ ਫਬ ਰਿਹਾ ਸਾਂ ਕਿ ਜੇ ਮੋਰ ਵੀ ਹੁੰਦਾ ਤਾਂ ਆਪਣਾ ਦਿਲ ਕੱਢ ਕੇ ਮੇਰੇ ਅੱਗੇ ਰੱਖ ਦਿੰਦਾ। ਇਸ ਸਫ਼ੈਦ ਸਵਰਗ ਵਿਚ ਖੜ੍ਹਾ ਮੈਂ ਚਿੱਟਾ ਕਾਂ ਇਸ ਨਗਰੀ ਦਾ ਵਾਸੀ ਲੱਗ ਰਿਹਾ ਸਾਂ।

ਮੇਰਾ ਦਿਲ ਕਰੇ, 'ਇਥੇ ਹੀ ਵਸ ਜਾਵਾਂ।'

ਜਦ ਖ਼ੁਦਾਵੰਦ ਜ਼ੂਸ ਦੀ ਨਿਗਾਹ ਮੇਰੇ 'ਤੇ ਪਈ ਤਾਂ ਉਹ ਮੈਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ।

'ਤੈਨੂੰ ਪੈਗ਼ੰਬਰਾਂ ਵਾਲੀਆਂ ਸਿਫ਼ਤਾਂ ਬਖ਼ਸ਼ਿਸ਼ ਕਰਦੇ ਹਾਂ। ਤੂੰ ਅੱਜ ਤੋਂ ਸਾਡਾ ਪੈਗ਼ਾਮ-ਰਸਾ ਹੈਂ। ਤੂੰ ਸਾਡੀ ਸਲਤਨਤ ਵਿਚ ਸੂਰਜ ਵਾਂਗ ਚਮਕੇਂਗਾ ਤੇ ਸਾਨੂੰ ਮੌਸਮ, ਤੂਫ਼ਾਨਾਂ ਦੀ ਇਤਲਾਹ ਦੇਵੇਂਗਾ। ਤੂੰ ਇਤਲਾਹ ਕਰੇਂਗਾ ਮੌਤ ਦੀ। ਅਸੀਂ ਤੈਨੂੰ ਬਖ਼ਸ਼ਿਸ਼ ਕਰਦੇ ਹਾਂ। ਤੂੰ ਅੰਦਰੂਨੀ ਤੇ ਬਾਹਰੀ ਭੇਦਾਂ ਨੂੰ ਜਾਣ ਸਕੇਂਗਾ।'

ਏਨੀਆਂ ਨਿਵਾਜ਼ਸ਼ਾਂ ਤੋਂ ਮੈਂ ਬਹੁਤ ਖ਼ੁਸ਼ ਸਾਂ। ਹਰਮੀਸ ਖ਼ੁਦਾਵੰਦ ਜ਼ੂਸ ਦਾ ਬੇਟਾ ਸੀ, ਪਰ ਉਸ ਦੀਆਂ ਕੁਝ ਆਦਤਾਂ ਮੇਰੇ ਨਾਲ ਬਹੁਤ ਮਿਲਦੀਆਂ ਸਨ ਯਾਨਿ ਉਹ ਵੀ ਮੇਰੇ ਵਾਂਗ ਖ਼ੁਦਾਵੰਦ ਜ਼ੂਸ ਦੇ ਸੁਨੇਹੇ ਲੈ ਕੇ ਜਾਂਦਾ ਸੀ। ਮੇਰੇ ਵਾਂਗ ਚੋਰੀ ਦੀ ਲਤ ਵੀ ਸੀ। ਉਸ ਨੇ ਆਦਤ ਤੋਂ ਮਜਬੂਰ ਹੋ ਕੇ ਆਪਣੇ ਭਰਾ ਖ਼ੁਦਾਵੰਦ ਅਪਾਲੋ ਦਾ ਗਾਂਵਾਂ ਦਾ ਉਹ ਇੱਜੜ ਚੋਰੀ ਕਰ ਲਿਆ, ਜੋ ਉਸ ਨੂੰ ਤੋਹਫ਼ੇ ਵਿਚ ਮਿਲਿਆ ਸੀ। ਅਗਲੇ ਦਿਨ ਜਦੋਂ ਖ਼ੁਦਾਵੰਦ ਅਪਾਲੋ ਨੂੰ ਪਤਾ ਲੱਗਾ ਕਿ ਉਸ ਦੀਆਂ ਗਾਂਵਾਂ ਚੋਰੀ ਹੋ ਗਈਆਂ ਹਨ ਤਾਂ ਉਸ ਨੇ ਮੈਨੂੰ ਸੱਦਿਆ, "ਖ਼ੁਦਾਵੰਦ ਜ਼ੂਸ ਨੇ ਤੈਨੂੰ ਏਨੀਆਂ ਸਿਫ਼ਤਾਂ ਬਖ਼ਸ਼ੀਆਂ ਨੇ, ਦੱਸ ਮੇਰੀਆਂ ਗਾਂਵਾਂ ਦਾ ਇੱਜੜ ਕਿੱਥੇ ਹੈ?"

ਮੈਂ ਸਿਰ ਝੁਕਾ ਕੇ ਅਰਜ਼ ਕੀਤੀ, "ਐ ਖ਼ੁਦਾਵੰਦ ਅਪਾਲੋ! ਤੇਰਾ ਇਕ ਦਿਨ ਦੀ ਉਮਰ ਦਾ ਭਰਾ, ਜੋ ਖ਼ੁਦਾਵੰਦ ਉਲੰਪਸ ਦਾ ਬਾਰਵਾਂ ਖ਼ੁਦਾ ਹੈ, ਉਸ ਨੇ ਚੋਰੀ ਕੀਤੀਆਂ ਹਨ।"

ਮੇਰੇ ਬਸ ਏਨਾ ਕਹਿਣ 'ਤੇ ਖ਼ੁਦਾਵੰਦ ਗ਼ੁੱਸੇ ਵਿਚ ਅੱਗ ਬਗ਼ੂਲਾ ਹੋ ਗਿਆ, "ਤੂੰ ਬਕਵਾਸ ਕਰ ਰਿਹਾ ਏਂ ਕਾਂਵਾਂ, ਉਲੰਪਸ ਦੇ ਸਿਰਫ਼ ਗਿਆਰਾਂ ਖ਼ੁਦਾ ਹਨ, ਬਾਰਾਂ ਨਹੀਂ ਹੋ ਸਕਦੇ। ਤੂੰ ਝੂਠਾ ਏਂ।" ਖ਼ੁਦਾਵੰਦ ਗ਼ੁੱਸੇ ਵਿਚ ਪਾਗਲ ਹੁੰਦਾ ਜਾ ਰਿਹਾ ਸੀ। ਮੈਂ ਥਰ ਥਰ ਕੰਬ ਰਿਹਾ ਸਾਂ।

"ਤੂੰ ਹੈ ਹੀ ਝੂਠਾ। ਮੈਂ ਤੈਨੂੰ ਇਸ ਝੂਠ ਦੀ ਐਸੀ ਸਜ਼ਾ ਦੇਵਾਂਗਾ, ਕਿਆਮਤ ਤੱਕ ਯਾਦ ਰੱਖੇਂਗਾ।"

ਬਸ ਫਿਰ ਕੀ ਸੀ, ਮੇਰਾ ਸਾਰਾ ਸਰੀਰ ਕਾਲ਼ਾ ਹੋਣਾ ਸ਼ੁਰੂ ਹੋ ਗਿਆ। ਮੇਰੀ ਖ਼ੂਬਸੂਰਤ ਸਫ਼ੈਦ ਚੁੰਝ, ਮੇਰੇ ਸਾਰੇ ਖੰਭ ਕਾਲੇ ਹੋ ਗਏ।

ਮੈਂ ਆਪਣੇ ਆਪ ਨੂੰ ਕਿਹਾ, "ਚਲੋ ਯਾਰ ਇਸ ਨਗਰੀ ਤੋਂ, ਜਿਥੇ ਏਨੇ ਰੱਬ ਹੋਣ। ਕੋਈ ਰੱਬ ਕਿਸੇ ਤੋਂ ਨਾਰਾਜ਼ ਹੋ ਕੇ ਪਤਾ ਨਹੀਂ ਕਿਹੜੀ ਸਜ਼ਾ ਦੇ ਦੇਵੇ।"

ਮੇਰਾ ਗ਼ਲਾ ਖ਼ੁਸ਼ਕ ਹੁੰਦਾ ਜਾ ਰਿਹਾ ਸੀ। ਮੈਨੂੰ ਯਾਦ ਆਇਆ, ਮੈਂ ਤਾਂ ਪੱਥਰ ਲੈਣ ਆਇਆ ਸਾਂ। ਮੈਂ ਦੇਖਿਆ, ਸੰਗਮਰਮਰ ਦੇ ਵੱਡੇ ਥਮਲਿਆਂ ਦੇ ਨਾਲ ਇਕ ਰੋੜ ਪਿਆ ਸੀ। ਮੈਂ ਚੁੱਕਿਆ ਤੇ ਪੂਛ ਦਬਾ ਕੇ ਜ਼ਮੀਨ ਵੱਲ ਨੂੰ ਰੁਖ਼ ਕੀਤਾ।



"ਯਾਰ ਆਪਣੀ ਦੁਨੀਆਂ ਹੀ ਚੰਗੀ ਹੈ।"

ਮੈਂ ਮਨ 'ਚ ਗਾਉਂਦਾ ਵਾਪਸ ਆ ਰਿਹਾ ਸਾਂ,

ਇਕ ਕਾਂ ਗ਼ਮ ਲਈ
ਦੋ ਕਾਂ ਖ਼ੁਸ਼ੀ ਲਈ
ਤਿੰਨ ਕਾਂ ਵਿਆਹ ਲਈ
ਚਾਰ ਕਾਂ ਪੈਦਾਇਸ਼ ਲਈ
ਪੰਜ ਕਾਂ ਚਾਂਦੀ ਲਈ
ਛੇ ਕਾਂ ਸੋਨੇ ਲਈ
ਸੱਤ ਕਾਂ...
ਐਸਾ ਭੇਦ ਜੋ ਅੱਜ ਤੱਕ ਅਣਖੁੱਲ੍ਹਾ ਹੈ
ਅੱਠ ਕਾਂ ਜੰਨਤ ਲਈ
ਨੌਂ ਕਾਂ ਦੋਜ਼ਖ਼ ਲਈ
ਦਸ ਕਾਂ ਸ਼ੈਤਾਨ ਲਈ।

ਮੈਂ ਵਾਪਸ ਉਸ ਜਗ੍ਹਾ ਪਹੁੰਚ ਗਿਆ, ਜਿੱਥੇ ਪਾਣੀ ਵਾਲਾ ਘੜਾ ਪਿਆ ਸੀ, ਰੋੜ ਘੜੇ ਵਿਚ ਸੁੱਟਿਆ। ਮੈਂ ਆਪਣੇ ਸਿਰ ਨੂੰ ਸੱਜੇ ਪਾਸੇ ਮੋੜ ਕੇ ਖੱਬੀ ਅੱਖ ਨਾਲ ਦੇਖਿਆ ਤਾਂ ਪਾਣੀ ਕੁਝ ਉਪਰ ਆ ਗਿਆ। ਸਿਰ ਘੜੇ ਵਿਚ ਵਾੜ ਕੇ ਪਾਣੀ ਪੀਣ ਦੀ ਕੋਸ਼ਿਸ਼ ਕੀਤੀ, ਪਰ ਚੁੰਝ ਪਾਣੀ ਤੱਕ ਪਹੁੰਚ ਨਾ ਸਕੀ।

ਇਕ ਹੋਰ ਰੋੜਾ ਲੈ ਕੇ ਆਉਂਦਾ ਹਾਂ। ਪਰ ਜ਼ਰਾ ਵੱਡਾ ਤਾਂ ਕਿ ਇਕ ਵਾਰ ਹੀ ਪਾਣੀ ਪੀ ਸਕਾਂ।'

ਮੈਂ ਫਿਰ ਆਸਮਾਨ ਵੱਲ ਰੁਖ਼ ਕੀਤਾ। ਮਨ ਤਾਂ ਚਾਹੁੰਦਾ ਸੀ ਕਿ ਗੁਣਗੁਣਾਵਾਂ ਪਰ ਪਿਆਸ ਨਾਲ ਗ਼ਲਾ ਖ਼ੁਸ਼ਕ ਹੋਣ ਕਰਕੇ ਆਵਾਜ਼ ਨਿਕਲ ਨਹੀਂ ਸੀ ਰਹੀ। ਫਿਰ ਹਵਾ ਦੇ ਥਪੇੜਿਆਂ ਨੇ ਕਿਸੇ ਹੋਰ ਬਸਤੀ ਵਿਚ ਪਹੁੰਚਾ ਦਿੱਤਾ।

ਕਿੰਨੀ ਖ਼ੂਬਸੂਰਤ ਨਗਰੀ ਸੀ। ਹਰਿਆਵਲ ਹੀ ਹਰਿਆਵਲ। ਦਰਖ਼ਤ ਰਸੀਲੇ ਫਲਾਂ ਨਾਲ ਲੱਦੇ ਹੋਏ। ਜ਼ਮੀਨ ਜਿਵੇਂ ਮਖ਼ਮਲੀ ਹਰੇ-ਭਰੇ ਗਲੀਚਿਆਂ ਵਿਚ ਛੁਪੀ ਹੋਈ ਸੀ। ਦਰਖ਼ਤਾਂ ਦੇ ਪੱਤਿਆਂ ਨਾਲ ਟਕਰਾਉਂਦੀ ਠੰਢੀ ਹਵਾ ਮਧੁਰ ਰਾਗਣੀਆਂ ਛੇੜ ਰਹੀ ਸੀ। ਪਹਾੜਾਂ ਦੀਆਂ ਚੱਟਾਨਾਂ ਤੋਂ ਫੁੱਟਦੇ ਦੁੱਧ ਦੇ ਝਰਨੇ ਜਲ-ਤਰੰਗ ਵਜਾ ਰਹੇ ਸਨ। ਬਹਿਸ਼ਤ ਦੇ ਇਸ ਖ਼ੂਬਸੂਰਤ ਟੁਕੜੇ ਵਿਚ ਆਦਮ ਤੇ ਹਵਾ ਆਪਣੇ ਸੁੰਦਰ ਸਰੀਰਾਂ ਨੂੰ ਪੱਤਿਆਂ ਨਾਲ ਢਕੀ ਬੈਠੇ ਸੇਬ ਖਾ ਰਹੇ ਸਨ।

ਮੈਂ ਬਹੁਤ ਖ਼ੁਸ਼ ਹੋਇਆ, 'ਚਲੋ ਜੀਅ ਭਰ ਕੇ ਦੁੱਧ ਦੀ ਨਦੀ 'ਚੋਂ ਆਪਣੀ ਪਿਆਸ ਬੁਝਾ ਲਵਾਂ।' ਐਸੀ ਨਗਰੀ ਵਿਚ ਜ਼ਿੰਦਗੀ ਬਸਰ ਕਰਨਾ ਹੀ ਜ਼ਿੰਦਗੀ ਹੈ।

ਦੋ ਚੱਟਾਨਾਂ ਵਿਚੋਂ ਫੁੱਟਦੇ ਦੁੱਧ ਦੇ ਝਰਨੇ ਨੇ ਮੇਰੀ ਪਿਆਸ ਹੋਰ ਵੀ ਚਮਕਾ ਦਿੱਤੀ। ਮੈਂ ਝੱਟ ਗ਼ੋਤਾ ਮਾਰਿਆ ਤੇ ਆਪਣੇ ਪੰਜੇ ਪੱਥਰ 'ਤੇ ਜਮਾਏ। ਆਪਣੇ ਆਪ ਨੂੰ ਸਬਰ ਦੀ ਨਸੀਹਤ ਦਿੱਤੀ, 'ਸਬਰ ਦਾ ਫਲ ਮਿੱਠਾ ਹੁੰਦਾ ਹੈ। ਜ਼ਰਾ ਆਰਾਮ ਨਾਲ ਰੱਬ ਦਾ ਸ਼ੁਕਰ ਮਨਾ ਕੇ ਪੇਟ ਭਰ ਕੇ ਦੁੱਧ ਪੀਵਾਂ।'

ਅਜੇ ਗਰਦਨ ਝੁਕਾਈ ਹੀ ਸੀ, ਚੁੰਝ ਦੁੱਧ ਦੇ ਬਿਲਕੁਲ ਕੋਲ ਪਹੁੰਚਣ ਹੀ ਵਾਲੀ ਸੀ ਕਿ 'ਸ਼ੂੰਅ' ਕਰਦਾ ਇਕ ਬਰਛਾ ਮੇਰੀ ਗਰਦਨ ਕੋਲ ਦੀ ਲੰਘਿਆ। ਮੈਂ ਝੱਟ ਉਡ ਕੇ ਦਰਖ਼ਤ ਦੀ ਓਟ ਵਿਚ ਛੁਪ ਗਿਆ।

ਦੇਖਿਆ! ਹਜ਼ਰਤ ਆਦਮ ਦੇ ਪਹਿਲੇ ਦੋ ਜੌੜੇ ਬੇਟੇ ਹਾਬੀਲ ਤੇ ਕਾਬੀਲ ਆਪਸ ਵਿਚ ਲੜ ਰਹੇ ਸਨ। ਹਾਬੀਲ ਦਾ ਬੱਕਰੀਆਂ ਦਾ ਇੱਜੜ ਨੇੜੇ ਘਾਹ ਚਰ ਰਿਹਾ ਸੀ। ਕਾਬੀਲ ਦਾ ਫਲਾਂ ਤੇ ਸਬਜ਼ੀਆਂ ਦਾ ਟੋਕਰਾ ਘਾਹ 'ਤੇ ਖਿਲਰਿਆ ਪਿਆ ਸੀ।

ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਇਹ ਲੜ ਕਿਉਂ ਰਹੇ ਸਨ! ਮੈਂ ਫਲ ਤੇ ਸਬਜ਼ੀਆਂ ਖਿਲਰੀਆਂ ਦੇਖੀਆਂ। ਫਿਰ ਬੱਕਰੀਆਂ ਦੇ ਚਰਦੇ ਇੱਜੜ ਨੂੰ। ਸ਼ਾਇਦ ਰੱਬ ਨੂੰ ਕਾਬੀਲ ਦੀ ਸਬਜ਼ੀਆਂ ਦੀ ਭੇਟ ਪਸੰਦ ਨਹੀਂ ਸੀ ਆਈ। ਸਗੋਂ ਉਸ ਨੇ ਹਾਬੀਲ ਦੇ ਢੇਰ ਸਾਰੇ ਜਾਨਵਰਾਂ ਦੀ ਕੁਰਬਾਨੀ ਕਬੂਲ ਕਰ ਲਈ ਸੀ ਜਿਸ ਕਰਕੇ ਕਾਬੀਲ ਈਰਖਾ ਵਿਚ ਹਾਬੀਲ ਦੀ ਜਾਨ ਦਾ ਦੁਸ਼ਮਣ ਬਣ ਗਿਆ ਸੀ।

ਪਰ ਮੈਨੂੰ ਲੱਗਿਆ, ਕਾਬੀਲ ਨੇ ਦਿਲੋਂ ਰੱਬ ਦੀ ਰਾਹ ਵਿਚ ਕੁਰਬਾਨੀ ਨਹੀਂ ਦਿੱਤੀ। ਮਾਮਲਾ ਤਾਂ ਮੁਹੱਬਤ ਤੇ ਚਾਹਤ ਦਾ ਹੈ। ਜਾਨਵਰਾਂ ਤੇ ਫਲਾਂ ਦੀ ਤਾਂ ਹੈਸੀਅਤ ਹੀ ਕੁਝ ਨਹੀਂ। ਦੂਸਰੀ ਵਜ੍ਹਾ ਮੈਨੂੰ ਲੱਗੀ ਕਿ ਹਾਬੀਲ ਦੀ ਪਤਨੀ ਖ਼ੂਬਸੂਰਤ ਸੀ। ਕਾਬੀਲ ਦੀ ਔਰਤ ਏਨੀ ਖ਼ੂਬਸੂਰਤ ਨਹੀਂ ਸੀ।

ਸ਼ਾਇਦ ਔਰਤ ਹੀ ਫ਼ਸਾਦ ਦੀ ਜੜ੍ਹ ਹੈ। ਇਹ ਵੀ ਹੋ ਸਕਦਾ ਹੈ ਕਿ ਹਜ਼ਰਤ ਆਦਮ ਨੇ ਖ਼ੁਦਾ ਦੇ ਹੁਕਮ ਦੀ ਤਾਮੀਲ ਕਰਦਿਆਂ ਪੈਗ਼ੰਬਰੀ ਹਾਬੀਲ ਨੂੰ ਬਖ਼ਸ਼ ਦਿੱਤੀ ਹੋਵੇ ਤੇ ਕਾਬੀਲ ਈਰਖਾ ਵਿਚ ਹਾਬੀਲ ਨੂੰ ਖ਼ਤਮ ਕਰਨਾ ਚਾਹੁੰਦਾ ਹੋਵੇ। ਕਿਉਂਕਿ ਕਾਬੀਲ ਉਮਰ ਵਿਚ ਹਾਬੀਲ ਤੋਂ ਵੱਡਾ ਸੀ। ਦੋਵੇਂ ਇਸ ਤਰ੍ਹਾਂ ਲੜ ਰਹੇ ਸਨ ਕਿ ਬਸ ਇਕ ਦੂਜੇ ਨੂੰ ਜਾਨੋਂ ਮਾਰ ਦੇਣਗੇ।

ਆਖ਼ਿਰ ਕਾਬੀਲ ਹੱਥੋਂ ਹਾਬੀਲ ਦਾ ਕਤਲ ਹੋ ਗਿਆ। ਜਿੱਥੋਂ ਤੱਕ ਮੇਰਾ ਖ਼ਿਆਲ ਹੈ, ਇਸ ਦੁਨੀਆਂ ਵਿਚ ਕਤਲ ਦੀ ਇਹ ਪਹਿਲੀ ਵਾਰਦਾਤ ਸੀ। ਮੈਂ ਡਰ ਨਾਲ ਕੰਬਦਾ ਆਪਣੀ ਜਾਨ ਲੁਕੋਈ ਬੈਠਾ ਸਾਂ। ਕਾਬੀਲ ਪ੍ਰੇਸ਼ਾਨ ਸੀ ਕਿ ਹੁਣ ਮਰੇ ਹੋਏ ਭਰਾ ਦਾ ਕੀ ਕਰੇ? ਇਸ ਜ਼ਮੀਨ ਦੇ ਜਿਸਮ 'ਤੇ ਇਹ ਪਹਿਲਾ ਇਨਸਾਨੀ ਕਤਲ ਸੀ।

ਜਿਸ ਦਰਖ਼ਤ 'ਤੇ ਮੈਂ ਬੈਠਾ ਸਾਂ, ਇਕਦਮ ਉਹ ਕੰਬਣ ਲੱਗਾ। ਪੱਤੇ ਝੜਨ ਲੱਗੇ, ਜਿਵੇਂ ਕੋਈ ਭੂਚਾਲ ਆ ਗਿਆ ਹੋਵੇ। ਡਰ ਨਾਲ ਮੇਰੀ ਜਾਨ ਮੁਠੀ ਵਿਚ ਆ ਗਈ। ਉਸੇ ਪਲ ਅਸਮਾਨ ਵਿਚੋਂ ਸਫ਼ੈਦ ਰੋਸ਼ਨੀ ਮੇਰੇ ਤੱਕ ਆਈ।

ਗਰਜ਼ਦਾਰ ਆਵਾਜ਼ ਨਾਲ ਮੈਨੂੰ ਹੁਕਮ ਹੋਇਆ, "ਮੈਂ ਖ਼ੁਦਾਵੰਦ ਤਾਲਾ ਤੈਨੂੰ ਹੁਕਮ ਦਿੰਦਾ ਹਾਂ ਕਿ ਇਸ ਜ਼ਮੀਨ ਨੂੰ ਆਪਣੀ ਚੁੰਝ ਨਾਲ ਪੁਟ ਕੇ ਇਨਸਾਨ ਨੂੰ ਦਫ਼ਨ ਕਰਨ ਦਾ ਤਰੀਕਾ ਸਮਝਾਓ।"

ਮੈਂ ਕੰਬਦਿਆਂ ਖ਼ੁਦਾ ਦੇ ਹੁਕਮ ਦੀ ਤਾਮੀਲ ਕੀਤੀ। ਕਾਬੀਲ ਨੂੰ ਕਬਰ ਪੁਟਣ ਦਾ ਤਰੀਕਾ ਸਮਝਾਇਆ। ਕਾਬੀਲ ਨੇ ਆਪਣੇ ਹੱਥੀਂ ਭਰਾ ਨੂੰ ਕਬਰ ਵਿਚ ਉਤਾਰਿਆ।

ਮੈਂ ਡਰ ਨਾਲ ਕੰਬ ਰਿਹਾ ਸਾਂ, ਕਿਤੇ ਕਾਬੀਲ ਮੈਨੂੰ ਵੀ ਕਬਰ ਵਿਚ ਦਫ਼ਨ ਨਾ ਕਰ ਦੇਵੇ। ਖ਼ੌਫ਼ ਨਾਲ ਉਡਿਆ ਪਰ ਕਬਰ ਪੁਟਣ ਵੇਲੇ ਕੁਝ ਰੋੜੇ ਮੇਰੇ ਪੈਰੀਂ ਲੱਗ ਗਏ। ਮੈਂ ਸਿੱਧਾ ਜ਼ਮੀਨ 'ਤੇ ਵਾਪਸ ਆ ਗਿਆ।

'ਉਹ ਘੜਾ ਹੀ ਚੰਗਾ, ਉਸ 'ਚੋਂ ਪਾਣੀ ਪੀ ਕੇ ਆਪਣੀ ਪਿਆਸ ਬੁਝਾਓ। ਮੈਂ ਜ਼ਮੀਨ ਦਾ ਵਾਸੀ ਹਾਂ ਤੇ ਉਥੋਂ ਹੀ ਆਪਣੀਆਂ ਲੋੜਾਂ ਪੂਰੀਆਂ ਕਰੂੰ।'

ਆਉਂਦੇ ਸਾਰ ਹੀ ਮੈਂ ਰੋੜ ਘੜੇ ਵਿਚ ਸੁੱਟੇ। ਬੜਾ ਖ਼ੁਸ਼ ਸਾਂ। ਪਾਣੀ ਦੀ ਸਤਹ ਕਾਫ਼ੀ ਉਚੀ ਹੋ ਗਈ ਸੀ। ਸੁੱਕੀ ਜ਼ਬਾਨ ਨਾਲ ਮੈਂ ਆਪਣੀ ਚੁੰਝ ਦੇ ਕਿਨਾਰਿਆਂ ਨੂੰ ਤਰ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ। ਘੜੇ 'ਤੇ ਬੈਠ ਕੇ ਚੁੰਝ ਨੂੰ ਲੰਬਾ ਕਰ ਕੇ ਪਾਣੀ ਤੱਕ ਪਹੁੰਚਣ ਲੱਗਾ ਤਾਂ ਪਾਣੀ ਥੋੜ੍ਹੇ ਫ਼ਾਸਲੇ 'ਤੇ ਰਹਿ ਗਿਆ ਸੀ। ਦਿਲ ਕਰੇ, ਅੰਦਰ ਵੜ ਜਾਵਾਂ, ਪਰ ਖ਼ਤਰਾ ਸੀ। ਜੇ ਘੜੇ ਵਿਚ ਫਸ ਗਿਆ ਤਾਂ ਘੜੇ ਅੰਦਰ ਹੀ ਹਾਬੀਲ ਵਾਂਗ ਦਫ਼ਨ ਹੋ ਜਾਵਾਂਗਾ।

ਹਿੰਮਤ ਕਰ ਕੇ ਫਿਰ ਉਡਿਆ ਰੋੜਿਆਂ ਦੀ ਤਲਾਸ਼ ਵਿਚ। ਮੈਨੂੰ ਯਕੀਨ ਹੋ ਗਿਆ ਸੀ ਕਿ ਇਸ ਵਾਰੀ ਦੋ ਚਾਰ ਰੋੜਾਂ ਨਾਲ ਕੰਮ ਬਣ ਜਾਊ।

ਸੂਰਜ ਦੀ ਤਪਸ਼ ਸਰੀਰ ਦੇ ਬਚੇ-ਖੁਚੇ ਪਾਣੀ ਨੂੰ ਵੀ ਹਵਾ ਵਿਚ ਮਿਲਾ ਰਹੀ ਸੀ। ਥੱਲੇ ਸਿਰ ਝੁਕਾ ਕੇ ਦੇਖਿਆ ਤਾਂ ਬਹੁਤ ਸਾਰੇ ਤੰਬੂ ਲੱਗੇ ਹੋਏ ਸਨ। ਰਾਤ ਦਾ ਵੇਲਾ ਸੀ। ਬੁਝੀ ਹੋਈ ਅੱਗ ਵਿਚੋਂ ਧੂੰਆਂ ਉਠ ਰਿਹਾ ਸੀ। ਮੈਂ ਸੋਚਿਆ, "ਚਲੋ ਕੰਮ ਬਣ ਗਿਆ।"

ਸਾਰੇ ਲੋਕ ਸੁੱਤੇ ਪਏ ਸਨ। ਮੈਂ ਜਾਇਜ਼ਾ ਲੈਣ ਲਈ ਬੋਹੜ ਦੇ ਵੱਡੇ ਦਰਖ਼ਤ ਦੇ ਇਕ ਸੁਰਾਖ਼ ਵਿਚ ਬੈਠ ਗਿਆ। ਦੇਖਿਆ, ਦਰਖ਼ਤ ਦੇ ਸੁਰਾਖ਼ਾਂ ਵਿਚ ਤੇ ਦਰਖ਼ਤ ਦੇ ਉਪਰ ਬਹੁਤ ਸਾਰੇ ਕਾਂਵਾਂ ਦੇ ਆਲ੍ਹਣੇ ਸਨ। ਮੈਂ ਸਾਰੇ ਕਾਂਵਾਂ ਨੂੰ ਪਹਿਚਾਣਨ ਦੀ ਕੋਸ਼ਿਸ਼ ਕੀਤੀ। ਇਕ ਕਾਂ ਨੂੰ ਹੌਲੀ ਜਿਹੀ ਪੁੱਛਿਆ, "ਭਾਈ ਮੈਂ ਪਰਦੇਸੀ ਹਾਂ। ਮੈਂ ਕਿੱਥੇ ਹਾਂ?"

ਕਾਂ ਨੇ ਨੀਂਦਰਾਈਆਂ ਅੱਖਾਂ ਖੋਲ੍ਹ ਕੇ ਬੇਰੁਖੀ ਨਾਲ ਜਵਾਬ ਦਿੱਤਾ, "ਯਾਰ ਕਿਉਂ ਤੰਗ ਕਰਦੈਂ। ਸੌਣ ਦੇਹ। ਇਹ ਪਾਂਡਵਾਂ ਦੇ ਤੰਬੂ ਲੱਗੇ ਹੋਏ ਨੇ। ਫੌਜੀ ਅਤੇ ਰਾਜਿਆਂ ਸਮੇਤ ਸਾਰੇ ਰਾਤ ਭਰ ਨਾਚ-ਗਾਣੇ ਤੇ ਸ਼ਰਾਬ ਦੇ ਨਸ਼ੇ ਵਿਚ ਧੁੱਤ ਸੁੱਤੇ ਪਏ ਨੇ। ਬਹੁਤ ਮਜ਼ੇਦਾਰ ਖਾਣਾ ਹੈ ਏਥੇ। ਸਵੇਰੇ ਜੀਅ ਭਰ ਕੇ ਖਾ-ਪੀ ਲਵੀਂ। ਹੁਣ ਸੌਂ ਜਾ।"

ਮੈਂ ਵੀ ਬਹੁਤ ਥੱਕਿਆ ਪਿਆ ਸਾਂ। ਅਜੇ ਮੇਰੀ ਅੱਖ ਲੱਗੀ ਹੀ ਸੀ ਕਿ ਉਲੂਆਂ ਦੇ ਵੱਡੇ ਝੁੰਡ ਨੇ ਸੁੱਤੇ ਪਏ ਕਾਂਵਾਂ 'ਤੇ ਹਮਲਾ ਕਰ ਦਿੱਤਾ।

ਸਾਰੇ ਕਾਂਵਾਂ ਦੀਆਂ ਲੱਤਾਂ ਅਤੇ ਗਰਦਨਾਂ ਉਲੂਆਂ ਨੇ ਮਰੋੜ ਦਿੱਤੀਆਂ।

*(ਬਾਕੀ ਅਗਲੇ ਸਫੇ 'ਤੇ)*

ਮੈਂ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਉਥੋਂ ਨਿਕਲਿਆ। ਥੱਲੇ ਗ਼ੌਰ ਨਾਲ ਦੇਖਿਆ ਤਾਂ ਅਸ਼ਵਥਾਮਾ ਕਾਂਵਾਂ ਦੀ ਮੌਤ ਦੇਖ ਕੇ ਖ਼ੁਸ਼ ਹੋ ਰਿਹਾ ਸੀ। ਉਹ ਖ਼ੁਸ਼ੀ ਨਾਲ ਨੱਚਣ ਲੱਗਾ, "ਕੰਮ ਬਣ ਗਿਆ। ਮੈਂ ਹੁਣੇ ਪਾਂਡਵਾਂ ਦੇ ਫ਼ੌਜੀ ਖੇਮੇ 'ਤੇ ਇਸੇ ਤਰ੍ਹਾਂ ਸੁੱਤਿਆਂ 'ਤੇ ਹਮਲਾ ਕਰਕੇ ਸਭ ਨੂੰ ਮੌਤ ਦੀ ਨੀਂਦ ਸੁਲਾ ਕੇ ਆਪਣੇ ਬਾਪ ਦਰੋਣਾਚਾਰਿਆ ਦੀ ਮੌਤ ਦਾ ਬਦਲਾ ਲਵਾਂਗਾ।"

ਮੈਂ ਡਰ ਨਾਲ ਥਰ ਥਰ ਕੰਬਣ ਲੱਗਾ, 'ਹੁਣ ਏਥੇ ਬਹੁਤ ਘਮਸਾਨ ਦੀ ਜੰਗ ਹੋਵੇਗੀ। ਕੋਈ ਤੀਰ ਗਲਤੀ ਨਾਲ ਏਧਰ ਆ ਨਿਕਲਿਆ ਤਾਂ ਪਾਣੀ ਤੋਂ ਹੱਥ ਧੋਣ ਦੀ ਬਜਾਏ ਜ਼ਿੰਦਗੀ ਤੋਂ ਹੱਥ ਧੋਣੇ ਪੈ ਜਾਣਗੇ।'

ਜਦ ਅਸ਼ਵਥਾਮਾ ਭਾਰੇ ਭਾਰੇ ਪੈਰ ਜ਼ਮੀਨ 'ਤੇ ਮਾਰਦਾ ਤਾਂ ਜ਼ਮੀਨ ਵਿਚ ਟੋਆ ਪੈ ਜਾਂਦਾ। ਮੈਂ ਟੋਏ ਨੂੰ ਪੰਜਿਆਂ ਨਾਲ ਕੁਰੇਦਿਆ, ਮਿੱਟੀ ਹੀ ਮਿੱਟੀ ਸੀ। ਖ਼ੁਸ਼ਕਿਸਮਤੀ ਨਾਲ ਕੁਝ ਰੋੜੇ ਲੱਭ ਪਏ, ਮੈਂ ਪੈਰਾਂ 'ਚ ਫੜ੍ਹੇ ਤੇ ਸਿੱਧਾ ਰੁਖ਼ ਘੜੇ ਦਾ ਕੀਤਾ। ਦਿਨ ਚੜ੍ਹ ਚੁਕਾ ਸੀ। ਕਿਸਾਨ ਖੇਤਾਂ ਵਿਚ ਕੰਮ ਕਰਨ ਜਾ ਚੁੱਕੇ ਸਨ। ਬਲਦ ਹਲਾਂ ਵਿਚ ਜੁੱਟ ਗਏ ਸਨ। ਵਾੜੇ ਵਿਚ ਬਸ ਮੱਝਾਂ ਤੇ ਗਾਂਵਾਂ ਹੀ ਬਾਕੀ ਸਨ।

ਮੈਂ ਮੌਕੇ ਦਾ ਫ਼ਾਇਦਾ ਲਿਆ। ਸਿੱਧਾ ਘੜਵੰਜੀ 'ਤੇ ਪਏ ਘੜੇ ਕੋਲ ਗਿਆ, ਪੰਜਿਆਂ ਵਿਚ ਫੜ੍ਹੇ ਸਾਰੇ ਰੋੜ ਘੜੇ ਵਿਚ ਸੁੱਟ ਦਿੱਤੇ। ਪਾਣੀ ਕਾਫ਼ੀ ਉਪਰ ਚੜ੍ਹ ਆਇਆ ਸੀ। ਪਰ ਦਿਲ ਡਰ ਰਿਹਾ ਸੀ ਕਿ ਕਿਤੇ ਪਹਿਲਾਂ ਵਾਂਗ ਮੇਰੀ ਚੁੰਝ ਪਾਣੀ ਤੱਕ ਪਹੁੰਚ ਨਾ ਸਕੇ। ਪਰ ਮੇਰੀ ਪਿਆਸ ਨਾਲ ਹਿੰਮਤ ਜਵਾਬ ਦੇ ਚੁੱਕੀ ਸੀ। ਇੰਜ ਲਗਦਾ ਸੀ ਜਿਵੇਂ ਜਾਨ ਲਬਾਂ 'ਤੇ ਹੋਵੇ। ਜੇ ਪਾਣੀ ਨਾ ਮਿਲਿਆ ਤਾਂ ਜਾਨ ਸ਼ਾਇਦ ਨਾ ਬਚ ਸਕੇ। ਹਿੰਮਤ ਕਰਕੇ ਘੜੇ ਵਿਚ ਦੇਖਿਆ, ਪਾਣੀ ਕਾਫ਼ੀ ਉਪਰ ਆ ਗਿਆ ਸੀ। ਪਰ ਲਗਦਾ ਸੀ ਕਿ ਅਜੇ ਮੇਰੀ ਚੁੰਝ ਦੀ ਪਹੁੰਚ ਤੋਂ ਦੂਰ ਹੈ। ਫਿਰ ਵੀ ਮੈਂ ਸਿਰ ਘੜੇ ਵਿਚ ਵਾੜ ਕੇ ਮਜ਼ਬੂਤੀ ਨਾਲ, ਆਪਣੇ ਪੰਜਿਆਂ ਨਾਲ ਘੜੇ ਦਾ ਗਲ਼ ਥੰਮ ਲਿਆ। ਸਿਰ ਪਾਣੀ ਦੀ ਸਤਹ ਤੋਂ ਥੋੜ੍ਹਾ ਜਿਹਾ ਉਚਾ ਸੀ। ਇਕ ਹੋਰ ਜ਼ੋਰਦਾਰ ਕੋਸ਼ਿਸ਼ ਕੀਤੀ ਤਾਂ ਅੱਧੀ ਚੁੰਝ ਪਾਣੀ ਵਿਚ ਡੁੱਬ ਗਈ।

'ਹੇ ਮੇਰੇ ਖ਼ੁਦਾ! ਤੇਰਾ ਲੱਖ ਲੱਖ ਸ਼ੁਕਰ ਹੈ।'

ਮੈਂ ਜੀਅ ਭਰ ਕੇ ਪਾਣੀ ਪੀਤਾ ਅਤੇ ਆਪਣੀ ਪਿਆਸ ਬੁਝਾ ਲਈ।

*(2)*

ਹਾਲ ਤਾਲੀਆਂ ਨਾਲ ਗੂੰਜ ਉਠਿਆ। ਉਰਦੂ ਅਦਬੀ ਕਾਨਫਰੰਸ ਵਿਚ ਮੇਰਾ ਮਜ਼ਮੂਨ 'ਕਾਂ ਕਿਉਂ ਕੁਰਲਾਉਂਦਾ?' ਪਹਿਲੇ ਨੰਬਰ 'ਤੇ ਆਇਆ ਸੀ। ਪ੍ਰਧਾਨ ਸਾਹਿਬ ਸਟੇਜ 'ਤੇ ਆਏ, ਮੈਨੂੰ ਸੀਨੇ ਨਾਲ ਲਾ ਲਿਆ। ਮੇਰੇ ਸੀਨੇ 'ਤੇ 'ਅੱਵਲ ਮਜ਼ਮੂਨ' ਦਾ ਤਮਗਾ ਲਟਕਾ ਦਿੱਤਾ ਅਤੇ ਬੋਲੇ, "ਤੇਰਾ ਨਾਮ ਤਾਂ ਸ਼ਹਿਬਾਜ਼ ਹੈ ਪਰ ਤੇਰੀ ਕਹਾਣੀ ਵਿਚ ਕਾਂ ਦੀਆਂ ਸਾਰੀਆਂ ਤਾਕਤਾਂ ਮੌਜੂਦ ਹਨ।"

ਮੈਂ ਬਹੁਤ ਖ਼ੁਸ਼ ਸਾਂ। ਹਮੇਸ਼ਾ ਕਾਂ ਵਾਂਗ ਹੀ ਸੋਚਦਾ ਸਾਂ। ਕਾਂ ਦੇ ਗੁਣਾਂ ਤੋਂ ਬਹੁਤ ਪ੍ਰਭਾਵਿਤ ਸਾਂ। ਆਪਣੇ ਮਹਿਬੂਬ ਆਪਣੇ ਚਾਹੁਣ ਵਾਲਿਆਂ ਦੇ ਇੰਤਜ਼ਾਰ ਦਾ ਸੰਦੇਸ਼ਾ ਕਾਂ ਹੀ ਲਿਆਉਂਦੇ ਸਨ। ਕਾਂ ਦੋ ਦਿਲਾਂ ਨੂੰ ਮਿਲਾਉਂਦੇ ਸਨ।

ਮੈਂ ਕਾਲਜ ਦੇ ਹਾਲ ਵਿਚੋਂ ਇਨਾਮ ਫੜ੍ਹੀ ਖ਼ੁਸ਼ੀ ਖ਼ੁਸ਼ੀ ਘਰ ਜਾ ਰਿਹਾ ਸਾਂ। ਉਰਦੂ ਬਾਜ਼ਾਰ ਵਿਚੋਂ ਹੁੰਦਾ ਹੋਇਆ ਪੈਦਲ ਹੀ ਬਾਦਸ਼ਾਹ ਮਸਜਿਦ ਦੇ ਪਿਛਵਾੜੇ ਇਕ ਸਸਤਾ ਜਿਹਾ ਕਮਰਾ ਕਿਰਾਏ 'ਤੇ ਲਿਆ ਹੋਇਆ ਸੀ। ਦੂਰ ਤਾਂ ਸੀ ਪਰ ਕਾਲਜ ਦੇ ਨੇੜਲੇ ਕਮਰੇ ਬਹੁਤ ਮਹਿੰਗੇ ਸਨ।

ਮਸੀਤ ਦੇ ਨੇੜੇ ਪਹੁੰਚਾ ਤਾਂ ਮੈਂ ਦਿਲ ਵਿਚ ਦੁਆ ਮੰਗੀ, 'ਹੇ ਮੇਰੇ ਪਰਵਰਦਿਗਾਰ! ਤੂੰ ਮੈਨੂੰ ਏਨੀ ਵੱਡੀ ਕਾਮਯਾਬੀ ਬਖ਼ਸ਼ੀ ਹੈ, ਮੇਰੀ ਇਕ ਹੋਰ ਤਮੰਨਾ ਵੀ ਪੂਰੀ ਕਰ ਦੇਹ। ਮੈਂ ਹਮੇਸ਼ਾ ਆਪਣੇ ਆਪ ਨੂੰ ਕਾਂ ਦੇ ਰੂਪ ਵਿਚ ਦੇਖਦਾ ਹਾਂ। ਮੈਨੂੰ ਸੱਚਮੁੱਚ ਕਾਂ ਬਣਾ ਦੇ। ਮੈਨੂੰ ਜਿੰਨੀਆਂ ਵੀ ਸੂਰਤਾਂ ਯਾਦ ਸਨ, ਨਮਾਜ਼ਾਂ ਯਾਦ ਸਨ, ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ।

ਗਿੜਗਿੜਾ ਕੇ ਮਸੀਤ ਦੇ ਬਾਹਰਲੀ ਗਲੀ 'ਚ ਖ਼ੁਦਾ ਦੇ ਹਜ਼ੂਰ ਝੁਕ ਗਿਆ। ਸ਼ਾਇਦ ਦੁਆ ਕਬੂਲ ਹੋਣ ਦਾ ਹੀ ਵੇਲਾ ਸੀ। ਖ਼ੁਦਾ ਨੇ ਮੇਰੀ ਅਰਜ਼ ਮੰਨ ਲਈ। ਮੇਰੇ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਸਭ ਤੋਂ ਪਹਿਲਾਂ ਮੇਰਾ ਸਿਰ ਛੋਟਾ ਹੋਣਾ ਸ਼ੁਰੂ ਹੋ ਗਿਆ। ਨੱਕ ਤੇ ਮੂੰਹ ਆਪਸ ਵਿਚ ਮਿਲਣੇ ਸ਼ੁਰੂ ਹੋ ਗਏ। ਉਪਰਲਾ ਤੇ ਹੇਠਲਾ ਜਬਾੜਾ ਅੱਗੇ ਵੱਲ ਨੂੰ ਵਧਣ ਲੱਗੇ। ਅੱਖਾਂ ਸਾਹਮਣੇ ਦੀ ਬਜਾਏ ਸੱਜੇ-ਖੱਬੇ ਮੁੜਨ ਲੱਗ ਪਈਆਂ, ਜਬਾੜਾ ਬਿਲਕੁਲ ਲੰਬੀ ਕਾਲੀ ਚੁੰਝ ਵਿਚ ਬਦਲ ਗਿਆ ਸੀ। ਬਾਹਾਂ ਸਰੀਰ ਨਾਲ ਲੱਗਣੀਆਂ ਸ਼ੁਰੂ ਹੋ ਗਈਆਂ। ਪੈਰ ਛੋਟੇ ਹੋਣ ਲੱਗੇ ਤੇ ਪੰਜਿਆਂ ਵਿਚ ਬਦਲਨ ਲੱਗੇ। ਮੇਰਾ ਪੂਰਾ ਸਰੀਰ ਕਪੜਿਆਂ ਦੀ ਥਾਂ ਕੁਦਰਤੀ ਲਿਬਾਸ ਦੇ ਕਾਲੇ ਖੰਭਾਂ ਵਿਚ ਛੁਪ ਗਿਆ।

ਮੈਂ ਆਪਣੇ ਆਪ ਨੂੰ ਪੁੱਛਿਆ, "ਕੀ ਮੈਂ ਕਾਂ ਹਾਂ?" ਮੇਰੀ ਆਪਣੀ ਆਵਾਜ਼ ਮੈਨੂੰ 'ਕਾਂਏਂ ਕਾਂਏਂ ਕਾਂਏਂ ਕੂੰ' ਸੁਣਾਈ ਦਿੱਤੀ।

ਖ਼ੁਦਾ ਨੇ ਮੇਰੀ ਦੁਆ ਕਬੂਲ ਕਰ ਲਈ ਸੀ। ਮੈਂ ਬਹੁਤ ਖ਼ੁਸ਼ ਸਾਂ। ਹਵਾ ਵਿਚ ਉਡ ਸਕਦਾ ਸਾਂ। ਪੂਰੀ ਦੁਨੀਆਂ ਨੂੰ ਪੰਛੀਆਨਾ ਨਿਗ੍ਹਾ ਨਾਲ ਦੇਖ ਸਕਦਾ ਸਾਂ। ਮੇਰੇ ਵਿਚ ਪੈਗ਼ੰਬਰਾਂ ਵਾਲੀ ਸਿਫ਼ਤ ਅਤੇ ਸਿਆਣਪ ਪੈਦਾ ਹੋ ਗਈ ਸੀ। ਇਹ ਮੇਰੀ ਜ਼ਿੰਦਗੀ ਦਾ ਅਹਿਮ ਦਿਨ ਸੀ।

ਮੇਰਾ ਦਿਲ ਕਹਿ ਰਿਹਾ ਸੀ, 'ਚੱਲ ਆਪਣੇ ਦੇਸ ਪਰਤ ਚਲੀਏ, ਜਿਥੇ ਮੁਹੱਬਤ ਤੇ ਪਿਆਰ ਹੈ। ਜਿਥੇ ਹੀਰਾਂ, ਰਾਂਝਿਆਂ ਦੀ ਉਡੀਕ ਕਰਦੀਆਂ ਨੇ। ਜਿਥੇ ਪਿਆਰ ਹੀ ਪਿਆਰ ਹੈ। ਜਿਥੇ ਧਰਮ, ਨਸਲ, ਸਿਆਸਤ ਦੇ ਨਾਂ 'ਤੇ ਗਲ ਨਹੀਂ ਵੱਢੇ ਜਾਂਦੇ।'

ਮੈਂ ਆਪਣਾ ਗਾਣਾ ਗਾਉਂਦਾ ਆਪਣੇ ਦੇਸ਼ ਵੱਲ ਉਡਿਆ ਜਾ ਰਿਹਾ ਸਾਂ। ਕਾਲੀ ਸੜਕ ਨੂੰ ਆਪਣੇ ਦੇਸ਼ ਦੀ ਸ਼ਾਹ-ਰਾਹ ਬਣਾਈ ਆਪਣੀ ਮੰਜ਼ਿਲ ਵੱਲ ਜਾ ਰਿਹਾ ਸਾਂ। ਸ਼ਾਹਕੋਟ ਰਾਹ ਵਿਚ ਪੈਂਦਾ ਸੀ।

ਬੱਸਾਂ-ਟਰੱਕਾਂ ਦੇ ਸਟਾਪ 'ਤੇ ਰੁਕ ਕੇ ਮੈਂ ਸਾਹ ਲਿਆ। ਸੜਕ ਦੇ ਉਸ ਪਾਰ ਕੁਝ ਰੰਗ-ਬਰੰਗੇ ਟੈਂਟ ਦੇਖੇ। ਧੂੰਆਂ ਵੀ ਉਠਦਾ ਨਜ਼ਰ ਆਇਆ। ਸੋਚਿਆ, 'ਚਲੋ, ਕੁਝ ਖਾ ਪੀ ਲਿਆ ਜਾਵੇ।'

ਜਦ ਕੋਲ ਗਿਆ ਤਾਂ ਹਜ਼ਾਰਾਂ ਦਾ ਮਜਮਾ ਸੀ। ਦੋ ਗਰੁਪਾਂ ਵਿਚ ਲੋਕ ਬੈਠੇ ਸਨ।

ਸਟੇਜ 'ਤੇ ਲੰਮੀਆਂ ਦਾੜੀਆਂ ਵਾਲੇ ਸਿਰ 'ਤੇ ਪੱਗਾਂ ਬੰਨ੍ਹੀ ਮੁਹਤਬਰ ਲੋਕ ਬੈਠੇ ਸਨ। ਮੇਜ਼ 'ਤੇ ਇਕ ਵੱਡੀ ਪਲੇਟ ਵਿਚ ਕਾਂ, ਅੱਧ-ਕਟੀ ਗਰਦਨ, ਖ਼ੂਨ ਵਿਚ ਲੱਥ-ਪੱਥ ਪਿਆ ਸੀ। ਮੌਲਾਨਾ ਸਾਹਿਬ ਬੜੇ ਜ਼ੋਰ ਨਾਲ ਲਾਊਡ ਸਪੀਕਰ 'ਤੇ ਦਲੀਲਾਂ ਦੇ ਰਹੇ ਸਨ, "ਅੱਜ ਅਸੀਂ ਸਾਰੇ ਇਸ ਲਈ ਇਕੱਠੇ ਹੋਏ ਹਾਂ ਕਿ ਅਸੀਂ ਇਸਲਾਮ ਨੂੰ ਸਹੀ ਤਰੀਕੇ ਨਾਲ ਲਾਗੂ ਕਰਨਾ ਹੈ। ਇਹ ਸਾਬਿਤ ਕਰਨਾ ਹੈ ਕਿ ਕੀ ਕਾਂ ਹਲਾਲ ਹੈ ਜਾਂ ਹਰਾਮ। ਅਗਰ ਇਹ ਹਰਾਮ ਹੈ ਤਾਂ ਅਸੀਂ ਹਰਾਮ ਖਾ ਲਿਆ ਹੈ। ਸਾਡੀ ਔਲਾਦ ਹਰਾਮੀ ਹੋਵੇਗੀ।"

ਮੈਂ ਜਦ ਗ਼ੌਰ ਨਾਲ ਦੇਖਿਆ ਤਾਂ ਮੋਹਰੀ ਮੌਲਾਣਿਆ ਨੂੰ ਪਹਿਚਾਣ ਲਿਆ। ਇਕ ਮੁਲਾਂ ਦਾ ਸ਼ਾਹੂ ਦੀ ਗੜ੍ਹੀ ਵਿਚ ਮਿਰਚਾਂ ਦਾ ਕਾਰੋਬਾਰ ਸੀ। ਮੈਂ ਕਈ ਵਾਰ ਉਸ ਨੂੰ ਮਿਰਚਾਂ ਵਿਚ ਪੀਸੀਆਂ ਇੱਟਾਂ ਮਿਲਾਉਂਦੇ ਦੇਖਿਆ ਸੀ। ਹਾਂ, ਦੂਸਰੇ ਮੁਲਾਂ ਦਾ ਤਾਂ ਡੀਜ਼ਲ ਦਾ ਧੰਦਾ ਹੈ। ਕਈ ਵਾਰ ਮੈਂ ਉਸ ਨੂੰ ਡੀਜ਼ਲ ਵਿਚ ਮਿੱਟੀ ਦੇ ਤੇਲ ਮਿਲਾਉਂਦਿਆਂ ਦੇਖਿਆ ਸੀ। ਹਾਂ, ਔਹ ਮੌਲਾਨਾ ਤਾਂ ਦਵਾਈਆਂ ਦਾ ਵਪਾਰ ਕਰਦਾ ਹੈ। ਦਵਾ ਦੀ ਥਾਂ ਪਾਣੀ ਦੇ ਟੀਕੇ ਵੇਚਦਾ ਸੀ।

ਕੀ ਮਿਲਾਵਟ ਦੀ ਕਮਾਈ 'ਚੋਂ ਆਈ ਦੌਲਤ ਹਰਾਮ ਨਹੀਂ? ਕੀ ਇਸ ਕਮਾਈ ਨਾਲ ਉਨ੍ਹਾਂ ਦੇ ਹਰਾਮੀ ਬੱਚੇ ਪੈਦਾ ਨਹੀਂ ਹੁੰਦੇ?

ਥੋੜ੍ਹੀ ਦੇਰ ਬਾਅਦ ਝਗੜਾ ਸ਼ੁਰੂ ਹੋ ਗਿਆ। ਕਲਾਸ਼ਨੀਕੋਵਾਂ ਦੇ ਮੂੰਹ ਖੁੱਲ੍ਹ ਗਏ। ਕਈ ਬੇਗੁਨਾਹ ਮਾਰੇ ਗਏ। ਮੈਂ ਜਾਨ ਬਚਾ ਕੇ ਉਥੋਂ ਉਡਿਆ। ਰਾਹ ਵਿਚ ਖ਼ਿਆਲ ਆਇਆ, 'ਕੀ ਮੈਂ ਹਲਾਲ ਹਾਂ ਜਾਂ ਹਰਾਮ?'

ਮੇਰੀਆਂ ਅੱਖਾਂ 'ਚੋਂ ਦੋ ਮੋਟੇ-ਮੋਟੇ ਹੰਝੂ ਟਪਕੇ। ਹੰਝੂ ਕਹਿ ਰਹੇ ਸਨ, "ਜੇ ਤੂੰ ਹਲਾਲ ਏਂ ਤਾਂ ਸਾਰੇ ਲੋਕ ਤੈਨੂੰ ਮਾਰ ਕੇ ਖਾ ਜਾਣਗੇ। ਜੇ ਤੂੰ ਹਰਾਮ ਏਂ ਤਾਂ ਜੰਨਤ ਦੇ ਦਰ ਤੇਰੇ ਲਈ ਬੰਦ ਹਨ।"

**ਮੈਂ ਜਦ ਗ਼ੌਰ ਨਾਲ ਦੇਖਿਆ ਤਾਂ ਮੋਹਰੀ ਮੌਲਾਣਿਆ ਨੂੰ ਪਹਿਚਾਣ ਲਿਆ। ਇਕ ਮੁਲਾਂ ਦਾ ਸ਼ਾਹੂ ਦੀ ਗੜ੍ਹੀ ਵਿਚ ਮਿਰਚਾਂ ਦਾ ਕਾਰੋਬਾਰ ਸੀ। ਮੈਂ ਕਈ ਵਾਰ ਉਸ ਨੂੰ ਮਿਰਚਾਂ ਵਿਚ ਪੀਸੀਆਂ ਇੱਟਾਂ ਮਿਲਾਉਂਦੇ ਦੇਖਿਆ ਸੀ। ਹਾਂ, ਦੂਸਰੇ ਮੁਲਾਂ ਦਾ ਤਾਂ ਡੀਜ਼ਲ ਦਾ ਧੰਦਾ ਹੈ। ਕਈ ਵਾਰ ਮੈਂ ਉਸ ਨੂੰ ਡੀਜ਼ਲ ਵਿਚ ਮਿੱਟੀ ਦੇ ਤੇਲ ਮਿਲਾਉਂਦਿਆਂ ਦੇਖਿਆ ਸੀ। ਹਾਂ, ਔਹ ਮੌਲਾਨਾ ਤਾਂ ਦਵਾਈਆਂ ਦਾ ਵਪਾਰ ਕਰਦਾ ਹੈ। ਦਵਾ ਦੀ ਥਾਂ ਪਾਣੀ ਦੇ ਟੀਕੇ ਵੇਚਦਾ ਸੀ।**
**ਕੀ ਮਿਲਾਵਟ ਦੀ ਕਮਾਈ 'ਚੋਂ ਆਈ ਦੌਲਤ ਹਰਾਮ ਨਹੀਂ? ਕੀ ਇਸ ਕਮਾਈ ਨਾਲ ਉਨ੍ਹਾਂ ਦੇ ਹਰਾਮੀ ਬੱਚੇ ਪੈਦਾ ਨਹੀਂ ਹੁੰਦੇ?**
**ਥੋੜ੍ਹੀ ਦੇਰ ਬਾਅਦ ਝਗੜਾ ਸ਼ੁਰੂ ਹੋ ਗਿਆ। ਕਲਾਸ਼ਨੀਕੋਵਾਂ ਦੇ ਮੂੰਹ ਖੁੱਲ੍ਹ ਗਏ। ਕਈ ਬੇਗੁਨਾਹ ਮਾਰੇ ਗਏ। ਮੈਂ ਜਾਨ ਬਚਾ ਕੇ ਉਥੋਂ ਉਡਿਆ। ਰਾਹ ਵਿਚ ਖ਼ਿਆਲ ਆਇਆ, 'ਕੀ ਮੈਂ ਹਲਾਲ ਹਾਂ ਜਾਂ ਹਰਾਮ?'**

# ਜੱਗ ਉਤੇ ਬਣਨ ਇਹ ਕੇਹੀਆਂ ਕਹਾਣੀਆਂ...

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਦੋ ਪਿੰਡਾਂ ਦੇ ਵਿਚੋਂ ਲੰਘਦੀ ਸੇਮ ਦੀ ਪਟੜੀ ਵਿਚਾਲੇ ਬਾਪੂ ਦੀ ਲਾਸ਼ ਛਾਨਣੀ ਹੋਈ ਪਈ ਸੀ। ਦਿਨ ਚੜ੍ਹਦੇ ਸਾਰ ਗੱਲ ਜੰਗਲ ਦੀ ਅੱਗ ਵਾਂਗ ਸਾਰੇ ਪਿੰਡ ਵਿਚ ਫੈਲ ਗਈ ਸੀ, 'ਸਾਧੂ ਮਾਰ'ਤਾ।' ਉਸ ਸਮੇਂ ਮੇਰਾ ਕੱਦ ਮਸਾਂ ਦਾਦਾ ਜੀ ਦੇ ਲੱਕ ਤੱਕ ਆਉਂਦਾ ਸੀ। ਬਾਪੂ ਦੀ ਖ਼ਬਰ ਨੇ ਘਰ ਵਿਚ ਚੀਕ-ਚਿਹਾੜਾ ਪਾ ਦਿੱਤਾ। ਲੋਕਾਂ ਦੇ ਮੂੰਹੀਂ ਗੱਲਾਂ ਸਨ, 'ਸਾਧੂ ਪੁਲਿਸ ਦਾ ਮੁਖ਼ਬਰ ਸੀ, ਸਿੰਘਾਂ ਨੇ ਧੁਰ ਦੀ ਗੱਡੀ ਚਾੜ੍ਹ ਦਿੱਤਾ'; 'ਸਾਧੂ ਦੇ ਸਿੰਘਾਂ ਨਾਲ ਸਬੰਧ ਸਨ, ਪੁਲਿਸ ਨੇ ਫੜ ਕੇ ਮੁਕਾਬਲਾ ਬਣਾ'ਤਾ'। ਬਾਪੂ ਕਿਸ ਪਾਰਟੀ ਦਾ ਬੰਦਾ ਸੀ, ਇਹ ਤਾਂ ਅੱਜ ਤੱਕ ਭੇਤ ਹੀ ਹੈ, ਪਰ ਬਾਪੂ ਦੀ ਮੌਤ ਨਾਲ ਸਾਡੇ ਉਤੇ ਸਿਖਰ ਦੁਪਹਿਰੇ ਬਿਜਲੀ ਆਣ ਡਿੱਗੀ। ਮੇਰੇ ਦਾਦੇ ਨੇ ਪੁਰਾਣੇ ਛਿੱਤਰ ਪੈਰੀਂ ਪਾਉਂਦਿਆਂ ਆਪਣੀ ਖੂੰਡੀ ਫੜੀ, ਤੇ ਇਕੱਲਾ ਹੀ ਉਧਰ ਹੋ ਤੁਰਿਆ, ਜਿਧਰ ਭਾਣਾ ਵਰਤਿਆ ਸੀ। ਮੈਂ ਦਾਦੀ ਦੀ ਬੁੱਕਲ ਵਿਚੋਂ ਨਿਕਲ ਕੇ ਦਾਦੇ ਦੀ ਬਾਂਹ ਫੜ ਲਈ। ਦਸ ਹਜ਼ਾਰ ਦੀ ਵਸੋਂ ਵਾਲੇ ਪਿੰਡ ਵਿਚੋਂ ਅਸੀਂ ਦੋਵੇਂ ਦਾਦਾ-ਪੋਤਾ ਤੁਰ ਪਏ। ਦਾਦੇ ਨੇ ਐਨਕਾਂ ਕਈ ਵਾਰ ਠੀਕ ਕਰਦਿਆਂ ਅੱਖਾਂ ਪੂੰਝੀਆਂ।

ਜਦੋਂ ਅਸੀਂ ਰਾਮਦਾਸੀਆਂ ਦੇ ਵਿਹੜੇ ਵਿਚੋਂ ਨਿਕਲੇ, ਸਾਡਾ ਸਾਂਝੀ ਰਿਹਾ ਗੀਰਾ ਨਾਲ ਤੁਰ ਪਿਆ। ਵਾਟ ਮੁੱਕਣ ਵਿਚ ਨਾ ਆਵੇ। ਦਾਦੇ ਦਾ ਦਮ ਉਖੜ ਗਿਆ। ਗੀਰੇ ਨੇ ਦਾਦੇ ਨੂੰ ਬਿਠਾਉਂਦਿਆਂ ਕਿਹਾ, "ਚਾਚਾ, ਆਪਣੇ ਉਤੇ ਤਾਂ ਅੱਜ ਪਹਾੜ ਹੀ ਡਿੱਗ ਪਿਆ। ਸਾਧੂ ਨੇ ਕਿਸੇ ਦਾ ਕੀ ਵਿਗਾੜਿਆ ਸੀ। ਜ਼ਾਲਮਾਂ ਨੇ ਉਸ ਨੂੰ ਕਿਉਂ ਮਾਰ'ਤਾ?" ਬਾਪੂ ਨਿਰਉਤਰ ਸੀ।

ਜਦੋਂ ਧੁਰ ਪਹੁੰਚੇ ਤਾਂ ਬਾਪੂ ਦੀ ਲਾਸ਼ ਪਟੜੀ 'ਤੇ ਖ਼ੂਨ ਨਾਲ ਲੱਥ ਪੱਥ। ਛਾਤੀ ਵਿਚ ਕਈ ਗੋਲੀਆਂ ਲੱਗੀਆਂ ਸਨ। ਦਾਦੇ ਨੇ ਦੇਖ ਕੇ ਧਾਹ ਮਾਰੀ। ਗੀਰੇ ਨੇ ਮਸਾਂ ਦਾਦੇ ਨੂੰ ਫੜਿਆ। ਦਾਦੇ ਨੂੰ ਦੇਖ ਕੇ ਮੈਂ ਵੀ ਰੋਣ ਲੱਗ ਪਿਆ। ਹੌਲੀ ਹੌਲੀ ਭੀੜ ਜੁੜਨ ਲੱਗੀ। ਸਰਪੰਚ ਦੇ ਮੁੰਡੇ ਨੇ ਥਾਣੇ ਇਤਲਾਹ ਦੇ ਦਿੱਤੀ। ਪੁਲਿਸ ਦੀ ਜਿਪਸੀ ਆਈ। ਦਾਦੇ ਤੋਂ ਬਿਆਨ ਲਏ। ਉਸ ਨੇ ਪੁਲਿਸ ਨੂੰ ਦੱਸਿਆ, "ਮੇਰਾ ਪੁੱਤ ਮੋਟਰ ਚਲਾਉਣ ਆਇਆ ਸੀ। ਕਣਕ ਨੂੰ ਪਹਿਲਾ ਪਾਣੀ ਲਾਉਣਾ ਸੀ।" ਪੁਲਿਸ ਨੇ ਆਪਣੀ ਕਾਰਵਾਈ ਕੀਤੀ। ਟੈਂਪੂ ਵਿਚ ਬਾਪੂ ਦੀ ਲਾਸ਼ ਚਾਰ ਜਣਿਆਂ ਨੇ ਇੰਜ ਸੁੱਟੀ ਜਿਵੇਂ ਬਰਸੀਮ ਦੀ ਪੰਡ ਹੋਵੇ। ਦਾਦਾ, ਗੀਰਾ ਤੇ ਮੈਂ, ਤਿੰਨੇ ਹੀ ਟੈਂਪੂ ਚੜ੍ਹ ਗਏ। ਦੋ ਪੁਲਿਸ ਵਾਲੇ ਤੇ ਦੋ ਹੋਮ ਗਾਰਡੀਏ ਟੈਂਪੂ ਦੇ ਚਾਰੇ ਖੂੰਜੇ ਖੜ੍ਹੇ ਸਨ। ਮੇਰੀ ਆਉਣ ਵਾਲੀ ਜ਼ਿੰਦਗੀ ਬੇਸ਼ੱਕ ਹੜ੍ਹਾਂ ਦੀ ਭੇਟ ਚੜ੍ਹ ਗਈ, ਪਰ ਮੈਂ ਕਿਸੇ ਨੂੰ ਖਿੜਦਾ ਦੇਖ ਕੇ ਮਨ ਨੂੰ ਧਰਵਾਸ ਦੇ ਰਿਹਾ ਸੀ। ਜੋ ਕੁਝ ਵਾਪਰ ਗਿਆ ਸੀ, ਇਸ ਕਹਾਣੀ ਨੂੰ ਦਾਦੇ ਨੇ ਮੈਨੂੰ ਮੇਰੀ ਜਵਾਨੀ ਚੜ੍ਹਨ ਤੋਂ ਪਹਿਲਾਂ ਕਈ ਵਾਰ ਸੁਣਾਇਆ ਸੀ। ਇਸ ਕਰ ਕੇ ਇਸ ਕਾਂਡ ਦਾ ਹਰ ਪਲ ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ।

ਸ਼ਹਿਰ ਪਹੁੰਚਦਿਆਂ ਬੱਸਾਂ, ਕਾਰਾਂ, ਸਕੂਟਰਾਂ ਦੀਆਂ ਆਵਾਜ਼ਾਂ ਨੇ ਮੇਰਾ ਦੁੱਖ ਭੁਲਾਉਂਦਿਆਂ ਮੈਨੂੰ ਰੰਗ-ਬਰੰਗੀਆਂ ਹੱਟੀਆਂ ਵੱਲ ਦੇਖਣ ਲਾ ਦਿੱਤਾ। ਸੜਕਾਂ ਵਿਚ ਖੱਡੇ ਹੋਣ ਕਰ ਕੇ ਟੈਂਪੂ ਵਿਚ ਜਦੋਂ ਬਾਪੂ ਦੀ ਲਾਸ਼ ਹਿੱਲਦੀ, ਦਾਦਾ ਉਸ ਨੂੰ ਸਹਾਰਾ ਦਿੰਦਾ, ਜਿਵੇਂ ਬਾਪੂ ਗੂੜ੍ਹੀ ਨੀਂਦੇ ਸੁੱਤਾ ਹੋਵੇ, ਤੇ ਡਰ ਹੋਵੇ ਕਿ ਬਾਪੂ ਕੱਚੀ ਨੀਂਦੇ ਨਾ ਉਠ ਪਵੇ, ਪਰ ਬਾਪੂ ਤਾਂ ਸਦਾ ਦੀ ਨੀਂਦ ਸੌਂ ਗਿਆ ਸੀ।

ਬਾਪੂ ਦੀ ਲਾਸ਼ ਦਾ ਪੋਸਟ-ਮਾਰਟਮ ਹੋਇਆ। ਭੁੱਖ ਨਾਲ ਜਾਨ ਨਿਕਲ ਰਹੀ ਸੀ। ਪੈਸਾ ਕਿਸੇ ਕੋਲ ਵੀ ਨਹੀਂ ਸੀ। ਕੋਲ ਖੜ੍ਹੇ ਪੁਲਿਸ ਵਾਲੇ ਦੇ ਮਨ ਵਿਚ ਮਿਹਰ ਪਈ ਤੇ ਉਸ ਨੇ ਚਾਹ ਦੇ ਤਿੰਨ ਗਲਾਸ ਲਿਆ ਦਿੱਤੇ। ਦਾਦੇ ਨੇ ਕਈ ਵਾਰ ਖੂੰਡੀ ਦੇ ਸਹਾਰੇ ਖੜ੍ਹ ਕੇ ਮੇਰੇ ਸਿਰ ਉਤੇ ਹੱਥ ਫੇਰਿਆ। ਸ਼ਾਇਦ ਕਹਿ ਰਿਹਾ ਹੋਵੇ, 'ਹੁਣ ਦੁੱਖਾਂ ਦੀ ਪੰਡ ਤੇਰੇ ਸਿਰ ਆ ਗਈ ਹੈ, ਸੰਭਲ ਤੇ ਕੋਸ਼ਿਸ਼ ਕਰ ਕਿ ਦੁੱਖਾਂ ਦੀ ਪੰਡ ਸਿਰੋਂ ਲਹਿ ਜਾਵੇ'। ਬਾਪੂ ਦੀ ਲਾਸ਼ ਲੈ ਕੇ ਅਸੀਂ ਪਿੰਡ ਵੱਲ ਹੋ ਤੁਰੇ।

ਦਿਨ ਛਿਪਣ ਤੋਂ ਪਹਿਲਾਂ ਬਾਪੂ ਦੀ ਚਿਤਾ ਦੀ ਅੱਗ ਅਸਮਾਨ ਛੂਹਣ ਲੱਗੀ। ਸਾਰਾ ਪਿੰਡ ਸਹਿਮ ਦੇ ਸਾਏ ਹੇਠ ਦੱਬਿਆ ਸਿਵਿਆਂ ਵੱਲ ਦੇਖਦਾ ਰਿਹਾ। ਘਰ ਮੁੜਦਿਆਂ ਦਾਦੀ ਦੇ ਕੀਰਨੇ ਸੁਣ ਨਹੀਂ ਸੀ ਹੁੰਦੇ। ਮਾਂ ਤਾਂ ਪੱਥਰ ਦੀ ਮੂਰਤ ਬਣ ਗਈ ਸੀ। ਮਾਂ ਦੀਆਂ ਕਾਲੀਆਂ ਜ਼ੁਲਫਾਂ ਉਸ ਦੇ ਗਲ ਵਿਚ ਕਾਲੇ ਨਾਗ ਵਾਂਗ ਲਿਪਟੀਆਂ ਜਾਪੀਆਂ, ਜਿਵੇਂ ਹੁਣੇ ਮਾਂ ਨੂੰ ਡੰਗ ਲੈਣਗੀਆਂ।

ਉਹ ਸਮਾਂ ਹੀ ਅਜਿਹਾ ਸੀ, ਅਜਿਹੀ ਮਰਗ ਉਤੇ ਲੋਕ ਦੁੱਖ ਵਿਚ ਘੱਟ ਹੀ ਸ਼ਰੀਕ ਹੁੰਦੇ ਸਨ। ਸਾਡਾ ਦੁਖ ਇਹ ਵੀ ਸੀ ਕਿ ਨਾ ਤਾਂ ਕਿਸੇ ਖਾੜਕੂ ਜਥੇਬੰਦੀ ਨੇ ਬਾਪੂ ਦੀ ਮੌਤ ਦੀ ਜ਼ਿੰਮੇਵਾਰੀ ਲਈ, ਤੇ ਨਾ ਹੀ ਪੁਲਿਸ ਨੇ ਕੋਈ ਕਾਰਵਾਈ ਕੀਤੀ। ਖੇਤੋਂ ਆਉਂਦਿਆਂ ਇਸ ਤਰ੍ਹਾਂ ਬਾਪੂ ਨੂੰ ਕਿਉਂ ਮਾਰਿਆ ਗਿਆ? ਨਾ ਕਿਸੇ ਸਿੱਖ ਜਥੇਬੰਦੀ ਤੇ ਨਾ ਕਿਸੇ ਧਾਰਮਿਕ ਸੰਸਥਾ ਨੇ ਸਾਡੇ ਗਲਾਂ ਵਿਚ ਸਿਰੋਪੇ ਪਾਏ ਤੇ ਨਾ ਪੰਜਾਬ ਸਰਕਾਰ ਤੋਂ ਕੋਈ ਮਦਦ ਮਿਲੀ। ਜੇ ਮਿਲੀ ਤਾਂ ਲੋਕਾਂ ਦੀ ਨਫ਼ਰਤ! ਕਈਆਂ ਨੇ ਮੁਖ਼ਬਰੀ ਲਈ ਤੇ ਕਈਆਂ ਨੇ ਖ਼ਾਲਿਸਤਾਨੀ ਹੋਣ ਕਰ ਕੇ ਸਾਨੂੰ ਨਫ਼ਰਤ ਕੀਤੀ।

ਬਾਪੂ ਦੇ ਜਾਣ ਪਿਛੋਂ ਮਾਂ ਦੀ ਭਰੀ ਜਵਾਨੀ ਵਾਲਾ ਗੁਲਾਬ ਪੱਤੀਆਂ ਬਣ ਕੇ ਖਿੰਡ ਗਿਆ। ਮੈਂ ਛੋਟਾ ਹੋਣ ਕਰ ਕੇ ਮੇਰੇ ਮਾਮਿਆਂ ਨੇ ਮਾਂ ਨੂੰ ਆਪਣੇ ਨਾਲ ਲਿਜਾਣਾ ਚਾਹਿਆ। ਮਾਮਿਆਂ ਦੀ ਗੱਲ ਸੁਣ ਮੇਰੇ ਦਾਦਾ-ਦਾਦੀ ਧਾਹੀਂ ਰੋ ਪਏ ਤੇ ਬੋਲੇ, "ਸਾਡਾ ਪੁੱਤ ਤਾਂ ਅਣਹੋਣੀ ਦੀ ਭੇਟ ਚੜ੍ਹ ਗਿਆ, ਪਰ ਤੁਸੀਂ ਸਾਡੀ ਨੂੰਹ ਤੇ ਪੋਤੇ ਨੂੰ ਲਿਜਾ ਕੇ ਦੁਬਾਰਾ ਸਾਡਾ ਪੁੱਤ ਨਾ ਮਾਰੋ। ਸਾਨੂੰ ਵੱਸਦੇ ਰਹਿਣ ਦਿਓ।" ਮਾਂ ਨੂੰ ਇਕੱਲਿਆਂ ਕਰ ਕੇ ਨਾਨੀ ਨੇ ਪੁੱਛਿਆ, "ਤੇਰਾ ਮਨ ਕੀ ਕਹਿੰਦਾ?" ਮਾਂ ਅੱਗਿਓਂ ਬੋਲੀ, "ਬੀਬੀ, ਜੇ ਅਗਾਂਹ ਵੀ ਇੰਜ ਕੋਈ ਭਾਣਾ ਵਰਤ ਗਿਆ, ਫਿਰ ਕੀ ਕਰੋਗੇ? ਮੈਨੂੰ ਮੇਰੇ ਹਾਲ 'ਤੇ ਛੱਡ ਦਿਓ। ਮੈਂ ਅਜੀਤ ਦੇ ਸਹਾਰੇ ਦਿਨ ਕੱਟ ਲਊਂਗੀ।" ਮਾਂ ਦੇ ਨਿਧੜਕ ਫੈਸਲੇ ਨੇ ਮੇਰੇ ਦਾਦੇ ਦੇ ਹੱਥ ਮੇਰੀ ਬਾਂਹ ਫੜਾ ਦਿੱਤੀ। ਦਾਦੇ ਨੇ ਮਨ ਨੂੰ ਸਮਝਾ ਲਿਆ ਕਿ ਮੇਰਾ ਸਾਧੂ ਪੁੱਤ ਮੁੜ ਆਇਆ ਹੈ।

ਹੁਣ ਦਾਦੇ ਦਾ ਇਕੋ ਮਕਸਦ ਸੀ, ਮੈਨੂੰ ਪੜ੍ਹਾ-ਲਿਖਾ ਕੇ ਵੱਡਾ ਅਫ਼ਸਰ ਬਣਾਉਣਾ ਤੇ ਆਪਣੇ ਪਿਉ ਦੇ ਕਾਤਲਾਂ ਨੂੰ ਲੱਭਣਾ। ਮੈਂ ਵੀ ਸਿਰਤੀ ਹੋ ਗਿਆ। ਸਾਰਾ ਧਿਆਨ ਪੜ੍ਹਾਈ ਵੱਲ ਹੀ ਲਾਉਂਦਾ। ਵਿਹਲੇ ਸਮੇਂ ਦਾਦੇ ਨਾਲ ਖੇਤਾਂ ਵਿਚ ਕੰਮ ਕਰਵਾ ਦਿੰਦਾ। ਮਾਂ ਤੇ ਦਾਦੀ ਨੇ ਵੀ ਸਿਰ ਮੜਾਸਾ ਮਾਰ ਲਿਆ ਸੀ। ਪਰਿਵਾਰ ਦੇ ਹਰ ਜੀਅ ਨੇ ਖਾਣ-ਪੀਣ ਤੇ ਪਹਿਨਣ ਦਾ ਸ਼ੌਕ ਤਿਆਗ ਦਿੱਤਾ ਸੀ। ਉਦਾਸੀ ਭਰੇ ਦਿਨਾਂ ਨਾਲ ਜਦੋ-ਜਹਿਦ ਕਰਦਿਆਂ ਉਹ ਮੈਨੂੰ ਜਵਾਨ ਕਰਨ ਲੱਗੇ। ਮੈਂ ਪੜ੍ਹਾਈ ਵਿਚ ਅੱਵਲ ਆਉਣ ਲੱਗਿਆ। ਖੇਡਾਂ ਵਿਚ ਮੈਂ ਸਭ ਤੋਂ ਅੱਗੇ ਹੁੰਦਾ। ਮੇਰੇ ਅੰਦਰ ਕੋਈ ਜਨੂੰਨ ਸੀ ਕਿ ਸਭ ਤੋਂ ਅੱਗੇ ਹੋਵਾਂ। ਬਾਪੂ ਦੀ ਮੌਤ ਨੇ ਮੈਨੂੰ ਸਭ ਤੋਂ ਪਿੱਛੇ ਧੱਕ ਦਿੱਤਾ ਸੀ, ਪਰ ਮੈਂ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਹਰ ਔਖੇ ਰਾਹ ਵਿਚੋਂ ਲੰਘਣ ਲਈ ਤਿਆਰ ਸੀ। ਪਿੰਡ ਦਸ ਜਮਾਤਾਂ ਕਰ ਕੇ ਸ਼ਹਿਰ ਕਾਲਜ ਦਾਖ਼ਲਾ ਲੈ ਲਿਆ। ਦਾਦੇ ਨੇ ਇਕ ਗੱਲ ਆਖੀ, "ਪਟੜੀ ਉਤੇ ਪਈ ਆਪਣੇ ਬਾਪੂ ਦੀ ਲਾਸ਼ ਨਾ ਭੁੱਲੀਂ। ਜਵਾਨੀ ਅੱਖੋਂ ਅੰਨ੍ਹੀ ਤੇ ਕੰਨੋਂ ਬੋਲੀ ਹੁੰਦੀ ਹੈ। ਆਪਣੀ ਮਾਂ ਦੀਆਂ ਕਾਲੀਆਂ ਜ਼ੁਲਫਾਂ ਵਕਤੋਂ ਪਹਿਲਾਂ ਬੱਗੀਆਂ ਹੋਈਆਂ ਨਾ ਭੁੱਲੀਂ।" ਮੈਂ ਦਾਦੇ ਦੀਆਂ ਨਸੀਹਤਾਂ ਪੱਲੇ ਬੰਨ੍ਹ ਕੇ ਦੁੱਖਾਂ ਦਾ ਪਹਾੜ ਸਰ ਕਰਨ ਲਈ ਆਪਣੇ ਆਪ ਨੂੰ ਇਕਜੁਟ ਕਰ ਲਿਆ। ਪੜ੍ਹਦਾ ਗਿਆ, ਪੜ੍ਹਦਾ ਗਿਆ, ਸੋਲਾਂ ਜਮਾਤਾਂ ਪੜ੍ਹ ਗਿਆ। ਕਾਲਜ ਦੀਆਂ ਖੇਡਾਂ ਵਿਚ ਦੌੜਾਂ 'ਚ ਪਹਿਲੇ ਨੰਬਰ ਉਤੇ ਰਿਹਾ।

ਮੇਰਾ ਕੱਦ ਛੇ ਫੁੱਟ ਦੋ ਇੰਚ ਹੋ ਗਿਆ ਸੀ। ਸੋਹਣਾ-ਸੁਨੱਖਾ ਜਵਾਨ ਨਿਕਲਿਆ ਸਾਂ। ਮਾਂ ਤੇ ਦਾਦੀ ਹਮੇਸ਼ਾ ਨਜ਼ਰਾਂ ਤੋਂ ਬਚਾ ਕੇ ਰੱਖਦੀਆਂ। ਦਾਦੇ ਨੇ ਤਿੰਨ ਕਿੱਲੇ ਜ਼ਮੀਨ ਵਿਚੋਂ ਇਕ ਵੀ ਮਰਲਾ ਨਾ ਵੇਚਿਆ। ਆਪਣੇ ਬੁੱਢੇ ਹੱਥਾਂ ਨਾਲ ਪੁੱਤ ਦੀ ਨਿਸ਼ਾਨੀ ਪਾਲ ਕੇ ਬਰਾਬਰ ਦੀ ਕਰ ਲਈ ਸੀ। ਉਹਦੀਆਂ ਅੱਖਾਂ ਵਿਚ ਆਸ ਦੀ ਕਿਰਨ ਦਿਖਾਈ ਦਿੰਦੀ ਸੀ। ਪਰਿਵਾਰ ਦੇ ਇਤਫਾਕ ਨੇ ਦੁੱਖ ਘਟਾ ਲਿਆ ਸੀ, ਪਰ ਲੋਕਾਂ ਨੇ ਅਜੇ ਵੀ ਪਾਸਾ ਵੱਟਿਆ ਹੋਇਆ ਸੀ।

ਮੈਂ ਪੜ੍ਹਾਈ ਤੇ ਖੇਡਾਂ ਕਰ ਕੇ ਸਿੱਧਾ ਏ.ਐਸ.ਆਈ. ਭਰਤੀ ਹੋ ਗਿਆ। ਮੈਂ ਅਜੇ ਜਹਾਨ ਖੇਲਾਂ ਟਰੇਨਿੰਗ ਉਤੇ ਹੀ ਸੀ ਕਿ ਮਾਂ ਬਿਮਾਰ ਹੋ ਗਈ। ਦਾਦਾ ਪੰਜ ਦਿਨ ਦੀ ਛੁੱਟੀ ਦਿਵਾ ਲਿਆਇਆ। ਘਰ ਆਇਆ ਤਾਂ ਮਾਂ ਦੋ ਦਿਨਾਂ ਵਿਚ ਠੀਕ ਹੋ ਗਈ। ਤੀਜੇ ਦਿਨ ਦਾਦਾ ਕਹਿੰਦਾ, "ਆਪਣੇ ਆੜ੍ਹਤੀਏ ਦੀ ਕੁੜੀ ਦਾ ਵਿਆਹ ਹੈ, ਤੂੰ ਦੁੱਧ ਦੀ ਕੈਨੀ ਫੜਾ ਆ।" ਮੈਂ ਤਿਆਰ ਹੋ ਕੇ ਸਾਈਕਲ 'ਤੇ ਕੈਨੀ ਟੰਗ, ਆੜ੍ਹਤੀਏ ਦੀ ਦੁਕਾਨ 'ਤੇ ਪਹੁੰਚ ਗਿਆ। ਫਤਿਹ ਬੁਲਾਈ। ਸੇਠ ਜੀ ਦੇ ਨਾਲ ਵਾਲਾ ਬੰਦਾ ਅਮਰੀਕਾ ਤੋਂ ਗਿਆ ਹੋਇਆ ਸੀ। ਉਸ ਦੀਆਂ ਨਜ਼ਰਾਂ ਮੇਰੇ ਉਤੇ ਸਨ। ਸੇਠ ਜੀ ਦੁੱਧ ਦੀ ਕੈਨੀ ਫੜ ਪਿਛਲੇ ਪਾਸੇ ਘਰ ਨੂੰ ਤੁਰ ਗਏ ਤੇ ਉਸ ਬੰਦੇ ਨੇ ਮੇਰਾ ਕੁਰਸੀਨਾਮਾ ਪੁੱਛ ਲਿਆ। ਚਾਹ ਦਾ ਕੱਪ ਪੀ ਕੇ ਮੈਂ ਮੁੜ ਆਇਆ।

ਉਸੇ ਸ਼ਾਮ ਹੀ ਸੇਠ ਤੇ ਉਹ ਬੰਦਾ ਆਪਣੀ ਧੀ ਦਾ ਰਿਸ਼ਤਾ ਲੈ ਕੇ ਸਾਡੇ ਘਰ ਆ ਗਏ। ਦਾਦਾ ਮੈਨੂੰ ਅਮਰੀਕਾ ਨਹੀਂ ਸੀ ਤੋਰਨਾ ਚਾਹੁੰਦਾ। ਮਾਂ ਤੇ ਦਾਦੀ ਕਹਿੰਦੀਆਂ, "ਆਪਾਂ ਨੂੰ ਭਲਾ ਹੋਰ ਕੀ ਚਾਹੀਦਾ।" ਫਿਰ ਦਾਦਾ ਵਿਚਾਰਾ ਵੀ ਮੰਨ ਗਿਆ। ਸੇਠ ਦੀ ਕੁੜੀ ਦੇ ਵਿਆਹ ਤੋਂ ਬਾਅਦ ਮੇਰਾ ਮੰਗਣਾ-ਵਿਆਹ ਹੋ ਗਿਆ। ਮੈਂ ਪੁਲਿਸ ਦੀ ਨੌਕਰੀ ਛੱਡ ਦਿੱਤੀ। ਮੇਰੀ ਘਰਵਾਲੀ ਗਗਨ ਨੇ ਇਥੇ ਆ ਕੇ ਮੇਰੇ ਪੇਪਰ ਭਰ ਦਿੱਤੇ। ਸਾਲ ਬਾਅਦ ਮੈਂ ਵੀ ਅਮਰੀਕਾ ਆ ਗਿਆ, ਪਰ ਇਥੇ ਦਿਲ ਨਾ ਲੱਗੇ। ਮੈਂ ਛੇ ਮਹੀਨਿਆਂ ਬਾਅਦ ਵਾਪਸ ਪਿੰਡ ਮੁੜ ਗਿਆ। ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਸਾਬਕਾ ਸਰਪੰਚ ਦਾ ਇਕੱਲਾ ਪੁੱਤ ਐਕਸੀਡੈਂਟ ਵਿਚ ਮਾਰਿਆ ਗਿਆ ਹੈ। ਮੈਂ ਮਹੀਨਾ ਪਿੰਡ ਰਹਿ ਕੇ ਵਾਪਸ ਆ ਗਿਆ। ਚਾਰ ਸਾਲ ਦੱਬ ਕੇ ਕਮਾਈ ਕੀਤੀ। ਆਪਣੇ ਪੰਜ ਟਰੱਕ ਪਾ ਲਏ ਤੇ ਹੌਲੀ ਹੌਲੀ ਹੋਰ ਵਧਦੇ ਗਏ। ਪਿੰਡੋਂ ਖ਼ਬਰ ਆਈ ਕਿ ਦਾਦੇ ਦੀ ਸਿਹਤ ਠੀਕ ਨਹੀਂ। ਪਿੰਡ ਗਿਆ ਤਾਂ ਪਤਾ ਲੱਗਾ ਕਿ ਸਾਬਕਾ ਸਰਪੰਚ ਵੀ ਆਖ਼ਰੀ ਸਾਹਾਂ 'ਤੇ ਹੈ। ਉਸ ਨੇ ਸੁਨੇਹਾ ਭੇਜਿਆ, ਮੈਂ ਗਿਆ। ਉਸ ਨੇ ਦੋਵੇਂ ਹੱਥ ਜੋੜ ਕੇ ਮੁਆਫ਼ੀ ਮੰਗਦਿਆਂ ਕਿਹਾ, "ਅਜੀਤ ਸਿਆਂ! ਤੇਰੇ ਬਾਪੂ ਦਾ ਕਤਲ ਮੈਂ ਕਰਵਾਇਆ ਸੀ। ਤੁਹਾਡੀ ਤਿੰਨ ਕਿੱਲੇ ਜ਼ਮੀਨ ਮੈਨੂੰ ਸੜਕ 'ਤੇ ਲੱਗਣ ਨਹੀਂ ਸੀ ਦਿੰਦੀ, ਪਰ ਤੇਰਾ ਦਾਦਾ ਤੇ ਤੂੰ ਸਿਰਤੀ ਨਿਕਲੇ। ਸਾਧੂ ਦੀ ਮੌਤ ਨੇ ਮੈਨੂੰ ਵੀ ਹਿਲਾ ਕੇ ਰੱਖ ਦਿੱਤਾ ਸੀ। ਮੈਂ ਹੁਣ ਜਹਾਨੋਂ ਖ਼ਾਲੀ ਹੱਥ ਜਾ ਰਿਹਾ ਹਾਂ। ਜ਼ਮੀਨਾਂ-ਜਾਇਦਾਦਾਂ ਇਥੇ ਹੀ ਰਹਿ ਜਾਣੀਆਂ।" ਸਰਪੰਚ ਮੇਰੇ ਦੇਖਦਿਆਂ ਹੀ ਦਮ ਤੋੜ ਗਿਆ। ਮੈਂ ਸਰਪੰਚ ਦੀ ਕਰਤੂਤ ਦਾਦੇ ਨੂੰ ਸੁਣਾਈ। ਦਾਦਾ ਵੀ ਆਪਣੀ ਹਿੱਕ ਦਾ ਭਾਰ ਲਾਹ ਕੇ ਜਹਾਨੋਂ ਤੁਰ ਗਿਆ। ਫਿਰ ਦਾਦੀ ਤੁਰ ਗਈ, ਮਾਂ ਨੂੰ ਮੈਂ ਅਮਰੀਕਾ ਲੈ ਆਇਆ। ਪਿੰਡ ਵਾਲੇ ਸਾਧੂ ਦਾ ਪੁੱਤ ਕਹਿ ਕੇ ਸਤਿਕਾਰ ਦੇਣ ਲੱਗ ਪਏ ਹਨ।

# ਰਾਧਿਕਾ ਦਾ ਰਿਦਮ



## ਬੁਲੰਦ ਕਿਰਦਾਰਾਂ ਨਾਲ ਸਾਂਝ ਵਾਲੀ ਅਦਾਕਾਰਾ

ਫਿਲਮ 'ਮਾਂਝੀ' ਵਿਚ ਦਮਦਾਰ ਅਦਾਕਾਰੀ ਨੇ ਕੱਲ੍ਹ ਤੱਕ ਘੱਟ ਚਰਚਿਤ ਅਦਾਕਾਰਾ ਰਾਧਿਕਾ ਆਪਟੇ ਨੂੰ ਮੋਹਰਲੀਆਂ ਸਫਾਂ ਵਿਚ ਲਿਆ ਖੜ੍ਹਾ ਕੀਤਾ ਹੈ। ਸੱਤ ਸਤੰਬਰ 1985 ਨੂੰ ਮਹਾਰਾਸ਼ਟਰ ਦੇ ਸ਼ਹਿਰ ਪੁਣੇ ਵਿਚ ਜਨਮੀ ਰਾਧਿਕਾ ਦੀ ਕਲਾ ਦੀਆਂ ਇੰਨੀਆਂ ਧੁੰਮਾਂ ਪਈਆਂ ਹਨ ਕਿ ਕੁਝ ਲੋਕਾਂ ਨੇ ਉਸ ਦੀ ਤੁਲਨਾ ਮਸ਼ਹੂਰ ਅਦਾਕਾਰਾ, ਫਿਲਮਸਾਜ਼ ਅਤੇ ਧੜੱਲੇਦਾਰ ਕਾਰਕੁਨ ਨੰਦਿਤਾ ਦਾਸ ਨਾਲ ਕਰਨੀ ਸ਼ੁਰੂ ਕਰ ਦਿੱਤੀ ਹੈ। ਫਿਲਮਸਾਜ਼ ਨਿਲਾ ਮਾਧਵ ਪਾਂਡਾ ਤਾਂ ਰਾਧਿਕਾ ਦੀਆਂ ਤਾਰੀਫ ਕਰਦਾ ਨਹੀਂ ਥੱਕ ਰਿਹਾ। ਦਰਅਸਲ ਪਾਂਡਾ ਨੂੰ ਆਪਣੀ ਫਿਲਮ 'ਕੌਨ ਕਿਤਨੇ ਪਾਨੀ ਮੇਂ' ਲਈ ਅਜਿਹੀ ਕੁੜੀ ਦੀ ਤਲਾਸ਼ ਸੀ ਜਿਹੜੀ ਸ਼ਬਾਨਾ ਆਜ਼ਮੀ ਜਾਂ ਸਮਿਤਾ ਪਾਟਿਲ ਜਾਂ ਨੰਦਿਤਾ ਦਾਸ ਵਰਗੀ ਰਫ-ਟਫ ਦਿੱਖ ਵਾਲੀ ਹੋਵੇ। ਉਸ ਨੇ ਜਦੋਂ ਫਿਲਮ 'ਸ਼ੋਰ ਇਨ ਦਿ ਸਿਟੀ' ਦੇਖੀ ਤਾਂ, ਰਾਧਿਕਾ ਆਪਟੇ ਅਤੇ ਉਸ ਦੀ ਅਦਾਕਾਰੀ ਉਸ ਦੇ ਦਿਲ ਨੂੰ ਛੂਹ ਗਈ। ਪਾਂਡਾ ਨੇ ਝੱਟ ਇਸ ਫਿਲਮ ਲਈ ਰਾਧਕਿਾ ਨੂੰ ਸਾਈਨ ਕਰ ਲਿਆ। ਕੌਮੀ ਇਨਾਮ ਹਾਸਲ ਕਰਨ ਵਾਲਾ ਨਿਲਾ ਮਾਧਵ ਪਾਂਡਾ ਆਖਦਾ ਹੈ ਕਿ ਰਾਧਿਕਾ ਵਰਗੀ ਦਿੱਖ ਕਿਸੇ ਕਿਸੇ ਨਾਇਕਾ ਨੂੰ ਹੀ ਨਸੀਬ ਹੁੰਦੀ ਹੈ। ਇਹ ਗੱਲ ਪਹਿਲਾਂ ਵੀ ਇਕ ਤੋਂ ਵੱਧ ਵਾਰ ਸਾਹਮਣੇ ਆ ਚੁੱਕੀ ਹੈ। ਚੋਟੀ ਦੇ ਅਦਾਕਾਰ ਰਾਹੁਲ ਬੋਸ ਨੇ ਉਸ ਦਾ ਨਾਟਕ 'ਬੰਬੇ ਬਲੈਕ' ਦੇਖ ਕੇ ਉਸ ਦੀ ਸਿਫਾਰਿਸ਼ ਬੰਗਲਾ ਫਿਲਮਸਾਜ਼ ਅਨਿਰੁਧ ਰਾਏ ਚੌਧਰੀ ਕੋਲ ਕਰ ਦਿੱਤੀ ਸੀ ਅਤੇ ਉਸ ਨੇ ਆਪਣੀ ਬੰਗਲਾ ਫਿਲਮ 'ਅੰਤਹੀਨ' ਵਿਚ ਰਾਧਿਕਾ ਨੂੰ ਲੈ ਲਿਆ ਸੀ। ਇਸ ਫਿਲਮ ਵਿਚ ਰਾਧਿਕਾ ਨੇ ਪੱਤਰਕਾਰ ਦਾ ਕਿਰਦਾਰ ਨਿਭਾਇਆ ਅਤੇ ਸਭ ਤੋਂ ਸ਼ਾਬਾਸ਼ੀ ਲਈ। ਆਪਣਾ ਫਿਲਮ ਕਰੀਅਰ ਉਸ ਨੇ 2005 ਵਿਚ ਫਿਲਮ 'ਵਾਹ! ਲਾਈਫ ਹੋ ਤੋ ਐਸੀ' ਵਿਚ ਛੋਟੇ ਜਿਹੇ ਰੋਲ ਤੋਂ ਸ਼ੁਰੂ ਕੀਤਾ ਸੀ, ਪਰ ਉਸ ਨੇ ਥਿਏਟਰ ਜਾਂ ਫਿਲਮਾਂ, ਜਿਥੇ ਵੀ ਕੰਮ ਕੀਤਾ, ਸਭ ਦਾ ਧਿਆਨ ਖਿੱਚਿਆ। ਅਸਲ ਵਿਚ ਉਸ ਵੱਲ ਧਿਆਨ ਬਦੋ-ਬਦੀ ਚਲਾ ਹੀ ਜਾਂਦਾ ਹੈ। ਉਹ ਨਾਚ ਦੀ ਸਿਖਲਾਈ ਲਈ ਇੰਗਲੈਂਡ ਗਈ ਤਾਂ ਉਥੇ ਬ੍ਰਿਟਿਸ਼ ਸੰਗੀਤਕਾਰ ਬੈਨੇਡਿਕਟ ਟੇਲਰ ਨੇ ਉਸ ਅੱਗੇ ਵਿਆਹ ਦੀ ਤਜਵੀਜ਼ ਰੱਖ ਦਿੱਤੀ। ਰਾਧਿਕਾ ਨੇ ਉਤਨੇ ਹੀ ਪਿਆਰ ਨਾਲ ਇਹ ਤਜਵੀਜ਼ ਸਵੀਕਾਰ ਵੀ ਕਰ ਲਈ, ਕਿਉਂਕਿ ਉਹ ਵੀ ਇਸ ਨੌਜਵਾਨ ਸੰਗੀਤਕਾਰ ਵੱਲ ਖਿੱਚੀ ਗਈ ਸੀ। ਹੁਣ ਰਾਧਿਕਾ ਫਿਲਮੀ ਦੁਨੀਆਂ ਅਤੇ ਦਰਸ਼ਕਾਂ ਦਾ ਧਿਆਨ ਖਿੱਚ ਰਹੀ ਹੈ।



# ਸ਼ਵੇਤਾ ਦਾ ਸੁਪਨਾ

'ਮਸਾਨ' ਫਿਲਮ ਵਿਚ ਸ਼ਾਲੂ ਗੁਪਤਾ ਦਾ ਦਮਦਾਰ ਕਿਰਦਾਰ ਨਿਭਾਉਣ ਵਾਲੀ ਸ਼ਵੇਤਾ ਤ੍ਰਿਪਾਠੀ ਦੀ ਨਵੀਂ ਫਿਲਮ 'ਹਰਾਮਖੋਰ' ਛੇਤੀ ਹੀ ਆ ਰਹੀ ਹੈ। ਇਸ ਫਿਲਮ ਵਿਚ ਉਸ ਦਾ ਨਾਇਕ 'ਮਾਂਝੀ' ਫਿਲਮ ਵਾਲਾ ਨਵਾਜ਼ੂਦੀਨ ਸਿੱਦੀਕੀ ਹੈ। ਇਹ ਫਿਲਮ ਅਧਿਆਪਕ ਅਤੇ ਉਸ ਦੀ ਵਿਦਿਆਰਥਣ ਦੁਆਲੇ ਘੁੰਮਦੀ ਹੈ। ਸ਼ਵੇਤਾ ਤ੍ਰਿਪਾਠੀ ਦਾ ਆਖਣਾ ਹੈ ਕਿ ਉਹ ਫਿਲਮਾਂ ਦੀ ਚੋਣ ਵੇਲੇ ਪਟਕਥਾ ਅਤੇ ਫਿਲਮ ਦੀ ਟੀਮ ਵੱਲ ਵੱਧ ਤਵੱਜੋਂ ਦਿੰਦੀ ਹੈ। ਯਾਦ ਰਹੇ ਕਿ ਫਿਲਮਸਾਜ਼ ਨੀਰਜ ਗੇਵਨ ਨੇ 'ਮਸਾਨ' ਵਿਚ ਸ਼ਾਲੂ ਗੁਪਤਾ ਵਾਲਾ ਕਿਰਦਾਰ ਸ਼ਵੇਤਾ ਤ੍ਰਿਪਾਠੀ ਦੇ ਅਸਲ ਕਿਰਦਾਰ ਤੋਂ ਪ੍ਰਭਾਵਿਤ ਹੋ ਕੇ ਹੀ ਲਿਖਿਆ। ਸ਼ਾਇਦ ਇਸੇ ਕਰ ਕੇ ਹੀ ਸ਼ਵੇਤਾ ਇਸ ਕਿਰਦਾਰ ਵਿਚ ਗਹਿਰਾਈਆਂ ਭਰ ਸਕੀ ਹੈ। ਉਹ ਖੁਸ਼ ਹੈ ਕਿ ਸ਼ਾਇਰ ਜਾਵੇਦ ਅਖ਼ਤਰ, ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਅਤੇ ਅਦਾਕਾਰ ਆਮਿਰ ਖਾਨ ਨੇ ਉਸ ਦੀ ਪ੍ਰਸ਼ੰਸਾ ਕੀਤੀ ਹੈ। ਹਿਰਾਨੀ ਨੇ ਤਾਂ ਇਹ ਵੀ ਕਿਹਾ ਹੈ ਕਿ ਜਿਸ ਕਿਸਮ ਦੀ ਮਾਸੂਮੀਅਤ ਸ਼ਵੇਤਾ ਨੇ ਸ਼ਾਲੂ ਵਾਲੇ ਕਿਰਦਾਰ ਵਿਚ ਉਭਾਰੀ ਹੈ, ਉਹ ਹੁਣ ਹਿੰਦੀ ਫਿਲਮਾਂ ਵਿਚ ਕਦੀ-ਕਦਾਈ ਹੀ ਨਜ਼ਰ ਆਉਂਦੀ ਹੈ।

# ਅੰਕੁਰ: ਸਮਾਜਕ ਹਕੀਕਤਾਂ ਦਾ ਚਿੱਠਾ

**ਆਵਾਜ਼ ਦੇ ਕਹਾਂ ਹੈ... -14-**



ਕੁਲਦੀਪ ਕੌਰ
ਫੋਨ: +91-98554-04330



ਸ਼ਿਆਮ ਬੈਨੇਗਲ

70 ਵਿਆਂ ਦੇ ਸ਼ੁਰੂ ਵਿਚ ਹਿੰਦੀ ਸਿਨੇਮਾ ਵਿਚ ਵੀ ਜਿਹੜੇ ਮਾਨਵੀ ਅਤੇ ਸਮਾਜਕ ਮੁੱਦਿਆਂ 'ਤੇ ਫਿਲਮਾਂ ਬਣਾਉਣ ਲਈ ਪਟ-ਕਥਾਵਾਂ ਤਿਆਰ ਹੋ ਰਹੀਆਂ ਸਨ, ਉਨ੍ਹਾਂ ਵਿਚ ਮੁੱਖ ਸਨ- ਜ਼ਿਮੀਦਾਰਾਂ ਤੇ ਪੂੰਜੀਪਤੀਆਂ ਦੁਆਰਾ ਕਿਸਾਨਾਂ-ਮਜ਼ਦੂਰਾਂ ਦਾ ਸ਼ੋਸ਼ਣ, ਸਮਾਜ ਵਿਚ ਵੱਡੀ ਪੱਧਰ 'ਤੇ ਫੈਲਿਆ ਅੰਧਵਿਸ਼ਵਾਸ ਤੇ ਰੂੜੀਵਾਦ, ਸ਼ਹਿਰੀ ਬਸਤੀਆਂ ਤੇ ਕਸਬਿਆਂ ਵਿਚ ਰਹਿੰਦੇ ਲੋਕਾਂ ਦੀਆਂ ਆਰਥਿਕ, ਸਮਾਜਕ ਤੇ ਮਾਨਸਿਕ ਗੁੰਝਲਾਂ, ਮਿੱਲਾਂ-ਕਾਰਖਾਨਿਆਂ-ਕੰਪਨੀਆਂ ਵਿਚ ਕਾਮਿਆਂ ਦਾ ਹੋ ਰਿਹਾ ਸ਼ੋਸ਼ਣ, ਪਿੰਡਾਂ ਤੇ ਸ਼ਹਿਰਾਂ ਦੀਆਂ ਗਰੀਬ ਔਰਤਾਂ ਨਾਲ ਹੁੰਦਾ ਸਰੀਰਕ ਜਬਰ, ਨੌਜਵਾਨਾਂ ਦਾ ਰਾਜ ਪ੍ਰਬੰਧ ਤੋਂ ਉਠ ਰਿਹਾ ਵਿਸ਼ਵਾਸ, ਛੂਤ-ਛਾਤ ਦਾ ਜਿੰਨ ਅਤੇ ਮਨੁੱਖੀ ਰਿਸ਼ਤਿਆਂ ਵਿਚ ਆ ਰਹੇ ਬਦਲਾਓ ਆਦਿ। ਇਸ ਸਬੰਧ ਵਿਚ ਸ਼ਿਆਮ ਬੈਨੇਗਲ ਦੁਆਰਾ ਨਿਰਦੇਸ਼ਤ ਫਿਲਮ 'ਅੰਕੁਰ' ਦਾ ਜ਼ਿਕਰ ਲਾਜ਼ਮੀ ਹੈ। ਇਹ ਫਿਲਮ ਇੱਕੋ ਸਮੇਂ ਇਨ੍ਹਾਂ ਸਾਰੇ ਮੁੱਦਿਆਂ ਨੂੰ ਛੂੰਹਦੀ ਹੈ। ਫਿਲਮ ਵਿਚ ਅਮੀਰ ਜ਼ਿਮੀਦਾਰ ਦੇ ਮੁੰਡੇ ਦੇ ਘਰ ਕੰਮ ਕਰਦੀ ਲੱਛਮੀ ਦੇ ਕਿਰਦਾਰ ਦੁਆਰਾ ਸਮਾਜਕ ਯਥਾਰਥ ਨੂੰ ਚਿਤਰਿਆ ਗਿਆ ਹੈ। ਲੱਛਮੀ ਦਾ ਵਿਆਹ ਗੁੰਗੇ-ਬੋਲੇ ਸ਼ਰਾਬੀ ਨਾਲ ਇਸ ਲਈ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਸ ਦਾ ਪਰਿਵਾਰ ਦਾਜ ਦਾ ਪ੍ਰਬੰਧ ਨਹੀਂ ਕਰ ਸਕਦਾ। ਸ਼ਰਾਬ ਵਿਚ ਦਿਨ-ਰਾਤ ਧੁੱਤ ਰਹਿੰਦਾ ਪਤੀ ਉਸ ਦੀਆਂ ਭਾਵਨਾਵਾਂ ਨੂੰ ਸਮਝਣ ਤੋਂ ਅਸਮਰੱਥ ਹੈ। ਲੱਛਮੀ ਨੂੰ ਆਪਣਾ ਪੇਟ ਭਰਨ ਲਈ ਚੌਲ ਚੋਰੀ ਕਰਨੇ ਪੈਂਦੇ ਹਨ। ਸ਼ਰਾਬੀ ਦੀ ਆਪਣੀ ਮਜਬੂਰੀ ਹੈ। ਬਜ਼ਾਰ ਵਿਚ ਐਲੂਮੀਨੀਅਮ ਦੇ ਬਰਤਨ ਵਿਕਣੇ ਆ ਚੁੱਕੇ ਹਨ ਤੇ ਹੁਣ ਉਸ ਦੇ ਬਣਾਏ ਘੜਿਆਂ ਦਾ ਕੋਈ ਖਰੀਦਦਾਰ ਹੀ ਨਹੀਂ। ਕਿਰਤ ਅਜਾਈਂ ਜਾਣ ਦਾ ਦੁੱਖ ਉਹ ਬੇਜ਼ੁਬਾਨ ਕਿਸੇ ਨਾਲ ਸਾਂਝਾ ਵੀ ਨਹੀਂ ਕਰ ਸਕਦਾ। ਸਿੱਟੇ ਵਜੋਂ ਇਹ ਦੁੱਖ ਉਸ ਦੇ ਮੂੰਹ ਨੂੰ ਸ਼ਰਾਬ ਲਗਾ ਦਿੰਦਾ ਹੈ।

ਲੱਛਮੀ ਅਖੌਤੀ ਨੀਵੀਂ ਜਾਤ ਨਾਲ ਸਬੰਧਤ ਹੈ। ਉਸ ਦਾ ਅਮੀਰ ਜ਼ਿਮੀਦਾਰ ਦੇ ਮੁੰਡੇ ਸੂਰੀਆ ਨਾਲ ਸਰੀਰਕ ਰਿਸ਼ਤਾ ਤਾਂ ਬਣ ਜਾਂਦਾ ਹੈ, ਪਰ ਉਸ ਨੂੰ ਉਸ ਦੇ ਘਰ ਦੇ ਭਾਂਡਿਆਂ ਤੱਕ ਨੂੰ ਛੂਹਣ ਦੀ ਇਜਾਜ਼ਤ ਨਹੀਂ। ਪਿੰਡ ਦਾ ਪੁਜਾਰੀ ਉਸ ਨੂੰ ਇਸ ਬਾਬਤ ਵਾਰ ਵਾਰ ਚਿਤਾਵਨੀ ਦਿੰਦਾ ਹੈ। ਇਸ ਤਰ੍ਹਾਂ ਸਰਵ-ਸਮਰੱਥਾਵਾਨ ਧਰਮ ਦਾ ਪਾਖੰਡ ਵੀ ਨੰਗਾ ਹੋ ਜਾਂਦਾ ਹੈ। ਹਾਲਾਤ ਦੀ ਤਰਾਸਦੀ ਇਹ ਹੈ ਕਿ ਜਦੋਂ ਜ਼ਿਮੀਦਾਰ ਦੀ ਨੂੰਹ ਵਿਆਹ ਕੇ ਉਸ ਘਰ ਵਿਚ ਆਉਂਦੀ ਹੈ ਤਾਂ ਉਹ ਉਨ੍ਹਾਂ ਭਾਂਡਿਆਂ ਨੂੰ ਛੂਹਣ ਤੋਂ ਮਨਾ ਕਰ ਦਿੰਦੀ ਹੈ ਜਿਨ੍ਹਾਂ ਨੂੰ ਕਦੇ ਲੱਛਮੀ ਨੇ ਛੂਹਿਆ ਸੀ। ਦੂਜੇ ਪਾਸੇ ਉਸ ਨੂੰ ਆਪਣੇ ਪਤੀ 'ਤੇ ਕੋਈ ਉਜ਼ਰ ਨਹੀਂ। ਇਸ ਤਰ੍ਹਾਂ ਫਿਲਮਸਾਜ਼ ਸ਼ਿਆਮ ਬੈਨੇਗਲ ਸ਼ੋਸ਼ਣ ਦੀਆਂ ਅਣਦਿਸਦੀਆਂ ਕੜੀਆਂ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਉਹ ਕੜੀਆਂ ਹਨ ਜਿਹੜੀਆਂ ਸ਼ੋਸ਼ਣ ਨੂੰ ਲਗਾਤਾਰ ਜਾਰੀ ਰਹਿਣ ਦਾ ਬਲ ਬਖਸ਼ਦੀਆਂ ਹਨ। ਜ਼ਿਮੀਦਾਰ ਦੀ ਨੂੰਹ ਲੱਛਮੀ ਨੂੰ ਫਿਟਕਾਰਦੀ ਹੈ- "ਤੁਸੀਂ ਤਾਂ ਹੀ ਭੁੱਖੇ ਮਰਦੇ ਹੋ, ਚੋਰੀ ਦੀ ਜੋ ਆਦਤ ਹੈ।" ਇਉਂ ਭੁੱਖ ਤੇ ਗਰੀਬੀ ਹੱਥੋਂ ਕਤਲ ਹੋਇਆਂ ਨੂੰ ਹੀ ਉਨ੍ਹਾਂ ਦੀ ਮੌਤ ਦਾ ਮੁਜਰਿਮ ਕਰਾਰ ਦੇ ਦਿੱਤਾ ਜਾਂਦਾ ਹੈ।ਬਰੀਕੀ ਨਾਲ ਦੇਖਿਆਂ/ਸੁਣਿਆਂ/ਪੜ੍ਹਿਆਂ ਇਨ੍ਹਾਂ ਸੰਵਾਦਾਂ ਵਿਚੋਂ ਰਾਜ ਪ੍ਰਬੰਧ ਦੀ ਗਰੀਬੀ ਬਾਰੇ ਸਮਝ ਵੀ ਬੋਲਦੀ ਹੈ।

ਇਹ ਫਿਲਮ ਮਨੁੱਖੀ ਰਿਸ਼ਤਿਆਂ ਦੀ ਵੀ ਬੜੀ ਬੇਬਾਕੀ ਨਾਲ ਚੀਰ-ਫਾੜ ਕਰਦੀ ਹੈ। ਜ਼ਿਮੀਦਾਰ ਦੇ ਮੁੰਡੇ ਸੂਰੀਆ ਦਾ ਕੋਈ ਵੀ ਰਿਸ਼ਤਾ ਇਮਾਨਦਾਰ ਨਹੀਂ। ਪੂੰਜੀ ਉਸ ਦੇ ਵਿਵੇਕ ਤੇ ਸੂਝ ਨੂੰ ਸੰਨ੍ਹ ਲਾ ਲੈਂਦੀ ਹੈ। ਲੱਛਮੀ ਨੂੰ ਪਸੰਦ ਕਰਦਾ ਹੋਣ ਦੇ ਬਾਵਜੂਦ ਉਹ ਸਰੂ ਨਾਲ ਵਿਆਹ ਕਰਵਾ ਲੈਂਦਾ ਹੈ। ਫਿਰ ਲੱਛਮੀ ਦੇ ਗਰਭਵਤੀ ਹੁੰਦਿਆਂ ਹੀ ਉਸ ਤੋਂ ਕਿਨਾਰਾ ਕਰ ਲੈਂਦਾ ਹੈ। ਲੱਛਮੀ ਆਪਣੇ ਪਤੀ ਨਾਲ ਵਧੀਆ ਨਿਭਾਉਣ ਦੇ ਬਾਵਜੂਦ ਸੂਰੀਆ ਨਾਲ ਸਬੰਧ ਬਣਾ ਲੈਂਦੀ ਹੈ। ਇਉਂ ਸਮਾਜਕ ਹਾਲਾਤ ਉਨ੍ਹਾਂ ਨੂੰ ਆਪਣੇ ਹੱਥਾਂ ਦਾ ਖਿਡੌਣਾ ਬਣਾ ਲੈਂਦੇ ਹਨ। (ਚੱਲਦਾ)



ਫਿਲਮ 'ਅੰਕੁਰ' ਵਿਚ ਸ਼ਬਾਨਾ ਆਜ਼ਮੀ। ਇਹ ਉਸ ਦੀ ਪਲੇਠੀ ਫਿਲਮ ਸੀ।

# ਜਪਾਨੀ ਤੇ ਜੀ ਐਮ ਗੱਡੀਆਂ ਦੇ ਮਾਹਿਰ

ਪਿਛਲੇ 20 ਸਾਲਾਂ ਤੋਂ ਲਗਾਤਾਰ ਮਿਡਵੈਸਟ ਦੀ ਇੰਡੀਅਨ ਕਮਿਊਨਿਟੀ ਲਈ ਗੱਡੀਆਂ ਦੀ ਖਰੀਦ/ਵੇਚ ਕਰ ਰਹੇ ਹਾਂ

*Specialist in:*
Camry, Accord, Corolla, Civic, Sienna, Odyssey Altima, Maxima (Cargo Van For Business use), SUV & Pickup Trucks.





ਆਪਣੀ ਅਗਲੀ ਗੱਡੀ ਲਈ ਸੰਪਰਕ ਕਰੋ
ਜਸਪਾਲ ਸਿੰਘ ਘੋਤੜਾ, ਫੋਨ: 765-337-5151

## Best Buy Motors

1805 Elmwood Ave., Lafayette, IN 47904
Ph:765-449-0490, Fax:765-449-8310
WWW.BESTBUYMOTORSIN.COM
Second location: Lafayette Auto Auction
2250 Concord Rd., Lafayette, IN 47909,
Ph:765-471-1313, Fax: 765-838-1006
www.lafayettepublicautoauction.com



*Jaspal Singh Ghotra*

# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# Dhillon Truck Stop
# Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

## ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ




Roxy Cinemas Seattle, WA
Farmingdale Multiplex, New York
Jamaica Multiplex, New York
Bombay Theater, New York
Regal Commerce Center, North Brusnswick, NJ
Regal Sterling, Virginia